ISSN: 2277-9930

ਜੁਲਾਈ-ਸਤੰਬਰ 2024

81

# ਪ੍ਰਤਿਮਾਨ

ਮੁੱਲ: 200/-

## ਯੁਵਾ ਪੰਜਾਬੀ ਕਵਿਤਾ ਵਿਸ਼ੇਸ਼-ਅੰਕ

ਉੱਘੇ ਕਵੀ ਸੁਰਜੀਤ ਪਾਤਰ ਦੀ ਨਿੱਘੀ ਯਾਦ ਨੂੰ ਸਮਰਪਿਤ



ਸੰਪਾਦਕ: ਡਾ. ਅਮਰਜੀਤ ਕੌਂਕੇ

# ਅਲਵਿਦਾ: ਸੁਰਜੀਤ ਪਾਤਰ

## ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ

ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ
ਪਰਬਤ ਤੋਂ ਸਾਗਰਾਂ ਵੱਲ ਨਦੀਆਂ ਨੇ ਰੋਜ਼ ਵਹਿਣਾ
ਇਕ ਦੂਜੇ ਮਗਰ ਘੁੰਮਣਾ ਰੁੱਤਾਂ ਤੇ ਮੌਸਮਾਂ ਨੇ
ਇਹ ਸਿਲਸਿਲਾ ਜੁਗੋ ਜੁਗ ਏਦਾਂ ਹੀ ਚੱਲਦਾ ਰਹਿਣਾ

ਰੁਕਣੀ ਨਹੀਂ ਕਹਾਣੀ, ਬੱਝੇ ਨ ਰਹਿਣੇ ਪਾਣੀ
ਰੂਹੋਂ ਬਗੈਰ ਸੱਖਣੇ, ਬੁਤ ਨਾ ਬਣਾ ਕੇ ਰੱਖਣੇ
ਪਾਣੀ ਨੇ ਰੋਜ਼ ਤੁਰਨਾ, ਕੰਢੀਆਂ ਨੇ ਰੋਜ਼ ਖੁਰਨਾ
ਖੁਰਦੇ ਨੂੰ ਦੇ ਦਿਲਾਸਾ, ਤੁਰਦੇ ਨੇ ਨਾਲ ਰਹਿਣਾ

ਚੰਨ ਤਾਰਿਆਂ ਦੀ ਲੋਏ, ਇਕਰਾਰ ਜਿਹੜੇ ਹੋਏ
ਤਾਰੇ ਉਨਾਂ ਤੇ ਹੱਸੇ ਦੀਵੇ ਉਨਾਂ ’ਤੇ ਰੋਏ
ਟੁੱਟਦੇ ਕਰਾਰ ਦੇਖੇ, ਅਸਾਂ ਬੇਸ਼ੁਮਾਰ ਦੇਖੇ
ਲਫਜਾਂ ਦਾ ਬਣਿਆ ਦੇਖੀਂ ਕੱਲ ਇਹ ਮਹਿਲ ਵੀ ਢਹਿਣਾ

ਇਨ੍ਹਾਂ ਦੀਵਿਆਂ ਨੂੰ ਦੱਸ ਦੇ, ਇਨਾਂ ਤਾਰਿਆਂ ਨੂੰ ਕਹਿ ਦੇ
ਇਨ੍ਹਾਂ ਹੱਸਦੇ ਰੋਂਦਿਆਂ ਨੂੰ ਤੂੰ ਸਾਰਿਆਂ ਨੂੰ ਕਹਿ ਦੇ
ਅਸੀਂ ਜਾਨ ਵਲੋਂ ਦੀਵੇ, ਈਮਾਨ ਵਲੋਂ ਤਾਰੇ
ਅਸੀਂ ਦੀਵੇ ਵਾਂਗ ਬੁਝਣਾ, ਅਸੀਂ ਤਾਰੇ ਵਾਂਗ ਰਹਿਣਾ

ਸੁਣ ਹੇ ਝਨਾਂ ਦੇ ਪਾਣੀ, ਤੂੰ ਡੁੱਬ ਗਏ ਨ ਜਾਣੀਂ
ਤੇਰੇ ਪਾਣੀਆਂ ਤੇ ਤਰਨੀ ਇਸ ਪਿਆਰ ਦੀ ਕਹਾਣੀ
ਹੈ ਝੂਠ ਮਰ ਗਏ ਉਹ, ਡੁੱਬ ਕੇ ਤਾਂ ਤਰ ਗਏ ਉਹ
ਨਿੱਤ ਲਹਿਰਾਂ ਤੇਰੀਆਂ ਨੇ ਪਾ ਪਾ ਕੇ ਸ਼ੋਰ ਕਹਿਣਾ

## ਹਨੇਰੀ ਵੀ ਜਗਾ ਸਕਦੀ ਹੈ ਦੀਵੇ

ਹਨੇਰੀ ਵੀ ਜਗਾ ਸਕਦੀ ਹੈ ਦੀਵੇ
ਕਦੀ ਮੈਨੂੰ ਪਤਾ ਲੱਗਣਾ ਨਹੀਂ ਸੀ
ਜੇ ਸਾਰੇ ਹੋਰ ਦੀਵੇ ਬੁਝ ਨ ਜਾਂਦੇ
ਤਾਂ ਦੀਵਾ ਦਿਲ ਦਾ ਇਉਂ ਜਗਣਾ ਨਹੀਂ ਸੀ

ਜ਼ੇ ਮੇਰੇ ਸਿਰ ’ਤੇ ਇਉਂ ਸੂਰਜ ਨਾ ਤਪਦਾ
ਮੈਂ ਝੂਠੀ ਸ਼ਾਨ ਵਿਚ ਰਹਿੰਦਾ ਚਮਕਦਾ
ਕਿਸੇ ਚੋਟੀ ਤੇ ਠਹਿਰੀ ਬਰਫ ਹੁੰਦਾ
ਮੈਂ ਬਣ ਕੇ ਨੀਰ ਇਉਂ ਵਗਣਾ ਨਹੀਂ ਸੀ

ਹਵਾ ਮੇਰੇ ਮੁਖ਼ਾਲਿਫ ਜੇ ਨ ਵਗਦੀ
ਜ਼ੇ ਮੇਰੇ ਘਰ ਨੂੰ ਵੀ ਅਗਨੀ ਨ ਲਗਦੀ
ਕਿਹੀ ਫਿਤਰਤ ਤਮਾਸ਼ਾਈ ਹੈ ਜੱਗ ਦੀ
ਕਦੀ ਮੈਨੂੰ ਪਤਾ ਲੱਗਣਾ ਨਹੀਂ ਸੀ



ਅਜਬ ਸੀਨੇ ’ਚ ਅੱਜ ਵੀਰਾਨਗੀ ਹੈ
ਜੋ ਸੀਨੇ ਨਾਲ ਲੱਗੀ ਸਾਨਗੀ ਹੈ
ਜੇ ਇਸ ਦੇ ਦਿਲ ’ਚ ਸੁੰਨਾਪਨ ਨ ਹੁੰਦਾ
ਤਾਂ ਇਸ ਤੋਂ ਮੇਰਾ ਸੁਰ ਲੱਗਣਾ ਨਹੀਂ ਸੀ

ਜ਼ੇ ਮੁੱਕਦੀ ਚਾਰ ਦਿਨ ਦੀ ਚਾਨਣੀ ਨਾ
ਕਲੇਜਾ ਇੰਜ ਹੁੰਦਾ ਛਾਨਣੀ ਨਾ
ਤਾਂ ਮੈਨੂੰ ਚਾਨਣਾ ਹੋਣਾ ਨਹੀਂ ਸੀ
ਕਦੇ ਸੱਚ ਦਾ ਪਤਾ ਲੱਗਣਾ ਨਹੀਂ ਸੀ

## ਤੂੰ ਬੇਚੈਨ ਕਿਉਂ ਹੈਂ ਤੂੰ ਰੰਜੂਰ ਕਿਉਂ ਹੈਂ

ਤੂੰ ਬੇਚੈਨ ਕਿਉਂ ਹੈਂ ਤੂੰ ਰੰਜੂਰ ਕਿਉਂ ਹੈਂ
ਤੂੰ ਸੀਨੇ ਨੂੰ ਲੱਗ ਕੇ ਵੀ ਇਉਂ ਦੂਰ ਕਿਉਂ ਹੈਂ

ਕਿਵੇਂ ਬਲ ਰਿਹੈਂ ਤੂੰ ਉਹ ਕੀ ਜਾਣਦੇ ਨੇ
ਜ਼ੁ ਪੁੱਛਦੇ ਨੇ ਤੂੰ ਏਨਾ ਪੁਰਨੂਰ ਕਿਉਂ ਹੈਂ

ਉਹ ਸੂਲੀ ਚੜ੍ਹਾ ਕੇ ਉਹਨੂੰ ਪੁੱਛਦੇ ਨੇ
ਤੂੰ ਸਾਡੇ ਤੋਂ ਉੱਚਾ ਐਂ ਮਨਸੂਰ ਕਿਉਂ ਹੈਂ

ਜੁ ਧਰਤੀ ਵੀ ਭੁੱਲਿਆ ਤੇ ਨੀਹਾਂ ਵੀ ਭੁੱਲਿਐ
ਤੂੰ ਗੁੰਬਦ ਏਂ ਪਰ ਏਨਾ ਮਗਰੂਰ ਕਿਉਂ ਹੈਂ

ਬਣਾ ਖੁਦ ਮੁਹੱਬਤ ਦਾ ਪੁਲ ਤੂੰ ਖੁਦਾ ਤਕ
ਕਿ ਤੂੰ ਠੇਕੇਦਾਰਾਂ ਦਾ ਮਜ਼ਦੂਰ ਕਿਉਂ ਹੈਂ

ਹਵਾਵਾਂ ’ਚ ਕਿਉਂ ਨਈਂ ਤੂੰ ਲਿਖਦਾ ਮੁਹੱਬਤ
ਤੂੰ ਸ਼ਾਇਰ ਏਂ ਫਿਰ ਏਨਾ ਮਜ਼ਬੂਰ ਕਿਉਂ ਹੈਂ

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜੁਲਾਈ-ਸਤੰਬਰ 2024 ਅੰਕ 81

ISSN: 2277-9930

RNI No. PUNPUN/2006/16230



**ਸੰਪਾਦਕ**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail : pratimaan@yahoo.co.in
www.pratimaan.in



**ਸਲਾਹਕਾਰ ਬੋਰਡ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ
ਡਾ. ਸਰਬਜੀਤ ਸਿੰਘ,
ਡਾ. ਰਵੀ ਰਵਿੰਦਰ,
ਡਾ. ਆਤਮ ਰੰਧਾਵਾ



**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼, ਪਟਿਆਲਾ।
97810-33133
E-mail:raadesigns89@gmail.com

**ਸਹਿਯੋਗ ਰਾਸ਼ੀ**

ਇਹ ਅੰਕ: 200/-, ਵੀਹ ਅੰਕ (5 ਸਾਲ): 1500/-
ਜੀਵਨ ਮੈਂਬਰਸ਼ਿਪ: 3000/-, ਵਿਦੇਸ਼: $250

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ ਤੇ ਭੇਜੀ ਜਾਵੇ

PRATIMAAN
718, Ranjit Nagar-A,
Patiala. (Punjab) India
Mob. 098142-31698
E-mail : pratimaan@yahoo.co.in

Hon. Editor: Dr. Amarjeet Kaunke


## ਤਰਤੀਬ


**ਸੰਪਾਦਕੀ**

ਡਾ. ਅਮਰਜੀਤ ਕੌਂਕੇ / 2

**ਆਲੋਚਨਾ ਨਿਬੰਧ**

ਦਰਸ਼ਨ ਬੁੱਟਰ / 3, ਡਾ. ਜਗਵਿੰਦਰ ਜੋਧਾ / 6, ਡਾ. ਮੋਹਨ ਤਿਆਗੀ / 9

**ਮੁਲਾਕਾਤਾਂ**

ਰਿਸ਼ੀ ਹਿਰਦੇਪਾਲ / 34, ਸਿਮਰਨ ਅਕਸ / 75, ਜੀਤ ਹਰਜੀਤ / 90, ਚਰਨਜੀਤ ਸਮਾਲਸਰ / 105

**ਸਵੈ-ਕਥਨ**

ਸ਼ੁਭਕਿਰਨ / 44, ਰਣਧੀਰ / 59, ਰਣਜੀਤ ਸਰਾਂਵਾਲੀ / 77, ਮਨਦੀਪ ਔਲਖ / 85, ਸੰਦੀਪ / 108

**ਕਵਿਤਾਵਾਂ / ਗ਼ਜ਼ਲ / ਗੀਤ**

ਅਨੀ ਕਾਠਗੜ੍ਹ / 16, ਅੰਜੂ ਅਮਨਦੀਪ ਗਰੋਵਰ / 17, ਅਨੁਜੀਤ ਇਕਬਾਲ / 18, ਅਮਰਿੰਦਰ ਸੋਹਲ / 19, ਅਮਨਜੀਤ ਸਿੰਘ / 20, ਅਮਰਜੀਤ ਸਿੰਘ / 21, ਈਸ਼ਾ ਨਾਰੰਗ / 22, ਇੰਦਰਜੀਤ ਜਾਦੂ / 23, ਸੰਦੀਪ / 24, ਸਿਮਰਨ ਅਕਸ / 25, ਸੁਖਦੀਪ ਔਜਲਾ / 26, ਸੋਨੀਆ ਮਨਜਿੰਦਰ / 27, ਸੁਖਵਿੰਦਰ ਭੀਖੀ / 28, ਸੁਖਰਾਜ / 29, ਸਿਮਰਨਜੀਤ ਕੌਰ ਸਿਮਰ / 30, ਸੰਦੀਪ ਕੌਰ ਚੀਮਾ / 31, ਸੰਨੀ ਚਕੋਹੀ / 32, ਹਰ ਮਨ / 33, ਹਰਮੀਤ ਸਿਵੀਆ / 36, ਕੁਲਵਿੰਦਰ ਬੱਛੋਆਣਾ / 37, ਕਮਲ ਬਾਲਦ ਕਲਾਂ / 38, ਕੁਲਵਿੰਦਰ ਵਿਰਕ / 39, ਕਮਲਗੀਤ ਸਰਹਿੰਦ / 40, ਕੰਵਰਜੀਤ ਸਿੰਘ ਸਿਧੂ / 41, ਕਿਰਨ ਕੌਰ / 42, ਕਿਰਤਪਾਲ / 43, ਖ਼ਿਤਾਬ ਖਜੂਰੀਆ / 46, ਗੁਰਪ੍ਰੀਤ ਧਰਮਕੋਟ / 47, ਗੁਰਬੀਰ ਅਤਫ਼ / 48, ਗਗਨਦੀਪ ਸਿੰਘ ਦੀਪ / 49, ਗਗਨ ਸੰਧੂ / 50, ਗੁਰਜੰਟ ਰਾਜੇਆਣਾ / 51, ਗੁਰਜੋਧ ਕੌਰ / 52, ਗੁਰਪ੍ਰੀਤ ਬੋੜਾਂਵਾਲ / 53, ਗੁਰਪਿਆਰ ਹਰੀ ਨੌ / 54, ਗੁਰਪ੍ਰੀਤ ਗਿੱਲ / 55, ਗਗਨ ਪ੍ਰਹੁਲੀ / 56, ਚਰਨਜੀਤ ਸਮਾਲਸਰ / 57, ਚਰਨਜੀਤ ਜੋਤ / 58, ਪਰਮਿੰਦਰ ਕੌਰ ਵਜੀਦਪੁਰ / 60, ਚਮਨਦੀਪ ਦਿਉਲ / 61, ਜਸਵੰਤ ਗਿੱਲ / 62, ਜਗਮੀਤ ਹਰਫ਼ / 63, ਜਗਸੀਰ ਬਰਾੜ / 64, ਜਗਦੀਪ ਜਵਾਹਰ ਕੇ / 65, ਜਸ ਜੀਤ / 66, ਜੱਗੀ ਹਮੀਰਗੜ੍ਹ / 67, ਜੋਬਨਰੂਪ ਛੀਨਾ / 68, ਜੀਤ ਹਰਜੀਤ / 69, ਤਰਿੰਦਰ ਕੌਰ / 70, ਤਲਵਿੰਦਰ ਸ਼ੇਰਗਿਲ / 71, ਦੀਪਕ ਧਲੇਵਾਂ / 72, ਦੀਪ ਸੰਧੂ / 73, ਦਿਲਪ੍ਰੀਤ ਗੁਰੀ / 74, ਧਾਮੀ ਗਿੱਲ ਮੋਗਾ / 78, ਨਵਦੀਪ ਮੁੰਡੀ / 79, ਪਰੀ ਕੰਬੋਜ / 80, ਪਰਜਿੰਦਰ ਕਲੇਰ / 81, ਪ੍ਰੀਤ ਜੱਗੀ / 82, ਪਰਮਜੀਤ ਸਿੰਘ ਢਿੱਲੋਂ / 83, ਪ੍ਰੀਤ ਮਨਪ੍ਰੀਤ / 84, ਬਲਕਾਰ ਔਲਖ / 86, ਬਲਵਿੰਦਰ ਚਹਿਲ / 87, ਬਰਾੜ ਜੈਸੀ / 88, ਭੁਪਿੰਦਰ ਪਰਵਾਜ਼ / 89, ਮਨਜੀਤ ਸੂਖਮ / 93, ਮਨ ਮਾਨ / 94, ਮਨਦੀਪ ਔਲਖ / 95, ਮਨਪ੍ਰੀਤ ਜੱਸ / 96, ਮਨਿੰਦਰ ਕੌਰ ਮਨ / 97, ਮੀਤ ਅਨਮੋਲ / 98, ਮਨਦੀਪ ਰਿੰਪੀ / 99, ਮਨਿੰਦਰ ਕੌਰ ਬੱਸੀ / 99, ਰਿਸ਼ੀ ਹਿਰਦੇਪਾਲ / 100, ਰਣਜੀਤ ਸਰਾਂਵਾਲੀ / 101, ਰੂਹੀ ਸਿੰਘ / 102, ਰਾਜਬੀਰ ਮੱਤਾ / 103, ਰਣਧੀਰ / 104, ਰਤਨਦੀਪ ਕੌਰ / 107, ਰਾਣੀ ਸ਼ਰਮਾ / 109, ਲਖਵਿੰਦਰ ਮੁਖਾਤਿਬ / 110, ਵਾਹਿਦ / 111, ਵਰਿੰਦਰ ਕੌਰ / 112, ਵਿਰਕ ਪੁਸ਼ਪਿੰਦਰ / 113, ਸ਼ੁਭਕਿਰਨ / 114, ਸ਼ਮਸ਼ੇਰ ਔਜਲਾ / 115, ਕਮਲ ਸਰਾਵਾਂ / 115, ਸ਼ਹਿਬਾਜ਼ ਖਾਨ / 116, ਸ਼ਾਇਰ ਭੱਟੀ / 117

**ਆਲੋਚਨਾ**

ਸ਼ਹਾਦਤ ਦਾ ਸੰਕਲਪ: ਗੁਰੂ ਅਰਜਨ ਬਾਣੀ ਦੇ ਸੰਦਰਭ ਵਿੱਚ / ਕੁਲਵਿੰਦਰ ਕੌਰ / 118



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਆਰਨਾਂ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 718, ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

# ਸੰਪਾਦਕੀ / ਯੁਵਾ ਪੰਜਾਬੀ ਕਵਿਤਾ ਵਿਸ਼ੇਸ਼-ਅੰਕ / ਡਾ. ਅਮਰਜੀਤ ਕੌਂਕੇ



ਆਦਿ-ਕਾਲ ਤੋਂ ਲੈ ਕੇ ਆਧੁਨਿਕ-ਕਾਲ ਤੱਕ ਪੰਜਾਬੀ ਕਵਿਤਾ ਦਾ ਇਤਿਹਾਸ ਹਮੇਸ਼ਾ ਗਤੀਸ਼ੀਲ ਰਿਹਾ ਹੈ। ਆਧੁਨਿਕ ਕਵਿਤਾ ਵਿੱਚ ਭਾਈ ਵੀਰ ਸਿੰਘ ਤੋਂ ਬਾਅਦ ਪ੍ਰੋ. ਪੂਰਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ, ਪਾਸ਼, ਸੁਰਜੀਤ ਪਾਤਰ ਅਤੇ ਉਸ ਤੋਂ ਬਾਅਦ ਦੀ ਨਵੀਂ ਪੰਜਾਬੀ ਕਵਿਤਾ ਤੱਕ ਦੇ ਇਤਿਹਾਸ ਵਿੱਚ ਅਨੇਕ ਪੜਾਅ ਅਤੇ ਅਨੇਕ ਧਾਰਾਵਾਂ ਜਨਮ ਲੈਂਦੀਆਂ ਰਹੀਆਂ ਹਨ। ਰਹੱਸਵਾਦੀ, ਰੋਮਾਂਸਵਾਦੀ, ਪ੍ਰਗਤੀਵਾਦੀ, ਅਸਤਿਤਵਵਾਦੀ, ਪ੍ਰਯੋਗਸ਼ੀਲ, ਜੁਝਾਰਵਾਦੀ, ਖਾੜਕੂ ਦੌਰ ਦੀ ਕਵਿਤਾ ਤੇ ਉੱਤਰ ਆਧੁਨਿਕ ਕਵਿਤਾ ਤੋਂ ਹੁਣ ਤੱਕ ਪੰਜਾਬੀ ਕਵਿਤਾ ਸਦਾ ਇੱਕ ਗਤੀਸ਼ੀਲਤਾ ਵਿੱਚ ਵਿਦਮਾਨ ਰਹੀ ਹੈ। ਕਵਿਤਾ ਭਾਵੇਂ ਕਿਸੇ ਵੀ ਵੱਖੋ ਵੱਖਰੇ ਦੌਰ ਵਿੱਚ ਗੁਜ਼ਰਦੀ ਰਹੀ ਹੋਵੇ ਪਰ ਇਸਨੇ ਆਪਣੇ ਸਮੇਂ ਦੇ ਸੰਕਟਾਂ ਤੇ ਵਰਤਾਰਿਆਂ ਨੂੰ ਬਹਤ ਹੀ ਜ਼ਿੰਮੇਵਾਰੀ ਨਾਲ ਆਪਣੇ ਵਸਤੂ ਅਤੇ ਸ਼ਿਲਪ ਰਾਹੀਂ ਅਭਿਵਿਅਕਤ ਕੀਤਾ ਹੈ। ਪਾਤਰ-ਪਾਸ਼ ਦੌਰ ਤੋਂ ਬਾਅਦ ਦੀ ਕਵਿਤਾ ਨੇ ਮਨੁੱਖੀ ਅਸਤਿਤਵ ਦੇ ਕੇਂਦਰੀ ਮਸਲਿਆਂ ਅਤੇ ਮਨੁੱਖ ਦੇ ਨਿੱਜੀ ਸੰਕਟਾਂ ਨੂੰ ਵੀ ਆਪਣੇ ਕਲੇਵਰ ਵਿੱਚ ਲਿਆਂਦਾ। ਇਸ ਤੋਂ ਬਾਅਦ ਪਿਛਲੇ ਇੱਕ ਦਹਾਕੇ ਤੋਂ ਅਸਲੋਂ ਨਵੇਂ ਕਵੀਆਂ ਦਾ ਇੱਕ ਅਜਿਹਾ ਪੂਰ ਸਾਹਮਣੇ ਆਇਆ ਜਿਹੜਾ ਆਪਣੀ ਪੂਰਬਲੀ ਪੀੜ੍ਹੀ ਤੋਂ ਵਿਭਿੰਨ ਭਾਂਤ ਦੀ ਕਵਿਤਾ ਲਿਖਣ ਵੱਲ ਰੁਚਿਤ ਹੁੰਦਾ ਹੈ। ਇਹ ਕਵਿਤਾ ਆਪਣੇ ਮਸਲਿਆਂ ਤੇ ਸੰਕਟਾਂ ਅਤੇ ਸ਼ਿਲਪ ਦੀ ਵਿਲੱਖਣਤਾ ਕਾਰਨ ਆਪਣੇ ਤੋਂ ਪਹਿਲੀ ਕਵਿਤਾ ਤੋਂ ਵੱਖਰੀ ਪਛਾਣ ਸਿਰਜਣ ਵੱਲ ਰੁਚਿਤ ਹੁੰਦੀ ਹੈ। ਤਕਰੀਬਨ 2015 ਤੋਂ ਬਾਅਦ ਇਸ ਨਵੀਂ ਕਵਿਤਾ ਦੀ ਦਸਤਕ ਮਹਿਸੂਸ ਕੀਤੀ ਜਾ ਰਹੀ ਹੈ। ਇਸ ਕਵਿਤਾ ਦਾ ਸਵਾਗਤ ਕਰਨਾ ਬਣਦਾ ਹੈ।

'ਪ੍ਰਤਿਮਾਨ' ਆਪਣੀ ਸ਼ੁਰੂਆਤ ਦੇ ਸਮੇਂ ਤੋਂ ਹੀ ਨਵੇਂ ਲੇਖਕਾਂ ਨੂੰ ਮੰਚ ਪ੍ਰਦਾਨ ਕਰਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਵਿੱਚ ਹਮੇਸ਼ਾ ਮੋਹਰੀ ਭੂਮਿਕਾ ਅਦਾ ਕਰਦਾ ਰਿਹਾ ਹੈ। ਨਵੇਂ ਦੌਰ ਦੀ ਕਵਿਤਾ ਦੇ ਮਹੱਤਵ ਨੂੰ ਪਛਾਣਦਿਆਂ 'ਪ੍ਰਤਿਮਾਨ' ਦਾ ਇਹ ਅੰਕ ਯੁਵਾ ਕਵਿਤਾ ਤੇ ਕੇਂਦ੍ਰਿਤ ਕਰਨ ਦਾ ਫੈਸਲਾ ਲਿਆ ਗਿਆ ਹੈ ਤਾਂ ਕਿ ਪੰਜਾਬੀ ਕਵਿਤਾ ਦੇ ਆਂਗਨ ਵਿੱਚ ਛੋਹਲੇ ਕਦਮੀਂ ਤੁਰਦੀ ਆ ਰਹੀ ਇਸ ਕਵਿਤਾ ਨੂੰ ਸਮੁੱਚੇ ਰੂਪ ਵਿੱਚ ਦੇਖਿਆ ਪਰਖਿਆ ਜਾ ਸਕੇ। 80 ਦੇ ਕਰੀਬ ਕਵੀਆਂ ਦੀ ਕਵਿਤਾ, ਇਨ੍ਹਾਂ ਦੀਆਂ ਮੁਲਾਕਾਤਾਂ, ਸਵੈ-ਕਥਨਾ ਨੂੰ ਇਸ ਅੰਕ ਵਿੱਚ ਪੇਸ਼ ਕਰਦਿਆਂ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਨੌਜਵਾਨ ਕਵੀਆਂ ਦੇ ਕੋਲ ਬੇਹੱਦ ਸੰਭਾਵਨਾਵਾਂ ਹਨ। ਇਹ ਆਪਣੇ ਸਮਕਾਲੀਨ ਰਾਜਨੀਤਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਅਸਤਿਤਵੀ ਮਸਲਿਆਂ ਬਾਰੇ ਬੇਹੱਦ ਸੁਚੇਤ ਤੇ ਚੇਤੰਨ ਹਨ। ਇਨ੍ਹਾਂ ਕਵੀਆਂ ਦੀ ਕਵਿਤਾ ਦੇ ਮੁਲਾਂਕਣ ਕਰਦੇ ਤਿੰਨ ਵਿਦਵਾਨਾਂ ਦੇ ਲੇਖ ਵੀ ਇਸ ਅੰਕ ਵਿੱਚ ਸ਼ਾਮਿਲ ਕੀਤੇ ਗਏ ਹਨ ਜਿਹੜੇ ਇਸ ਨਵੇਂ ਦੌਰ ਦੀ ਕਵਿਤਾ ਦੇ ਸੰਬੰਧ ਵਿੱਚ ਮੁੱਢਲੀਆਂ ਧਾਰਨਾਵਾਂ ਸਥਾਪਿਤ ਕਰਦੇ ਹਨ। 'ਪ੍ਰਤਿਮਾਨ' ਦੇ ਪਹਿਲਾਂ ਨਿੱਕਲੇ ਵਿਸ਼ੇਸ਼-ਅੰਕਾਂ, ਅਮਰੀਕੀ ਪੰਜਾਬੀ ਸਾਹਿਤ ਵਿਸ਼ੇਸ਼-ਅੰਕ, ਬਰਤਾਨਵੀ ਕਵਿਤਾ ਵਿਸ਼ੇਸ਼-ਅੰਕ, ਮਿੰਨੀ ਕਹਾਣੀ ਵਿਸ਼ੇਸ਼-ਅੰਕ, ਅਮਰੀਕੀ ਪੰਜਾਬੀ ਕਹਾਣੀ ਆਲੋਚਨਾ ਵਿਸ਼ੇਸ਼-ਅੰਕ, ਵਾਂਗ ਇਹ ਅੰਕ ਵੀ ਪੰਜਾਬੀ ਸਾਹਿਤ ਦੇ ਵਿਦਵਾਨਾਂ, ਖੋਜਾਰਥੀਆਂ, ਲੇਖਕਾਂ ਅਤੇ ਪਾਠਕਾਂ ਨੂੰ ਪਸੰਦ ਆਵੇਗਾ, ਅਜਿਹਾ ਸਾਨੂੰ ਯਕੀਨ ਹੈ।

– ਪਿਛਲੇ ਦਿਨਾਂ ਵਿੱਚ ਪੰਜਾਬੀ ਦੇ ਸਿਰਮੌਰ ਅਤੇ ਅਲਬੇਲੇ ਸ਼ਾਇਰ ਸੁਰਜੀਤ ਪਾਤਰ ਦਾ ਤੁਰ ਜਾਣਾ ਪੰਜਾਬੀ ਸਾਹਿਤ ਲਈ ਇਕ ਬਹੁਤ ਹੀ ਉਦਾਸ ਕਰ ਦੇਣ ਵਾਲੀ ਖਬਰ ਹੈ, ਜਿਸ ਦਾ ਪ੍ਰਭਾਵ ਲੰਬੇ ਸਮੇਂ ਤੱਕ ਬਣਿਆ ਰਹੇਗਾ। ਉਨ੍ਹਾਂ ਦੀ ਘਾਟ ਪੰਜਾਬੀ ਲੇਖਕਾਂ, ਪਾਠਕਾਂ ਵਿੱਚ ਹਮੇਸ਼ਾ ਰੜਕਦੀ ਰਹੇਗੀ। 'ਪ੍ਰਤਿਮਾਨ' ਦਾ 'ਯੁਵਾ ਪੰਜਾਬੀ ਕਵਿਤਾ ਵਿਸ਼ੇਸ਼-ਅੰਕ' ਸਾਡੇ ਇਸ ਅਜ਼ੀਮ ਸ਼ਾਇਰ ਦੀ ਨਿੱਘੀ ਯਾਦ ਨੂੰ ਸਮਰਪਿਤ ਹੈ।

– ਤੁਹਾਡੀਆਂ ਬਹੁਮੁੱਲੀਆਂ ਰਾਵਾਂ ਦੀ ਸਾਨੂੰ ਹਮੇਸ਼ਾ ਵਾਂਗ ਸ਼ਿੱਦਤ ਨਾਲ ਉਡੀਕ ਰਹੇਗੀ।

# ਕਵਿਤਾ ਦੇ ਵਿਹੜੇ ਨੌਜੁਆਨ ਕਵੀਆਂ ਦਾ ਸਵਾਗਤ/ ਦਰਸ਼ਨ ਬੁੱਟਰ

ਦੋਸਤੋ! ਮੈਂ ਕੋਈ ਪੰਜਾਬੀ ਕਵਿਤਾ ਦੇ ਆਲੋਚਕਾਂ, ਵਿਦਵਾਨਾਂ ਵਿੱਚੋਂ ਤਾਂ ਨਹੀਂ ਹਾਂ, ਕਵਿਤਾ ਦੇ ਚਾਰ ਅੱਖਰ ਝਰੀਟਣ ਜੋਗਾ ਹਾਂ। ਕਵਿਤਾ ਦੇ ਇਤਿਹਾਸ ਬਾਰੇ, ਕਾਵਿ-ਸਿਧਾਤਾਂ ਬਾਰੇ ਜਾਂ ਕਾਵਿ-ਧਾਰਾਵਾਂ ਬਾਰੇ ਗੰਭੀਰ ਗੱਲਾਂ ਤਾਂ ਨਹੀਂ ਕਰਾਂਗਾ। ਮੈਂ ਤਾਂ ਅੱਜ ਲਿਖੀ ਜਾ ਰਹੀ ਨਵੀਂ ਪੰਜਾਬੀ ਕਵਿਤਾ ਅਤੇ ਅਜੋਕੇ ਨੌਜੁਆਨ ਕਵੀਆਂ ਬਾਰੇ ਸਾਂਝੇ ਰੂਪ ਵਿਚ ਸਹਿਜ ਗੱਲਾਂ ਕਰਾਂਗਾ।

ਸਭ ਤੋਂ ਪਹਿਲਾਂ ਮੈਂ ਚਰਚਿਤ ਸਾਹਿਤਕ ਪਰਚਾ 'ਪ੍ਰਤਿਮਾਨ' ਦੇ ਸੰਪਾਦਕ ਅਤੇ ਸਾਡੇ ਮਾਣਮੱਤੇ ਸ਼ਾਇਰ ਡਾ. ਅਮਰਜੀਤ ਕੌਂਕੇ ਨੂੰ ਵੱਡੀ ਮੁਬਾਰਕਬਾਦ ਦੇਣਾ ਚਾਹਾਂਗਾ ਕਿ ਉਨ੍ਹਾਂ ਨੇ 'ਪ੍ਰਤਿਮਾਨ' ਦਾ 'ਯੁਵਾ ਪੰਜਾਬੀ ਕਵਿਤਾ ਵਿਸ਼ੇਸ਼ ਅੰਕ' ਪ੍ਰਕਾਸ਼ਤ ਕਰਕੇ, ਕਵਿਤਾ ਅਤੇ ਸਾਹਿਤਕ ਪੱਤਰਕਾਰੀ ਦੇ ਖੇਤਰ ਵਿਚ ਨਵਾਂ ਪ੍ਰਤਿਮਾਨ ਸਿਰਜਿਆ ਹੈ। ਯੁਵਾ ਕਵੀਆਂ ਦੀ ਨਵੀਂ ਪੰਜਾਬੀ ਕਵਿਤਾ ਨੂੰ ਵਿਸ਼ੇਸ਼ ਥਾਂ ਦੇ ਕੇ ਜ਼ਿਕਰਯੋਗ ਮਹੱਤਵੀ ਕਾਰਜ ਕੀਤਾ ਹੈ। ਇਹ ਕਾਰਜ ਇਸ ਕਰਕੇ ਵੀ ਸਫਲਤਾ ਪੂਰਬਕ ਸੰਪਨ ਹੋ ਸਕਿਆ ਹੈ ਕਿ ਡਾ. ਕੌਂਕੇ ਪੰਜਾਬੀ ਕਵਿਤਾ ਦੇ ਪ੍ਰਸਿੱਧ ਸ਼ਾਇਰ ਹਨ। ਉਨ੍ਹਾਂ ਦਾ ਸਾਰਾ ਸਫਰ ਹੀ ਕਵਿਤਾ ਦੇ ਰਾਹਾਂ 'ਚ ਗੁਜਰਿਆ ਹੈ ਅਤੇ ਇਸ ਸਫ਼ਰ ਦੌਰਾਨ ਉਨ੍ਹਾਂ ਨੇ ਆਪਣੀਆਂ ਡੂੰਘੀਆਂ ਪੈੜਾਂ ਉੱਕਰੀਆਂ ਹਨ। ਉਨ੍ਹਾਂ ਨੂੰ ਨਵੀਂ ਲਿਖੀ ਜਾ ਰਹੀ ਕਵਿਤਾ ਦੇ ਸੁਭਾਅ, ਰੰਗ ਅਤੇ ਰੂਪ ਦੀ ਡੂੰਘੀ ਪਛਾਣ ਹੈ। ਉਹ ਇੱਕ ਪ੍ਰਸਿੱਧ ਆਲੋਚਕ, ਸਾਹਿਤਕ ਪੱਤਰਕਾਰ, ਪ੍ਰਤਿਮਾਨ ਦੇ ਸੰਪਾਦਕ ਅਤੇ ਵੱਡੇ ਅਨੁਵਾਦਕ ਹਨ। ਇਨ੍ਹਾਂ ਬਹੁ-ਪੱਖੀ ਕਾਰਜਾਂ ਕਰਕੇ ਉਨ੍ਹਾਂ ਦਾ ਸਾਹਿਤ ਦੇ ਖੇਤਰ ਵਿਚ ਵਡੇਰਾ ਰੁਤਬਾ ਹੈ।

ਦੋਸਤੋ! ਮੈਂ ਵੀ ਤਕਰੀਬਨ ਪੰਜਾਹ ਸਾਲ ਤੋਂ ਪੰਜਾਬੀ ਕਵਿਤਾ ਨਾਲ ਨੇੜਿਓਂ ਜੁੜਿਆ ਹੋਇਆ ਹਾਂ। ਇਨ੍ਹਾਂ ਪੰਜਾਹ ਸਾਲਾਂ 'ਚ ਪੰਜਾਬੀ ਕਵਿਤਾ ਦੇ ਬੜੇ ਰੰਗ-ਰੂਪ, ਉਤਰਾਅ-ਚੜ੍ਹਾਅ ਦੇਖੇ। ਪੁਰਾਣੇ ਸਮਰੱਥ ਕਵੀਆਂ ਦੀ ਸੰਗਤ ਵਿਚ ਕਵਿਤਾ ਲਿਖਣ, ਪੜ੍ਹਨ, ਵਿਚਾਰਨ ਜੋਗੇ ਹੋਏ। ਇਹ ਚਰਚਾ ਵੀ ਨਾਲ ਨਾਲ ਤੁਰਦੀ ਰਹੀ ਕਿ ਕਵਿਤਾ ਦਾ ਯੁੱਗ ਖਤਮ ਹੋ ਰਿਹਾ ਹੈ। ਪੰਜਾਬੀ ਕਵਿਤਾ ਮਰ ਰਹੀ ਹੈ। ਪਰ ਮੈਨੂੰ ਕੋਈ ਵੀ ਦਹਾਕਾ ਬਹੁਤਾ ਨਿਰਾਸ਼ ਕਰਨ ਵਾਲਾ ਨਹੀਂ ਦਿਸਿਆ।ਹਾਂ, ਥੋੜ੍ਹਾ ਜਿਹਾ ਅਜਿਹਾ ਵਕਤ ਜ਼ਰੂਰ ਆਇਆ ਅਤੇ ਫਿਕਰ ਵੀ ਹੋਇਆ ਕਿ ਪਦਾਰਥਵਾਦ ਦੇ ਇਸ ਦੌਰ ਵਿਚ ਕਵਿਤਾ ਦਾ ਰੰਗ ਕਿਤੇ ਫਿੱਕਾ ਨਾ ਪੈ ਜਾਵੇ। ਵਕਤੀ ਵਾਵਰੋਲਿਆਂ ਨੇ ਕਵਿਤਾ ਦੇ ਰਾਹਾਂ 'ਚ ਕੰਕਰ, ਕੰਡੇ ਵੀ ਵਿਛਾਏ। ਰੋਕਾਂ ਰੁਕਾਵਟਾਂ ਵੀ ਖੜ੍ਹੀਆਂ ਹੋਈਆਂ। ਸਾਹਿਤਕ ਹਲਕਿਆਂ ਵਿਚ ਚਰਚਾ ਹੁੰਦੀ ਰਹੀ ਕਿ ਬਜ਼ਾਰ ਦੀ ਚਕਾਚੌਂਧ ਵਿਚ ਕਵਿਤਾ ਲਈ ਕੋਈ ਬਹੁਤੀ ਥਾਂ ਨਹੀਂ ਬਚੀ। ਕਈ



ਚਿੰਤਕਾਂ ਨੇ ਇਹ ਵੀ ਕਿਹਾ ਹੈ ਕਿ ਪੂੰਜੀਵਾਦ ਦੇ ਦੌਰ ਵਿਚ ਕਵਿਤਾ, ਸਥਿਤੀਆਂ-ਪ੍ਰਸਥਿਤੀਆਂ ਦੀ ਧੂੜ ਵਿਚ ਹੀ ਮਿੱਧੀ ਗਈ ਹੈ। ਇਸ ਦੌਰ ਨੂੰ ਬੌਧਿਕ ਕੰਗਾਲੀ ਦਾ ਦੌਰ ਵੀ ਕਿਹਾ ਗਿਆ। ਪਰ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਸਾਡੇ ਮਾਣਮੱਤੇ ਕਵੀਆਂ ਨੇ ਮਾੜੇ ਵਕਤਾਂ ਵਿਚ ਵੀ ਕਵਿਤਾ ਦਾ ਲੜ ਫੜੀ ਰੱਖਿਆ। ਧੂੜ ਅੱਟੇ ਪੈਰਾਂ ਨਾਲ ਲੰਮੀਆਂ ਵਾਟਾਂ ਤਹਿ ਕਰਦੇ ਰਹੇ। ਇਸ ਗੱਲ ਦੀ ਸ਼ਾਖ਼ਸ਼ਾਤ ਗਵਾਹੀ, ਯੁਵਾ ਕਵੀਆਂ ਦੀ ਕਵਿਤਾ ਦਾ ਇਹ ਵਿਸ਼ੇਸ਼ ਅੰਕ ਹੈ।

ਹਾਲਾਤ ਕੁੱਝ ਵੀ ਕਹਿਣ, ਕਾਲੀ ਬੋਲੀ ਰਾਤ ਤੋਂ ਬਾਅਦ ਸੋਨੇ ਰੰਗੀ ਸਵੇਰ ਨੇ ਆਉਣਾ ਹੀ ਹੁੰਦਾ ਹੈ। ਪੁਰਾਣੀ ਬੋਦੀ ਵਿਵਸਥਾ ਤਹਿਸ ਨਹਿਸ ਹੁੰਦੀ ਆਈ ਹੈ ਅਤੇ ਨਵੀਂ ਜਨਮਦੀ ਆਈ ਹੈ। ਇਨ੍ਹਾਂ ਤਬਦੀਲੀਆਂ ਵਿਚ ਵੀ ਕਵਿਤਾ ਆਪਣਾ ਨਿਵੇਕਲਾ ਰੂਪ, ਅਜੋਕੇ ਮਸਲੇ ਅਤੇ ਉਨ੍ਹਾਂ ਦਾ ਸਮਾਧਾਨ ਲੈ ਕੇ ਹਾਜ਼ਰ ਹੋ ਰਹੀ ਹੈ। ਭਮੱਤਰਿਆ ਮਨੁੱਖ ਫਿਰ ਬੇਜਾਨ ਚੀਜ਼ਾਂ ਨਾਲੋਂ ਮੋਹ ਤੋੜ ਕੇ ਕਵਿਤਾ ਦੀ ਸ਼ਰਣ ਵਿਚ ਸਕੂਨ ਹਾਸਲ ਕਰਨ ਦੇ ਯਤਨ ਵਿਚ ਹੈ। ਕਵਿਤਾ ਤਾਂ ਹਰ ਯੁੱਗ ਦੀ ਹਰ ਬਿਪਤਾ ਵਿਚ ਮਨੁੱਖ ਦੀ ਠਾਹਰ ਬਣੀ ਹੈ। ਸਾਨੂੰ ਧਰਵਾਸ, ਨਸੀਹਤ, ਸੰਦੇਸ਼ ਅਤੇ ਉਤਸ਼ਾਹ ਦਿੰਦੀ ਆਈ ਹੈ। ਇਸੇ ਦ੍ਰਿੜ ਵਿਸ਼ਵਾਸ ਨਾਲ ਕਵਿਤਾ ਵਿਚ ਸਾਡੀ ਆਸਥਾ ਬਣੀ ਹੋਈ ਹੈ ਅਤੇ ਅਸੀਂ ਸਾਰੇ ਕਵਿਤਾ ਲਿਖ, ਪੜ੍ਹ, ਸੁਣ ਰਹੇ ਹਾਂ।

ਦੋਸਤੋ! ਕਵਿਤਾ ਦਾ ਜਨਮ ਤਾਂ ਮਨੁੱਖ ਦੀ ਪਹਿਲੀ ਚੀਖ ਨਾਲ ਹੀ ਹੋ ਗਿਆ ਸੀ। ਕਵਿਤਾ ਹਮੇਸ਼ਾ ਇਸ ਧਰਤੀ ਦੇ ਵਾਸੀਆਂ ਦਾ ਜੀਣ ਥੀਣ ਰਹੀ। ਪੁਰਖਿਆਂ ਦੀਆਂ ਮੌਖਿਕ ਰਚਨਾਵਾਂ ਮਹਾਨ ਗ੍ਰੰਥਾਂ ਵਿਚ ਸ਼ਾਮਿਲ ਹੁੰਦੀਆਂ ਗਈਆਂ। ਮੂੰਹ-ਜ਼ੁਬਾਨੀ ਲੋਕ ਗੀਤ, ਪੀੜੀ ਦਰ ਪੀੜੀ, ਬਿਨਾਂ ਕਿਸੇ ਲਿਖਤ ਦੇ ਸਾਡੇ ਸਾਹਾਂ 'ਚ ਵਸਕੇ

ਜੀਵੰਤ ਰਹੇ। ਨਿੱਤ ਨਵੇਂ ਗਿਆਨ ਵਿਗਿਆਨ ਦੇ ਦਰ ਖੁੱਲ੍ਹਦੇ ਗਏ। ਫਲਸਫੇ ਦੇ ਪਾਤਾਲ 'ਚ ਉਤਰਿਆ ਗਿਆ। ਕਵਿਤਾ ਦੇ ਅੰਬਰ ਗਾਹੇ ਗਏ। ਕਵਿਤਾ ਦੇ ਨਾਲ ਨਾਲ ਹੋਰ ਕੋਮਲ ਕਲਾਵਾਂ ਵੀ ਵਿਕਸਤ ਹੁੰਦੀਆਂ ਗਈਆਂ। ਵਿਨਾਸ਼ ਅਤੇ ਵਿਕਾਸ ਦੀ ਇਹ ਨਿਰੰਤਰ ਲੀਲ੍ਹਾ ਕਦੇ ਹੇਕ ਬਣ ਕੇ ਕਦੇ ਹੂਕ ਬਣਕੇ ਕਵਿਤਾ ਵਿਚ ਆਉਂਦੀ ਰਹੀ।

ਜਿਥੋਂ ਤੱਕ ਪੰਜਾਬੀ ਕਵਿਤਾ ਦੀ ਗੱਲ ਹੈ, ਸਾਡੇ ਗੁਰੂਆਂ, ਪੀਰਾਂ, ਫਕੀਰਾਂ, ਨਾਥਾਂ, ਜੋਗੀਆਂ ਨੇ ਕਵਿਤਾ ਦੇ ਸਦਾ ਬਹਾਰ ਰੁੱਖ ਨੂੰ ਅਨਮੋਲ ਸ਼ਬਦਾਂ ਦੀ ਭਰਪੂਰ ਬਾਰਿਸ਼ ਨਾਲ ਸਿੰਜਿਆ। ਸੂਫੀ ਸੰਤਾਂ ਨੇ ਵੀ ਆਪਣੇ ਅਮਰ ਬੋਲਾਂ ਨਾਲ ਵਰਜਣਾਵਾਂ ਤੋਂ ਪਾਰਲਾ ਸਿੱਧਾ, ਸਰਲ ਰਾਹ ਵਿਖਾਇਆ। ਕਿੱਸਾਕਾਰਾਂ ਨੇ ਹਕੀਕੀ ਅਤੇ ਮਜ਼ਾਜੀ ਇਸ਼ਕ ਦੇ ਮਹਾਨ ਗੀਤ ਗਾਏ। ਇੰਜ ਸਾਡੀ ਮਾਂ ਬੋਲੀ ਪੰਜਾਬੀ ਦੀ ਕਵਿਤਾ ਅਨੇਕਾਂ ਅਨੁਭਵਾਂ 'ਚੋਂ ਗੁਜ਼ਰ ਕੇ ਹੋਰ ਅਮੀਰ ਹੁੰਦੀ ਗਈ। ਇਨ੍ਹਾਂ ਵਡੇਰੇ ਕਵੀਆਂ ਦੀਆਂ ਪੈੜਾਂ 'ਤੇ ਤੁਰਨ ਦਾ, ਅਤੇ ਨਵੇਂ ਰਾਹ ਸਿਰਜਣ ਦਾ ਸੁਭਾਗ ਸਾਨੂੰ ਸਭ ਨਵੇਂ ਕਵੀਆਂ ਨੂੰ ਪ੍ਰਾਪਤ ਹੋਇਆ।

ਕਵੀ ਤਾਂ ਸਾਡੇ ਮਨੁੱਖੀ ਸਮਾਜ ਦਾ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਜਿੰਮੇਵਾਰ ਵਿਅਕਤੀ ਹੁੰਦਾ ਹੈ। ਉਸਨੇ ਦਰਪੇਸ਼ ਦੁਸ਼ਵਾਰੀਆਂ ਖਿਲਾਫ਼ ਅਤੇ ਹਕੂਮਤੀ ਧੱਕੇਸ਼ਾਹੀਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨੀ ਹੀ ਹੁੰਦੀ ਹੈ। ਨਾਲੋ ਨਾਲ ਉਸ ਨੇ ਕੁਦਰਤ ਵੱਲੋਂ ਸੌਂਪੀਆਂ ਕਾਵਿ-ਜਿੰਮੇਵਾਰੀਆਂ ਨੂੰ ਪੂਰੀ ਤਨਦੇਹੀ, ਮਨੋਬਿਰਤੀ ਅਤੇ ਇਮਾਨਦਾਰੀ ਨਾਲ ਪੂਰਾ ਕਰਨਾ ਹੁੰਦਾ ਹੈ। ਕਵੀ ਹਮੇਸ਼ਾ ਤੰਗੀਆਂ, ਬੇਵਸੀਆਂ, ਬਿਪਤਾਵਾਂ, ਹੇਰਵਿਆਂ, ਹਾਦਸਿਆਂ, ਦੁੱਖਾਂ ਦਰਦਾਂ, ਰੋਸਿਆਂ ਅਤੇ ਭਰੋਸਿਆਂ ਦੇ ਤਪਦੇ ਰਾਹਾਂ 'ਚ ਵੀ ਕਵਿਤਾ ਦੇ ਫੁੱਲ ਬੀਜਦਾ ਹੈ। ਸ਼ੋਰ ਭਰੇ ਮਾਹੌਲ 'ਚੋਂ ਸੁੱਚੀਆਂ ਅਤੇ ਭਿੱਜੀਆਂ ਆਵਾਜ਼ਾਂ ਦੀ ਤਲਾਸ਼ ਕਰਦਾ ਹੈ। ਲੋਕਾਈ ਦੇ ਹੱਕਾਂ, ਅਧਿਕਾਰਾਂ ਦੀ ਪ੍ਰਾਪਤੀ ਲਈ ਕਲਮ ਦੀ ਤਲਵਾਰ ਨਾਲ ਲੜਦਾ ਹੈ। ਕਵਿਤਾ ਦੀ ਲੋਅ ਨਾਲ ਆਪਣੇ ਹਿੱਸੇ ਆਏ ਹਨੇਰੇ ਨੂੰ ਦੂਰ ਕਰਨ ਦਾ ਉਪਰਾਲਾ ਕਰਦਾ ਹੈ।

ਕਵਿਤਾ ਨੇ ਕਿੱਥੇ ਜਾਣਾ ਹੈ। ਕਵਿਤਾ ਨੇ ਇਥੇ ਹੀ ਸਾਡੇ ਨਾਲ ਨਾਲ ਵਿਚਰਨਾ ਹੈ। ਕਵਿਤਾ ਹਰ ਥਾਂ, ਹਰ ਪਲ, ਹਰ ਰੂਪ 'ਚ ਹਾਜ਼ਰ ਹੈ। ਨਾਨਕ ਨੇ ਕਵਿਤਾ ਲਈ ਖੜਾਵਾਂ ਪਹਿਨ ਕੇ ਉਦਾਸੀਆਂ ਕੀਤੀਆਂ। ਨੌਵੇਂ ਗੁਰੂ ਅਤੇ ਫਰੀਦ ਨੇ ਵੈਰਾਗ ਨੂੰ ਮੁਰਸ਼ਦ ਬਣਾ ਕੇ ਸਦੀਵੀ ਸਲੋਕ ਸਿਰਜ ਦਿੱਤੇ। ਗੋਬਿੰਦ ਨੇ ਕਵਿਤਾ ਰਾਹੀਂ ਮਾਛੀਵਾੜੇ ਦੇ ਜੰਗਲਾਂ 'ਚੋਂ ਮਿੱਤਰ ਪਿਆਰੇ ਨੂੰ ਆਵਾਜ਼ ਮਾਰੀ। ਵਾਰਿਸ ਨੇ ਤਖਤ ਹਜ਼ਾਰੇ ਅਤੇ ਝੰਗ ਸਿਆਲ ਦੀ ਜੂਹ 'ਚੋਂ ਕਵਿਤਾ ਦੇ ਕਣ ਸਾਂਭੇ। ਹਾਸ਼ਮ ਨੇ ਥਲਾਂ 'ਚ ਭੁੱਜਦੇ ਸੱਸੀ ਦੇ ਪੈਰਾਂ ਦੇ ਛਾਲਿਆਂ 'ਚੋਂ ਕਵਿਤਾ ਤਲਾਸ਼ ਲਈ। ਫਜ਼ਲ ਨੂੰ ਸੋਹਣੀ ਦੇ ਖੁਰਦੇ ਘੜੇ ਚੋਂ ਵੀ ਕਵਿਤਾ ਲੱਭ ਲਈ। ਪੀਲੂ ਨੇ ਜੰਡੋਰੇ ਤੇ ਟੰਗੇ ਤਰਕਸ਼ ਅਤੇ ਟੁੱਟੇ ਤੀਰਾਂ ਨੂੰ ਕਵਿਤਾ ਦਾ ਮਾਧਿਅਮ ਬਣਾਇਆ। ਬੁੱਲੇ ਨੇ ਨੱਚ ਨੱਚ ਕੇ ਕਵਿਤਾ ਨੂੰ ਵੀ ਕਮਲੀ ਕਰ ਦਿੱਤਾ। ਸ਼ਾਹ ਮੁਹੰਮਦ ਨੇ ਤੀਰਾਂ ਤਲਵਾਰਾਂ ਦੀ ਵਰਖਾ 'ਚੋਂ ਕਵਿਤਾ ਜਿਉਂਦੀ ਕਰ ਲਈ। ਬਾਹੂ ਨੇ ਆਪਣੇ ਅੰਦਰਲੀ ਹੂਕ ਵਿਚੋਂ ਕਵਿਤਾ ਸਿਰਜ ਲਈ। ਹੋਰ ਕਿਹੜੇ ਕਿਹੜੇ ਮਹਾਨ ਕਵੀਆਂ ਦੇ ਨਾਂ ਲਵਾਂ, ਵਿਸਥਾਰ ਦੇਵਾਂਗਾ ਤਾਂ ਪੰਨਿਆਂ ਦੇ ਪੰਨੇ ਭਰ ਜਾਣਗੇ। ਮੇਰੇ ਕਹਿਣ ਦਾ ਭਾਵ ਇਹੀ ਹੈ ਕਿ ਕਵਿਤਾ ਹਰ ਪਲ ਹਾਜ਼ਰ ਹੈ। ਸ਼ਿਵ ਦਾ ਬਿਰਹੜਾ ਹੈ, ਪਾਤਰ ਦਾ ਵੈਰਾਗ ਮਈ ਤਰੰਨੁਮ ਹੈ, ਕਵਿਤਾ ਉਦਾਸੀ ਦੇ ਕੱਚੇ ਵਿਹੜੇ ਬੈਠੀ ਹੈ। ਅਨੇਕ ਕਵੀਆਂ ਦੇ ਉੱਕਰੇ ਬੋਲਾਂ 'ਚ ਹੈ। ਨਵੇਂ ਕਵੀਆਂ ਦੀ ਉਡਾਣ 'ਚ ਹੈ। ਰਮਤੇ ਜੋਗੀ ਦੇ ਅੰਮ੍ਰਿਤ ਵੇਲੇ ਦੇ ਸ਼ਲੋਕਾਂ ਵਿਚ ਹੈ। ਰੱਸੀ ਤੇ ਤੁਰਦੀ ਪਾਟੀ ਫਰਾਕ ਵਾਲੀ ਜੁਆਕੜੀ ਕੋਲ ਵੀ ਹੈ। ਪਰਦੇਸੀ ਧੀਆਂ ਪੁੱਤਾਂ ਨੂੰ ਉਡੀਕਦੀਆਂ ਮਾਵਾਂ ਕੋਲ ਹੈ। ਡੂੰਘੇ ਪਾਣੀਆਂ 'ਚ ਉਤਰੇ ਮਲਾਹ ਦੀ ਉਡੀਕ ਵਿਚ ਪੱਤਣਾਂ 'ਤੇ ਖੜੀ ਵਿਯੋਗਣ ਕੋਲ ਵੀ ਬਹੁਤ ਸੁੰਦਰ ਕਵਿਤਾ ਹੈ।

ਕਵਿਤਾ ਬਹੁਤ ਸੂਖਮ ਚੀਜ਼ ਹੈ। ਇਸ ਨੂੰ ਦੇਖਣ ਵਾਲੀ ਅੱਖ ਚਾਹੀਦੀ ਹੈ। ਅੱਖ ਵਿਚ, ਕਰੁਣਾ, ਸੰਵੇਦਨਾ, ਤਰਸ ਅਤੇ ਰੋਹ ਭਰੀ ਲਾਲੀ ਵੀ ਚਾਹੀਦੀ ਹੈ। ਬਹੁਤ ਸੂਖਮ ਸ਼ੈਅ ਹੈ ਕਵਿਤਾ। ਕਵਿਤਾ ਤਾਂ ਉਦੋਂ ਹੀ ਉਦੈ ਹੋ ਜਾਂਦੀ ਹੈ ਜਦੋਂ ਜਨਮ ਲੈਣ ਸਮੇਂ ਬੱਚਾ ਪਹਿਲੀ ਕਿਲਕਾਰੀ ਮਾਰਦਾ ਹੈ। ਹਾਸਰਸ ਕਵਿਤਾ ਦਾ ਸਫਰ ਸ਼ੁਰੂ ਹੋ ਜਾਂਦਾ ਹੈ ਜਦੋਂ ਮਾਂ ਬੱਚੇ ਦੇ ਕੋਮਲ ਪਿੰਡੇ 'ਤੇ ਆਪਣੇ ਪੋਟਿਆਂ ਨਾਲ ਕੁਤਕਤਾਰੀਆਂ ਕੱਢਦੀ ਹੈ। ਮਖ਼ਮਲੀ ਢਿੱਡ ਤੇ ਭੜੂਕਾ ਵਜਾਉਂਦੀ ਹੈ। ਗੀਤ ਦਾ ਜਨਮ ਮਾਂ ਦੀ ਲੋਰੀ 'ਚੋਂ ਹੁੰਦਾ ਹੈ। ਇਹ ਕਵਿਤਾ ਦਾ ਆਗਾਜ਼ ਹੀ ਤਾਂ ਹੈ ਜਦੋਂ ਬੱਚਾ ਬੁੱਲ੍ਹੀਆਂ ਦਾ ਸਾਜ ਵਜਾਉਂਦਾ ਹੈ। ਤੜਾਗੀ ਦੇ ਘੁੰਗਰੂ ਛਣਕਦੇ ਨੇ, ਤੇ ਮਾਂ ਬੱਚੇ ਦੀ ਗੱਲ੍ਹ ਤੇ ਪੋਲੀ ਜਿਹੀ ਦੰਦੀ ਵੱਢਦੀ ਹੈ। ਮੋਹ ਮਾਰੀ ਪਿਆਰ ਕਵਿਤਾ ਦਾ ਆਰੰਭ ਉਦੋਂ ਹੀ ਹੋ ਜਾਂਦਾ ਹੈ ਜਦੋਂ ਦੁੱਧ ਚੁੰਘਾਉਂਦੀ ਮਾਂ ਬੱਚੇ ਦੀ ਪਿੱਠ ਥਾਪੜਦੀ ਹੈ, ਘੋਰ ਕੰਡੇ ਪਾਉਂਦੀ ਹੈ ਤੇ ਦੁੱਧ ਚੁੰਘਦਾ ਬੱਚਾ ਮਾਂ ਦੀ ਦੂਜੀ ਛਾਤੀ ਨਾਲ ਖੇਡਣ ਲੱਗਦਾ ਹੈ।

ਨਵੀਂ ਪੰਜਾਬੀ ਕਵਿਤਾ ਨਵੀਆਂ ਆਸਾਂ ਉਮੀਦਾਂ

ਲੈ ਕੇ ਹਾਜ਼ਰ ਹੈ। ਪੁਰਾਣੇ ਰਸਮੀ ਵਿਸ਼ਿਆਂ ਨੂੰ ਤਿਆਗ ਕੇ ਵਰਤਮਾਨ ਸਰੋਕਾਰ, ਗੰਭੀਰ ਫਿਕਰ, ਭਖਦੇ ਮਸਲੇ ਕਵਿਤਾ ਦੀ ਪਕੜ ਵਿਚ ਹਨ। ਸੂਖਮ ਅਹਿਸਾਸ, ਨਿਵੇਕਲੇ ਅੰਦਾਜ਼ ਵਿਚ ਪੇਸ਼ ਹੋ ਰਹੇ ਹਨ। ਕਵਿਤਾ ਸੱਜਰੀ ਸੱਜਰੀ ਮਹਿਸੂਸ ਹੋ ਰਹੀ ਹੈ। ਪੜ੍ਹ ਕੇ ਪ੍ਰਸੰਨਤਾ ਵੀ ਹੁੰਦੀ ਹੈ ਅਤੇ ਵਿਸ਼ਵਾਸ ਵੀ ਬੱਝਦਾ ਹੈ ਕਿ ਪੰਜਾਬੀ ਕਵਿਤਾ ਦਿਸਹੱਦਿਆਂ ਤੋਂ ਪਾਰ ਜਾ ਕੇ ਨਵੇਂ ਮੁਕਾਮ ਸਿਰਜ ਰਹੀ ਹੈ। ਨਵੇਂ ਗ਼ਜ਼ਲਕਾਰਾਂ ਨੇ ਤਾਂ ਕਮਾਲ ਹੀ ਕਰ ਦਿੱਤੀ ਹੈ। ਏਨੀਆਂ ਸੋਹਣੀਆਂ ਗ਼ਜ਼ਲਾਂ ਪੜ੍ਹਨ ਨੂੰ ਮਿਲੀਆਂ ਹਨ।

ਇਸ ਅੰਕ ਦੀ ਕਵਿਤਾ ਨਾਲੋ ਨਾਲ ਇਹ ਵੀ ਅਹਿਸਾਸ ਕਰਾ ਰਹੀ ਹੈ ਕਿ ਵਿਕਾਸ ਦੇ ਪੰਘੂੜੇ 'ਚ ਵਿਨਾਸ਼ ਪਲ ਰਿਹਾ ਹੈ। ਪ੍ਰਕ੍ਰਿਤੀ ਦੇ ਕਾਇਨਾਤੀ ਰੰਗਾਂ ਨੂੰ ਦੇਖਣ ਪਰਖਣ ਵਾਲੀ ਨਜ਼ਰ ਧੁੰਦਲੀ ਪੈ ਗਈਹੈ। ਪੈਰਾਂ ਹੇਠਲੀ ਜਮੀਨ 'ਚ ਪਾਣੀ ਨਹੀਂ ਤਪਸ਼ ਹੀ ਤਪਸ਼ ਹੈ। ਖ਼ਲਾਅ 'ਚ ਸ਼ੋਰ ਅਤੇ ਧੂੰਆਂ ਭਰ ਗਿਆ ਹੈ। ਨੀਲਾ ਅੰਬਰ ਸਿਆਹ ਹੋ ਗਿਆ ਹੈ। ਰੁੱਖਾਂ ਤੋਂ ਹਰੇ ਪੱਤੇ ਵੀ ਝੜ ਰਹੇ ਹਨ। ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਾਲਿਆਂ 'ਤੇ ਤਸ਼ੱਦਦ ਹੈ। ਸੱਚ ਲਿਖਣ ਵਾਲੀਆਂ ਕਲਮਾਂ ਨੂੰ ਜੇਲਾਂ 'ਚ ਸੁੱਟਿਆ ਜਾ ਰਿਹਾ ਹੈ। ਨੈਤਿਕਤਾ ਦੀ ਅਣਹੋਂਦ ਅਤੇ ਪੈਸੇ ਦੀ ਦੌੜ ਕਾਰਨ, ਘਰਾਂ 'ਚ, ਰਿਸ਼ਤਿਆਂ 'ਚ ਫਿੱਕ ਪੈ ਰਿਹਾ ਹੈ। ਪਦਾਰਥਵਾਦ ਨੇ ਔਰਤ ਨੂੰ ਵੀ ਬੇਜ਼ਾਨ ਵਸਤੂ ਬਣਾ ਕੇ ਸ਼ੋਅਰੂਮਾਂ 'ਚ ਖੜਾ ਕਰ ਦਿੱਤਾ ਹੈ। ਸਭਿਆਚਾਰ ਦੀ ਆੜ ਹੇਠ ਜਿਸਮਾਂ ਦਾ ਨੰਗਾ ਨਾਚ ਹੋ ਰਿਹਾ ਹੈ। ਹਕੂਮਤਾਂ ਦੀ ਮਾੜੀ ਕਾਰਗੁਜਾਰੀ ਸਾਡੇ ਸਾਹਮਣੇ ਹੈ। ਅਤੇ ਬੇਰੁਜਗਾਰੀ ਅਤੇ ਨਸ਼ਿਆਂ ਨੇ ਹਸਦੇ ਵਸਦੇ ਪੰਜਾਬ ਨੂੰ ਕੱਖੋਂ ਹੌਲਾ ਕਰ ਦਿੱਤਾ। ਹੈ। ਘੁੱਗੀਆਂ ਕਬੂਤਰ ਪ੍ਰਦੇਸੀ ਅੰਬਰਾਂ ਵੱਲ ਉਡਾਣ ਭਰ ਗਏ ਹਨ। ਪ੍ਰਦੇਸੀ ਧੀਆਂ ਪੁੱਤਰਾਂ ਨੂੰ ਉਡੀਕਦੀਆਂ ਮਾਵਾਂ ਕਬਰੀਂ ਜਾ ਸੁੱਤੀਆਂ ਹਨ। ਵੱਡੀਆਂ ਵਿਦਿਅਕ ਸੰਸਥਾਵਾਂ ਦੀ ਤਰਸਯੋਗ ਹਾਲਤ ਹੈ। ਕਿਸਾਨ ਮਜਦੂਰ ਦੇ ਨਹੁੰ ਮਾਸ ਦੇ ਰਿਸ਼ਤੇ ਨੂੰ ਤੋੜਿਆ ਜਾ ਰਿਹਾ ਹੈ। ਇਨ੍ਹਾਂ ਸਾਰੇ ਮਸਲਿਆਂ ਨੂੰ ਲੈ ਕੇ ਸਾਡੀ ਨਵੀਂ ਕਵਿਤਾ ਹਾਜ਼ਰ ਹੈ ਅਤੇ ਸਾਨੂੰ ਅੱਗੋਂ ਹੋਰ ਆਉਣ ਵਾਲੇ ਸੰਕਟ ਤੋਂ ਸੁਚੇਤ ਕਰ ਰਹੀ ਹੈ।

ਪ੍ਰਤਿਮਾਨ ਦੇ ਇਸ ਅੰਕ ਵਿਚਲੇ ਕਵੀਆਂ ਦੀ ਕਵਿਤਾ ਨੂੰ ਪੜ੍ਹਦਿਆਂ ਮੈਂ ਮਹਿਸੂਸ ਕੀਤਾ ਕਿ ਕੁਝ ਕਵੀਆਂ ਦੀ ਕਵਿਤਾ ਬਾਰੇ ਵਿਸ਼ੇਸ਼ ਰੂਪ ਵਿਚ ਗੱਲਾਂ ਕੀਤੀਆਂ ਜਾਣ ਪਰ ਜਿਉਂ ਜਿਉਂ ਮੈਂ ਇਸ ਅੰਕ ਦੇ ਸਾਰੇ ਕਵੀਆਂ ਨੂੰ ਪੜ੍ਹਿਆ ਤਾਂ ਅਹਿਸਾਸ ਹੋਇਆ ਕਿ ਇਹ ਤਾਂ ਸਾਰੀ ਦੀ ਸਾਰੀ ਕਵਿਤਾ ਹੀ, ਪੜਨ, ਸੁਣਨ, ਮਾਣਨ ਅਤੇ ਜ਼ਿਕਰ ਕਰਨ ਯੋਗ ਹੈ। ਇਸੇ ਕਰਕੇ ਮੈਂ ਸਾਂਝੇ ਰੂਪ ਵਿਚ ਹੀ, ਗੱਲ ਕੀਤੀ ਹੈ।

ਆਖਰ ਵਿਚ ਮੈਂ 'ਪ੍ਰਤਿਮਾਨ' ਦੇ ਨਾਲ ਨਾਲ ਉਨ੍ਹਾਂ ਸਾਰੇ ਸਾਹਿਤਕ ਰਸਾਲਿਆਂ ਦੇ ਸੰਚਾਲਕਾਂ, ਸੰਪਾਦਕਾਂ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹਾਂਗਾ, ਜੋ ਲਿਖੀ ਜਾ ਰਹੀ ਨਵੀਂ ਪੰਜਾਬੀ ਕਵਿਤਾ ਨੂੰ ਆਪਣੇ ਪਰਚਿਆਂ ਵਿਚ ਵਿਸ਼ੇਸ਼ ਥਾਂ ਦੇ ਕੇ, ਨਵੇਂ ਕਵੀਆਂ ਦੀ ਹੌਸਲਾ ਅਫ਼ਜ਼ਾਈ ਕਰ ਰਹੇ ਹਨ।

ਉਨ੍ਹਾਂ ਸਾਰੀਆਂ ਅਕਾਦਮੀਆਂ, ਸਾਹਿਤਕ ਅਤੇ ਵਿਦਿਅਕ ਸੰਸਥਾਵਾਂ, ਸਾਹਿਤ ਸਭਾਵਾਂ ਦਾ ਵਿਸ਼ੇਸ਼ ਰੂਪ ਵਿਚ ਧੰਨਵਾਦ, ਜਿਹੜੀਆਂ ਨਿਰੰਤਰ ਕਵੀ ਦਰਬਾਰ, ਕਾਵਿ-ਗੋਸ਼ਟੀਆਂ ਕਾਵਿ ਮਹਿਫਲਾਂ ਦਾ ਆਯੋਜਨ ਕਰ ਰਹੀਆਂ ਹਨ। ਨਾਭਾ ਕਵਿਤਾ ਉਤਸਵ, ਕਵਿਤਾ ਕੁੰਭ ਲੁਧਿਆਣਾ ਨਾਲ ਜੁੜੇ ਪ੍ਰਬੰਧਕਾਂ ਦਾ ਧੰਨਵਾਦ, ਜਿਹੜੇ ਪੰਜਾਬੀ ਕਵਿਤਾ ਦੀ ਜੋਤ ਨੂੰ ਨਿਰੰਤਰ ਜਗਦਾ ਰੱਖਣ ਲਈ ਦਹਾਕਿਆਂ ਤੋਂ ਕਾਵਿ ਮੇਲੇ ਲਗਾ ਰਹੇ ਹਨ।

ਪੰਜਾਬੋਂ ਬਾਹਰ ਵਸਦੇ ਪੰਜਾਬੀਆਂ, ਲੇਖਕਾਂ ਵਿਦਵਾਨਾਂ, ਕਵੀਆਂ ਅਤੇ ਪ੍ਰਬੰਧਕਾਂ ਦਾ ਵੀ ਸ਼ੁਕਰੀਆ ਅਦਾ ਕਰਨਾ ਬਣਦਾ ਹੈ, ਜੋ ਬੇਗਾਨੀਆਂ ਧਰਤੀਆਂ ਤੇ ਹੀ ਵੱਖੋ ਵੱਖਰੇ ਦੇਸਾਂ ਵਿਚ ਰਹਿੰਦਿਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਕਰਵਾ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਪਰਚਮ ਬੁਲੰਦ ਕਰ ਰਹੇ ਹਨ। ਪੰਜਾਬੀ ਕਵਿਤਾ ਦੇ ਸੁਹਿਰਦ ਪਾਠਕਾਂ ਅਤੇ ਸਰੋਤਿਆਂ ਨੂੰ ਤਾਂ ਵਿਸ਼ੇਸ਼ ਰੂਪ ਵਿਚ ਸ਼ਾਬਾਸ਼ ਦੇਣੀ ਬਣਦੀ ਹੈ ਕਿ ਉਹ ਆਪਣੇ ਦੁਨਿਆਵੀ ਕੰਮਾਂ ਕਾਰਾਂ ਤੋਂ ਵਿਹਲ ਕੱਢ ਕੇ ਅਜੋਕੇ ਪਦਾਰਥਵਾਦੀ ਦੌਰ ਵਿਚ ਵੀ ਕਵਿਤਾ ਪੜ੍ਹ ਸੁਣ ਰਹੇ ਹਨ, ਮਾਣਦੇ ਰਹੇ ਹਨ। ਪੰਜਾਬੀ ਕਵਿਤਾ ਦੇ ਨਾਮਵਰ ਸੁਹਿਰਦ ਆਲੋਚਕਾਂ ਦਾ ਵੀ ਬਹੁਤ ਬਹੁਤ ਧੰਨਵਾਦ। ਸ਼ੁਕਰੀਆ ਡਾ. ਕੌਂਕੇ ਜੀ, ਤੁਸੀਂ ਮੈਨੂੰ ਅਜੋਕੀ ਕਵਿਤਾ ਦੇ ਇਸ ਅੰਕ ਲਈ ਕੁੱਝ ਸ਼ਬਦ ਲਿਖਣ ਦਾ ਮੌਕਾ ਦਿੱਤਾ।

ਪਿਆਰੇ ਨੌਜੁਅਨ ਕਵੀਓ! ਕਵਿੱਤਰੀਓ! ਪੰਜਾਬੀ ਕਵਿਤਾ ਦਾ ਵਰਤਮਾਨ ਤੁਹਾਡੇ ਕੋਲ ਹੈ। ਕਵਿਤਾ ਦਾ ਭਵਿੱਖ ਵੀ ਤੁਹਾਡੀਆਂ ਕਲਮਾਂ ਕੋਲ ਸੁਰੱਖਿਅਤ ਹੈ। ਬਸ ਇਸੇ ਤਰ੍ਹਾਂ ਕਵਿਤਾ ਖੇਤਰ ਵਿਚ ਪ੍ਰਤਿਮਾਨ ਸਿਰਜਦੇ ਰਹਿਣਾ। ਰੁਕਣਾ ਨਹੀਂ ... ਝੁਕਣਾ ਨਹੀਂ... ਥੱਕਣਾ ਨਹੀਂ। ਤੁਰਦੇ ਰਹਿਣਾ ਹੈ, ਨਿਰੰਤਰ... ਚਲੋਚਾਲ.. ਚਲੋਚਾਲ...

**98728-23110**

**(ਪ੍ਰਧਾਨ, ਕੇਂਦਰੀ ਲੇਖਕ ਸਭਾ)**

# ਕਰਵਟ ਲੈਂਦੀ ਕਾਵਿਕਾਰੀ ਦੇ ਸਨਮੁੱਖ – ਜਗਵਿੰਦਰ ਜੋਧਾ



ਕੁਝ ਸਾਲ ਪਹਿਲਾਂ ਭੋਪਾਲ ਵਿਚ ਸਾਹਿਤ ਅਕਾਦਮੀ ਨੇ ਯੁਵਾ ਸਾਹਿਤ ਸੰਮੇਲਨ ਕਰਵਾਇਆ ਸੀ। ਉਸ ਵਿਚ ਉਦਘਾਟਨੀ ਸਮਾਰੋਹ ਦੇ ਮੁੱਖ ਬੁਲਾਰੇ ਵਜੋਂ ਹੰਸ ਦੇ ਸੰਪਾਦਕ ਤੇ ਵੱਡੇ ਹਿੰਦੀ ਲੇਖਕ ਸਵ ਰਾਜੇਂਦਰ ਯਾਦਵ ਸ਼ਾਮਿਲ ਹੋਏ। ਉਨ੍ਹਾਂ ਨੇ ਯੁਵਾ ਸਾਹਿਤ ਦੇ ਸੰਕਲਪ ਦੀ ਬੜੀ ਖਿੱਲੀ ਉਡਾਈ। ਉਹ ਕਹਿੰਦੇ ਸਾਹਿਤਕਾਰ ਹਮੇਸ਼ਾ ਆਪਣੇ ਦੌਰ ਦੀ ਯੁਵਾ ਚੇਤਨਾ ਦਾ ਵਾਹਕ ਹੁੰਦੈ। ਬੁਸਿਆ ਹੋਇਆ ਸਾਹਿਤ ਰਚਨਾਕਾਰ ਚਾਹੇ ਉਹ ਬੀਤੇ ਹਫ਼ਤੇ ਜੰਮਿਆ ਹੋਵੇ ਬਿਰਧ ਹੁੰਦੈ ਤੇ ਪਰਵਾਨਗੀ ਦਾ ਡਰ ਲਾਹ ਕੇ ਤਜਰਬੇ ਕਰਨ ਵਾਲਾ ਸਦਾ ਯੁਵਾ ਹੁੰਦੈ। ਯਾਦਵ ਜੀ ਨੇ ਇਕ ਕਹਾਣੀ ਸੁਣਾਈ ਜੋ ਮੈਂ ਅੱਜ ਤਕ ਭੁੱਲਿਆ ਨਹੀਂ। ਕਹਿੰਦੇ ਜਦੋਂ ਔਰੰਗਜ਼ੇਬ ਨੇ ਸ਼ਾਹ ਜਹਾਨ ਨੂੰ ਆਗਰੇ ਲਾਲ ਕਿਲ੍ਹੇ ਵਿਚ ਕੈਦ ਕਰ ਲਿਆ ਤਾਂ ਸ਼ਾਹ ਜਹਾਨ ਦਾ ਮਿੱਤਰ ਤੇ ਸ਼ਾਹੀ ਵੈਦ ਇਮਾਮ ਤਾਬਰ ਉਹਨੂੰ ਮਿਲਣ ਆਇਆ। ਉਸ ਵੈਦ ਦੀ ਔਰੰਗਜ਼ੇਬ ਵੀ ਬੜੀ ਇੱਜ਼ਤ ਕਰਦਾ ਸੀ। ਸ਼ਾਹ ਜਹਾਨ ਨੇ ਵੈਦ ਨੂੰ ਕਿਹਾ ਕਿ ਬਾਦਸ਼ਾਹ ਸਲਾਮਤ ਨੂੰ ਆਖੀਂ ਮੈਂ ਏਥੇ ’ਕੱਲਾ ਬੜਾ ਨੀਰਸ ਮਹਿਸੂਸ ਕਰਦਾਂ। ਉਹ ਆਪਣੇ ਬੱਚੇ ਮੇਰੇ ਕੋਲ ਭੇਜ ਦਿਆ ਕਰਨ, ਮੈਂ ਉਨ੍ਹਾਂ ਨੂੰ ਕੁਰਾਨ ਪੜ੍ਹਾ ਦਿਆ ਕਰਾਂਗਾ, ਮੇਰਾ ਵੀ ਦਿਲ ਲੱਗਿਆ ਰਹੂ।

ਜਦੋਂ ਸ਼ਾਹੀ ਵੈਦ ਇਮਾਮ ਤਾਬਰ ਨੇ ਔਰੰਗਜ਼ੇਬ ਨੂੰ ਇਹ ਗੱਲ ਦੱਸੀ ਤਾਂ ਉਹ ਹੱਸ ਪਿਆ ਤੇ ਕਹਿਣ ਲੱਗਾ ਸਾਬਕਾ ਬਾਦਸ਼ਾਹ ਹੁਣ ਮੇਰੇ ਬੱਚਿਆਂ ਉੱਪਰ ਹਕੂਮਤ ਕਰਨੀ ਚਾਹੁੰਦੇ ਹਨ ???

ਰਾਜੇਂਦਰ ਯਾਦਵ ਨੇ ਕਿਹਾ ਕਿ ਯੁਵਾ ਸਾਹਿਤ ਦੇ ਵਧਾਵੇ ਦੀ ਰਾਜਨੀਤੀ ਇਹ ਹੈ ਕਿ ਕੁਝ ਦਰਮਿਆਨੇ ਲੇਖਕ ਨਵੇਂ ਲੇਖਕਾਂ ਉੱਪਰ ਦਬਦਬਾ ਬਣਾ ਕੇ ਆਪ ਵੱਡੇ ਹੋਣ ਦੀ ਕਾਹਲ ਵਿਚ ਨੇ।

ਪੰਜਾਬੀ ਦੀਆਂ ਸਰਕਾਰੀ ਸੰਸਥਾਵਾਂ ਵਲੋਂ ਕਰਵਾਏ ਜਾਂਦੇ ਯੁਵਾ ਮੇਲਿਆਂ ਵੱਲ ਝਾਤ ਪਾਇਆਂ ਇਹ ਗੱਲ ਏਨੀ ਗਲਤ ਵੀ ਨਹੀਂ ਲਗਦੀ।

ਯੁਵਾ ਸਾਹਿਤਕਾਰਾਂ ਦਾ ਆਉਣਾ ਬੜਾ ਸ਼ੁਭ ਸ਼ਗਨ ਹੁੰਦੈ ਪਰ ਬਸ਼ਰਤੇ ਉਸਦਾ ਸਾਹਿਤ ਵੀ ਯੁਵਾ ਤੇ ਥੱਕੀ ਹੋਈ ਚੇਤਨਾ ਦੇ ਵਿਰੁੱਧ ਪੁਰਾਣੇ ਸੰਕੋਚਾਂ ਨੂੰ ਉਧੇੜ ਦੇਣ ਵਾਲਾ ਹੋਵੇ। ਬਹੁਤ ਸਾਰੀ ਰਚਨਾਕਾਰੀ ਖਾਸ ਕਰਕੇ ਛੰਦ ਯੁਕਤ ਕਵਿਤਾ ਵਿਚ ਨਵੀਂ ਉਮਰ ਦੇ ਲੋਕਾਂ ਨੂੰ ਜਦੋਂ ਸਥਾਪਤੀ ਪੱਖੀ ਤੇ ਪਿਆਰ ਦੇ ਨਾਂ ਹੇਠ ਗੁਲਾਮੀ ਨੂੰ ਪ੍ਰਸਾਰਦੀ ਕਵਿਤਾ ਰਚਦੇ ਦੇਖਿਆ ਜਾਂਦਾ ਤਾਂ ਉਹ ਸਭ ਤੋਂ ਬਿਰਧ ਤੇ ਵੇਲਾ ਵਿਹਾ ਚੁੱਕੇ ਲੋਕ ਜਾਪਦੇ ਹਨ।

ਪੀੜ੍ਹੀ ਪਾੜਾ ਅਸਲ ਵਿਚ ਮਨੁੱਖੀ ਭਾਵਨਾਵਾਂ ਦੀ ਮੁੱਢਲੀ ਪ੍ਰੇਰਕ ਸ਼ਕਤੀ ਹੈ। ਸਮਾਜ ਦੇ ਹਰੇਕ ਸ਼ੋਬੇ ਵਿਚ ਨਵੀਂ ਪੀੜ੍ਹੀ ਪੁਰਾਣਿਆਂ ਦੇ ਮੁੱਲਾਂ ਪ੍ਰਤੀ ਵਿਦਰੋਹ ਕਰਦੀ ਹੈ ਤੇ ਆਪਣੀ ਸਪੇਸ ਦੀ ਤਲਾਸ਼ ਲਈ ਜੱਦੋ ਜਹਿਦ ਕਰਦੀ ਹੈ। ਇਹ ਮਸਲਾ ਸਾਹਿਤ ਦਾ ਹੀ ਨਹੀਂ ਸਮੁੱਚੇ ਸਮਾਜ ਦੀ ਵਿਕਾਸ ਧਾਰਾ ਦਾ ਹੈ। ਜਦੋਂ ਲੇਖਕਾਂ ਦੇ ਮਨਾਂ ਵਿਚ ‘ਸਥਾਪਤ ਲੇਖਕ’ ਦਾ ਲਕਬ ਕਿਸੇ ਦੀ ਸਿਫ਼ਤ ਦੇ ਰੂਪ ਵਿਚ ਪਿਆ ਹੋਵੇ ਤਾਂ ਨਵਿਆਂ ਲਈ ਸਪੇਸ ਦਾ ਸੁੰਗੜਨਾ ਬੜਾ ਸਹਿਜ ਲਗਦਾ ਹੈ। ਜਿਹੜਾ ਲੇਖਕ ਆਪ ਸਥਾਪਿਤ ਹੋ ਗਿਆ ਉਹਨੇ ਸਥਾਪਤੀ ਖ਼ਿਲਾਫ਼ ਕੀ ਲਿਖਣਾ ਹੋਇਆ, ਇਹੀ ਨਹੀਂ ਉਹ ਤਾਂ ਬੱਜਰ ਮੁੱਲਾਂ ਦਾ ਪਹਿਰੇਦਾਰ ਵੀ ਬਣੇਗਾ ਤੇ ਉਨ੍ਹਾਂ ਮੁੱਲਾਂ ਖ਼ਿਲਾਫ਼ ਬਾਗੀਆਂ ਦਾ ਮੁਖ਼ਾਲਿਫ਼ ਵੀ। ਇਸ ਲਈ ਨਵੇਂ ਲੇਖਕ ਅਕਸਰ ਸਾਹਿਤਕ ਤੰਤਰ ਤੋਂ ਬਗਾਵਤ ਕਰਦੇ ਹਨ। ਪਰ ਫ਼ਿਰ ਉਹ ਉਸੇ ਤਰ੍ਹਾਂ ਦੇ ਤੰਤਰ ਦੀ ਸਥਾਪਤੀ ਲਈ ਯਤਨਸ਼ੀਲ ਹੋਣ ਲਗਦੇ ਹਨ। ਕਿਉਂਕਿ ਉਨ੍ਹਾਂ ਉਸ ਪ੍ਰਬੰਧ ਵਿਚ ਪ੍ਰਵਾਨ ਵੀ ਹੋਣਾ ਹੁੰਦੈ। ਖਾਸ ਕਰਕੇ ਕਵੀ ਇਸ ਪ੍ਰਕਿਰਿਆ ਵਿਚ ਬੜੇ ਤਤਪਰ ਨਜ਼ਰ ਆਉਣਗੇ। ਨਵੇਂ ਕਵੀ ਅਪਣੀ ਨਜ਼ਰਅੰਦਾਜ਼ਗੀ ਤੇ ਸਾਹਿਤਕ ਖੇਤਰ ਵਿਚ ਹੁੰਦੀ ਗੁੱਟਬੰਦੀ ਤੋਂ ਅਵਾਜ਼ਾਰ ਹੋਣਗੇ। ਫ਼ਿਰ ਉਹ ਆਪ ਨਵਿਆਂ ਦਾ ਇਕ ਗਿਰੋਹ ਬਣਾਉਣ ਦੇ ਰਸਤੇ ਪੈ ਜਾਣਗੇ। ਉਹ ਗਿਰੋਹ ਸਮਾਗਮਾਂ ਦੌਰਾਨ ਇਕ ਦੂਜੇ ਨੂੰ ਮੌਲਵੀ ਸਾਬ੍ਹ, ਹਾਜੀ ਸਾਬ੍ਹ ਕਹਿਣ ਦੀ ਪਿੱਠ ਖੁਰਕੀ ਰੁਝਾਨਕਾਰੀ ਵਿਚ ਰੁਝ ਜਾਵੇਗਾ। ਮਾੜੀ ਕਵਿਤਾ ਕਹਿਣ ਨੂੰ ਇਸ ਆਦਤ ਨੇ ਖੁੰਬਾਂ ਵਾਂਗ ਵਧਾਇਆ ਹੈ।

ਪਿਛਲੇ ਦਿਨੀਂ ਪੰਜਾਬੀ ਦਾ ਇਕ ਇਨਾਮਯਾਫ਼ਤਾ

ਲੇਖਕ ਇਕ ਸਮਾਰੋਹ ਦੇ ਪ੍ਰਧਾਨਗੀ ਭਾਸ਼ਣ ਵਿਚ ਕਹਿ ਰਿਹਾ ਸੀ ਕਿ ਕਵਿਤਾ ਲਿਖਣੀ ਤੇ ਉਸਦੀ ਪ੍ਰਸਿੱਧੀ ਕਰਨੀ ਤਾਂ ਇਕੱਠੇ ਹੋਵੇ। ਉਸ ਵਿਚਾਰੇ ਦੀ ਵੋਟਾਂ ਦੀ ਲੋੜ ਅਨੁਸਾਰ ਕੀਤੀ ਇਹ ਮੰਗ ਸਮਝ ਆਉਂਦੀ ਹੈ। ਪਰ ਇਹ ਗੱਲ ਅਸਲੋਂ ਗਲਤ ਤੇ ਲੀਹੋਂ ਲੱਥੀ ਹੋਈ ਹੈ। ਸਿਰਜਣਾ ਦਾ ਸੰਬੰਧ ਮਨੁੱਖ ਦੇ ਸਮੂਹ ਸੰਵੇਗਾਂ ਦੇ ਜੁੜਾਅ ਨਾਲ ਹੈ। ਚੇਤਨ, ਅਵਚੇਤਨ, ਅਧਿਐਨ, ਗੋਸ਼ਟਿ, ਸਫ਼ਰ ਤੇ ਫ਼ਿਕਰ ਜੁੜ ਕੇ ਕਿਤੇ ਸਿਰਜਣਾ ਬਣਦੇ ਹਨ। ਮਹਿਫ਼ਲੀ ਸੁਭਾਅ ਦਾ ਬੰਦਾ ਉਤਪਾਦਕ ਹੁੰਦਾ ਹੈ। ਉਹ ਸਿਰਜਕ ਨਹੀਂ ਹੁੰਦਾ। ਉਹ ਵਿਚਾਰਾਂ ਨੂੰ ਸਿਰਜਦਾ ਨਹੀਂ ਬਲਕਿ ਮਕਬੂਲ ਸ਼ਕਲ ਵਿਚ ਪਰੋਸਦਾ ਹੈ। ਉਸ ਕੋਲ ਮੱਖੀ ਤੇ ਮੱਖੀ ਮਾਰਨ ਦੀ ਕਲਾ ਹੁੰਦੀ ਹੈ ਤੇ ਮੱਠ ਦੀ ਜੁਗਤ ਰਾਹੀਂ ਇਸਨੂੰ ਮਹਾਨ ਤੇ ਪੁਰਸਕ੍ਰਿਤ ਬਣਾਉਣ ਦਾ ਗੁਰ ਵੀ। ਇਹੀ ਰੁਚੀ ਕਵਿਤਾ ਨੂੰ ਘੁਣ ਵਾਂਗ ਖਾ ਰਹੀ ਹੈ।

ਸਾਹਿਤ ਦੀਆਂ ਬਾਕੀ ਵਿਧਾਵਾਂ ਦੇ ਮੁਕਾਬਲੇ ਕਵੀਆਂ ਦਾ ਵੱਧ ਗਿਣਤੀ ਵਿਚ ਪੈਦਾ ਹੋਣਾ ਕਵਿਤਾ ਦੀ ਵਡਿਆਈ ਨਾਲੋਂ ਦੋਸ਼ ਵਧੇਰੇ ਬਣ ਗਿਆ ਹੈ। ਹੋਰ ਕਿਸੇ ਵਿਧਾ ਜਿਵੇਂ ਕਹਾਣੀ ਜਾਂ ਵਾਰਤਕ ਵਿਚ ਨਵੇਂ ਲੇਖਕ ਕਿਉਂ ਨਹੀਂ ਆ ਰਹੇ। ਨਾਵਲ ਵਿਚ ਤਾਂ ਨੌਂ-ਉਮਰ ਲੋਕਾਂ ਦੀ ਨਫ਼ਰੀ ਫ਼ਿਰ ਵੀ ਕੁਝ ਪੋਟਿਆਂ ਤਕ ਗਿਣੀ ਜਾ ਸਕੇ, ਨਾਟਕ ਵਿਚ ਕਿਸੇ ਨਵੇਂ ਸਿਰਜਕ ਨੂੰ ਪੜ੍ਹਿਆਂ ਦਹਾਕੇ ਹੋਣ ਵਾਲੇ ਹਨ। ਇਸਦਾ ਇਕ ਕਾਰਨ ਤਾਂ ਇਹ ਵੀ ਹੈ ਕਿ ਕਵਿਤਾ ਲਈ ਸੋਸ਼ਲ ਮੀਡੀਆ ਬੜਾ ਸਾਜ਼ਗਾਰ ਮਾਧਿਅਮ ਸਾਬਿਤ ਹੋਇਆ ਹੈ। ਸੋਸ਼ਲ ਮੀਡੀਆ ਦੀ ਤੱਟਫ਼ੱਟ ਹੁੰਗਾਰਾ ਬਿਰਤੀ ਵੀ ਕਵਿਤਾ ਨੂੰ ਬੜੀ ਰਾਸ ਆਈ ਹੈ। ਨਤੀਜਨ ਹਲਕੀ ਪਤਲੀ ਊਰਜਾ ਇਕਦਮ ਕਵਿਤਾ ਦੇ ਰੂਪ ਵਿਚ ਫ਼ੁੱਟ ਪਈ ਹੈ। ਸਾਹਿਤ ਰੂਪੀ ਤਪੱਸਿਆ ਨੂੰ ਰਾਤੋ ਰਾਤ ਛਾ ਜਾਣ ਦੀ ਗਾਹਕੀ ਇੱਛਾ ਨੇ ਦਰੀ ਹੇਠ ਲੁਕੋ ਛੱਡਿਆ ਹੈ। ਇੱਕੋ ਕਵੀ ਦੀਆਂ ਸਾਲ ਵਿਚ ਆਉਂਦੀਆਂ ਤਿੰਨ ਕਿਤਾਬਾਂ ਤੇ ਸੋਸ਼ਲ ਮੀਡੀਆ ਉੱਪਰ ਹਜ਼ਾਰਾਂ ਲਾਇਕ, ਕੁਮੈਂਟ ਤੇ ਸ਼ੇਅਰਾਂ ਦੇ ਰੌਲੇ ’ਚ ਭੁੱਲ ਹੀ ਗਿਐ ਕਿ ਪਕਿਆਈ ਤੇ ਪ੍ਰੋੜਤਾ ਵੀ ਕੋਈ ਚੀਜ਼ਾਂ ਸਨ।

ਕਵਿਤਾ ਦੀ ਰਚਨਾਕਾਰੀ ਤੋਂ ਬਾਅਦ ਦੇ ਸਰੋਕਾਰ ਗੈਰ ਕਵੀਆਂ ਦੇ ਹੱਥਾਂ ਵਿਚ ਨੇ। ਕਵੀਆਂ ਨੂੰ ਨਾਮਜ਼ਦ ਕਰਨਾ, ਸਨਮਾਨ ਦੇਣੇ ਤੇ ਉਨ੍ਹਾਂ ਬਾਰੇ ਰੀਵਿਊ ਲਿਖਣ ਦਾ ਕੰਮ ਉਨ੍ਹਾਂ ਲੋਕਾਂ ਦੇ ਹਵਾਲੇ ਹੈ ਜਿਹੜੇ ਕਵਿਤਾ ਦੀ ਵਗਦੀ ਗੰਗਾ ਵਿੱਚ ਹੱਥ ਧੋ ਲੈਣ ਤੋਂ ਬਿਨਾਂ ਕੁਝ ਸ਼ਾਇਦ ਹੀ ਸੋਚਦੇ ਹੋਣ। ਇਸ ਸਥਿਤੀ ਵਿਚ ਨਵੇਂ ਕਵੀ ਤੇ ਨਵੀਂ ਕਵਿਤਾ ਸਿਰ ਜ਼ਿੰਮੇਵਾਰੀ ਦੁੱਗਣੀ ਹੋ ਜਾਂਦੀ ਹੈ।

ਕਵਿਤਾ ਦੀ ਰਚਨਾਕਾਰੀ ਨਾਲ ਸੰਵਾਦ ਲਗਾਤਾਰ ਜੁੜਿਆ ਸੰਬੰਧ ਹੈ। ਇਹ ਸੰਵਾਦ ਸਵੈ ਨਾਲ ਹੋ ਸਕਦੈ ਤੇ ਦੂਜੇ ਨਾਲ ਵੀ। ਕਵਿਤਾ ਭਾਵੇਂ ਸਵੈ ਸੰਵਾਦ ਰਾਹੀਂ ਆਪਣੀ ਰੂਪਕ ਤੇ ਬਿਰਤਾਂਤਕ ਧਾਰਾ ਵਿੱਚ ਪ੍ਰਵਾਹਿਤ ਹੁੰਦੀ ਹੈ ਪਰ ਕਵਿਤਾ ਦੀ ਪ੍ਰੰਪਰਾ ਵਿਚ ਸਵੈ ਕਥਨ ਰਾਹੀਂ ਕਵੀਆਂ ਨੇ ਬੜਾ ਕੁਝ ਗੁੱਝਾ ਵੀ ਉਜਾਗਰ ਕੀਤਾ ਹੈ। ਸਵੈ ਕਥਨ ਕਵੀ ਦੇ ਵਿਚਾਰਕ ਦਾਇਰੇ ਬਾਰੇ ਅਨੁਮਾਨ ਲਾਉਣ ਲਈ ਕਾਫ਼ੀ ਹੁੰਦਾ ਹੈ। ਕਵੀ ਸੱਤਾ ਦੀਆਂ ਸੰਸਥਾਵਾਂ ਭਾਵ ਸ੍ਰਿਸ਼ਟੀ ਦੀ ਸੱਤਾ (ਅਧਿਆਤਮ), ਰਾਜ ਦੀ ਸੱਤਾ (ਸਿਆਸਤ) ਅਤੇ ਪਰਿਵਾਰ ਦੀ ਸੱਤਾ (ਸਮਾਜਕ) ਬਾਰੇ ਕਿਸ ਤਰ੍ਹਾਂ ਦੇ ਭਾਵ ਰੱਖਦੈ ਇਸ ਦਾ ਅੰਦਾਜ਼ਾ ਉਸਦੇ ਸਵੈ ਕਥਨ ਤੋਂ ਹੋ ਜਾਂਦਾ ਹੈ। ਕਵਿਤਾ ਪੜ੍ਹ ਕੇ ਕਵਿਤਾ ਲਿਖਣ ਵਾਲੇ ਕਵੀ ਇਤਿਹਾਸ ਵਿਚ ਹਮੇਸ਼ਾ ਵੱਧ ਰਹੇ ਹਨ। ਉਨ੍ਹਾਂ ਦੀ ਕਵਿਤਾ ਹਮੇਸ਼ਾ ਕਿਸੇ ਘਟਨਾਵੀ ਲੜੀ ਨੂੰ ਉਡੀਕਦੀ ਵੀ ਹੈ। ਘਟਨਾਵਾਂ ਦੀ ਗਰਦ ਬਹਿ ਜਾਣ ਦੇ ਨਾਲ ਹੀ ਉਨ੍ਹਾਂ ਦੀ ਕਵਿਤਾ ਬੇਹੀ ਤੇ ਅਪ੍ਰਸੰਗਿਕ ਵੀ ਹੋਣ ਲਗਦੀ ਹੈ। ਜਿਹੜੇ ਕਵੀ ਵਰਤਾਰਿਆਂ ਬਾਰੇ ਸੁਚੇਤ ਹੁੰਦੇ ਹਨ ਉਨ੍ਹਾਂ ਦੀ ਕਵਿਤਾ ਬਦਲਦੇ ਵਕਤ ਦੀਆਂ ਘਟਨਾਵਾਂ ਤੋਂ ਪਾਰ ਸਦੀਵੀ ਮਨੁੱਖੀ ਕੀਮਤਾਂ ਨਾਲ ਗੰਢੀ ਰਹਿੰਦੀ ਹੈ। ਇਸ ਲਈ ਲਗਾਤਾਰ ਤਪਸਵੀ ਹੋਣਾ ਕਵੀ ਜਾਂ ਸਾਹਿਤਕਾਰ ਦੀ ਲਾਜ਼ਮੀ ਸ਼ਰਤ ਬਣਦੀ ਹੈ।

ਮੁਲਾਕਾਤਾਂ ਰਾਹੀਂ ਵੀ ਕਵੀਆਂ ਦੇ ਕੁਝ ਲੁਕੇ ਭੇਤਾਂ ਨੂੰ ਜਾਨਣ ਦਾ ਰਿਵਾਜ ਬੜਾ ਪੁਰਾਣਾ ਹੈ। ਇਸ ਲਈ ਜ਼ਰੂਰੀ ਸ਼ਰਤ ਹੈ ਕਿ ਮੁਲਾਕਾਤ ਕਰਨ ਵਾਲਾ ਸੰਬੰਧਿਤ ਕਵੀ ਦਾ ਪੂਰੀ ਤਰ੍ਹਾਂ ਅਧਿਏਤਾ ਹੋਵੇ ਤੇ ਕਵਿਤਾ ਦੀ ਪਰੰਪਰਾ ਤੋਂ ਵਾਕਿਫ਼ ਵੀ। ਜਿਹੜੇ ਕਵੀ ਅਪਣੀ ਮੁਲਾਕਾਤ ਆਪ ਕਰਦੇ ਹਨ ਉਹ ਆਪਣੇ ਬਾਰੇ ਬਣੇ ਨਰਮ ਕੋਨਿਆਂ ’ਚੋਂ ਬਾਹਰ ਨਹੀਂ ਨਿਕਲ ਪਾਉਂਦੇ। ਇਹ ਮੁਲਾਕਾਤਾਂ ਕਵਿਤਾ ਬਾਰੇ ਘੱਟ ਕਵੀ ਦੀ ਆਤਮਿਕ ਉੱਚਤਾ ਦੀ ਵਡਿਆਈ ਬਾਰੇ ਵਿਆਖਿਆਨ ਵੱਧ ਹੁੰਦੀਆਂ ਹਨ।

ਅਸੀਂ ਸੱਚਮੁੱਚ ਔਖੇ ਸਮਿਆਂ ਦੇ ਸਨਮੁੱਖ ਹਾਂ। ਦੁਨੀਆਂ ਵਿੱਚ ਕਾਰਪੋਰੇਟੀ ਆਰਥਿਕਤਾ ਦਾ ਵਧਦਾ ਦਖ਼ਲ

ਤੇ ਉਸ ਨਾਲ ਬਗਲਗੀਰ ਹੋਈ ਸੰਪਰਦਾਇਕ ਪਛਾਣਾਂ ਦੀ ਸਿਆਸਤ ਘੱਟ ਗਿਣਤੀਆਂ ਸਾਹਵੇਂ ਭਿਆਨਕ ਖਤਰੇ ਹਨ। ਇਹ ਖਤਰੇ ਸਮਾਜਕ ਹੀ ਨਹੀਂ ਭਾਸ਼ਕ ਤੇ ਸਿੱਖਿਅਕ ਵੀ ਹਨ। ਸਾਡੇ ਸਾਹਿਤਕ ਵਿਹਾਰ ਵਿਚ ਇਨ੍ਹਾਂ ਖਤਰਿਆਂ ਤੋਂ ਨਿਰਲੇਪ ਰਹਿ ਕੇ ਵਿਅਕਤੀਗਤ ਪ੍ਰਾਪਤੀਆਂ ਕਰਨ ਦੀ ਰੁਚੀ ਕੁਝ ਸਮੇਂ ਤੋਂ ਪ੍ਰਧਾਨ ਹੋਈ ਹੈ। ਸਮਾਜ ਦੀ ਸਿੱਧੀ ਦੁਵੰਡ ਵੀ ਏਧਰ ਜਾਂ ਓਧਰ ਹੋਣ ਦੀ ਚੋਣ ਰਾਹੀਂ ਕਵਿਤਾ ਦੇ ਚਿੰਤਨ ਦੀ ਸਪੇਸ ਨੂੰ ਘਟਾ ਹੀ ਰਹੀ ਹੈ। ਇਸ ਸਥਿਤੀ ਵਿਚ ਨਵੇਂ ਕਵੀ ਕੋਲੋਂ ਨਵੀਂ ਜੀਵਨ ਜਾਚ ਤੇ ਪੁਰਾਣੇ ਨੂੰ ਕਾਟੇ ਹੇਠ ਲਿਆਉਣ ਦੀ ਆਸ ਬੜੀ ਸੁਭਾਵਿਕ ਜਾਪਦੀ ਹੈ। ਇਸਦੇ ਨਾਲ ਹੀ ਉਸਨੂੰ ਆਪਣੇ ਕੀਤੇ ਉੱਪਰ ਉੱਠਣ ਵਾਲੇ ਸਵਾਲਾਂ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਬੋਲਣ ਦੇ ਖਤਰੇ ਸਮਾਜਕ ਹੁੰਦੇ ਹਨ ਤੇ ਚੁੱਪ ਰਹਿਣ ਦੀ ਪ੍ਰਾਪਤੀ ਵਿਅਕਤੀਗਤ। ਇਹ ਗੱਲ ਸਾਡੇ ਅਜੋਕੇ ਕਵੀ ਨੂੰ ਕੁਝ ਜ਼ਿਆਦਾ ਹੀ ਸਮਝ ਆ ਗਈ ਲਗਦੀ ਹੈ।


**'ਪ੍ਰਤੀਮਾਨ'** ਦੇ ਹੱਥਲੇ ਅੰਕ ਵਿਚ ਮੈਂ ਬਹੁਤ ਸਾਰੇ ਨਵੇਂ ਕਵੀਆਂ ਨੂੰ ਪੜ੍ਹਿਆ। ਅਮਰਜੀਤ ਕੌਂਕੇ ਹੋਰੀਂ ਇਸ ਰਸਾਲੇ ਨੂੰ ਪਿਛਲੇ ਕਈ ਦਹਾਕਿਆਂ ਤੋਂ ਨਿਰਵਿਘਨ ਪ੍ਰਕਾਸ਼ ਵਿਚ ਲਿਆ ਰਹੇ ਹਨ। ਇਹ ਪੰਜਾਬੀ ਭਾਸ਼ਾ ਦਾ ਮਹਿਜ਼ ਇਕ ਰਸਾਲਾ ਨਾ ਹੋ ਕੇ ਦੇਸ਼ ਦੀਆਂ ਹੋਰ ਭਾਸ਼ਾਵਾਂ ਵੱਲ ਖੁੱਲ੍ਹਦੀ ਖਿੜਕੀ ਵਾਂਗ ਹੈ। ਇਸ ਰਸਾਲੇ ਵਿਚ ਛਪ ਕੇ ਕਵੀ ਹੋਣ ਦੀ ਸਨਦ ਮਿਲ ਜਾਣੀ ਬੜੀ ਜਾਇਜ਼ ਲਗਦੀ ਹੈ।

ਨਵੀਂ ਕਵਿਤਾ ਰੂਪਕ ਪੱਖੋਂ ਬੜੀ ਸੁਚੇਤ ਹੈ। ਗ਼ਜ਼ਲ ਵਰਗੀ ਵਿਧਾ ਵਿਚ ਰੂਪਕ ਬੰਧੇਜਾਂ ਨੂੰ ਢੋਣ ਦੇ ਬਾਵਜੂਦ ਨਵੇਂ ਖਿਆਲ ਉਪਜਣੇ ਬੜਾ ਚੰਗਾ ਸ਼ਗਨ ਹਨ। ਅਸੀਂ ਲੰਮਾ ਸਮਾਂ ਕਵਿਤਾ ਦੇ ਪਾਠਕਾਂ ਨਾਲੋਂ ਟੁੱਟ ਜਾਣ ਦਾ ਮਿਹਣਾ ਹੰਢਾਇਆ ਹੈ। ਇਸਦਾ ਕਾਰਨ ਛੰਦ ਮੁਕਤ ਕਵਿਤਾ ਦੇ ਨਾਂ ਹੇਠ ਵਾਰਤਕ ਟੁਕੜੀਆਂ ਦਾ ਖੰਡਿਤ ਰੂਪ ਲਿਖਿਆ ਜਾਣਾ ਸੀ। ਇਸ ਤਰ੍ਹਾਂ ਗ਼ਜ਼ਲ ਵਿਚ ਵਸਤੂ ਨੂੰ ਦੁਜੈਲਾ ਮੰਨਣ ਦਾ ਰੁਝਾਨ ਇਸ ਵਿਧਾ ਨੂੰ ਕਿਸੇ ਤਣ ਪੱਤਣ ਨਹੀਂ ਲੱਗਣ ਦੇ ਰਿਹਾ। ਇਸ ਅੰਕ ਵਿਚਲੇ ਕਵੀਆਂ ਦੀ ਚੋਣ ਪ੍ਰਭਾਵਿਤ ਕਰਨ ਵਾਲਾ ਪਹਿਲਾ ਪੱਖ ਹੈ। ਕਵੀਆਂ ਦੀ ਮੈਰਿਟ ਦਾ ਅਧਾਰ ਕਵਿਤਾ ਨੂੰ ਬਣਾਇਆ ਗਿਆ ਹੈ। ਗ਼ਜ਼ਲ ਵਿਚ ਮੁਕਾਬਲਤਨ ਕੁਝ ਪੁਰਾਣੇ ਨਾਂ ਤੇ ਬਿਲਕੁਲ ਨਵੇਂ ਨਾਂ ਵੀ ਹਨ। ਬਹੁਤ ਸਾਰੇ ਅਜਿਹੇ ਵਿਸ਼ੇ ਜਿਹੜੇ ਅਛੋਹ ਕਹੇ ਜਾ ਸਕਦੇ ਹਾਂ, ਗ਼ਜ਼ਲ ਦੇ ਬੰਧੇਜ ਵਿਚ ਵੀ ਖਿੜੇ ਹਨ। ਮੈਂ ਅਕਸਰ ਸੋਚਦਾ ਹੁੰਨਾ ਕਿ ਅੱਜ ਦੀ ਗ਼ਜ਼ਲ ਨੂੰ ਜੇ ਗ਼ਾਲਿਬ ਵਰਗਾ ਆਪਣੇ ਸਮੇਂ ਦਾ ਬਾਗ਼ੀ ਕਵੀ ਵੀ ਸੁਣ ਲਵੇ ਤਾਂ ਹੈਰਾਨ ਹੋ ਕੇ ਕਵੀਆਂ ਦੇ ਵਿਸ਼ਿਆਂ ਬਾਰੇ ਸੋਚੇ। ਇਹ ਸਭ ਤਕਨੀਕ ਦੇ ਮੱਦੇਨਜ਼ਰ ਮਨੁੱਖ ਵਿਚ ਪੈਦਾ ਹੋਏ ਆਤਮ ਵਿਸ਼ਵਾਸ ਦਾ ਸਬਬ ਹੈ। ਇਸ ਤਕਨੀਕ ਨੇ ਮੁਖਰਤਾ ਵੀ ਦਿੱਤੀ ਹੈ ਤੇ ਚੁੱਪ ਰਹਿਣ ਨੂੰ ਸਫ਼ਲਤਾ ਦਾ ਮੰਤਰ ਵੀ ਆਖਿਆ ਹੈ। ਕਵੀ ਕੋਲ ਇਸਦੇ ਦੋਵੇਂ ਬਦਲ ਮੌਜੂਦ ਹਨ।

ਕਵਿਤਾ ਦੇ ਮਾਮਲੇ ਵਿਚ ਅਸੀਂ ਵਧੇਰੇ ਨਾਵਾਂ ਵਿਚ ਔਰਤਾਂ ਨੂੰ ਵੇਖ ਸਕਦੇ ਹਾਂ। ਮੈਂ ਇਸਨੂੰ ਹੋਰ ਅਰਥਾਂ ਵਿਚ ਵੇਖਿਆ ਹੈ। ਔਰਤ ਨੂੰ ਗ਼ਜ਼ਲ ਵਿਚ ਰਚਨਾ ਬੰਧੇਜ ਦੇ ਅਨੁਸਾਰੀ ਹੋਣ ਵਾਂਗ ਲਗਦੀ ਹੈ ਇਸ ਲਈ ਖੁੱਲ੍ਹੀ ਨਜ਼ਮ ਉਸਦੇ ਵਿਚਾਰਾਂ ਨੂੰ ਐਨ ਰਾਸ ਆਉਂਦੀ ਹੈ। ਮਰਦਾਵੇਂ ਦਾਬੇ ਨੂੰ ਗ਼ਜ਼ਲ ਦਾ ਬੰਧੇਜੀ ਰੂਪ ਵੱਧ ਖਿੱਚਦਾ ਹੈ। ਹਾਲਾਂਕਿ ਇਸ ਗੱਲ ਨੂੰ ਗਲਤ ਸਾਬਿਤ ਕਰਦੇ ਸਬੂਤ ਵੀ ਘੱਟ ਨਹੀਂ। ਮੇਰੀ ਦੁਆ ਹੈ ਕਿ ਮੇਰੀ ਇਹ ਗੱਲ ਗਲਤ ਸਾਬਿਤ ਹੋਵੇ।

ਕਵੀ ਹੋਣਾ ਆਪਣੇ ਯੁੱਗ ਦਾ ਦਲਿਤ ਹੋਣਾ ਹੈ ਤੇ ਪਹਿਰੇਦਾਰ ਹੋਣਾ ਵੀ। ਜਿੱਥੇ ਕਿਤੇ ਵੀ ਦੁੱਖ ਹੈ, ਪੀੜਾ ਹੈ, ਉਸਦੇ ਇਜ਼ਹਾਰ ਲਈ ਸਾਹਿਤ ਰਹੇਗਾ ਹੀ। ਇਸ ਸਾਹਿਤ ਦਾ ਰੂਪ ਬਦਲੇਗਾ ਤੇ ਪੀੜ੍ਹੀਆਂ ਵੀ। ਪਰ ਇਸ ਦਾ ਸੁਭਾਅ ਜੇ ਨਾ ਬਦਲੇ ਤਾਂ ਬਿਹਤਰ ਹੈ।

**94654-64502**



## ਯੁਵਾ ਪੰਜਾਬੀ ਕਵਿਤਾ : ਦ੍ਰਿਸ਼ਟੀਗਤ ਪ੍ਰਵਚਨ –ਡਾ. ਮੋਹਨ ਸਿੰਘ ਤਿਆਗੀ

ਯੁਵਾ ਪੰਜਾਬੀ ਕਵਿਤਾ ਨੇ ਸਮਕਾਲੀ ਦੌਰ ਦੀ ਪੰਜਾਬੀ ਕਵਿਤਾ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ। ਇਹ ਜਿੱਥੇ ਸਮਕਾਲ ਦੀਆਂ ਵੰਗਾਰਾਂ, ਚੁਣੌਤੀਆਂ ਅਤੇ ਦੁਸ਼ਵਾਰੀਆਂ ਪ੍ਰਤੀ ਗੰਭੀਰ ਪਹੁੰਚ ਰੱਖਦੀ ਹੈ, ਉਸਦੇ ਨਾਲ ਹੀ ਦ੍ਰਿਸ਼ਟੀ ਦੇ ਪੱਧਰ ਤੋਂ ਵੀ ਗੌਲ਼ਣਯੋਗ ਹੈ। ਭਾਵੇਂ ਕਿ ਇਹ ਸਰੋਕਾਰਾਂ ਦੇ ਨਜ਼ਰੀਏ ਤੋਂ ਬਹੁ-ਸੁਰਾਂ ਦੀ ਧਾਰਨੀ ਹੈ ਪਰ ਇਸ ਵਿੱਚ ਭਾਵ ਅਤੇ ਪ੍ਰਯੋਜਨ ਦਾ ਇੱਕ ਸਾਂਝਾ ਸੂਤਰ ਵਿਦਮਾਨ ਰਹਿੰਦਾ ਹੈ। ਇਸ ਵਿੱਚ ਪੰਜਾਬ ਦੀਆਂ ਖੇਤਰੀ, ਜਾਤੀ, ਜਮਾਤੀ ਅਤੇ ਹੋਂਦਮੂਲਕ ਸਮੱਸਿਆਵਾਂ ਤੋਂ ਲੈ ਕੇ ਅੰਤਰ-ਰਾਸ਼ਟਰੀ ਪੱਧਰ ਦੇ ਮਾਨਵੀ ਸਰੋਕਾਰ ਵੱਖਰੇ-ਵੱਖਰੇ ਪ੍ਰਸੰਗਾਂ ਵਿੱਚ ਉੱਭਰਦੇ ਦਿਖਾਈ ਦਿੰਦੇ ਹਨ। ਜੇਕਰ ਯੁਵਾ ਪੰਜਾਬੀ ਕਵਿਤਾ ਨੂੰ ਜ਼ਰਾ ਗਹਿਰ ਗੰਭੀਰ ਦ੍ਰਿਸ਼ਟੀ ਤੋਂ ਵਾਚਿਆ ਜਾਵੇ ਤਾਂ ਇਹ ਬੜੀ ਜਟਿਲ ਤਾਸੀਰ ਦਾ ਪ੍ਰਗਟਾਵਾ ਕਰਦੀ ਹੈ। ਇਸ ਵਿੱਚ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਸਰੋਕਾਰ ਆਪਣੀ ਮਹੱਤਵਪੂਰਨ ਸਪੇਸ ਗ੍ਰਹਿਣ ਕਰਦੇ ਹੋਏ ਇਸ ਕਵਿਤਾ ਨੂੰ ਅਨੋਖੀ ਗਤੀ ਪ੍ਰਦਾਨ ਕਰਦੇ ਹਨ। ਇਹ ਇਸ ਕਵਿਤਾ ਦਾ ਇਕ ਮਹੱਤਵਪੂਰਨ ਹਾਸਿਲ ਵੀ ਬਣਦਾ ਹੈ। ਇਸ ਵਿੱਚ ਸਮਕਾਲੀ ਵਰਤਾਰਿਆਂ ਦੇ ਵੱਖ-ਵੱਖ ਪਾਸਾਰ ਦ੍ਰਿਸ਼ਟੀਗਤ ਬਿੰਦੂਆਂ ਦੇ ਰੂਪ ਵਿੱਚ ਪਏ ਹੋਏ ਹਨ। ਇਸ ਦੀ ਚੇਤਨਾ ਦ੍ਰਿਸ਼ਟੀ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹੀ ਕਾਰਨ ਹੈ ਕਿ ਇਹ ਕਵਿਤਾ ਆਪਣੀ ਪੂਰਵਲੀ ਕਵਿਤਾ ਤੋਂ ਥੋੜ੍ਹੀ ਵਿੱਥ ਥਾਪ ਕੇ ਚਲਦੀ ਹੋਈ ਸਮਕਾਲ ਨੂੰ ਬਹੁਕੋਣਾਂ ਤੋਂ ਸਮਝਣ ਦਾ ਯਤਨ ਕਰਦੀ ਹੈ। ਇਹ ਕਵਿਤਾ ਜਿੱਥੇ ਸਮਕਾਲ ਨਾਲ ਪ੍ਰਵਚਨੀ ਸੁਰ ਬਣਾਉਣ ਦਾ ਯਤਨ ਕਰਦੀ ਹੈ, ਉਸਦੇ ਨਾਲ ਹੀ ਸਮਕਾਲੀ ਵੰਗਾਰਾਂ ਨੂੰ ਸਵੈ-ਬੋਧ ਦੀ ਪਰਿਪਾਟੀ ਰਾਹੀਂ ਨਜਿੱਠਦੀ ਪ੍ਰਤੀਤ ਹੁੰਦੀ ਹੈ। ਜੇਕਰ ਜਰਾ ਗਹੁ ਨਾਲ ਵੇਖਿਆ ਜਾਵੇ ਤਾਂ ਦਿਨੋ ਦਿਨ ਸਾਡਾ ਆਲਾ-ਦੁਆਲਾ ਬੜਾ ਜਟਿਲ ਅਤੇ ਗੁੰਝਲਦਾਰ ਬਣਦਾ ਜਾ ਰਿਹਾ ਹੈ। ਇਸ ਕਵਿਤਾ ਨੂੰ ਸਮਝਣ ਲਈ ਸਾਡੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਢਾਂਚੇ (Social-Cultural Fabric) ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਤੋਂ ਬਿਨਾਂ ਕਿਸੇ ਵੀ ਕਵੀ ਦੇ ਸੰਵੇਦਨਾਤਮਕ, ਚੇਤਨਾਗਤ ਅਤੇ ਸਿਆਸੀ ਸੰਦਰਭਾਂ ਨੂੰ ਨਹੀਂ ਸਮਝਿਆ ਜਾ ਸਕਦਾ। ਇਸ ਕਵਿਤਾ ਨੂੰ ਨਿਰਮਤ ਕਰਨ ਵਾਲੇ ਕਾਰਕਾਂ ਨੂੰ ਸਮਝਣਾ ਅਤੇ ਪ੍ਰੀਭਾਸ਼ਤ ਕਰਨਾ ਵੀ ਬਹੁਤ ਜ਼ਰੂਰੀ ਹੈ। ਇਨ੍ਹਾਂ ਤੋਂ ਬਿਨਾਂ ਇਸਦੀ ਦਿਸ਼ਾ ਅਤੇ ਸਾਹਿਤਕ ਵੇਗ ਨੂੰ ਕਿਸੇ ਵੀ ਤਰ੍ਹਾਂ ਤਹਿ ਨਹੀਂ ਕੀਤਾ ਜਾ ਸਕਦਾ। ਅਸੀਂ ਅਜੋਕੇ ਦੌਰ ਵਿੱਚ ਜਿਸ ਕਾਲ ਖੰਡ ਵਿੱਚੋਂ ਗੁਜ਼ਰ ਰਹੇ ਹਾਂ ਇਸਦੇ



ਚਿਤਰਪੱਟ ਤੇ ਬਹੁਤ ਇਤਿਹਾਸਕ ਅਤੇ ਮਹੱਤਵਪੂਰਨ ਘਟਨਾਵਾਂ ਵਾਪਰ ਚੁੱਕੀਆਂ ਹਨ ਜਾਂ ਫਿਰ ਕੁੱਝ ਵਾਪਰਨ ਦੇ ਨੇੜੇ-ਤੇੜੇ ਹਨ। ਕਰੋਨਾ ਕਾਲ, ਕਿਸਾਨੀ ਸੰਘਰਸ਼, ਗ਼ੈਰ ਕੁਦਰਤੀ ਪ੍ਰਵਾਸ, ਬੇਰੁਜ਼ਗਾਰੀ, ਨਸ਼ਾਖੋਰੀ ਅਤੇ ਰਾਜਸੀ ਦਮਨ ਚੱਕਰ ਸਾਡੇ ਸਮਕਾਲ ਦੇ ਬੜੇ ਅਹਿਮ ਮਸਲੇ ਹਨ, ਜਿਨ੍ਹਾਂ ਨੇ ਅਜੋਕੇ ਮਨੁੱਖ ਨੂੰ ਧੁਰ ਅੰਦਰ ਤੀਕ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਵਰਤਾਰਿਆਂ ਅਤੇ ਮਸਲਿਆਂ ਨੇ ਮਨੁੱਖੀ ਅਵਚੇਤਨ ਦੀ ਪੁਨਰ-ਸਿਰਜਣਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸਾਡੀ ਸਮਾਜਿਕ-ਸੱਭਿਆਚਾਰਕ ਮਨੋਸਰੰਚਨਾ ਵਿੱਚ ਵਾਪਰ ਰਹੀ ਇਹ ਤਬਦੀਲੀ ਮਨੁੱਖ ਨੂੰ ਵਾਰ-ਵਾਰ ਆਪਣੇ ਆਲ਼ੇ-ਦੁਆਲੇ ਬਾਰੇ ਮੁੜ ਤੋਂ ਸੋਚਣ ਲਈ ਮਜਬੂਰ ਕਰਦੀ ਹੈ। ਯੁਵਾ ਕਵਿਤਾ ਵਿੱਚ ਇਹ ਪਾਸਾਰ ਆਪਣੀ ਮਹੱਤਵਪੂਰਨ ਸਪੇਸ ਬਣਾਈ ਰੱਖਦੇ ਹਨ। ਇਸਦੇ ਨਾਲ ਹੀ ਇਸ ਕਵਿਤਾ ਦੇ ਸੰਵੇਦਨਾਤਮਕ ਅਤੇ ਚੇਤਨਾਗਤ ਝਲਕਾਰੇ ਇਸਦੇ ਕਾਵਿ ਵਿਵੇਕ ਦਾ ਮੂਲ ਧੁਰਾ ਬਣੇ ਰਹਿੰਦੇ ਹਨ। ਵਿਚਾਰ ਅਤੇ ਪੁਨਰ-ਵਿਚਾਰ ਇਸ ਕਵਿਤਾ ਨੂੰ ਨਵੀਂ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਯੁਵਾ ਪੰਜਾਬੀ ਕਵਿਤਾ ਜਿੱਥੇ ਸਾਡੇ ਨੌਜੁਆਨ ਵਰਗ ਦੀ ਸੰਵੇਦਨਾਤਮਕ ਪ੍ਰਤੀਨਿੱਧਤਾ ਕਰਦੀ ਹੈ, ਉਸਦੇ ਨਾਲ ਹੀ ਉਸਦੇ ਮਾਨਸਿਕ ਵਾਤਾਵਰਣ, ਸੁਪਨਿਆਂ, ਦੁਸ਼ਵਾਰੀਆਂ ਅਤੇ ਅਕਾਂਖਿਆਵਾਂ ਤੇ ਵੀ ਫੋਕਸ ਕਰਨ ਦਾ ਯਤਨ ਕਰਦੀ ਹੈ। ਇਸਦਾ ਸਾਰ-ਤੱਤ ਇਸਦੀ ਪਾਠਗਤ ਬਣਤਰ ਵਿੱਚੋਂ ਇੱਕ ਗਹਿਗੱਚ ਸੰਵਾਦ ਦੇ ਰੂਪ ਵਿੱਚ ਉੱਭਰਕੇ ਸਾਹਮਣੇ ਆਉਂਦਾ ਹੈ। ਜਿੱਥੋਂ ਇਸਦੀ ਕਾਵਿਕ ਸੀਮਾ ਅਤੇ ਸੰਭਾਵਨਾਵਾਂ ਦੀ ਥਾਹ ਪਾਈ ਜਾ ਸਕਦੀ ਹੈ। ਇਸ ਗੱਲ ਤੋਂ ਕਿਸੇ ਵੀ ਤਰ੍ਹਾਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਸ ਕਵਿਤਾ ਵਿੱਚ ਨਵੀਂ ਪੰਜਾਬੀ ਕਵਿਤਾ ਦਾ ਸੁਨਹਿਰਾ ਭਵਿੱਖ ਮੌਲਦਾ ਨਜ਼ਰ ਆਉਂਦਾ ਹੈ ਪਰ ਇਸਦੀਆਂ

ਸਾਹਿਤਕ ਅਤੇ ਵਿਚਾਰਧਾਰਕ ਸੀਮਾਵਾਂ ਨੂੰ ਸਮਝ ਕੇ ਅਭਿਵਿਅਕਤ ਕਰਨਾ ਵੀ ਬਹੁਤ ਜ਼ਰੂਰੀ ਹੈ। ਇਸ ਕਾਰਜ ਲਈ ਸਮਕਾਲੀ ਸਮਾਜਿਕ- ਸੱਭਿਆਚਾਰਕ ਅਤੇ ਰਾਜਨੀਤਕ ਸੰਦਰਭਾਂ ਨੂੰ ਨਾਲ ਲੈ ਕੇ ਚੱਲਣਾ ਬਹੁਤ ਜ਼ਰੂਰੀ ਹੈ। ਇਹ ਸਦੀ ਨਵੇਂ ਵਿਸ਼ਵੀ ਸੰਕਟਾਂ ਅਤੇ ਵੰਗਾਰਾਂ ਦੀ ਸਦੀ ਹੈ। ਹੁਣ ਗਲੋਬ ਜਿੱਥੇ ਸੁੰਗੜ ਕੇ ਇੱਕ ਪਿੰਡ ਦਾ ਰੂਪ ਧਾਰ ਚੁੱਕਾ ਹੈ, ਉਸਦੇ ਨਾਲ ਹੀ ਇਸ ਵਿਸ਼ਵ ਪਿੰਡ ਅੱਗੇ ਅਨੇਕਾਂ ਸਮੱਸਿਆਵਾਂ ਅਤੇ ਵੰਗਾਰਾਂ ਮਨੁੱਖ ਨੂੰ ਨਿਗਲਣ ਲਈ ਆਪਣਾ ਮੂੰਹ ਅੱਡੀ ਖੜ੍ਹੀਆਂ ਹਨ। ਅਜੋਕਾ ਮਨੁੱਖ ਇਨ੍ਹਾਂ ਪ੍ਰਸਥਿਤੀਆਂ ਵਿੱਚ ਬੜਾ ਬੌਣਾ ਅਤੇ ਲਾਚਾਰ ਮਹਿਸੂਸ ਕਰਨ ਲੱਗਿਆ ਹੈ। ਉਹ ਆਪਣੀ ਸਮਾਜਿਕਤਾ ਅਤੇ ਸੁਹਜ-ਸੰਵੇਦਨਾ ਤੋਂ ਵਿਰਵਾ ਹੋ ਰਿਹਾ ਹੈ। ਇਹ ਕਵਿਤਾ ਇਨ੍ਹਾਂ ਮਸਲਿਆਂ ਦਾ ਪ੍ਰਤੀ ਉੱਤਰ ਸਿਰਜਦੀ ਹੋਈ ਆਪਣੀ ਗਹਿਰ ਗੰਭੀਰ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦੀ ਹੈ। ਨੱਬੇਵਿਆਂ ਤੋਂ ਬਾਅਦ ਚੱਲੀ ਵਿਸ਼ਵੀਕਰਨ ਦੀ ਹਨੇਰੀ ਨੇ ਜਿੱਥੇ ਸਾਡਾ ਆਲਾ-ਦੁਆਲਾ ਪੂਰੀ ਤਰ੍ਹਾਂ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ, ਉਸਦੇ ਨਾਲ ਹੀ ਮਨੁੱਖੀ ਜੀਵਨ ਵਿੱਚ ਵੀ ਭਾਰੀ ਤਬਦੀਲੀ ਵਾਪਰੀ ਹੈ। ਬਜ਼ਾਰ ਮਨੁੱਖ ਦੀਆਂ ਜੜ੍ਹਾਂ ਤੀਕ ਆਣ ਪਹੁੰਚਿਆ ਹੈ। ਇਸਨੇ ਮਨੁੱਖ ਦੀ ਸੋਚਣ ਸ਼ਕਤੀ ਅਤੇ ਸਮਾਜਿਕ ਵਿਹਾਰ ਨੂੰ ਬੜੇ ਗਹਿਰੇ ਢੰਗ ਨਾਲ ਪ੍ਰਭਾਵਿਤ ਕੀਤਾ ਹੈ। ਵਿਸ਼ਵ ਮਲਟੀਨੈਸ਼ਨਲ ਅਤੇ ਮੰਡੀ ਦੀਆਂ ਸੰਚਾਲਕ ਸ਼ਕਤੀਆਂ ਨੇ ਜਿੱਥੇ 'ਬਰਾਂਡ' ਨੂੰ ਕੇਂਦਰ ਵਿੱਚ ਲਿਆਦਾ ਹੈ, ਉਸਦੇ ਨਾਲ ਖੇਤਰੀ ਪਛਾਣਾਂ (Regicnal Identity) ਅਤੇ ਖੇਤਰੀ ਸੱਭਿਆਚਾਰਾਂ ਨੂੰ ਭਾਰੀ ਸੰਕਟ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ। ਰੂਪਾਂਤਰਨ ਦਾ ਇਹ ਵਰਤਾਰਾ ਐਨਾ ਸਹਿਜ ਅਤੇ ਸਰਲ ਨਹੀਂ ਹੈ। ਇਸ ਪਿੱਛੇ ਸਰਮਾਏਦਾਰੀ ਦੇ ਕਈ ਸ਼ਕਤੀਸ਼ਾਲੀ ਵਾਹਕ ਅਤੇ ਪ੍ਰੇਰਕ ਕੰਮ ਕਰਦੇ ਦਿਖਾਈ ਦਿੰਦੇ ਹਨ। ਅੱਜ ਦਾ ਮਨੁੱਖ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਉਸੇ ਗਤੀ ਨਾਲ ਉਸਦੀ ਮਨੋਸਰੰਚਨਾ ਵੀ ਬਦਲ ਰਹੀ ਹੈ। ਉਹ ਇੱਕੋ ਵੇਲੇ ਕਈ ਫਰੰਟਾਂ ਤੇ ਲੜਨ ਲਈ ਮਜਬੂਰ ਹੈ। ਪਦਾਰਥ ਨੇ ਉਸਦੀ ਪਛਾਣ ਖੋਹ ਲਈ ਹੈ। ਮੰਡੀ ਨੇ ਆਪਣੀਆਂ ਕੂਟਨੀਤੀਆਂ ਅਨੁਸਾਰ ਜਿੱਥੇ ਇੱਕ ਖਪਤਵਾਦੀ ਸੱਭਿਆਚਾਰ ਖੜ੍ਹਾ ਕਰਨ ਵਿੱਚ ਆਪਣਾ ਪੂਰਾ ਟਿੱਲ ਲਾਇਆ ਹੋਇਆ ਹੈ, ਉਸਦੇ ਨਾਲ ਹੀ ਉਸਦੀ ਚੇਤਨਾ ਸ਼ਕਤੀ ਨੂੰ ਖ਼ਾਰਜ ਕਰਨ ਵਿੱਚ ਵੀ ਬੜੀ ਤਕੜੀ ਭੂਮਿਕਾ ਅਦਾ ਕੀਤੀ ਹੈ। ਇਸ ਸੰਕਟ ਭਰੀ ਸਥਿਤੀ ਵਿੱਚ ਆਪਣੇ ਵਿਰਸੇ ਅਤੇ ਪਛਾਣ ਲਈ ਉੱਠਦੀਆਂ ਕਾਵਿ ਸੁਰਾਂ ਸੁਚੇਤ ਰੂਪ ਵਿੱਚ ਆਪਣੇ ਪ੍ਰਤੀਕਰਮ ਦਿੰਦੀਆਂ ਦਿਖਾਈ ਦਿੰਦੀਆਂ ਹਨ। ਇਸਦੀ ਅਸਲ ਤਸਵੀਰ ਜਨ ਅੰਦੋਲਨਾਂ, ਵਿਰੋਧਾਂ ਅਤੇ ਸਾਹਿਤਕ ਪ੍ਰਤੀਰੋਧ ਦੇ ਰੂਪ ਵਿੱਚ ਬਣਦੀ ਦਿਖਾਈ ਦਿੰਦੀ ਹੈ। ਇਸਦੇ ਨਾਲ ਹੀ ਇਸ ਕਵਿਤਾ ਦੀ ਇੱਕ ਮਹੱਤਵਪੂਰਨ ਤੰਦ ਸਾਡੇ ਸੱਤਾਗਤ ਢਾਂਚੇ ਦੇ ਮਾਨਵ ਵਿਰੋਧੀ ਕਿਰਦਾਰ, ਦਮਨ ਚੱਕਰ ਅਤੇ ਭ੍ਰਿਸ਼ਟ ਪ੍ਰਬੰਧ ਨਾਲ ਵੀ ਜੁੜੀ ਹੋਈ। ਜੇਕਰ ਪਿਛਲੇ ਸਮਿਆਂ ਵੱਲ ਇੱਕ ਝਾਤ ਮਾਰੀ ਜਾਵੇ ਤਾਂ ਇਨ੍ਹਾਂ ਸਮਿਆਂ ਵਿੱਚ ਧਰਮ ਅਧਾਰਿਤ ਫ਼ਿਰਕੂ ਰਾਜਨੀਤੀ ਨੇ ਇੱਕ ਏਜੰਡੇ ਤਹਿਤ ਘੱਟ ਗਿਣਤੀਆਂ ਦੀ ਆਵਾਜ਼ ਅਤੇ ਭਾਵਨਾਵਾਂ ਨੂੰ ਕੁਚਲ ਕੇ ਉਨ੍ਹਾਂ ਤੇ ਆਪਣੀ ਸਨਾਤਨੀ ਵਿਚਾਰਧਾਰਾ ਥੋਪਣ ਦਾ ਅਵੈਧ ਯਤਨ ਵੀ ਕੀਤਾ ਹੈ। ਇਸਦੇ ਵਿਰੋਧ ਵਿੱਚ ਬੋਲਣ ਵਾਲੇ ਕਲਾਕਾਰਾਂ, ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁੰਨਾਂ ਨੂੰ ਇੱਕ ਸਾਜਿਸ਼ ਤਹਿਤ ਕਤਲ ਕਰਨ ਤੋਂ ਇਲਾਵਾ ਦੇਸ਼ ਧਰੋਹੀ ਦੇ ਮੁਕੱਦਮਾ ਦਰਜ ਕਰਕੇ ਜੇਲ੍ਹਾਂ ਵਿੱਚ ਵੀ ਤਾੜਿਆ ਗਿਆ ਹੈ। ਇਸ ਤਰ੍ਹਾਂ ਸ਼ਬਦ ਚੇਤਨਾ ਦਾ ਦਮਨ ਅਤੇ ਹਨਨ ਇਨ੍ਹਾਂ ਸਮਿਆਂ ਦੇ ਮੱਥੇ ਤੇ ਅਸ਼ਵਤਥਾਮਾ ਦੀ ਨਿਆਈਂ ਵੱਡੇ ਕਲੰਕ ਹਨ, ਜਿਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਧੋਤਾ ਜਾਣਾ ਸੰਭਵ ਨਹੀਂ ਹੈ। ਇਸ ਤਰ੍ਹਾਂ ਦੇ ਮਾਹੌਲ ਵਿੱਚ ਚਲਦਿਆਂ ਜ਼ੁਬਾਨਾਂ ਦੀ ਤਾਲਾਬੰਦੀ ਬੜੇ ਡਰ ਅਤੇ ਫ਼ਿਕਰ ਵਾਲਾ ਮਸਲਾ ਹੈ। ਇਨ੍ਹਾਂ ਗੰਭੀਰ ਸਮਿਆਂ ਵਿੱਚ ਸਾਹਿਤਕਾਰ ਕਿਸ ਪ੍ਰਤੀਬੱਧਤਾ ਅਤੇ ਬੇਬਾਕੀ ਨਾਲ ਆਪਣੀ ਗੱਲ ਕਰਦਾ ਹੈ। ਇਸ ਗੱਲ ਦਾ ਜਵਾਬ ਵੀ ਇਸੇ ਮਸਲੇ ਨਾਲ ਜੁੜਿਆ ਹੋਇਆ ਹੈ। ਜੇਕਰ ਉਪਰੋਕਤ ਤੱਥਾਂ ਦੇ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਸਮਕਾਲੀ ਪੰਜਾਬੀ ਯੁਵਾ ਕਵਿਤਾ ਜਿੱਥੇ ਆਪਣੇ ਸਮਾਜਿਕ ਅਤੇ ਰਾਜਸੀ ਵਰਤਾਰਿਆਂ ਨੂੰ ਬੜੀ ਡੂੰਘੀ ਸੂਝ ਨਾਲ ਚਿੱਤਰਦੀ ਹੈ, ਉਸਦੇ ਨਾਲ ਹੀ ਮਨੁੱਖੀ ਮਨ ਦੇ ਸੁਚੇਤ-ਅਚੇਤ ਸਵਾਲਾਂ ਨੂੰ ਉਠਾਉਣ ਦਾ ਯਤਨ ਵੀ ਕਰਦੀ ਹੈ। ਇਸ ਵਿੱਚ ਨਿੱਜੀ ਵਲਵਲਿਆਂ ਦੇ ਉਥਾਨ ਦੇ ਨਾਲ-ਨਾਲ ਮਾਨਵੀ ਜੀਵਨ ਦੇ ਸੂਖ਼ਮ ਪਾਸਾਰਾਂ ਦੀ ਨਿਸ਼ਾਨਦੇਹੀ ਵੀ ਬੜੀ ਅਰਥਪੂਰਨ ਪਹੁੰਚ ਰੱਖਦੀ ਹੈ। ਜੇਕਰ ਜਰਾ ਗਹੁ ਨਾਲ ਧਿਆਨ ਮਾਰਿਆ ਜਾਵੇ ਤਾਂ ਯੁਵਾ ਪੀੜ੍ਹੀ ਦੇ ਵੱਖ-ਵੱਖ ਕਵੀ ਆਪਣੀ-ਆਪਣੀ ਜਮਾਤ ਦੀ ਜੋਰਦਾਰ ਪ੍ਰਤੀਨਿੱਧਤਾ ਕਰਦੇ ਨਜ਼ਰ ਆਉਂਦੇ ਹਨ। ਇਹ ਕਾਵਿ ਸੰਵਾਦ ਇਕਹਰੀ ਦਿਸ਼ਾ ਵਿੱਚ ਨਹੀਂ ਚਲਦਾ ਸਗੋਂ ਜਟਿਲ ਸਮਾਜਿਕ-ਸੱਭਿਆਚਾਰਕ ਸੰਰਚਨਾ ਵਿੱਚੋਂ ਗੁਜ਼ਰਦਾ ਹੋਇਆ ਅੰਤ ਵਿੱਚ ਬਹੁ-ਸੁਰਾਂ

ਦਾ ਧਾਰਨੀ ਬਣ ਜਾਂਦਾ ਹੈ, ਜਿਸ ਵਿੱਚੋਂ ਹਰ ਇੱਕ ਕਵੀ ਦੇ ਹਿਰਦੇ ਅਤੇ ਦ੍ਰਿਸ਼ਟੀਗਤ ਅਕੀਦਿਆਂ ਤੀਕ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ। ਪੰਜਾਬੀ ਦਾ ਯੁਵਾ ਕਵੀ ਜਿੱਥੇ ਗਹਿਰ ਗੰਭੀਰ ਨਕਸ਼ਾਂ ਵਾਲਾ ਸੰਵੇਦਨਸ਼ੀਲ ਮਨੁੱਖ ਹੈ, ਉਸਦੇ ਨਾਲ ਹੀ ਉਹ ਚੇਤਨਾ ਦੀ ਪੱਧਰ ਤੇ ਵੀ ਉਕਾਬ ਵਾਂਗ ਉੱਚੀ ਉਡਾਨ ਭਰਨ ਦਾ ਯਤਨ ਕਰਦਾ ਹੈ। ਉਹ ਭਾਵੇਂ ਯੁੱਧਰਤ ਹੈ, ਸੰਘਰਸ਼ ਵਿੱਚ ਹੈ ਪਰ ਗਹਿਰਾ ਆਸ਼ਾਵਾਦ ਉਸ ਦੀ ਮਟਕ ਅਤੇ ਜੀਵਨ ਦੀ ਗਤੀ ਬਣਾਈ ਰੱਖਦਾ ਹੈ। ਉਸਦੀ ਕਵਿਤਾ ਵਿੱਚ ਵਿਵਸਥਾ ਪ੍ਰਤੀ ਰੋਹ ਵਿਦਰੋਹ ਅਤੇ ਪ੍ਰਤੀਰੋਧ ਉਸਨੂੰ ਮਾਨਵੀ ਜੀਵਨ ਦੇ ਵੱਡੇ ਅਕੀਦਿਆਂ ਨਾਲ ਜੋੜ ਦਿੰਦਾ ਹੈ। ਉਦੋਂ ਇਹ ਕਵਿਤਾ ਬੇਬਾਕੀ ਨਾਲ ਅੱਗੇ ਵੱਧਦੀ ਹੋਈ ਸਮਾਜ ਦੀ ਅਨੰਤ ਜੀਵਨ ਧਾਰਾ ਨਾਲ ਜੁੜ ਜਾਂਦੀ ਹੈ। ਇਸ ਕਵਿਤਾ ਵਿੱਚ ਮਨੁੱਖੀ ਜੀਵਨ ਦੇ ਵੱਖ-ਵੱਖ ਪਾਸਾਰ ਧੁੱਪਾਂ-ਛਾਵਾਂ ਦੇ ਰੂਪ ਵਿੱਚ ਵੇਖਣ ਨੂੰ ਮਿਲਦੇ ਹਨ। ਇਸ ਕਵਿਤਾ ਵਿੱਚ ਨਾਰੀ ਮਨ ਦੇ ਸੂਖ਼ਮ ਪਾਸਾਰ ਗਹਿਰੀਆਂ ਅੰਤਰ ਦ੍ਰਿਸ਼ਟੀਆਂ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹਨ। ਕਿਤੇ ਇਹ ਕਵਿਤਾ ਕਿਤੇ ਪੁਰਾਤਨ ਭਾਰਤੀ ਮਿੱਥਾਂ ਨੂੰ ਮੂਲੋਂ ਹੀ ਨਕਾਰ ਕੇ ਚਲਦੀ ਹੈ ਤੇ ਕਦੇ ਇਨ੍ਹਾਂ ਦੇ ਸਹਿਜ ਰੂਪਾਂਤਰਨ ਰਾਹੀਂ ਆਪਣੇ ਹਿੱਸੇ ਦੀ ਜ਼ਮੀਨ ਤਲਾਸ਼ਦੀ ਨਜ਼ਰ ਆਉਂਦੀ ਹੈ। ਉਦੋਂ ਇਹ ਕਵਿਤਾ ਪਿਤਰੀ ਸੱਤਾ ਦੇ ਵਿਰੋਧ ਵਿੱਚ ਸਾਹਮਣੇ ਆਉਂਦੀ ਹੈ। ਅੰਤ ਵਿੱਚ ਇਹ ਮਨੁੱਖ ਦੀ ਭੋਗਵਾਦੀ ਅਤੇ ਦੇਹਵਾਦੀ ਪ੍ਰਵਿਰਤੀ ਦਾ ਖੰਡਨ ਕਰਦੀ ਹੋਈ ਆਪਣੇ ਮਨ ਦੇ ਵਿਰਾਟ ਅਤੇ ਦਰਸ਼ਨੀ ਪਾਸਾਰਾਂ ਦਾ ਇਜ਼ਹਾਰ ਕਰਨ ਲੱਗਦੀ ਹੈ। ਇਸੇ ਸੰਵਾਦ ਵਿੱਚੋਂ ਉਸਦੀ ਸਮੁੱਚੀ ਹੋਂਦ ਦਾ ਪੂਰਨ ਬਿੰਬ ਉੱਭਰਦਾ ਦਿਖਾਈ ਦਿੰਦਾ ਹੈ-

ਮੈਨੂੰ ਚੰਗੀਆਂ ਨਹੀਂ ਲੱਗਦੀਆਂ
ਉਹ ਔਰਤਾਂ
ਜੋ ਲਿਖਦੀਆਂ ਹਨ ਗ਼ਜ਼ਲਾਂ
ਬਹਿਰ ਵਿੱਚ ਸੋਚਦੀਆਂ
ਸਕਤੇ ਤੋਂ ਡਰਦੀਆਂ
ਹਰ ਵਾਰ ਰਦੀਫ ਦੀ
ਪਾਲਣਾ ਕਰਦੀਆਂ
ਕਾਫ਼ੀਆ ਸਵਾਰ ਰਹਿੰਦਾ ਜਿਨ੍ਹਾਂ ਦੇ
ਵਿਚਾਰਾਂ ਉੱਪਰ **(ਮਨਦੀਪ ਔਲਖ)**

ਅਤੇ ਹੁਣ ਮੈਨੂੰ ਨਜ਼ਰ ਆ ਰਹੀ ਹੈ
ਆਸਮਾਨ 'ਚ ਉਲਟੀ ਵਹਿੰਦੀ ਹੋਈ
ਇੱਕ ਨਦੀ
ਹਰਿਆਲੀ ਰਹਿਤ ਖੜੀ ਪਹਾੜੀਆਂ
ਅਤੇ ਬਰਫ਼ ਭਰੇ ਖੁਸ਼ਕ ਜੰਗਲਾਂ ਦੀ
ਇਕੱਲ ਭੋਗ ਰਹੀ ਹਾਂ ਮੈਂ **(ਅਨੁਜੀਤ ਇਕਬਾਲ)**

ਹੇ ਮੇਰੇ ਰਾਮ
ਮੇਰੇ ਰਾਮ
ਤੂੰ ਏਸ ਵਾਰ ਮੇਰੇ ਤੋਂ ਅਗਨੀ
ਪ੍ਰੀਖਿਆ ਨਾ ਮੰਗੀਂ
ਇਹ ਨਹੀਂ ਕਿ ਮੈਂ ਅਗਨੀ ਪ੍ਰੀਖਿਆ
ਦੇ ਨਹੀਂ ਸਕਦੀ
.........
ਮੈਂ ਤੇਰੀ ਤ੍ਰੀਮਤ ਹੋਣ ਤੋਂ ਪਹਿਲਾਂ
ਬੱਚਿਆਂ ਦੀ ਮਾਂ ਹਾਂ **(ਸੋਨੀਆ ਮਨਜਿੰਦਰ)**
.........
ਇਸ ਵਾਰ
ਲੀਕ ਮੈਂ ਪਾਵਾਂਗੀ
ਲੱਛਮਣ ਵਾਂਗ
ਧਰਤ ਦੀ ਹਿੱਕ ਤੇ ਨਹੀਂ
ਆਪਣੇ ਦੁਆਲੇ
ਕੋਈ ਰਾਵਣ
ਲੰਘ ਨਹੀਂ ਪਾਵੇਗਾ ਮੈਨੂੰ **(ਤਰਿੰਦਰ ਕੌਰ)**

ਮੈਂ ਕੋਈ ਬੇਜਾਨ ਵਸਤ ਨਹੀਂ
ਜਿਸਨੂੰ ਚੁੱਕ ਕੇ
ਇੱਕ ਥਾਂ ਤੋਂ ਦੂਜੀ ਥਾਂ ਤੇ
ਧਰ ਦਵੇਂਗਾ
ਆਪਣੇ ਮੁਤਾਬਕ! **(ਪਰੀ ਕੰਬੋਜ)**

ਇਸ ਤਰ੍ਹਾਂ ਜਿੱਥੇ ਇਸ ਕਵਿਤਾ ਵਿੱਚ ਨਾਬਰੀ ਦੀ ਸੁਰ ਭਾਰੂ ਰਹਿੰਦੀ ਹੈ, ਉਸਦੇ ਨਾਲ ਹੀ ਨਾਰੀ ਪਛਾਣ ਦੇ ਗੰਭੀਰ ਮਸਲੇ ਵੀ ਕੇਂਦਰੀ ਸਥਾਨ ਗ੍ਰਹਿਣ ਕਰਦੇ ਨਜ਼ਰ ਆਉਂਦੇ ਹਨ। ਕਿਤੇ-ਕਿਤੇ ਇਸ ਕਵਿਤਾ ਦੀ ਸੁਰ ਮੱਧਮ ਦਿਖਾਈ ਦਿੰਦੀ ਹੈ ਅਤੇ ਕਿਤੇ-ਕਿਤੇ ਬਹੁਤ ਹੀ ਤਿੱਖੀ ਅਤੇ

ਗਹਿਰੀ ਹੋ ਜਾਂਦੀ ਹੈ। ਇਹ ਕਵਿਤਾ ਸਦੀਆਂ ਤੋਂ ਜਿਉਂ ਦੀ ਤਿਉਂ ਖੜ੍ਹੇ ਹੋਏ ਸਵਾਲਾਂ ਦਾ ਜਵਾਬ ਮੰਗਦੀ ਹੋਈ ਆਪਣੀ ਦ੍ਰਿਸ਼ਟੀਗਤ ਅਤੇ ਗਤੀਸ਼ੀਲ ਪਹੁੰਚ ਕਾਇਮ ਰੱਖਦੀ ਹੈ। ਯੁਵਾ ਪੰਜਾਬ ਕਵਿਤਾ ਸਮਕਾਲ ਦੇ ਵਿਕਰਾਲ ਧੁੰਧੂਕਾਰਿਆਂ ਅਤੇ ਵਿਰੋਧੀ ਪ੍ਰਸਥਿਤੀਆਂ ਵਿੱਚ ਵੀ ਜੀਵਨ ਵਿੱਚ ਵਿਸ਼ਵਾਸ ਅਤੇ ਆਸਥਾ ਬਣਾਈ ਰੱਖਦੀ ਹੈ। ਇਹ ਵਰਤਮਾਨ ਦੌਰ ਤੇ ਅੰਨ੍ਹੇ ਅਤੇ ਮੂੰਹ-ਜ਼ੋਰ ਵਰਤਾਰਿਆਂ ਵਿੱਚ ਵੀ ਆਪਣਾ ਸਵੈ ਅਤੇ ਅਕਸ ਤਲਾਸ਼ਣ ਦੇ ਆਹਰ ਵਿੱਚ ਲੱਗੀ ਹੋਈ ਹੈ। ਇਹ ਜਿੱਥੇ ਨਵੇਂ ਕਾਵਿ ਪ੍ਰਯੋਗਾਂ ਅਤੇ ਕਾਵਿ-ਸ਼ਾਸ਼ਤਰ ਉਸਾਰਨ ਲਈ ਯਤਨਸ਼ੀਲ ਹੈ, ਉਸਦੇ ਨਾਲ ਹੀ ਸ਼ਬਦ ਸ਼ਕਤੀ ਅਤੇ ਵਿਵੇਕ ਦੇ ਨਵੇਂ ਕੀਰਤੀਮਾਨ ਸਥਾਪਿਤ ਕਰਦੀ ਹੈ। ਇਸ ਵਿੱਚ ਵੱਖ-ਵੱਖ ਖ਼ਿੱਤਿਆਂ ਅਤੇ ਜਮਾਤਾਂ ਦੀਆਂ ਆਵਾਜ਼ਾਂ ਬਹੁ-ਧੁਨੀਆਂ ਦੇ ਰੂਪ ਵਿੱਚ ਉੱਭਰਕੇ ਸਾਹਮਣੇ ਆਉਂਦੀਆਂ ਹਨ। ਇਸ ਵਿੱਚ ਪੰਜਾਬ ਦਾ ਪੇਂਡੂ ਰਹਿਤਲ ਬਹੁਰੰਗੀ ਸਮਾਜਿਕ-ਸੱਭਿਆਚਾਰਕ ਪ੍ਰਸੰਗਾਂ ਦੁਆਰਾ ਪੇਸ਼ ਹੁੰਦਾ ਹੈ ਅਤੇ ਸ਼ਹਿਰਾਂ ਦਾ ਪੇਸ਼ਾਵਰ ਅਤੇ ਮਨਸੂਈ ਜੀਵਨ ਮੰਡੀ ਦੇ ਨਵੇਂ ਪ੍ਰਪੰਚਾਂ ਅਤੇ ਘੇਰਾਬੰਦੀ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਕਵਿਤਾ ਇਤਿਹਾਸਕਾਰਾਂ ਦੁਆਰਾ ਘੜੇ ਘੜਾਏ ਅਤੇ ਸਵੈ-ਸਿਰਜਤ ਮਿੱਥਾਂ ਅਤੇ ਸੰਕਲਪਾਂ ਨੂੰ ਰੱਦ ਕਰਕੇ ਚੱਲਦੀ ਹੈ। ਇਸ ਦੀ ਵਿਸਥਾਪਨ ਵਿਧੀ ਇਸਨੂੰ ਇੱਕ ਵੱਖਰੀ ਅਤੇ ਨਿਵੇਕਲੀ ਤਾਸੀਰ ਪ੍ਰਦਾਨ ਕਰਦੀ ਹੈ। ਇਸ ਕਵਿਤਾ ਵਿੱਚ ਸਾਡੇ ਸਮਾਜ ਦੀਆਂ ਵੱਖ-ਵੱਖ ਧਿਰਾਂ ਦੀਆਂ ਬਹੁ-ਸੁਰਾਂ ਜਿੱਥੇ ਇਸਨੂੰ ਸੰਵਾਦ ਪੱਖੋਂ ਅਨੋਖੀ ਗਤੀ ਪ੍ਰਦਾਨ ਕਰਦੀਆਂ ਹਨ, ਉਸਦੇ ਨਾਲ ਹੀ ਵਿਚਾਰਾਂ ਦਾ ਇੱਕ ਸਾਂਝਾ ਸੂਤਰ ਇਸਦੀ ਸੰਗਠਨਾਤਮਕ ਸੰਰਚਨਾ ਨੂੰ ਬਲ ਵੀ ਪ੍ਰਦਾਨ ਕਰਦਾ ਹੈ। ਇਹ ਜੱਥੇਬੰਦਕ ਚੇਤਨਾ ਇਸ ਕਵਿਤਾ ਨੂੰ ਸਾਹਿਤ ਦੇ ਪ੍ਰਤੀਬੱਧ ਅਮਲ ਨਾਲ ਵੀ ਜੋੜਦੀ ਹੈ। ਇਸੇ ਵਿਚਾਰਧਾਰਕ ਪ੍ਰਵਚਨ ਵਿੱਚੋਂ ਇਹ ਕਵਿਤਾ ਇੱਕ ਨਵੀਂ ਉਡਾਣ ਵੱਲ ਅਗਰਸਰ ਹੁੰਦੀ ਹੈ। ਇਸ ਕਵਿਤਾ ਦਾ ਇੱਕ ਖ਼ਾਸ ਹਾਸਿਲ ਇਹ ਹੈ ਕਿ ਇਹ ਕਵਿਤਾ ਇਨਸਾਨੀ ਮੁਹੱਬਤ ਅਤੇ ਮੋਹ ਪਿਆਰ ਦੇ ਸੂਖਮ ਵਰਤਾਰਿਆਂ ਨੂੰ ਪਰੰਪਰਿਕ ਹੱਦਬੰਦੀਆਂ ਅਤੇ ਵਰਜਣਾਵਾਂ ਦੇ ਮੁਕਾਬਲਤਨ ਨਵੀਂ ਦ੍ਰਿਸ਼ਟੀ ਨਾਲ ਪ੍ਰਤੱਖਣ ਅਤੇ ਸਮਝਣ ਦਾ ਯਤਨ ਕਰਦੀ ਹੈ। ਇਹੀ ਕਾਰਨ ਹੈ ਕਿ ਇਹ ਨਾਰੀ ਮਨ ਨੂੰ ਵਧੇਰੇ ਸੂਖਮਤਾ, ਸਜੱਗਤਾ ਅਤੇ ਬਾਰੀਕੀ ਨਾਲ ਪਰਤ ਦਰ ਪਰਤ ਫਰੋਲਦੀ ਹੋਈ, ਉਸਦੇ ਅੰਮ੍ਰਿਤ ਕੁੰਡ ਰੂਪੀ ਮੋਹ ਦੇ ਪਾਣੀਆਂ ਵਿੱਚ ਪ੍ਰਵੇਸ਼ ਕਰਨ ਲਈ ਯਤਨਸ਼ੀਲ ਹੈ। ਇਸ ਕਵਿਤਾ ਵਿੱਚ ਸਮਕਾਲੀ ਮਨੁੱਖ ਦੇ ਜੀਵਨ ਯੁੱਧ ਦੀ ਇੱਕ ਪੂਰੀ ਦੀ ਪੂਰੀ ਝਾਕੀ ਜੀਵੰਤ ਰੂਪ ਵਿੱਚ ਸਾਕਾਰ ਹੁੰਦੀ ਨਜ਼ਰ ਆਉਂਦੀ ਹੈ। ਇਹ ਮਨੁੱਖੀ ਮਨ ਦੇ ਸਦੀਆਂ ਤੋਂ ਬੰਦ ਪਏ ਰਹੱਸਮਈ ਪਿਰਾਮਿਡਾਂ ਦੇ ਦੁਆਰ ਖੋਲ੍ਹਦੀ ਹੈ, ਸਮਕਾਲ ਨਾਲ ਬਹਿਸ ਕਰਦੀ ਹੈ ਅਤੇ ਇਸਦੀ ਮਨਚਾਹੀ ਅੰਬਰ ਭਾਲਣ ਵੱਲ ਰੁਚਿਤ ਹੁੰਦੀ ਹੈ। ਇਹ ਕਵਿਤਾ ਸੁਹਜ ਸ਼ਾਸ਼ਤਰ ਦੇ ਪਰੰਪਰਿਕ ਚੌਖਟਿਆਂ ਨੂੰ ਨਕਾਰਦੀ ਹੋਈ ਔਰਤ-ਮਰਦ ਦੇ ਰਿਸ਼ਤੇ ਦੀਆਂ ਨਵੀਂਆਂ ਸਮੀਕਰਨਾਂ ਨੂੰ ਸਮਝਣ, ਜਾਤੀ ਅਤੇ ਜਮਾਤੀ ਮਸਲਿਆਂ ਨੂੰ ਨਵੇਂ ਸਿਰਿਓਂ ਪ੍ਰੀਭਾਸ਼ਤ ਕਰਨ ਦੇ ਨਾਲ-ਨਾਲ ਆਪਣੇ ਚੌਗਿਰਦੇ ਨੂੰ ਮੁੜ ਉਲੀਕਣ ਦੀ ਨਰੋਈ ਚਾਹਤ ਰੱਖਦੀ ਹੈ। ਇਸ ਵਿੱਚ ਯੁਵਾ ਮਨ ਅਤੇ ਵੇਦਨਾ ਵੱਖਰੇ-ਵੱਖਰੇ ਰੰਗਾਂ ਦੀ ਲਖਾਇਕ ਹੈ। ਜੇਕਰ ਯੁਵਾ ਪੰਜਾਬੀ ਕਵਿਤਾ ਦੀ ਮੁਖਧਾਰਾ ਦੀ ਸਥਾਪਿਤ ਪੰਜਾਬੀ ਕਵਿਤਾ ਨਾਲ ਤੁਲਨਾ ਕੀਤੀ ਜਾਵੇ ਤਾਂ ਇਹ ਕਵਿਤਾ ਸਰੋਕਾਰਾਂ ਅਤੇ ਦ੍ਰਿਸ਼ਟੀ ਪੱਖੋਂ ਕੁੱਝ ਨਵਾਂ ਉਸਾਰਨ ਲਈ ਯਤਨਸ਼ੀਲ ਹੈ। ਭਾਵੇਂ ਇਸ ਵਿੱਚ ਕਿਤੇ-ਕਿਤੇ ਗਹਿਰੀ ਕਾਵਿਕਤਾ ਅਤੇ ਕਾਵਿ ਸੁਹਜ ਦੀ ਘਾਟ ਰੜਕਦੀ ਹੈ, ਪਰ ਇਹ ਵਿਚਾਰ ਦੀ ਪੱਧਰ ਤੇ ਆਪਣੀ ਗਤੀਸ਼ੀਲਤਾ ਅਤੇ ਸਥਿਰ ਪੈਟਰਨ ਨੂੰ ਉਸੇ ਤਰ੍ਹਾਂ ਕਾਇਮ ਰੱਖਦੀ ਹੈ। ਇਸ ਕਵਿਤਾ ਦਾ ਇਹ ਪਾਸਾਰ ਇਸਦਾ ਮੁਹਾਂਦਰਾ ਘੜਨ ਵਿੱਚ ਅਹਿਮ ਭੂਮਿਕਾ ਅਦਾ ਕਰਦਾ ਹੈ। ਨਵੇਂ ਨਰੋਏ ਸੁਪਨੇ, ਤੀਬਰ, ਭਾਵਨਾਵਾਂ ਅਤੇ ਅਕਾਂਖਿਆਵਾਂ ਵੀ ਇਸ ਕਵਿਤਾ ਦੇ ਨਕਸ਼ ਘੜਨ ਵਿੱਚ ਮੋਹਰੀ ਭੂਮਿਕਾ ਅਦਾ ਕਰਦੇ ਹਨ। ਇਹ ਕਵਿਤਾ ਸਮਕਾਲ ਵਿੱਚ ਵਾਪਰ ਰਹੇ ਪਰਿਵਰਤਨਾਂ ਦੀ ਦਿਸ਼ਾ ਅਤੇ ਗਤੀ ਪਛਾਣਦੀ ਹੈ। ਭਾਵੇਂ ਕਿ ਕਿਤੇ-ਕਿਤੇ ਇਸਦੀ ਤੋਰ ਬਹੁਤ ਸੂਖ਼ਮ ਅਤੇ ਮੱਧਮ ਹੈ ਪਰ ਕਈ ਵਾਰ ਇਹ ਦਰਿਆਵਾਂ ਦੇ ਵਹਿਣ ਵਾਂਗ ਸ਼ੂਕਦੀ ਹੋਈ ਆਪਣੀ ਅਟੱਲਤਾ ਅਤੇ ਸ਼ੋਖ ਮਿਜ਼ਾਜ ਨੂੰ ਕਾਇਮ ਰੱਖਦੀ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਇਹ ਕਵਿਤਾ ਆਲੋਚਨਾ ਦੇ ਨਵੇਂ ਪੈਮਾਨਿਆਂ ਦੀ ਮੰਗ ਕਰਦੀ ਹੋਈ ਸਾਡੇ ਸਮਿਆਂ ਦੇ ਵਿਦਵਾਨਾਂ ਅਤੇ ਸਾਹਿਤ ਚਿੰਤਕਾਂ ਨੂੰ ਮੁੜ ਸੋਚਣ ਲਈ ਮਜਬੂਰ ਕਰਦੀ ਹੈ। ਕਵਿਤਾ ਇਕੱਲਾ ਸਿਧਾਂਤ ਨਹੀਂ ਹੁੰਦੀ। ਇਸ ਵਿੱਚ ਮਨੁੱਖੀ ਜੀਵਨ ਦੇ ਅਹਿਮ ਸਵਾਲ ਚੇਤਨਾਗਤ ਝਲਕਾਰਿਆਂ ਦੇ ਰੂਪ ਵਿੱਚ ਹਰ ਸਮੇਂ ਮੌਜੂਦ ਰਹਿੰਦੇ ਹਨ। ਇਨ੍ਹਾਂ ਝਲਕਾਰਿਆਂ ਵਿੱਚੋਂ ਹੀ ਸਮਕਾਲ ਦਾ ਅਸਲ ਮੁਹਾਂਦਰਾ ਉੱਘੜਕੇ ਸਾਡੇ ਸਾਹਮਣੇ ਆਉਂਦਾ ਹੈ।

ਮਨੁੱਖ ਦਾ ਭਾਵਬੋਧ ਉਸਦੇ ਵਰਤਮਾਨ ਦੌਰ ਦਾ ਪ੍ਰਤੀਬਿੰਬ ਹੁੰਦਾ ਹੈ। ਇਸੇ ਲਈ ਕਵਿਤਾ ਦੀ ਸੰਰਚਨਾਤਮਕ ਬਣਤਰ ਵਿੱਚ ਕਾਰਜਸ਼ੀਲ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਕਾਰਕਾਂ ਅਤੇ ਪ੍ਰੇਰਕਾਂ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਮਨੁੱਖ ਦਾ ਹਰ ਭਾਵ, ਵਿਚਾਰ ਅਤੇ ਵਲਵਲਾ ਉਸਦੇ ਦੌਰ ਦੀ ਤਰਜ਼ਮਾਨੀ ਕਰਦਾ ਹੈ, ਜਿਸ ਨਾਲ ਪ੍ਰਵਚਨੀ ਸੁਰਤਾਲ ਬਿਠਾਉਣੀ ਕਵੀ ਦੀ ਪ੍ਰਤਿਭਾ, ਸੁਝ ਅਤੇ ਦ੍ਰਿਸ਼ਟੀ ਤੇ ਨਿਰਭਰ ਕਰਦਾ ਹੈ। ਇਸ ਕਵਿਤਾ ਵਿੱਚ ਅਜਿਹੇ ਸਮਾਜਿਕ ਅਤੇ ਦਰਸ਼ਨੀ ਪਾਸਾਰ ਥਾਂ-ਥਾਂ ਤੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇੱਥੇ ਸਮਕਾਲੀ ਪੰਜਾਬੀ ਯੁਵਾ ਕਵਿਤਾ ਦੇ ਕੁੱਝ ਹਵਾਲੇ ਜ਼ਿਕਰਯੋਗ ਹਨ:-

ਅੱਜ
ਪਹਿਲੀ ਵਾਰ
ਪੱਗ
ਬੰਨ੍ਹੀ ਹੈ
ਬੇਟੀ ਨੇ
ਭੱਜ ਕੇ ਜੱਫੀ ਪਾਈ
ਮੈਨੂੰ ਲੱਗਿਆ
ਮੈਂ
ਬਾਪ ਤੋਂ
ਬਾਬਲ ਬਣ ਗਿਆ ਹਾਂ **(ਸੁਖਵਿੰਦਰ ਭੀਖੀ)**

ਉਸਨੇ ਕਿਹਾ ਕਿਰਤ ਕਰੋ
ਮੈਂ ਕੋਈ ਸਵਾਲ ਨਹੀਂ ਕੀਤਾ
ਆਪਣੀ ਕਿਰਤ ਛੱਡ
ਦੂਜੀ ਹਰ ਕਿਰਤ ਲੁੱਟੀ...
ਉਸਨੇ ਕਿਹਾ ਵੰਡ ਛਕੋ
ਮੈਂ ਕੋਈ ਸਵਾਲ ਨਹੀਂ ਕੀਤਾ
ਆਪਣਾ ਲੁਕੋ ਕੇ
ਦੂਜਿਆਂ ਦਾ ਮਾਲ ਵੀ ਛਕ ਲਿਆ... **(ਸੁਖਰਾਜ)**

"ਮਰਦਾਂ ਨੂੰ ਪਸੰਦ ਨੇ ਗੂੰਗੀਆਂ ਔਰਤਾਂ
ਜਿਨ੍ਹਾਂ ਦੇ ਜੀਭ ਤਾਂ ਹੁੰਦੀ ਹੈ,
ਬੋਲਣ ਦੇ ਲਈ ਲਫ਼ਜ਼ ਵੀ ਹੁੰਦੇ ਨੇ,
ਪਰ ਜ਼ੁਲਮ ਵਿਰੁੱਧ ਬੋਲਣ ਦੀ ਹਿੰਮਤ
ਨਹੀਂ ਹੁੰਦੀ..!!" **(ਸੰਨੀ ਚਕੋਹੀ)**

ਘਰ ਵੀ ਹੁਣ
ਘਰ ਨਹੀਂ ਰਹੇ...
ਪਹਿਰੇ 'ਤੇ ਚੁੱਪ
ਉਦਾਸ ਵਿਹੜੇ
ਥਬਾਕ, ਜਜ਼ਬੇ
ਤੇ ਵਿਸ਼ਵਾਸ ਤਿੜਕੇ-ਤਿੜਕੇ...
ਖੰਭ ਲਾ ਕੇ ਉੱਡ ਗਈਆਂ ਕਿਧਰੇ
ਲਿਆਕਤਾਂ, ਨਜ਼ਾਕਤਾਂ...! **(ਕੁਲਵਿੰਦਰ ਵਿਰਕ)**

ਅਲੋਚਨਾ ਕਰਿਦਆਂ
ਬਾਬਾ ਨਾਨਕ ਪੁੱਠਾ ਕਰ ਦਿੰਦਾ
ਲਟ-ਲਟ ਬਲ਼ਦਾ
ਦੀਵਿਆਂ ਨਾਲ਼ ਭਰਿਆ
ਆਰਤੀ ਦਾ ਥਾਲ਼
ਜਗਾਅ ਦਿੰਦਾ
ਥਾਲ਼ ਦੇ ਪੁੱਠੇ ਪਾਸੇ
ਚੰਨ, ਤਾਰੇ, ਸੂਰਜ, ਧਰਤੀਆਂ **(ਕਿਰਤਪਾਲ)**

ਲਾਲ ਬੱਤੀ ਹੋਣ ਸਾਰ
ਕਾਰ ਵੱਲ ਵਧੇ
ਘਸਮੈਲ਼ੇ ਰੰਗ ਦੇ ਬੱਚੇ ਨੇ
ਇੱਕ ਹੱਥ ਪੇਟ 'ਤੇ ਰੱਖ
ਦੂਜਾ ਹੱਥ ਵਧਾਇਆ ਹੈ ਮੇਰੇ ਵੱਲ
ਅਚਾਨਕ!
ਉਹ ਦੌੜ ਗਿਆ ਹੈ
ਉਤੋਂ ਲੰਘਦੀ ਕੱਟੀ ਗਈ ਪਤੰਗ ਵੱਲ
ਹੱਥ 'ਚ ਆਉਂਦਿਆਂ ਹੀ ਪਤੰਗ
ਉਸਦੇ ਚਿਹਰੇ 'ਤੇ
ਫਿਰ ਗਈ ਹੈ ਬਸੰਤ **(ਗੁਰਜੰਟ ਰਾਜੇਆਣਾ)**

ਘਰ
ਘਰ ਵੀ
ਵੇਲ-ਬੂਟਿਆਂ
ਪੇੜ-ਪੌਦਿਆਂ

ਵਾਂਗ ਹੀ ਸੰਵੇਦਨਸ਼ੀਲ ਹੁੰਦਾ ਹੈ
ਘਰ ਨੂੰ
ਹਰਾ-ਭਰਾ ਰੱਖਣ ਲਈ
ਓਹਦੀ ਜੜ੍ਹ 'ਚ
ਬਾਹਰੋਂ ਖੱਟੀ ਕਮਾਈ ਦਾ ਪਾਣੀ
ਤੇ ਮੋਹ ਦੀ ਰੌਸ਼ਨੀ ਦਾ ਛਿੜਕਾ
ਜ਼ਰੂਰੀ ਹੈ **(ਗੁਰਪ੍ਰੀਤ ਬੋੜਾਂਵਾਲ)**


ਕਵਿਤਾ ਭੁੱਲ ਗਈ ਹੈ
ਅੱਟਣਾਂ ਵਾਲੇ ਹੱਥਾਂ 'ਤੇ
ਮਿਹਨਤ ਦਾ ਫੁੱਲ
ਬਣ ਖਿੜਨਾ
ਤੇ ਹੱਕਾਂ ਲਈ
ਉਨ੍ਹਾਂ ਹੱਥਾਂ ਦਾ
ਮੁੱਕੇ ਬਣ ਉੱਠਣਾ.... **(ਜਸਵੰਤ ਗਿੱਲ)**

ਰੰਗਾਂ ਦੀ ਕੋਈ
ਜਾਤ, ਨਸਲ ਨਹੀਂ ਹੁੰਦੀ
ਪਰ ਓਹ ਅਕਸਰ
ਮੇਰੇ ਰੰਗ ਤੋਂ ਭਾਂਪ ਲੈਂਦੇ
ਮੇਰੀ ਜਾਤ ਮੇਰੀ ਨਸਲ **(ਜੱਗੀ ਹਮੀਰਗੜ੍ਹ)**

ਤੇਰੇ ਬਿਨ
ਬਸ ਖਲਾਅ ਹੈ ਮੇਰੇ ਕੋਲ
ਸਾਰਾ ਕੁਝ ਜੜ੍ਹ ਮੋਈ ਮੁਦਰਾ 'ਚ
ਤੇਰੇ ਨਾਲ ਖੰਡਰਾਂ 'ਚ ਫੁੱਲ ਖਿੜਦੇ
ਧਰਤੀ ਚੱਕਰ ਕੱਟਦੀ
ਸੂਰਜ ਆ ਸਿਰਹਾਣੇ ਸੌਂਦਾ
ਚੰਨ ਤਾਰੇ ਮੋਢੇ ਆ ਬਹਿੰਦੇ
...........................
ਤੇਰੇ ਬਿਨ
ਤਾਂ ਬਸ ਖਲਾਅ ਹੀ ਹੈ ਮੇਰੇ ਕੋਲ **(ਰਣਧੀਰ)**

ਇਹ ਕੈਸੀ ਮੈਰਾਥਨ ਹੈ
ਜਿਸ 'ਚ ਸਾਰਾ ਸ਼ਹਿਰ ਸ਼ਾਮਿਲ ਹੈ
ਮੰਜ਼ਿਲ ਕੋਈ ਨਹੀਂ ਫਿਨਿਸ਼ ਪੁਆਇੰਟ ਕਿਤੇ ਨਹੀਂ
ਨਾ ਜਿੱਤ ਹਾਰ ਦਾ ਅਹਿਸਾਸ ਕੋਈ,
ਕਿਤੇ ਨਹੀਂ ਪਹੁੰਚੇਗਾ ਕੋਈ
ਟਰੇਡ ਮਿੱਲ ਤੇ ਦੌੜਦਾ ਸ਼ਹਿਰ **(ਸਮਸ਼ੇਰ ਔਜਲਾ)**

ਇਸ ਤਰ੍ਹਾਂ ਯੁਵਾ ਪੰਜਾਬੀ ਕਵਿਤਾ ਜਿੱਥੇ ਗਹਿਰ ਗੰਭੀਰ ਕਾਵਿ-ਅੰਤਰਦ੍ਰਿਸ਼ਟੀਆਂ ਦਾ ਪ੍ਰਗਟਾਵਾ ਕਰਦੀ ਹੈ, ਉਸਦੇ ਨਾਲ ਹੀ ਨਵੇਂ ਕਾਵਿ-ਸ਼ਾਸ਼ਤਰੀ ਨੇਮਾਂ ਨੂੰ ਵੀ ਨਿਰਧਾਰਤ ਕਰਨ ਲਈ ਯਤਨਸ਼ੀਲ ਹੈ। ਇਸ ਵਿੱਚ ਯੁਵਾ ਸੁਪਨੇ ਅਤੇ ਜਜ਼ਬੇ ਅਦਭੁਤ ਕਾਵਿ-ਊਰਜਾ ਅਤੇ ਜਲੌਅ ਦੇ ਸੰਚਾਰ ਦੇ ਮੁੱਖ ਪ੍ਰੇਰਕ ਬਣਦੇ ਹਨ। ਇਸ ਵਿੱਚ ਬਹੁਤ ਸਾਰੇ ਕਵੀ ਅਜਿਹੇ ਵੀ ਹਨ ਜਿਨ੍ਹਾਂ ਦਾ ਪਿਛੋਕੜ ਜਨ-ਅੰਦੋਲਨਾਂ ਅਤੇ ਲੋਕ ਲਹਿਰਾਂ ਦੀ ਸੰਘਰਸ਼ ਭੂਮੀ ਨਾਲ ਜੁੜਿਆ ਹੋਇਆ ਹੈ। ਉਦੋਂ ਇਹ ਕਵਿਤਾ ਮਾਰਕਸਵਾਦੀ ਚਿੰਤਨ ਨੂੰ ਇੱਕ ਦ੍ਰਿਸ਼ਟੀ ਵਜੋਂ ਗ੍ਰਹਿਣ ਕਰਦੀ ਹੋਈ ਸਥਾਪਤੀ ਦੀਆਂ ਮਿੱਥਾਂ ਅਤੇ ਸਿਰਜਤ ਭਰਮਾਂ ਨੂੰ ਤੋੜਦੀ ਹੋਈ ਲੋਕ ਸ਼ਕਤੀ ਨੂੰ ਇੱਕ ਦਿਸ਼ਾ ਵੱਲ ਸੇਧਿਤ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰਦੀ ਹੈ। ਇਸਦਾ ਇੱਕ ਮਹੱਤਵਪੂਰਨ ਪਾਸਾਰ ਵਿਸ਼ਵੀਕਰਨ, ਧਰਮ ਦੀ ਰਾਜਨੀਤੀ, ਜਾਤੀਗਤ ਸ਼ੋਸ਼ਣ ਅਤੇ ਸਮਕਾਲ ਦੇ ਮਾਨਵ ਵਿਰੋਧੀ ਵਰਤਾਰਿਆਂ ਨਾਲ ਵੀ ਜੁੜਿਆ ਹੋਇਆ ਹੈ। ਉਦੋਂ ਇਹ ਕਵਿਤਾ ਦ੍ਰਿਸ਼ਟੀਗਤ ਸੀਮਾ ਤੋਂ ਹੋਰ ਵੀ ਵਿਸ਼ਾਲਤਾ ਅਤੇ ਸਾਰਥਿਕਤਾ ਗ੍ਰਹਿਣ ਕਰ ਲੈਂਦੀ ਹੈ। ਇਸ ਕਵਿਤਾ ਵਿੱਚ ਸਮਕਾਲ ਜਿੱਥੇ ਵੱਖ-ਵੱਖ ਕਾਵਿ ਖੰਡਾਂ ਦੇ ਰੂਪ ਵਿੱਚ ਸਹਿਕਦਾ ਨਜ਼ਰ ਆਉਂਦਾ ਹੈ, ਉਸਦੇ ਨਾਲ ਹੀ ਇਸਦੀਆਂ ਨਿਯਮਤ ਅਤੇ ਲਘੂ ਇਕਾਈਆਂ ਸਾਡੇ ਆਲ਼ੇ ਦੁਆਲੇ ਦਾ ਇੱਕ ਪੂਰੇ ਦਾ ਪੂਰਾ ਦ੍ਰਿਸ਼ ਜੀਵੰਤ ਰੂਪ ਵਿੱਚ ਪੇਸ਼ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ। ਇਸ ਕਵਿਤਾ ਵਿੱਚ ਨਵੀਂ ਪੰਜਾਬੀ ਕਵਿਤਾ ਦਾ ਸੁਨਹਿਰਾ ਭਵਿੱਖ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ। ਜੇਕਰ ਸਮਕਾਲੀ ਪੰਜਾਬੀ ਕਵਿਤਾ ਦੇ ਪਿਛੋਕੜ ਵੱਲ ਇੱਕ ਝਾਤੀ ਮਾਰੀ ਜਾਵੇ ਤਾਂ ਇਸ ਤੋਂ ਪਹਿਲਾਂ ਪੂਰਵਲੀ ਯੁਵਾ ਪੰਜਾਬੀ ਕਵਿਤਾ ਨੇ ਪੰਜਾਬੀ ਕਵਿਤਾ ਨੂੰ ਸ਼ਿਵ ਕੁਮਾਰ ਬਟਾਲਵੀ ਅਤੇ ਅਵਤਾਰ ਪਾਸ਼ ਵਰਗੇ ਸਮਰੱਥ ਕਵੀ ਦਿੱਤੇ ਹਨ।



ਇਨ੍ਹਾਂ ਕਵੀਆਂ ਨੇ ਆਪਣੇ ਦੌਰ ਦੀ ਕਾਵਿ ਧਾਰਾ ਵਿੱਚ ਵੱਢ ਮਾਰਨ ਦੇ ਨਾਲ-ਨਾਲ ਪੰਜਾਬੀ ਸਾਹਿਤ-ਸੱਭਿਆਚਾਰ ਤੇ ਵੀ ਆਪਣਾ ਗਹਿਰਾ ਪ੍ਰਭਾਵ ਛੱਡਿਆ ਹੈ। ਇਸ ਕਵਿਤਾ ਵਿੱਚ ਸਦੀਵਤਾ ਦਾ ਅੰਸ਼ ਅਤੇ ਕਾਵਿ-ਸੂਹਜ ਇਸਨੂੰ ਸ਼ਕਤੀ ਅਤੇ ਬਲ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਯੁਵਾ ਕਵਿਤਾ ਦਾ ਇਹ ਵੇਗਮਈ ਸੰਚਾਰ, ਬੌਧਿਕ ਡੂੰਘਾਈ, ਸ਼ਕਤੀਸ਼ਾਲੀ ਜਜ਼ਬਾ ਅਤੇ ਵੰਗਾਰ ਇਸਦੇ ਖੂਬਸੂਰਤ ਅਤੇ ਸ਼ਕਤੀਸ਼ਾਲੀ ਪਹਿਰਨ ਹਨ, ਜਿਹੜੇ ਕਿ ਇਸਦਾ ਚਿਰਕਾਲੀ ਪ੍ਰਭਾਵ ਅਤੇ ਗਤੀ ਬਣਾਈ ਰੱਖਦੇ ਹਨ। ਇਸ ਤਰ੍ਹਾਂ ਯੁਵਾ ਪੰਜਾਬੀ ਕਵਿਤਾ ਦੀ ਸਿਰਜਣਾ ਦਾ ਇਹ ਨਿਰੰਤਰ ਗਤੀਸ਼ੀਲ ਵਰਤਾਰਾ ਇਸਨੂੰ ਕਿਵੇਂ ਨਾ ਕਿਵੇਂ ਪ੍ਰਵਾਹਮਾਨ ਬਣਾਈ ਰੱਖਦਾ ਹੈ। ਮੁੱਖ ਤੌਰ ਤੇ ਇਸਦੇ ਵਾਹਕ ਉਹ ਸ਼ਕਤੀਆਂ ਅਤੇ ਪ੍ਰਸਥਿਤੀਆਂ ਬਣਦੀਆਂ ਹਨ, ਜਿਨ੍ਹਾਂ ਨਾਲ ਕਵੀ ਆਪਣੇ ਜੀਵਨ ਵਿੱਚ ਦੋ-ਚਾਰ ਜਾਂ ਵਾਬਸਤਾ ਹੁੰਦਾ ਹੈ। ਇਹ ਕਾਵਿ ਪ੍ਰਵਾਹ ਉਸਦੇ ਅੰਦਰ-ਬਾਹਰ ਦੋਵਾਂ ਪਾਸਿਆਂ ਵੱਲ ਚਲਦਾ ਰਹਿੰਦਾ ਹੈ। ਇਹ ਗੱਲ ਕਵੀ ਦੀ ਸੂਝ ਅਤੇ ਸੀਮਾ ਤੇ ਨਿਰਭਰ ਕਰਦੀ ਹੈ ਕਿ ਉਹ ਕਿਹੜੀ ਗੱਲ ਜਾ ਵਰਤਾਰੇ ਤੇ ਵਧੇਰੇ ਟੇਕ ਰੱਖਦਾ ਹੈ। ਜੇਕਰ ਉਸਦੀ ਗੱਲ "ਮੈਂ ਤੱਕ ਹੀ ਸਿਮਟ ਕੇ ਰਹਿ ਜਾਂਦੀ ਹੈ ਤਾਂ ਇਹ ਅੱਗੇ ਕੋਈ ਚਿੰਗਾੜੀ ਪੈਦਾ ਨਹੀਂ ਕਰਦੀ ਪਰ ਜਦ ਉਸਦਾ ਰੁਖ ਜਨ-ਸਮੂਹ ਵੱਲ ਹੋ ਜਾਂਦਾ ਹੈ ਤਾਂ ਇਹ ਕਵਿਤਾ ਇਤਿਹਾਸ ਸਿਰਜਣ ਦੀ ਸ਼ਕਤੀ ਰੱਖਦੀ ਹੈ। ਲੋਕ ਲਹਿਰਾਂ ਦਾ ਇਤਿਹਾਸ ਅਤੇ ਪਿੱਠਭੂਮੀ ਇਸਨੂੰ ਦ੍ਰਿਸ਼ਟੀ ਦੇ ਪੱਧਰ ਤੇ ਮਾਨਵੀ ਜੀਵਨ ਦੇ ਵਡੇਰੇ ਸੰਕਲਪਾਂ ਅਤੇ ਸੰਦਰਭਾਂ ਨਾਲ ਜੋੜਦੀ ਹੈ। ਅਜੋਕੀ ਯੁਵਾ ਪੰਜਾਬੀ ਕਵਿਤਾ ਵਿੱਚ ਇਨ੍ਹਾਂ ਵੱਡੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਨਾਲ ਸਬੰਧਿਤ ਬਹੁਤ ਸਾਰੇ ਕਵੀ ਆਪਣੀ ਕਵਿਤਾ ਦੀ ਪਾਠਗਤ ਬਣਤਰ ਅਤੇ ਦ੍ਰਿਸ਼ਟੀ ਰਾਹੀਂ ਇਸਦੇ ਭਵਿੱਖ ਦਾ ਮੁਹਾਂਦਰਾ ਸਿਰਜਦੇ ਨਜ਼ਰੀ ਪੈਂਦੇ ਹਨ। ਇਹ ਆਸ ਅਤੇ ਉਮੀਦ ਇਸ ਕਵਿਤਾ ਦਾ ਧੀਰਜ ਵੀ ਬਣਦੀ ਹੈ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਯੁਵਾ ਪੰਜਾਬੀ ਕਵਿਤਾ ਨਵੀਂ ਪੰਜਾਬੀ ਕਵਿਤਾ ਵਿੱਚੋਂ ਆਪਣੇ ਨਕਸ਼ ਗ੍ਰਹਿਣ ਕਰਦੀ ਹੋਈ ਇੱਕ ਮਹੱਤਵਪੂਰਨ ਦਿਸ਼ਾ ਵੱਲ ਮੋੜਾ ਕੱਟਦੀ ਹੈ। ਇਹ ਆਪਣੀ ਬਹੁ-ਆਯਾਮੀ ਅਤੇ ਬਹੁ-ਦਿਸ਼ਾਵੀ ਪਹੁੰਚ ਕਾਰਨ ਸਮਕਾਲੀ ਪ੍ਰਸੰਗਾਂ ਵਿੱਚ ਵਿਸ਼ੇਸ਼ ਤੌਰ ਤੇ ਗੌਲ਼ਣਯੋਗ ਅਤੇ ਵਿਚਾਰਨਯੋਗ ਹੈ। ਇਹ ਆਪਣੇ ਸਮੇਂ ਦੇ ਗੰਭੀਰ ਸਮਾਜਿਕ, ਸੱਭਿਆਚਾਰਕ, ਰਾਜਨੀਤਕ ਅਤੇ ਆਰਥਿਕ ਸੰਕਟਾਂ ਅਤੇ ਮਸਲਿਆਂ ਨਾਲ ਦਸਤਪੰਜਾ ਲੈਂਦੀ ਹੋਈ ਯੁਵਾ ਪੀੜ੍ਹੀ ਦੇ ਫ਼ਿਕਰਾਂ, ਝੋਰਿਆਂ ਅਤੇ ਵੰਗਾਰਾਂ ਨੂੰ ਆਪਣਾ ਮੂਲ ਕਾਵਿ ਵਸਤੂ ਬਣਾਉਂਦੀ ਹੈ। ਇਸ ਵਿੱਚ ਜਿੱਥੇ ਨਵੇਂ ਉੱਸਰ ਰਹੇ ਬੰਦੇ ਦੇ ਅਵਚੇਤਨੀ ਪਾਸਾਰਾਂ ਦੀ ਟੋਹ ਮਿਲਦੀ ਹੈ, ਉਸਦੇ ਨਾਲ ਹੀ ਵਰਤਮਾਨ ਦੌਰ ਦੇ ਗੁੰਝਲਦਾਰ ਵਰਤਾਰੇ ਗਹਿਰੀ ਕਵਿਕਤਾ ਸੰਗ ਪੇਸ਼ ਹੁੰਦੇ ਹਨ। ਇਹ ਕਵਿਤਾ ਸਾਡੇ ਸਮਿਆਂ ਦੇ ਇੱਕ ਮਹੱਤਵਪੂਰਨ ਸਮਾਜਿਕ-ਸੱਭਿਆਚਾਰਕ ਅਤੇ ਸਾਹਿਤਕ ਦਸਤਾਵੇਜ਼ ਦੇ ਰੂਪ ਵਿੱਚ ਉੱਭਰਕੇ ਸਾਹਮਣੇ ਆਉਂਦੀ ਹੈ। ਇਸ ਵਿੱਚ ਸਮਕਾਲੀ ਯੁਵਾ ਪੀੜ੍ਹੀ ਦੀ ਮਨੋਸੰਰਚਨਾ ਵੱਖ-ਵੱਖ ਅਹਿਮ ਪਾਸਾਰਾਂ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਝਲਕਾਰੇ ਇਸ ਕਵਿਤਾ ਨੂੰ ਪੜ੍ਹਨਯੋਗ ਅਤੇ ਮਾਨਣਯੋਗ ਬਣਾਉਂਦੇ ਹਨ। ਇਸ ਤਰ੍ਹਾਂ ਯੁਵਾ ਪੰਜਾਬੀ ਕਵਿਤਾ ਸਮਕਾਲੀ ਪੰਜਾਬੀ ਕਵਿਤਾ ਦੇ ਸਮਾਨਾਂਤਰ ਆਪਣੀ ਇੱਕ ਵਿਲੱਖਣ ਪਛਾਣ ਨਿਸ਼ਚਤ ਕਰਕੇ ਚਲਦੀ ਹੋਈ ਦਿਖਾਈ ਦਿੰਦੀ ਹੈ। ਇਸਦੀ ਮਹੱਤਤਾ ਅਤੇ ਸਾਰਥਿਕਤਾ ਵੀ ਇਸੇ ਗੱਲ ਵਿੱਚ ਪਈ ਹੋਈ ਹੈ।

**98144-79150**

## ਅਨੀ (ਕਾਠਗੜ੍ਹ)



ਏਸ ਕਥਾ ਵਿਚ ਮਹਿਲ ਨਹੀਂ, ਕੋਈ ਰਾਜਾ ਨਈਂ, ਕੋਈ ਰਾਣੀ ਨਈਂ
ਇਸ ਅੰਦਰ ਇਕ ਚੁੱਪ ਚਿੜੀ ਹੈ, ਮੁੜਿਆ ਜਿਸਦਾ ਹਾਣੀ ਨਈਂ

ਇੱਕ ਉਮਰ ਤੱਕ ਸ਼ਿੱਦਤ ਨਾਲ਼ ਯਤਨ ਕੀਤੇ, ਤੇ ਫੇਰ ਇਕ ਦਿਨ
ਮੰਨ ਲਿਆ ਮੈਂ, ਮੇਰੀ ਫ਼ਿਤਰਤ ਮੈਥੋਂ ਬਦਲੀ ਜਾਣੀ ਨਈਂ

ਕਹਿੰਦੇ ਨੇ ਇੱਕ ਵਕਤ ਸੀ ਜਦ ਸਭ ਸਿੱਧਾ-ਸਾਵਾਂ ਚੱਲਦਾ ਸੀ
ਤਾਂ ਹੀ ਸ਼ਾਇਦ ਉਸ ਵੇਲੇ ਦੀ ਕੋਈ ਨਜ਼ਮ, ਕਹਾਣੀ ਨਈਂ

ਜਿਹੜੀ ਚਾਲੇ, ਜੇਸ ਦਿਸ਼ਾ ਵੱਲ ਚੱਲ ਰਹੇ ਹਾਂ, ਦਿਸਦਾ ਹੈ
ਸਾਡੇ ਮੁਸਤਕਬਿਲ ਵਿਚ ਹਰ ਸੁਵਿਧਾ ਹੈ, ਪਰ 'ਵਾ, ਪਾਣੀ ਨਈਂ

ਤੇਰੇ ਮੇਰੇ ਨਾਲ਼ ਬੜਾ ਕੁਝ ਇੱਕ ਜਿਹਾ ਤਾਂ ਵਾਪਰਿਆ
ਫ਼ਰਕ ਏਨਾ ਏ, ਤੂੰ ਬਸ ਪੀੜ ਹੰਢਾਈ ਹੈ, ਪਰ ਮਾਣੀ ਨਈਂ

ਆਪਾਂ ਵਕਤ ਲਈ ਪੈਮਾਨੇ ਘੜ੍ਹ ਲਏ ਤਾਂ ਉਮਰਾਂ ਬਣੀਆਂ
ਪੈਮਾਨੇ ਤੋਂ ਪਾਰ ਤਾਂ ਇਹ ਧਰਤੀ ਵੀ ਬਹੁਤ ਪੁਰਾਣੀ ਨਈਂ

*****

ਕਈ ਵਾਰੀ ਕੋਈ ਪੰਨਾ ਵੀ 'ਪਰ' ਲੱਗਦਾ ਹੈ
ਫਿਰ ਮੈਨੂੰ ਕਮਰਾ ਹੀ ਅੰਬਰ ਲੱਗਦਾ ਹੈ

ਤੇਰਾ ਮੋਢਾ ਮੇਰੇ ਮੋਢੇ ਨਾਲ਼ ਜੁੜੇ
ਕਈਆਂ ਨੂੰ ਇਹ ਐਬ-ਏ-ਤਨਾਫ਼ਰ ਲੱਗਦਾ ਹੈ

ਇਸ਼ਕ 'ਚ ਦੁਨੀਆ ਪਹਿਲਾਂ ਵਰਗੀ ਨਈਂ ਰਹਿੰਦੀ
ਭਾਵੇਂ ਏਦਾਂ ਹੁੰਦਾ ਨਈਂ, ਪਰ ਲੱਗਦਾ ਹੈ

ਚਿੜੀਆਂ, ਤੋਤੇ, ਬੁਲਬੁਲ, ਸ਼ਿਕਰਾ 'ਕੱਠੇ ਨੇ
ਮੈਨੂੰ ਦਫ਼ਤਰ ਇੱਕ ਚਿੜੀਆ-ਘਰ ਲੱਗਦਾ ਹੈ

ਮੇਰੇ ਮਨ ਦੀ ਹਾਲਤ ਦਾ ਕੋਈ ਹੱਲ ਵੀ ਹੈ?
ਮੈਨੂੰ ਜਿਉਣਾ ਮਹਿਜ਼ ਅਡੰਬਰ ਲੱਗਦਾ ਹੈ

*****

ਕਿਨਾਰਾ ਹੈ, ਨਦੀ ਹੈ, ਨੀਰ ਸਾਰਾ ਗ਼ੈਰਹਾਜ਼ਰ ਹੈ
ਉਹ ਬਿਲਕੁਲ ਨਾਲ਼ ਮੇਰੇ ਬੈਠਾ-ਬੈਠਾ ਗ਼ੈਰਹਾਜ਼ਰ ਹੈ

ਜੋ ਤੈਨੂੰ ਦਿੱਸ ਰਿਹੈ ਮੀਨਾਰ, ਸਾਰਾ ਖੋਖਲੈ ਅੰਦਰੋਂ
ਮੇਰੇ ਹਿੱਸੇ ਦਾ 'ਮੈਂ' ਮੇਰੇ 'ਚੋਂ ਸਾਰਾ ਗ਼ੈਰਹਾਜ਼ਰ ਹੈ

ਮੈਂ ਸਾਰੀ ਪੜ੍ਹ ਨਹੀਂ ਸਕਿਆ, ਮਗਰ ਮੈਂ ਪੜ੍ਹ ਲਿਆ ਹੈ ਉਹ
ਤੇਰੀ ਪੁਸਤਕ 'ਚ ਜਿਹੜਾ ਇੱਕ ਵਰਕਾ ਗ਼ੈਰਹਾਜ਼ਰ ਹੈ

ਉਹ ਅੱਵਲ ਆ ਗਿਐ ਇਸ ਵਾਰ ਫਿਰ, ਹੁਣ ਤੀਸਰੀ ਵਿਚ ਹੈ
ਬਸ ਇੱਕ ਬੱਚੇ ਦੇ ਅੰਦਰ ਇੱਕ ਬੱਚਾ ਗ਼ੈਰਹਾਜ਼ਰ ਹੈ

ਨਗਰ ਮੇਰਾ ਤਰੱਕੀ ਵੱਲ ਹੈ ਕੁਝ ਇਸ ਤਰ੍ਹਾਂ, ਹਰ ਘਰ
ਇਕ ਆਲੀਸ਼ਾਨ ਗਮਲਾ ਹੈ ਤੇ ਪੌਦਾ ਗ਼ੈਰਹਾਜ਼ਰ ਹੈ

*****

ਫ਼ਰਿਆਦ ਨਾ ਕਰ, ਹੋਰ ਦਵਾ ਦੇ ਨਾ ਦੁਆ ਦੇ
ਮਸਤਕ ਦੇ ਸਫ਼ੇ 'ਤੇ ਮੇਰੇ, ਦੋ ਲਫ਼ਜ਼ ਟਿਕਾ ਦੇ

ਮੈਂ ਜਾਣਦਾਂ ਇਸ ਵਕਤ ਕੀ ਸੰਭਵ ਹੈ ਤੇ ਕੀ ਨਈਂ
ਤੂੰ ਨੀਰ ਦੇ ਟਪਕਣ ਦੀ ਬਸ ਆਵਾਜ਼ ਸੁਣਾ ਦੇ

ਇਹ ਪਿਆਸ ਦਾ ਮਸਲਾ ਨਹੀਂ ਵਿਸ਼ਵਾਸ ਦੀ ਗੱਲ ਹੈ
ਜੋ ਕੁਝ ਵੀ ਲਿਆਇਆ ਹੈਂ ਪਿਆਲੇ 'ਚ, ਲਿਆ ਦੇ!

ਜੇ ਸ਼ਾਖ਼ ਨਾ ਛੁੱਟੀ ਤਾਂ ਇਹ 'ਬੀਅ' 'ਬੀਅ' ਹੀ ਰਹੇਗਾ
ਐ 'ਵਾ! ਤੂੰ ਇਹਨੂੰ ਝਾੜ ਕੇ ਮਿੱਟੀ 'ਚ ਰਲਾ ਦੇ

ਉਕਤਾਅ ਗਿਆਂ ਇਸ ਰੂਪ ਤੇ ਆਕਾਰ 'ਤੋਂ ਹੁਣ ਮੈਂ
ਬੁੱਤ-ਸਾਜ਼ ਤੂੰ ਢਾਹ ਕੇ ਮੇਰਾ ਕੁਝ ਹੋਰ ਬਣਾ ਦੇ

*****

## ਅੰਜੂ ਅਮਨਦੀਪ ਗਰੋਵਰ



ਟਿਕਾ ਕੇ ਪੈਰ ਧਰਤੀ ਤੇ ਗਗਨ ਦੀ ਸੈਰ ਕਰਦੀ ਹੈ।
ਇਹ ਸਾਡੀ ਸੋਚ ਹੈ ਜੋ ਨਿੱਤ ਨਵੀਂ ਪਰਵਾਜ਼ ਭਰਦੀ ਹੈ।

ਅਨੇਕਾਂ ਤਾਜ ਉਹ ਜਿੱਤਦੀ ਨਵੇਂ ਇਤਿਹਾਸ ਉਹ ਰੱਚਦੀ,
ਮਗਰ ਨਾਰੀ ਤਾਂ ਮਰਦਾਂ ਦੇ ਸਿਤਮ ਹਾਲੇ ਵੀ ਜਰਦੀ ਹੈ।

ਕਰਾਂ ਮੈਂ ਮਾਣ ਕਿਸ ਗੱਲ ਦਾ ਕਿ ਮੇਰੇ ਦੇਸ਼ ਦੇ ਅੰਦਰ,
ਇਹ ਨੇਤਾ ਐਸ਼ ਕਰਦੇ ਨੇ ਤੇ ਜਨਤਾ ਭੁੱਖੀ ਮਰਦੀ ਹੈ।

ਨਹੀਂ ਹੈ ਹੋਰ ਕੋਈ ਮਾਂ ਬਿਨਾਂ ਇਸ ਜਗ ਦੇ ਅੰਦਰ,
ਇਹ ਮਾਂ ਹੀ ਹੈ ਜੋ ਅਪਣੇ ਬੱਚਿਆਂ ਦੇ ਦੁੱਖ ਹਰਦੀ ਹੈ।

ਬਦਲ ਜਾਂਦੇ ਨੇ ਸਭ ਮਾਇਨੇ ਉਦੋਂ ਪ੍ਰਚਾਰ ਦੇ 'ਅੰਜੂ',
ਜਦੋਂ ਵੀ ਧਰਮ ਦੇ ਅੰਦਰ ਸਿਆਸਤ ਪੈਰ ਧਰਦੀ ਹੈ।

### ਸ਼ਬਦਾਂ ਨੂੰ ਹਥਿਆਰ ਬਣਾਓ

ਦੇਸ਼ ਮੇਰੇ ਦੇ ਬੁੱਧੀਜੀਵੀਓ,ਕਵੀਓ ਤੇ ਫ਼ਨਕਾਰੋ,
ਚੁੱਪ ਕਰਕੇ ਹੁਣ ਜ਼ੁਲਮ ਸਹੋ ਨਾ, ਜ਼ਾਲਮ ਨੂੰ ਲਲਕਾਰੋ।
ਦੇਸ਼ ਦੀ ਹਾਲਤ ਜੋ ਅੱਜ ਹੋਈ, ਲਿਖੋ, ਬੋਲੋ, ਗਾਓ,
ਸ਼ਬਦਾਂ ਨੂੰ ਹਥਿਆਰ ਬਣਾ ਕੇ, ਸਭ ਦੇ ਸਾਹਵੇਂ ਆਓ।

ਅੱਜ ਦੀ ਔਰਤ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੇ,
ਪਰ ਕਮੀਨੇ, ਵਹਿਸ਼ੀਆਂ ਅੱਗੇ, ਉਸਦੀ ਅਜ਼ਮਤ ਹਾਰੇ।
ਵਾਂਗ ਦਰਿੰਦਿਆਂ ਘੁੰਮ ਰਹੇ ਜੋ ਉਹਨਾਂ ਨੂੰ ਨੱਥ ਪਾਓ।
ਸ਼ਬਦਾਂ ਨੂੰ ਹਥਿਆਰ ਬਣਾ ਕੇ ਸਭ ਦੇ ਸਾਹਵੇਂ ਆਓ।

ਚੋਰਬਾਜ਼ਾਰੀ, ਬੇਰੁਜ਼ਗਾਰੀ, ਹਰ ਥਾਂ ਰਿਸ਼ਵਤਖੋਰੀ,
ਚੋਰ ਸਿਪਾਹੀ ਰਲ ਕੇ ਕਰ ਰਹੇ ਹਰ ਖੇਤਰ ਵਿੱਚ ਚੋਰੀ।
ਲੋਕਤੰਤਰ ਅੱਧ ਮੋਇਆ ਹੋਇਆ ਜਾਨ ਓਸ ਵਿੱਚ ਪਾਓ।
ਸ਼ਬਦਾਂ ਨੂੰ ਹਥਿਆਰ ਬਣਾ ਕੇ ਸਭ ਦੇ ਸਾਹਵੇਂ ਆਓ।

ਦਿਲ ਕਰਦਾ ਹੈ, ਅੰਮ੍ਰਿਤਾ ਪ੍ਰੀਤਮ ਵਾਂਗਰ ਮੈਂ ਬਣ ਜਾਵਾਂ,
ਸੁੱਤੇ ਹੋਏ ਵਾਰਸ ਸ਼ਾਹ ਨੂੰ ਮੁੜ ਤੋਂ ਫੇਰ ਜਗਾਵਾਂ
ਤੇ ਆਖਾਂ ਹਰ ਮਾਂ-ਬਾਪ ਨੂੰ, ਪੁੱਤਾਂ ਤਾਈਂ ਸਮਝਾਓ।
ਸ਼ਬਦਾਂ ਨੂੰ ਹਥਿਆਰ ਬਣਾ ਕੇ ਸਭ ਦੇ ਸਾਹਵੇਂ ਆਓ।

ਦੇਸ਼ ਮੇਰੇ ਦੇ ਬੁੱਧੀਜੀਵੀਓ, ਕਵੀਓ ਤੇ ਫ਼ਨਕਾਰੋ।
ਚੁੱਪ ਕਰਕੇ ਹੁਣ ਜ਼ੁਲਮ ਸਹੋ ਨਾ ਜ਼ਾਲਮ ਨੂੰ ਲਲਕਾਰੋ।

*****

ਇਹ ਵਕਤ ਨਹੀਂ ਹੈ ਕਿਸੇ ਨੂੰ ਡਰਾਉਣ ਦਾ, ਧਮਕਾਉਣ ਦਾ।
ਇਹ ਵਕਤ ਹੈ ਸਭਨਾਂ ਦੇ ਟੁੱਟੇ ਹੌਸਲੇ ਵਧਾਉਣ ਦਾ।

ਇਹ ਵਕਤ ਨਹੀਂ ਹੈ ਮਜ਼ਬਾਂ ਦੇ ਨਾਂ 'ਤੇ ਲੜਾਉਣ ਦਾ।
ਇਹ ਵਕਤ ਹੈ ਹਰ ਹਾਲ ਵਿਚ ਇਨਸਾਨੀਅਤ ਬਚਾਉਣ ਦਾ।

ਹੈ ਵਕਤ ਦੀ ਹੁਣ ਲੋੜ, ਇਕ ਦੂਜੇ ਲਈ ਕੰਮ ਆਉਣ ਦੀ।
ਛੱਡ ਕੇ ਸਭ ਨਫ਼ਰਤਾਂ ਨੂੰ, ਉਲਫ਼ਤਾਂ ਅਪਨਾਉਣ ਦੀ।

ਲੋੜ ਹੈ ਭਾਈ ਘਨੱਈਆ ਵਰਗੇ ਹੁਣ ਕਿਰਦਾਰਾਂ ਦੀ।
ਜੋ ਮਿਟਾਵਣ ਭੁੱਖ-ਗਰੀਬੀ ਐਸੀਆਂ ਸਰਕਾਰਾਂ ਦੀ।

ਲੋੜ ਹੈ ਅੱਜ ਸਾਰਿਆਂ ਨੂੰ ਇੱਕ ਮਿਕ ਹੋ ਜਾਣ ਦੀ,
ਭੁਲ ਕੇ ਸਾਰੇ ਵਿਤਕਰੇ ਏਕਤਾ ਅਪਨਾਉਣ ਦੀ।

### ਗ਼ਜ਼ਲ

ਹਰ ਵੇਲੇ ਵੀ ਹਰ ਨਹੀਂ ਹੁੰਦਾ।
ਮਿੰਨਤ-ਤਰਲਾ ਕਰ ਨਹੀਂ ਹੁੰਦਾ।
ਬਿਨ ਤੇਰੇ ਵੀ ਸਰਦਾ ਨਹੀਂ ਹੁਣ,
ਪਰ ਸਮਝੌਤਾ ਕਰ ਨਹੀਂ ਹੁੰਦਾ।
ਚਲ ਆਪਣੇ ਆਪਣੇ ਰਾਹ ਪਈਏ,
ਹੋਰ ਜ਼ੁਲਮ ਹੁਣ ਜਰ ਨਹੀਂ ਹੁੰਦਾ।
ਪੇਕੇ ਸਹੁਰੇ ਰਹੇ ਬੇਗਾਨੀ,
ਧੀ ਦਾ 'ਆਪਣਾ ਘਰ' ਨਹੀਂ ਹੁੰਦਾ।
ਹਿੰਮਤ ਅਤੇ ਹੌਂਸਲੇ ਬਾਝੋਂ,
ਸਿਰ ਤਲੀ 'ਤੇ ਧਰ ਨਹੀਂ ਹੁੰਦਾ।
ਬਿਨ ਸ਼ਾਦੀ ਦੇ ਰਹਿਣ ਇਕੱਠੇ,
ਉਹ, ਜਿਹਨਾਂ ਨੂੰ ਡਰ ਨਹੀਂ ਹੁੰਦਾ।
ਇਸ਼ਕ ਬਿਨਾਂ ਤਾਂ ਕਦੇ ਵੀ 'ਅੰਜੂ',
ਇੱਕ ਦੂਜੇ 'ਤੇ ਮਰ ਨਹੀਂ ਹੁੰਦਾ।

*****

## ਅਨੁਜੀਤ ਇਕਬਾਲ



ਨਿਮਰਤਾ ਨਾਲ ਸਵੀਕਾਰ ਕਰਨ ਦੇ
ਕਿ ਮਾਯੋਸੋਟਿਸ ਦੇ ਰਹੱਸ ਭਰੇ
ਲਾਸਾਨੀ ਨੀਲੇ ਫੁੱਲ ਤੇਰੀ ਯਾਦ
ਦਵਾਉਂਦੇ ਹਨ

### ਯਾਤਰਾ

ਯਾਦ ਨਹੀਂ ਪਰ
ਇਹ ਅਣਗਿਣਤ ਯੁਗਾਂ ਦੀ ਗੱਲ ਸੀ
ਵਿਸਰੀਆਂ ਯਾਦਾਂ ਵਿੱਚ
ਤੇਰੇ ਹੱਥਾਂ ਤੋਂ ਇੱਕ ਭਿੱਖਿਆ
ਕਟੋਰਾ ਲੈ ਕੇ
ਸ਼ੁਰੂ ਹੋਈ ਲੰਮੀ ਯਾਤਰਾ ਯਾਦ ਆਉਂਦੀ ਹੈ

ਉਮਰਾਂ ਤੱਕ ਭੀਖ ਮੰਗਦੀ ਰਹੀ
ਸੰਸਾਰ ਭਰਦਾ ਰਿਹਾ ਗੱਚ ਭਰੀ
ਨਾਪਸੰਦੀ, ਨਫ਼ਰਤ, ਸੋਗ ਆਨੰਦ,
ਦਿਆਲਤਾ, ਪਿਆਰ ਦਾ ਭੋਜਨ
ਪਰ ਜਦੋਂ ਮੈਂ ਮੁੜ ਕੇ ਤੈਨੂੰ ਵੇਖਦੀ
ਤੇਰੀ ਝੁਕੀ ਹੋਈ ਨਜ਼ਰ
ਮੈਨੂੰ ਵੀਤਰਾਗੀ ਕਰ ਦੇਂਦੀ

ਤੇਰੇ ਤੱਕ ਦੁਬਾਰਾ ਪਹੁੰਚਣ ਦੀ
ਤਾਂਘ ਵਿੱਚ ਮੈਂ
ਸਦਾ ਇੰਤਜ਼ਾਰ 'ਚ ਬੈਠੀ ਰਹੀ
ਪਲਕ ਝਪਕਣ ਤੱਕ ਦੀ ਵਿਘਨ ਨਾ
ਆਉਣ ਦਿੱਤੀ
ਤੇ ਜੇ ਕਦੀ ਅੱਖ ਲੱਗ ਜਾਂਦੀ ਤਾਂ
ਸੁਪਨੇ 'ਚ ਪੁੱਠਾ ਵਹਿੰਦਾ ਝਰਨਾ
ਨਜ਼ਰ ਆਉਂਦਾ

ਸ਼ਾਮ ਦੇ ਬਾਅਦ,ਦੂਰ ਅਸਮਾਨ ਤੋਂ
ਹੌਲੀ ਹੌਲੀ ਆਉਂਦੀ ਪਖਾਵਜ ਦੀ
ਆਵਾਜ਼ ਤੇ ਮੇਰੀਆਂ ਅੱਖਾਂ ਅੱਗੇ
ਤੇਰੇ ਨਾਲ ਭੋਗੇ ਅਤੀਤ ਦੇ ਪਲ
ਨੱਚਣ ਲੱਗ ਜਾਂਦੇ

ਸਰੀਰ ਦਾ ਆਪਣਾ ਧਰਮ ਪਰ,
ਮਨ ਦਾ ਸਿਮਰਨ "ਤੇਰੇ" ਵਿੱਚ ਲੀਨ

### ਸਵੈ ਨਿਰਭਰ

ਸੰਸਾਰ ਵਿਅਰਥ ਅਭਿਆਸਾਂ ਵਿੱਚ ਕੈਦ
ਦੂਰ-ਦੁਰਾਡੇ ਤੀਰਥਾਂ ਵਿੱਚ ਤੈਨੂੰ ਲੱਭਦਾ
ਅਤੇ ਮੈਂ ਲਿਖਦੀ ਹਾਂ ਤੇਰੀ ਚੌੜੀ ਹਥੇਲੀ 'ਤੇ
ਉਹ ਸਾਰੇ ਪਿਆਰ ਦੇ ਗੀਤ
ਜੋ ਮੇਰਾ ਦਿਲ ਗਾਉਂਦਾ ਹੈ

ਸੰਸਾਰ ਅਰਥਹੀਣ ਵਿਖਾਵੇ
ਵਿੱਚ ਮਾਤਹਿਤ
ਬੇਜਾਨ ਪੱਥਰਾਂ ਵਿੱਚ ਤੈਨੂੰ ਲੱਭਦਾ
ਅਤੇ ਮੈਂ ਉਤਸ਼ਾਹਿਤ ਹੋ ਜਾਂਦੀ ਹਾਂ
ਦਿਲ ਦੇ ਓਸ ਕਿਨਾਰੇ 'ਤੇ
ਜਿੱਥੇ ਬਰਫ਼ ਪਿਘਲ ਕੇ
ਗੰਗਾ ਬਣ ਜਾਂਦੀ ਹੈ

ਸੰਸਾਰ ਝੂਠੀ ਪੂਜਾ ਦੁਆਰਾ ਮੋਹਿਤ
ਇੱਕ ਸਨਕੀ ਰੌਲੇ ਵਿੱਚ ਤੈਨੂੰ ਪੁਕਾਰਦਾ
ਅਤੇ ਮੈਂ ਮਲਹਾਰ ਗਾਉਂਦੀ ਹਾਂ
ਅੰਦਰਲੇ ਉਸ ਸਭਾ ਮੰਡਲ ਵਿੱਚ
ਜਿੱਥੇ ਗਰਜ ਕੇ ਜੀਵਨ ਸਵੈ-ਨਿਰਭਰ
ਹੋ ਜਾਂਦਾ ਹੈ

### ਮਾਯੋਸੋਟਿਸ ਦੇ ਫੁੱਲ

ਅੰਬਰ 'ਤੇ ਧੂੰਏਂ ਦੇ ਫੁੱਲ
ਹਰ ਪਾਸੇ ਖਿੜ ਰਹੇ ਹਨ
ਅਤੇ ਅਸੀਮ ਪੀੜ ਹੈ
ਜਿਸ ਨੂੰ ਬਰਸ ਕੇ ਖਾਲੀ ਹੋਣਾ ਹੈ

ਸਾਹਮਣੇ ਪਹਾੜ ਦੇ ਬਾਦਬਾਨ ਪਿੱਛੇ
ਢੁੱਕਿਆ ਹੈ ਸੂਰਜ
ਜੋ ਦਿਨ ਨੂੰ ਖਤਮ ਕਰ ਗਿਆ ਹੈ
ਆਪਣੇ ਸੁਨਹਿਰੀ ਅਸਤਰ ਨਾਲ

ਅਤੇ ਹੁਣ ਮੈਨੂੰ ਨਜ਼ਰ ਆ ਰਹੀ ਹੈ
ਆਸਮਾਨ 'ਚ ਉਲਟੀ ਵਹਿੰਦੀ ਹੋਈ
ਇੱਕ ਨਦੀ

ਹਰਿਆਲੀ ਰਹਿਤ ਖੜੀ ਪਹਾੜੀਆਂ
ਅਤੇ ਬਰਫ਼ ਭਰੇ ਖੁਸ਼ਕ ਜੰਗਲਾਂ ਦੀ
ਇਕੱਲ ਭੋਗ ਰਹੀ ਹਾਂ ਮੈਂ
ਬੇਆਬਾਦ ਦੇਵਤਿਆਂ ਦੁਆਰਾ
ਸ਼ਰਾਪਿਤ ਹਾਂ

ਨਿਮਰਤਾ ਨਾਲ ਸਵੀਕਾਰ ਕਰਨ ਦੇ
ਕਿ ਮਾਯੋਸੋਟਿਸ ਦੇ ਰਹੱਸ ਭਰੇ
ਲਾਸਾਨੀ ਨੀਲੇ ਫੁੱਲ ਤੇਰੀ ਯਾਦ
ਦਵਾਉਂਦੇ ਹਨ

### ਕੰਬਣੀ

ਉਮਰਾਂ ਤੋਂ ਸ਼ਰਾਪੀ ਹੋਈ
ਮੇਰੇ ਆਜ਼ਾਦ ਦਿਲ ਦੀ ਇੱਛਾ
ਵਿਸਥਾਪਿਤ ਹੋ ਸੂਰਜ ਬਣੀ
ਜਿਸਦੀ ਗਰਮੀ ਤੋਂ
ਮੇਰੇ ਸਾਰੇ ਦੁਸ਼ਟ ਸੁਪਨਿਆਂ ਦੇ ਬੀਜ
ਬੇਅੰਤ ਪਸਾਰ ਪਾ ਗਏ
ਤੇ ਫਿਰ ਤੇਰੇ ਅਨਬੋਲੇ ਪਿਆਰ ਦੇ
ਪਾਣੀ ਨਾਲ
ਰੱਤੇ ਰੰਗ ਦੇ ਫੁੱਲ ਖਿੜ ਗਏ

ਮੇਰਾ ਬੋਧੀਸਤਵ ਪਿਆਰ
ਤੂੰ ਆਵੀਂ ਆਪਣੇ ਸ਼ਿਖਰ ਤੇ
ਮੇਰੇ ਊਰਜਾ ਕੇਂਦਰਾਂ ਨੂੰ ਜਗਾਉਣ

ਮੈਂ ਚਾਹੁੰਦੀ ਹਾਂ ਕਿ ਤੂੰ ਆਪਣੇ ਰੱਬ
ਤੋਂ ਇਨਕਾਰੀ ਹੋ ਜਾਵੇਂ
ਅਤੇ ਮੇਰੇ ਜਨੂੰਨ ਨੂੰ ਪਾਗਲਪਨ ਵਿੱਚ
ਬਦਲ ਦੇਵੇਂ
ਠੀਕ ਉਵੇਂ ਹੀ ਜਿਵੇਂ
ਕੁਦਰਤ ਉਸਾਰੀ ਨੂੰ ਵਿਨਾਸ਼ ਵਿੱਚ
ਬਦਲਦੀ ਹੈ
ਅਤੇ ਫਿਰ ਆਉਂਦੀ ਹੈ
ਅੰਤਮ ਸਥਿਰਤਾ

ਤੇਰੇ ਹੱਥ ਦੀ ਕੰਬਣੀ
ਮੇਰੀ ਅਦੇਹ ਭਾਸ਼ਾ ਸਮਝਦੀ ਹੈ।

# ਅਮਰਿੰਦਰ ਸੋਹਲ

## ਮਨ ਦਾ ਮੌਸਮ

ਘੋਰ ਘਟਾ ਛਾਈ ਹੋਈ ਹੈ
ਕਾਲ਼ੇ ਅਸਮਾਨ 'ਚ ਉੱਡਦੇ
ਚਿੱਟੇ ਬਗਲੇ ਇਉਂ ਜਾਪਣ
ਦੁੱਧ ਦਾ ਦਰਿਆ ਵਹਿ ਰਿਹਾ ਹੋਵੇ ਜਿਉਂ

ਸੀਤਲ ਪੌਣ ਤਨ, ਮਨ ਨੂੰ ਸਕੂਨ ਦੇ ਰਹੀ
ਕਿਣਮਿਣ-ਕਿਣਮਿਣ ਸ਼ੁਰੂ ਹੋ ਗਈ ਹੈ।
ਮੀਂਹ ਦੀਆਂ ਕਣੀਆਂ ਨਾਲ
ਮਹਿਕ ਪਸਰ ਰਹੀ
ਤਪਦੀ ਧਰਤੀ 'ਚੋਂ
ਵਿਹੜੇ 'ਚ ਉੱਗੇ ਅੰਬ ਦੇ ਰੁੱਖ 'ਤੇ ਬੈਠੇ
ਕਬੂਤਰ ਕਬੂਤਰੀ ਕਲੋਲਾਂ ਕਰ ਰਹੇ ਨੇ
ਸਾਰਾ ਘਾਹ ਨੱਚਦਾ ਜਾਪ ਰਿਹਾ ਹੈ

ਨਿੱਕੇ-ਨਿੱਕੇ ਬੱਚੇ
ਆਪਣੀਆਂ ਕਮੀਜ਼ਾਂ ਹੱਥਾਂ 'ਚ ਫੜੀ
ਏਧਰ-ਓਧਰ ਚਾਮਲ-ਚਾਮਲ
ਭੱਜ ਰਹੇ ਨੇ
ਰੁੱਖਾਂ 'ਚ ਹੋਰ
ਨਿਖਾਰ ਆ ਗਿਆ ਹੈ
ਨਹਿਰ ਅਠਖੇਲੀਆਂ ਕਰਦੀ-ਕਰਦੀ
ਭਰ ਭਰ ਕੇ ਵਹਿਣ ਲੱਗੀ ਹੈ
ਕਾਂ ਤੋਤੇ ਪੁੱਠੇ ਹੋ-ਹੋ ਉੱਡ ਰਹੇ ਨੇ

ਅਚਾਨਕ ਇਕ ਮੋਰ
ਪਿਆਉਂ-ਪਿਆਉਂ ਕਰਦਾ
ਸਾਡੇ ਘਰ ਦੀ ਕੱਚੀ ਛੱਤ 'ਤੇ
ਬੈਠ ਗਿਆ ਹੈ
ਕੱਚਾ ਸ਼ਬਦ ਚੇਤੇ ਆਉਂਦੇ ਹੀ
ਮੈਨੂੰ ਆਪਣੇ ਘਰ ਦੀਆਂ ਕੱਚੀਆਂ ਕੰਧਾਂ
ਥਾਂ-ਥਾਂ ਤੋਂ ਭਰੀਆਂ ਦਿਸਣ
ਲੱਗਦੀਆਂ ਨੇ



ਮੈਨੂੰ ਤੇਰੀ ਕੱਚੀ ਮੁਹੱਬਤ
ਯਾਦ ਆਉਂਦੀ ਹੈ

ਤੇ ਹੁਣ ਮੈਨੂੰ ਆਪਣੀ ਜ਼ਿੰਦਗੀ ਦੇ
ਤਮਾਮ ਰੰਗ
ਕੱਚੇ-ਕੱਚੇ ਜਾਪਣ ਲੱਗਦੇ ਨੇ
ਤੇ ਪਹਿਲਾਂ ਵਾਲਾ ਸੁਹਾਵਣਾ ਮੰਜ਼ਰ
ਅੱਖਾਂ ਅੱਗੋਂ ਇਕਦਮ
ਅਲੋਪ ਹੋ ਜਾਂਦਾ ਹੈ।

## ਕਵਿਤਾ

ਮੈਨੂੰ ਪਤੈ
ਤੂੰ ਬੜਾ ਮੋਮੋਠੱਗਣਾ ਏਂ
ਮੈਂ ਸਾਰੇ ਭੇਤ ਜਾਣਦੀ ਹਾਂ ਤੇਰੇ

ਤੂੰ ਪੜ੍ਹੇਂਗਾ ਮੈਨੂੰ ਮਹਿਫ਼ਿਲਾਂ 'ਚ
ਜਦ ਤਕ ਤੇਰੇ ਕੋਲ
ਕੋਈ ਹੋਰ ਕਵਿਤਾ ਨਹੀਂ ਆਉਂਦੀ

ਇਹ ਵੀ ਪਤੈ ਮੈਨੂੰ
ਤੂੰ ਸ਼ਾਮਲ ਨਹੀਂ ਕਰੇਂਗਾ
ਮੈਨੂੰ ਆਪਣੀ ਕਿਤਾਬ ਵਿਚ
ਇਹ ਕਹਿ ਕੇ
"ਤੂੰ ਮੇਰੀ ਸੋਚ ਦੇ ਹਾਣ ਦੀ ਨਹੀਂ"

ਮੈਂ ਇਉਂ ਹੀ ਰੁਲ਼ਦੀ ਰਹਾਂਗੀ
ਤੇਰੇ ਰਫ਼ ਵਰਕਿਆ 'ਚ।

## ਗੁਆਚਦਾ ਤਮਾਸ਼ਾ

ਜਾਦੂਗਰ ਪਿੜ ਵਿਚ ਕੱਪੜਾ ਵਿਛਾ ਕੇ
ਆਪਣਾ ਤਮਾਸ਼ਾ ਦਿਖਾਉਣ ਲੱਗਦਾ ਹੈ

ਟਿਊਬ ਦੇ ਟੁਕੜੇ ਖਾਂਦਾ ਹੈ
ਮੂੰਹ 'ਚੋਂ ਲੋਹੇ ਦੇ ਗੋਲੇ ਕੱਢਦਾ ਹੈ
ਲੋਹੇ ਦੇ ਵੱਟਿਆਂ ਨੂੰ ਜੋੜ ਦਿੰਦਾ ਹੈ
ਜੇਬਾਂ 'ਚੋਂ ਕਬੂਤਰਾਂ ਦਾ
ਜੋੜਾ ਕੱਢਦਾ ਹੈ
ਮੁੱਠੀ 'ਚੋਂ ਸਿੱਕੇ ਕੱਢਦਾ ਹੈ

ਸਾਰਾ ਤਮਾਸ਼ਾ ਦੇਖ ਕੇ ਵੀ
ਲੋਕ ਉਸ ਨੂੰ ਕੋਈ ਪੈਸਾ ਨਹੀਂ ਦਿੰਦੇ
ਪੜ੍ਹ-ਲਿਖ ਕੇ 'ਸਿਆਣੇ' ਜੋ ਹੋ ਗਏ
ਜਾਦੂਗਰ ਦੀ ਆਪਣੀ
ਇਸ ਹਾਲਤ 'ਤੇ
ਅੰਦਰੋਂ ਅੰਦਰ ਧਾਹ
ਨਿਕਲ ਜਾਂਦੀ ਹੈ

ਉਹ ਹੁਣ ਬੇਵਸੀ ਖਾਂਦਾ ਹੈ
ਮੂੰਹ 'ਚੋਂ ਦਰਅਸੀਸਾਂ ਕੱਢਦਾ ਹੈ
ਉਸ ਤੋਂ ਆਪਦੀਆਂ ਚੱਪਲਾਂ ਦੀਆਂ
ਟੁੱਟੀਆਂ ਵੱਧਰਾਂ ਵੀ
ਜੋੜ ਨਹੀਂ ਹੁੰਦੀਆਂ
ਉਹ ਜੇਬਾਂ ਪੁੱਠੀਆਂ ਕਰ ਕੇ
ਜੇਬ 'ਚ ਫਸੀ ਮਿੱਟੀ
ਝਾੜ ਦਿੰਦਾ ਹੈ
ਖ਼ਾਲੀ ਮੁੱਠੀ 'ਤੇ
ਖਾਜ਼ ਕਰਦਾ ਹੈ

ਜਾਦੂਗਰ ਜੋ ਕੁਝ ਸਮਾਂ ਪਹਿਲਾਂ
ਲੋਕਾਂ ਨੂੰ ਤਮਾਸ਼ਾ ਦਿਖਾਉਂਦਾ ਸੀ
ਲੋਕਾਂ ਅੱਗੇ ਖ਼ੁਦ
ਤਮਾਸ਼ਾ ਬਣ ਜਾਂਦਾ ਹੈ

*****

# ਅਮਨਦੀਪ ਸਿੰਘ



ਮਨ ਦੀ ਭਟਕਣ ਨੂੰ ਕੁਝ ਘੜੀਆਂ ਮੌਨ ਸਿਧਾ
ਹੁਣ ਅਮਨ ਦਾ ਵੇਲਾ ਏ, ਸੁਰਤੀ ਨਾ ਡੋਲਣ ਦੇ
ਅਮਨ ਤੂੰ ਚੁੱਪ ਕਰ ਜਾ, ਸ਼ਾਇਰੀ ਨੂੰ ਬੋਲਣ ਦੇ

ਸਫ਼ਿਆਂ ਦੇ ਧਰਾਤਲ ਤੋਂ ਚੁਗ ਚੋਗਾ ਲਫ਼ਜ਼ਾਂ ਦਾ
ਅਹਿਸਾਸਾਂ ਨੇ ਉਡਾਰ ਹੋਣਾ, ਪਰਾਂ ਨੂੰ ਤੋਲਣ ਦੇ
ਅਮਨ ਤੂੰ ਚੁੱਪ ਕਰ ਜਾ, ਸ਼ਾਇਰੀ ਨੂੰ ਬੋਲਣ ਦੇ

ਦਸਮ ਦੁਆਰ ਖੜਕੇ ਕਿੰਝ ਇਲਹਾਮ ਹੁੰਦਾ ਏ
ਇਹ ਭੇਤ ਜੋ ਗੁੱਝੇ ਨੇ, ਕੁਦਰਤ ਨੂੰ ਖੋਲਣ ਦੇ
ਅਮਨ ਤੂੰ ਚੁੱਪ ਕਰ ਜਾ, ਸ਼ਾਇਰੀ ਨੂੰ ਬੋਲਣ ਦੇ

ਧਿਆਨ ਟਿਕਾ ਜਜ਼ਬਾਤਾਂ ਤੇ ਡੋਲੀਂ ਨਾ ਬਿੰਦੂ ਤੋਂ
ਸ਼ਬਦਕ ਕਿਰਨਾਂ ਨੂੰ, ਅੰਤਰ ਆਤਮਾ ਫੋਲਣ ਦੇ
ਅਮਨ ਤੂੰ ਚੁੱਪ ਕਰ ਜਾ, ਸ਼ਾਇਰੀ ਨੂੰ ਬੋਲਣ ਦੇ

ਜਿਹੜੇ ਫੁਰਨੇ ਫੁਰਦੇ ਨੇ ਸਹਜੋ ਸਹਜ ਫੁਰਨ ਦੇ
ਕਿਥੋਂ ਹਰਫ਼ ਲਿਆਉਣੇ ਨੇ, ਕਲਮ ਨੂੰ ਟੋਲਣ ਦੇ
ਅਮਨ ਤੂੰ ਚੁੱਪ ਕਰ ਜਾ, ਸ਼ਾਇਰੀ ਨੂੰ ਬੋਲਣ ਦੇ

ਇਸ ਚੈਨ ਦੇ ਬੂਟੇ ਤੇ ਫੁੱਲ ਆਨੰਦੀ ਖਿਲਣੇ ਨੇ
ਪਾਸੇ ਬਹਿ ਵੇਖ ਨਜਾਰਾ, ਕਵਿਤਾ ਨੂੰ ਮੌਲਣ ਦੇ
ਅਮਨ ਤੂੰ ਚੁੱਪ ਕਰ ਜਾ, ਸ਼ਾਇਰੀ ਨੂੰ ਬੋਲਣ ਦੇ

**ਫਸਲਾਂ-ਨਸਲਾਂ**

ਮੰਜ਼ਿਲ ਪਾਉਣੀ ਹੋਵੇ, ਕੰਡਿਆਂ ਤੋਂ ਨਾ ਘਬਰਾਈਏ
ਰਾਹਾਂ ਤੇ ਨਾ ਤੁਰੀਏ ਆਪਣੇ ਰਾਹ ਬਣਾਈਏ
ਨੇਕ ਨੀਅਤਾਂ, ਪਾਕ ਇਰਾਦੇ ਸੁੱਚੇ ਕਰਮਾਂ ਨਾਲ
ਸਮਿਆਂ ਦੀ ਹਿੱਕ ਤੇ ਹਸਤਾਖਰ ਕਰ ਜਾਈਏ
ਨਸਲਾਂ ਖਾਤਰ ਫਸਲਾਂ ਖਾਤਰ ਪੈ ਜਾਏ ਮਰਨਾ
ਰਣ ਵਿਚ ਆਈਏ ਤੇਗ ਉਠਾਕੇ ਬਿੰਦ ਨਾ ਲਾਈਏ
ਸੱਚ ਬੋਲਣ ਦੀ ਸੱਚ ਮੰਗੇ ਕੁਰਬਾਨੀ ਜੇ
ਮਨਸੂਰ ਦੇ ਵਾਂਗੂੰ ਹੱਸਕੇ ਸੂਲੀ ਚੜ ਜਾਈਏ
ਇੱਕੋ ਹੀ ਤਾਂ ਮਿਲੀ ਹੈ ਜ਼ਿੰਦਗੀ ਜੀਣ ਲਈ
ਐਵੇਂ ਨਾ ਕਿਤੇ ਮਰੂੰ-ਮਰੂੰ ਕਰ ਮਰ ਜਾਈਏ
ਜਿੰਨੀ ਜੀਵੀਏ, ਆਪਣੀਆਂ ਸ਼ਰਤਾਂ ਤੇ ਜੀਵੀਏ
ਦਿਨ ਹਸ਼ਰ ਬੇਸ਼ਰਤ ਅਮਨ ਫਿਰ ਮਰ ਜਾਈਏ

**ਬਦਲਾਅ**

ਬਦਲ ਰਹੀ ਏ ਦੁਨੀਆ ਦੀ ਨੁਹਾਰ
ਅਸ਼-ਅਸ਼ ਕਰਦੀ ਜਵਾਨੀ ਪੰਜਾਬ ਦੀ
ਗੁੰਮ ਰਿਹਾ ਏ ਸ਼ੋਰ ਗੋਲੀਆਂ ਦਾ
ਸੁਰ ਗੂੰਜ ਰਹੀ ਏ ਫਿਜ਼ਾ 'ਚ ਰਬਾਬ ਦੀ

ਭਗਤ ਸਿੰਘ ਦੇ ਹਾਣੀ ਕਰ ਰਹੇ ਨਿਰਮਾਣ
ਇੱਕ ਦੁਨੀਆ ਜੋ ਸ਼ਹੀਦਾਂ ਦੇ ਖਾਬ ਦੀ
ਸੱਜਰੇ ਫੁੱਲਾਂ ਵਰਗੇ ਖਿੜੇ ਹੋਏ ਚਿਹਰੇ
ਖਿੰਡਾ ਰਹੇ ਖੁੱਲਕੇ ਮਹਿਕ ਗੁਲਾਬ ਦੀ

ਇਹ ਪਾਕ ਪਵਿੱਤਰ ਕਿੱਤਿਆਂ ਵਾਲੇ ਨੇ
ਪਰਵਾਹ ਨਹੀਂ ਕਰਦੇ ਕਿਸੇ ਖਿਤਾਬ ਦੀ
ਅਗਲੇ ਪੰਨੇ ਸਬਰ ਨੇ ਪਿਛਲੇ ਦਲੇਰੀ ਦੇ
ਜਿਲਦ ਪਾੜ ਰਿਹੈਂ ਤੂੰ ਜਿਸ ਕਿਤਾਬ ਦੀ

ਅਕਾਲ ਪੁਰਖ ਦੀ ਉਸਤਤ ਵਾਲਿਆਂ ਨੂੰ
ਪੁੱਗਦੀ ਨਾ ਕਦੇ ਚਾਪਲੂਸੀ ਸਾਹਬ ਦੀ
ਹਕੂਮਤਾਂ ਦੇ ਨਸ਼ੇ ਵਿਚ ਅੰਨ੍ਹੇ ਹਾਕਮਾ
ਗੱਲ ਫੱਬਦੀ ਨਾ ਤੇਰੇ ਮੂੰਹੋਂ ਸ਼ਬਾਬ ਦੀ

ਫੋਲਕੇ ਵੇਖ ਜ਼ਰਾ ਮਾਹਤਾਬ ਸੂਰਤਾਂ ਨੂੰ
ਸੀਨਿਆਂ 'ਚ ਤਪਸ਼ ਹੈ ਆਫ਼ਤਾਬ ਦੀ
ਜੋਰ ਹੋਣਾ ਤੇਰਾ ਕੂਲਿਆਂ ਖੰਭਾਂ ਤੇ
ਠੱਲ ਹੋਣੀ ਨਾ ਤੈਥੋਂ ਉਡਾਣ ਉਕਾਬ ਦੀ

ਵੀਹਾਂ ਦੇ ਲੰਗਰ ਨੇ ਥਾਂ-ਥਾਂ ਤੇ ਲੱਗੇ
ਗੱਲ ਕਰਦੈਂ ਕਿਹੜੇ ਹਿਸਾਬ ਕਿਤਾਬ ਦੀ
ਇਹ ਖੇਤ ਨਿਰੇ ਬਸ ਮਿੱਟੀ ਤਾਂ ਨਹੀਂ
ਇਤਿਹਾਸ, ਵਿਰਾਸਤ, ਸੱਭਿਅਤਾ ਨੇ ਪੰਜਾਬ ਦੀ

*****

## ਅਮਰਜੀਤ ਸਿੰਘ



### ਸੂਰਜ

ਅਸਾਂ ਸੂਰਜ ਦੇ ਗਲ ਧਾਗਾ ਬੱਧਾ
ਚੰਬੇ ਦਾ ਫ਼ੁੱਲ ਪਰੋ ਕੇ ............
ਉਹ ਵੀ ਸਾਨੂੰ ਗਲ ਲਾ ਮਿਲਿਆ
ਹਾਣ ਸਾਡੇ ਦਾ ਹੋ ਕੇ .........

ਕਿਸੇ ਜੁਲਾਹੇ ਲੋਗੜ ਪਿੰਜਿਆ
ਸੀ ਕੱਤਿਆ ਕਿਸੇ ਵਡੇਰੀ .......
ਕਿਸੇ ਲਲਾਰੀ ਰੰਗ ਚਾ ਦਿੱਤਾ
ਚੱਕ ਸੂਤ ਕਿਸੇ ਸੀ ਟੇਰੀ.........
ਮੱਥੇ ਅੱਖਾਂ ਦੇ ਨਾਲ ਲਾ ਕੇ
ਸਿਕਰੇ ਬੁੱਲ੍ਹਾਂ ਨਾਲ ਛੁਹਾਕੇ
ਕੰਬਦੇ ਹੱਥੀਂ ਗਲ ਓਹਦੇ ਲਾਇਆ
ਆਸਾਂ ਲੱਖਾਂ ਸੰਜੋਕੇ.........

ਅਸਾਂ ਸੂਰਜ ਦੇ ਗਲ ਧਾਗਾ ਬੱਧਾ
ਚੰਬੇ ਦਾ ਫ਼ੁੱਲ ਪਰੋ ਕੇ............
ਓਹਦੇ ਦਿਲ ਦੀ ਅੱਗ ਨੂੰ ਤੱਕਿਆ
ਸੀ ਕਿੰਨਾ ਭਰਿਆ ਪੀਤਾ.....
ਕਦੇ ਨਾ ਓਹਨੇ ਦਰਦ ਸੁਣਾਇਆ
ਕਦੇ ਸੀ ਤੱਕ ਵੀ ਨਾ ਕੀਤਾ....
ਓਹਦੇ ਸੇਕ ਨੂੰ ਮਾਣ ਨੇੜਿਓਂ
ਅੱਖਾਂ ਵਿੱਚੋ ਅੱਥਰੂ ਕਿਰ ਗਏ
ਕਿਰ ਗਏ ਕੁੰਦਨ ਹੋ ਕੇ।

ਅਸਾਂ ਸੂਰਜ ਦੇ ਗਲ ਧਾਗਾ ਬੱਧਾ
ਚੰਬੇ ਦਾ ਫ਼ੁੱਲ ਪਰੋ ਕੇ...........
ਨਸ਼ਾ ਜਿਓਂ ਕਿਸੇ ਧਧੂਰਾ ਦਿੱਤਾ
ਸਾਡੀ ਸੁੱਧ ਬੁੱਧ ਫਿਰੇ ਗੁਆਚੀ .....
ਓਹਦੀਆਂ ਲਪਟਾਂ ਵਿੱਚ ਗੁਵਾਚੇ
ਜਿਓਂ ਪੁੰਨੂੰ ਤੇ ਡਾਚੀ.....
ਪੱਛਮ ਵਲ ਤੱਕਾਂ ਡਰ ਜਾਵਾਂ
ਓਹਦੇ ਨਾਲ ਖਲੋ ਕੇ.......
ਅਸਾਂ ਸੂਰਜ ਦੇ ਗਲ ਧਾਗਾ...

### ਕੁਦਰਤ

ਮਿੱਟੀ ਦੇ ਟੁਕੜੇ ਨੂੰ ਮਿੱਟੀਏ
ਬਾਤ ਕਦੇ ਕੋਈ ਪਾ ....
ਕਿੰਝ ਬਣੇ ਨਦੀਆਂ ਤੇ ਸਾਗਰ
ਪਰਬਤ ਹਵਾ ਜਾਂ ਘਾਹ...

ਕਿੰਝ ਪਾਣੀ ਹੈ ਨੀਲਾ ਦਿਸਦਾ
ਕਿੰਝ ਬਣ ਬੱਦਲ ਵਰ੍ਹਦਾ ...
ਕਿੰਝ ਪਰਬਤ ਦੇ ਚਿੱਟੇ ਮੁੱਖ ਤੇ
ਧੁੰਦ ਕਰਦੀ ਹੈ ਪਰਦਾ ...

ਕਿੰਝ ਬੀਜ ਕੋਈ
ਆਪਣੀ ਰੁੱਤੇ ਉੱਗੇ
ਕਿੰਝ ਫੱਬਦਾ ਤੇ ਫਲਦਾ...
ਕਿੰਝ ਕੋਈ ਬੂਟੀ ਭੋਂ ਚੁੰਮਦੀ ਹੈ
ਕਿੰਝ ਰੁੱਖ ਅੰਬਰ ਛੱਲਦਾ...

ਕਿੰਝ ਰੁੱਤਾਂ ਦੇ ਚੱਕਰ ਘੁੰਮਦੇ
ਬਣ ਗਰਮ ਤੇ ਸਰਦ ਹਵਾਵਾਂ...
ਕਿੰਝ ਇੱਕੋ ਜਿਹੀ ਮਮਤਾ ਰੱਖਣ
ਇਸ ਜਗਤ ਦੀਆਂ ਮਾਵਾਂ...

ਕਾਲੀ ਰਾਤ ਕਿੰਝ ਕਿੱਕਲੀ ਪੌਂਦੀ
ਫੜ ਪੁੰਨਿਆ ਦੀਆਂ ਬਾਹਾਂ...

ਏਨਾ ਪਾਬੰਦ ਸਮੇਂ ਦਾ ਸੂਰਜ
ਜਿਓਂ ਚਲਦੀਆਂ ਨੇ ਸਾਹਾਂ...

ਪੰਛੀ ਕਿਵੇਂ ਉਡਾਰੀ ਭਰਦੇ
ਕਿੰਝ ਮੀਨ ਕੋਈ ਹੈ ਤਰਦੀ...
ਕਿੰਝ ਫੁੱਲਾਂ ਦੇ ਰੰਗ ਕੋਈ ਤਿੱਤਲੀ
ਖੰਭਾਂ ਦੇ ਵਿੱਚ ਭਰਦੀ ...

ਦੁੱਧ, ਦਹੀਂ ਤੇ ਮੱਖਣ ਹੈ ਕਿੰਝ
ਕਿੰਝ ਲੂਣ ਸ਼ਹਿਦ ਤੇ ਦਾਣੇ ...
ਕਿੰਝ ਜਖਮਾਂ ਦੇ ਫੱਟ ਭਰ ਜਾਂਦੇ
ਤੇ ਕੌਣ ਅੱਲ੍ਹਾ ਨੂੰ ਜਾਣੇ...
ਤੇ ਕੌਣ ਅੱਲ੍ਹਾ ਨੂੰ ਜਾਣੇ...

### ਕਹਿਰ ਦੀ ਮੌਤ

ਅੱਜ ਫਿਰ ਕਹਿਰ ਦੀ ਮੌਤ ਹੋਈ ਹੈ
ਅੱਜ ਫਿਰ ਕੋਈ ਜ਼ਮੀਰ ਹੈ ਮਰਿਆ

ਅੱਜ ਫਿਰ ਹਵਾ ਦੀ ਅੱਖ ਨਮ ਹੋਈ
ਅੱਜ ਫਿਰ ਤੋਂ ਅੰਬਰਾਂ ਹੌਕਾ ਭਰਿਆ

ਅੱਜ ਫਿਰ ਫੁੱਲਾਂ ਨਾਲ ਰੰਗ ਰੁੱਸੇ
ਅੱਜ ਫਿਰ ਕੁੱਦਰਤ ਬੂਹਾ ਜੜਿਆ

ਅੱਜ ਫਿਰ ਅੱਖਾਂ ਨੀਵੀਂ ਪਾ ਲਈ
ਅੱਜ ਫਿਰ ਨਬਜਾਂ ਨੂੰ ਤਾ ਚੜਿਆ

ਅੱਜ ਫਿਰ ਕਿੱਸੇ ਦੇ ਦਿਲ ਦਾ ਟੋਟਾ
ਕਿਸੇ ਦੀ ਭੁੱਖ ਲਈ ਚੁੱਲ੍ਹੇ ਚੜ੍ਹਿਆ

ਅੱਜ ਫਿਰ ਕਹਿਰ ਦੀ ਮੌਤ ਹੋਈ ਹੈ
ਅੱਜ ਫਿਰ ਕੋਈ ਜ਼ਮੀਰ ਹੈ ਮਰਿਆ
*****

## ਈਸ਼ਾ ਨਾਰੰਗ

ਮੈਂ ਹਾਕ ਮਾਰੀ
ਉਸਨੇ ਸੁਣੀ,
ਮੇਰੇ ਵੱਲ ਤੱਕਿਆ
ਤੇ ਅੰਦਰੇ ਗੁਆਚ ਗਈ ਕਿਤੇ

ਬਾਹਰ ਭਾਲਦਾ ਹਾਂ ਉਸਨੂੰ
ਦਿਨ ਦੀ ਰੌਸ਼ਨੀ ਵਿੱਚ
ਗਾਹੁੰਦਾ ਹਾਂ ਲੰਬੇ ਪੈਂਡੇ
ਪਰ ਲੱਭ ਨਹੀਂ ਹੁੰਦੀ ਉਹ

ਉਂਝ ਛੋਹ ਉਸਦੀ, ਮੈਂ
ਮਹਿਸੂਸਦਾ ਹਾਂ
ਨਜ਼ਰ ਨਜ਼ਾਰਿਆਂ ਤੋਂ
ਜਦ ਵੀ ਹਟ ਜਾਂਦੀ ਹੈ

ਮੇਰੇ ਰੋਮ ਰੋਮ ਵਿੱਚ
ਤਰੰਗ ਬਣ ਤੁਰਦੀ ਹੈ
ਸਾਹਾਂ ਦੇ ਨਾਲ ਨਾਲ
ਸਾਜ਼ ਬਣ, ਧੜਕਦੀ ਹੈ

ਮੇਰੀ ਹੀ ਹੈ ਬੱਸ ਸਾਰੀ ਦੀ ਸਾਰੀ
ਇੰਨਾ ਤਾਂ ਜਾਣਦਾ ਹਾਂ
ਪਰ ਜਿੰਨਾ ਮੈਂ ਇਹ ਜਾਣਦਾ ਹਾਂ,
ਉਨਾ ਹੀ ਬੇਖ਼ਬਰ ਹਾਂ
ਇਸ ਗੱਲ ਤੋਂ ਕਿ, ਸੱਚਮੁੱਚ,
ਉਹ ਹੈ ਵੀ ਜਾਂ ਨਹੀਂ!!
*****

ਸ਼ੱਕ ਹੋਣ ਲੱਗਦਾ ਐ
ਅਪਨੇ ਵਿਸ਼ਵਾਸ ਤੇ ਵੀ
ਜਦੋਂ ਇੰਨੀ ਨੇੜਤਾ ਵਿਖਾ ਕੇ
ਕੋਈ ਲੋਪ ਹੋ ਜਾਂਦਾ ਹੈ
ਸਿਰਫ਼ ਸਾਡੇ ਲਈ

ਓਹੀ ਲੋਕ ਓਹੀ ਦੁਨੀਆ
ਓਹੀ ਮਹਿਫ਼ਲਾਂ ਓਹੀ ਗੱਲਾਂ



ਬਸ ਅਸੀਂ ਆਪਸ ਵਿੱਚ
ਗੱਲ ਨਹੀਂ ਕਰ ਰਹੇ ਹੁੰਦੇ

ਕੀ ਵਾਪਰਦਾ ਹੈ
ਇਹ ਦੱਸਣ ਲਈ
ਸ਼ਬਦ ਨਹੀਂ ਹਨ

ਆਪਣੇ ਦਿਲ ਨੂੰ, ਦਿਮਾਗ ਨੂੰ
ਵਕੀਲਾਂ ਵਾਂਗ
ਘੁਮਾ ਘੁਮਾ ਕੇ
ਇਕ ਹੀ ਸਵਾਲ ਪੁੱਛਦੇ

ਕਿੱਥੇ ਹੋ ਗਈ ਭੁੱਲ?
ਕਿਹੜਾ ਲੜ ਪਾਟ ਗਿਆ
ਰਿਸ਼ਤੇ ਦੀ ਚਾਦਰ ਦਾ?
ਸਿਰ ਨੰਗਾ ਕਿਉਂ ਹੈ?

ਜਿਸ ਧਰਤੀ ਵਿਚ
ਪਾਣੀ ਦਾ ਪੱਧਰ
ਨੀਵਾਂ ਚਲਾ ਗਿਆ ਹੋਵੇ,
ਨਲ਼ਕੇ ਗੇੜੀ ਜਾਣ ਨਾਲ
ਕੀ ਪਾਣੀ ਆ ਜਾਓ?

ਕਾਗ਼ਜ਼ ਕਲਮ ਲਈ ਬੈਠੇ
ਲੀਕਾਂ ਵਾਹੀ ਜਾ ਰਹੇ ਹੁੰਦੇ ਹਾਂ ਅਸੀਂ
ਖ਼ੁਦ ਨੂੰ ਫਰੋਲਦੇ

ਜਵਾਬ ਕਿੱਥੋਂ ਮਿਲਣੇ?
ਜਵਾਬ ਤਾਂ ਹੁੰਦੇ ਹੀ ਨਹੀਂ

ਬਦਲ ਗਏ ਦਿਲ ਦਾ
ਨਾ ਕੋਈ ਇਲਾਜ ਹੁੰਦਾ ਹੈ
ਨਾ ਹੀ ਕੋਈ ਸਜਾ!
*****

ਉਸਨੇ ਖ਼ੁਦ ਚੁਣੀ ਆਪਣੀ ਮੰਜ਼ਿਲ
ਫੇਰ ਇਕ ਲੰਬੇ ਸਫ਼ਰ ਤੇ ਤੁਰ ਪਿਆ

ਰਾਹਾਂ ਦੀ ਧੂੜ-ਧੱਕੜ
ਨੰਗੀਆਂ ਬਿਆਈਆਂ ਨੂੰ
ਚੁੱਭਦੇ-ਚੀਰਦੇ ਰੋੜੇ ਪੱਥਰ
ਪਸੀਨੇ ਤੇ ਖ਼ੂਨ ਦੇ ਰੰਗ
ਆਪਸ ਵਿੱਚ ਘੁੱਲਦੇ ਜਾਂਦੇ
ਮੰਜ਼ੈਲ ਦੀ ਹਾਕ ਸੁਣ ਪੈਂਦੀ ਸੀ

ਹਨ੍ਹੇਰੇ ਮਿਲੇ ਹਨ੍ਹੇਰਿਆਂ ਵਿੱਚ
ਲੁੱਕ ਕੇ ਬੈਠੀ ਰੌਸ਼ਨੀ ਮਿਲੀ
ਚਾਨਣ ਹੋਇਆ
ਸਾਫ਼ ਦਿਸਣ ਲੱਗੇ ਰਾਹ

ਪਿੱਛੇ ਛੁੱਟ ਗਿਆ ਬਹੁਤ ਕੁਝ
ਖਾਈ ਗਹਿਰੀ ਹੁੰਦੀ ਰਹੀ

ਡਿੱਗਦੇ ਰਹੇ ਰਿਸ਼ਤੇ
ਫ਼ਰਿਸ਼ਤਿਆਂ ਦੀ ਭਾਲ਼ ਵਿੱਚ

ਤੁਰਦੇ ਰਹੇ ਪੈਰ
ਸਵਰਗ ਦੇ ਸਿਰਨਾਵੇਂ ਤਲਾਸ਼ਦਿਆਂ
ਭਟਕਣ ਨਾਲ ਤੁਰਦੀ

ਨਾ ਰੁੱਕਦੀ ਘੜੀ ਦੀ ਟਿਕ-ਟਿਕ
ਰੰਗ ਆਪਣੇ ਰੰਗ ਵਿੱਚ
ਉਸ ਨੂੰ ਰੰਗੀ ਰੱਖਦੇ -

ਰੰਗ ਮੌਸਮਾਂ ਨਾਲ
ਬਦਲਦੇ ਰਹਿੰਦੇ!!
*****

# ਇੰਦਰਜੀਤ ਜਾਦੂ



## ਕਵਿਤਾਵਾਂ

ਕਸਾਈ ਕੋਲ
ਬੱਕਰੇ ਦਾ ਮੀਟ ਲੈਣ ਗਿਐ ਬਿੱਕਰ

ਬਿੱਕਰ ਨੂੰ ਕਸਾਈ 'ਤੇ ਸ਼ੱਕ ਐ
ਕਿ ਉਹ ਮੌਲੇ ਬੱਕਰੇ ਦਾ ਮੀਟ
ਜਾਂ ਹੋਰ ਮਾੜਾ ਮੀਟ ਰਲਾ ਕੇ ਵੇਚਦੈ

ਬਿੱਕਰ, ਕਸਾਈ ਕੋਲ ਖੜ੍ਹੈ
ਤੇ ਕਸਾਈ 'ਤੇ ਰੱਖ ਰਿਹਾ
ਪੀਡੀ ਨਜ਼ਰ
ਫੜਨੀ ਚਾਅ ਰਿਹਾ
ਉਸ ਦੀ ਧਾਂਦਲੀ

ਕਸਾਈ ਨੇ ਮੀਟ ਇਸ ਤਰ੍ਹਾਂ
ਵੱਢਣਾ ਸ਼ੁਰੂ ਕਰਤੈ
ਕਿ ਬਿੱਕਰ ਦੇ ਚਿੱਟੇ ਕਪੜਿਆਂ 'ਤੇ
ਖ਼ੂਨ ਦੇ ਛਿੱਟੇ ਪੈ ਰਹੇ ਨੇ

ਬਿੱਕਰ ਕਾਫੀ ਵਿੱਥ 'ਤੇ ਜਾ
ਖਲੋ ਗਿਐ
ਨਜ਼ਰ ਰੱਖਣ ਦੀ ਕੋਸ਼ਿਸ਼ ਕਰ ਰਿਹਾ
ਪਰ ਵਿੱਥ ਦਾ ਫਾਇਦਾ ਉਠਾ ਕੇ
ਕਸਾਈ ਧਾਂਦਲੀ ਕਰਨ 'ਚ
ਸਫ਼ਲ ਹੋ ਗਿਐ
*****

ਗੁਰਦੁਆਰੇ ਕੋਲ ਕੁਝ ਮਹੀਨੇ ਪਹਿਲਾਂ
ਕੁੱਤੀ ਸੂਈ ਐ

ਪਾਠੀ ਹਰਨਾਮ ਸਿੰਘ ਪਾਠ ਕਰਕੇ
ਘਰ ਨੂੰ ਜਾ ਰਿਹੈ

ਇਕ ਕਤੂਰਾ ਅਛੋਪਲੇ ਜਿਹੇ
ਉਸ ਦੇ ਮਗਰ ਲੱਗ ਤੁਰਿਐ

ਅਧਵਾਟੇ ਜਿਹੇ ਹਰਨਾਮ ਨੇ
ਕੁੱਤਾ ਲਲਕਰ ਕੇ
ਉਥੇ ਈ ਰੋਕ ਦਿੱਤਾ ਬੀਹੀ ਵਿੱਚ
ਬੀਹੀ ਵਿੱਚ ਕਿਸੇ ਨੇ ਮਿੱਟੀ ਦੀ
ਟਰਾਲੀ ਲਹਾਈ ਹੋਈ ਹੈ
ਬੀਹੀ ਵਿੱਚ ਬੰਦੇ ਦੇ
ਲੰਘਣ ਜੋਗੀ ਜਗ੍ਹਾ ਬਚੀ ਹੈ

ਕਤੂਰਾ ਓਹੋ ਜਗ੍ਹਾ ਮੱਲੀ ਬੈਠਾ
ਜੋ ਵੀ ਲੰਘਦੈ
ਠੇਡੇ ਨਾਲ ਕਤੂਰਾ ਪਰ੍ਹਾਂ ਕਰ ਦਿੰਦੈ

ਮਾਸਟਰ ਜਗਸੀਰ ਸਿੰਘ ਲੰਘਿਐ,
"ਦੇਖ ਮੇਰੇ ਸਾਲ੍ਹਕੜੇ ਦਾ
ਸਾਰੀ ਗਲੀ ਘੇਰੀ ਬੈਠਾ"

ਕਾਮਰੇਡ ਹਰਬਚਨ ਸਿੰਘ ਲੰਘਿਐ,
"ਹਟ ਪਰਾਂ ਮੋਦੀ ਦੀ
ਨਾਜਾਯਜ਼ ਔਲਾਦ"

ਸਰਪੰਚ ਗਮਦੂਰ ਸਿੰਘ ਲੰਘਿਐ,
"ਹੈਅ ਤੇਰੇ ਦੀ ਗਲੱਕ
ਕਿਸੇ ਥਾਂ ਦਾ"
ਬਚਨੋ ਬੁੜੀ ਲੰਘੀ ਏ,
"ਪਰਾਂ ਮਰ ਔਂਤਰਿਆ ਪਲੇਗ ਦੇ
ਜਾਣੀ ਦਾ"

ਮੋਬਾਈਲ 'ਤੇ ਨਿਗ੍ਹਾ ਗੱਡੀ ਆਉਂਦਾ
ਹੈਪੀ,
"ਹੀੜੀ ਥੱਲੇ ਈ ਆਗੀ ਸੀ
ਭੈਣਚੋ... ਦੀ ਕੁਤੀਹੜ"

ਬੋਘਾ ਕਮਲਾ ਸ਼ਰਾਬ ਦਾ ਰੱਜਿਐ
ਕੋਲ ਦਿਹਾੜੀ ਵਾਲੀ ਰੋਟੀ ਐ
ਮਿੱਟੀ ਦੀ ਢੇਰੀ 'ਚ ਮੂੰਹ ਗੁਡ ਗਿਐ
ਕਤੂਰਾ ਕੋਲ ਬੈਠ ਪੂਛ ਮਾਰਦਾ ਹੋਇਆ
ਚੂੰ-ਚੂੰ ਕਰਨ ਲੱਗੈ

ਬੋਘਾ ਕਤੂਰੇ ਨੂੰ,
"ਕੋਈ ਨਾ ਪੁੱਤ ਤੂੰ ਕਾਹਨੂੰ ਰੋਨੈ
ਮਿੱਟੀ ਦੀ ਢੇਰੀ ਤਾਂ
ਤੀਜੇ ਦਿਨ ਲਾ ਦਿੰਦੇ ਨੇ ਲੋਕ
ਹੁਣ ਤਾਂ ਸੁਭਾਅ ਬਣ ਗਿਐ

ਨਾਲੇ ਆਪਣਾ ਕਿਹੜਾ ਅਧੀਆ ਡੁੱਲ੍ਹਿਐ
ਓਹ ਤਾਂ ਮੈਂ ਪਹਿਲਾਂ ਈ ਪੀ ਲਿਐ"
ਇਹ ਕਹਿ ਬੋਘਾ ਹੱਸ ਪਿਆ
ਬੋਘੇ ਕਮਲੇ ਨੇ ਸਿਰ ਸਾਫਾ ਬੰਨ੍ਹਿਐ
ਮਿੱਟੀ 'ਤੇ ਬੈਠ ਗਿਐ
ਰੋਟੀਆਂ ਆਲਾ ਪੋਣਾ ਖੋਲ੍ਹਿਐ

"ਲੈ ਪੁੱਤ ਅੱਜ ਤੂੰ ਖਾ
ਮੈਂ ਤਾਂ ਕੱਲ੍ਹ ਨੂੰ ਖਾਲੂੰ"

ਕਤੂਰਾ ਫੇਰ ਚੂਕ ਰਿਹੈ
ਉਹ ਪੁੱਤ ਤੂੰ ਵੀ ਮੇਰੇ ਵਰਗਾ ਕਮਲੈਂ
ਨਾ ਰੋਟੀ ਖਾਣੀ ਆਉਂਦੀ ਏ,
ਨਾ ਸਾਂਭਣੀ

ਚੱਲ ਚੱਲੀਏ!
ਬੋਘੇ ਕਮਲੇ ਨੇ ਕਤੂਰਾ ਕੁੱਛੜ
ਚੁੱਕ ਲਿਐ

ਰੋਟੀਆਂ ਵਾਲਾ ਪੋਣਾ
ਮਿੱਟੀ ਦੇ ਢੇਰ 'ਤੇ ਭੁੱਲ ਗਿਐ
ਬੋਘਾ ਕਮਲਾ

ਤੇ ਤੁਰਿਆ ਜਾ ਰਿਹਾ
ਕਤੂਰਾ ਕੁੱਛੜ ਚੁੱਕੀ...
*****

## ਸੰਦੀਪ



### ਨਵਾਂ-ਨਵਾਂ

ਉਸ ਨਵੀਂ ਕਾਢ ਪਿੱਛੋਂ
ਔਖਾ ਹੋ ਗਿਆ ਨਵਾਂ ਹੋਣਾ
ਜਦੋਂ ਨਵੇਂ ਦੁੱਖ ਦੀ ਨੁੱਕਰ ਵੱਜੀ
ਪੁਰਾਣੇ ਖ਼ੂਨ ਦੀ ਤਤੀਰੀ ਪਈ

ਨਵਾਂ ਬੰਦਾ
ਦੁਖੀ ਸੀ ਪੁਰਾਣੇ ਤੋਂ
ਤੇ ਨਵੇਂ ਹਾਲਾਤ
ਪੁਰਾਣਿਆਂ ਤੋਂ ਵੀ ਔਖੇ
ਨਵੇਂ ਹਾਲਾਤਾਂ ਦੀ ਨਵੀਂ ਜੁੱਤੀ
ਵੱਢਦੀ ਰਹੀ ਪੈਰ

ਨਵੀਂ ਤਸਵੀਰ ਕੈਦ ਹੁੰਦਿਆਂ ਹੀ
ਹੋਰ ਨਵੀਂ ਹੋਈ
ਫਲੈਸ਼ ਵੱਜੀ
ਤੇ ਅੰਨ੍ਹੀਆਂ ਅੱਖਾਂ 'ਚ ਜਨਮੇ
ਨਵੇਂ ਹਨ੍ਹੇਰੇ

ਸਭ ਕੁਝ ਨਵਾਂ ਹੀ ਨਵਾਂ
ਹੁਣ ਪੁਰਾਣੇ ਕਵੀ ਲਈ
ਸੰਭਲਣਾ ਔਖਾ
ਪਰ ਨਵੀਂ ਕਵਿਤਾ ਲਈ
ਨਵੇਂ ਸ਼ਬਦ ਲੱਭਦੇ

ਨਵੀਂ ਕਾਢ ਪਿੱਛੋਂ
ਪੁਰਾਣਾ ਸੀ ਜੇਕਰ ਕੁਝ
ਉਹ ਸੀ ਤਸੱਲੀ
ਪਹਿਲੀ ਕਵਿਤਾ ਜਿਹੀ
ਨਵੀਂ ਕਾਢ ਜਿਹੀ...

### ਐਗਜ਼ੌਸਟ ਫੈਨ

ਮੇਰੇ ਕਮਰੇ ਅੰਦਰਲਾ ਵਕਤ
ਬੇਚੈਨ ਘੁੰਮ ਰਿਹੈ ਕਮਰੇ ਅੰਦਰ
ਅੱਗੇ-ਪਿੱਛੇ ਪਰ ਡਰਦਾ
ਐਗਜ਼ੌਸਟ ਫੈਨ ਅੱਗੇ ਜਾਣ ਤੋਂ
ਵੇਖਿਆ ਉਸਨੇ ਹੁਣੇ-ਹੁਣੇ
ਕਿ ਕਿਵੇਂ ਖਿੱਚ 'ਕੇ ਵਗਾਹ ਬਾਹਰ
ਮਾਰੀ ਉਸਨੇ
ਮੇਰੀ ਇੱਕ ਕਵਿਤਾ

ਵਕਤ ਹੀ ਵੇਖ ਸਕਦੈ
ਉੱਡਦੇ ਸ਼ਬਦਾਂ ਦੇ ਪੈਟਰਨ
ਤੇ ਸ਼ਬਦ ਹੀ ਪੜ੍ਹ ਸਕਦੇ
ਵਕਤ ਦੀ ਚਾਲ
ਹੈ ਦੋਹਾਂ ਦੀ ਕੋਈ ਸਾਂਝ ਪੁਰਾਣੀ

ਹੰਝੂ ਭਿੱਜੀਆਂ ਭਾਵਨਾਵਾਂ ਦੇ ਬੱਦਲ
ਵਰ੍ਹ ਸਕਦੇ ਨੇ ਕਦੇ ਵੀ
ਬੱਦਲ, ਜੋ ਬੇਵਕਤ ਫਟਦੇ ਵੇਖੇ ਮੈਂ
ਐਗਜ਼ੌਸਟ ਫੈਨ ਹੁਣ ਲੋੜ ਨਹੀਂ
ਮੇਰੀ ਜ਼ਰੂਰਤ ਬਣ ਚੁੱਕੈ

ਇਹਨਾਂ ਟੋਟਿਆਂ ਨੂੰ,
ਇਸ ਤਮਾਮ ਨੂੰ,
ਲਿਖ ਸੰਭਾਲ ਲੈਣਾ ਚਾਹੀਦਾ
ਮੈਂ ਧੂੰਆਂ ਹੋ ਸਕਦਾ ਕਦੇ ਵੀ
ਤੇ ਕਦੇ ਵੀ ਹੋ ਸਕਦੈ ਬਾਗੀ
ਵਕਤ ਦਾ ਐਗਜ਼ੌਸਟ ਫੈਨ...

### ਨਜ਼ਰ

ਉਹ ਦੂਰਬੀਨ 'ਚੋਂ ਜੋ ਕੁਝ ਵੀ
ਜੀਵੰਤ ਵੇਖਦਾ
ਨੇੜੇ ਪੁੱਜਦਾ ਤਾਂ ਹੁੰਦਾ ਸਭ ਬੇਜਾਨ
ਨਜ਼ਰ ਲਈ ਦੂਰ-ਨੇੜੇ ਦਾ ਸਾਧਨ ਹੈ
ਵਕਤ ਵਕਤ ਲਈ ਨਜ਼ਰ
ਸਵਾਰੀ ਤੋਂ ਵੱਧ ਕੁਝ ਨਹੀਂ

ਉਹ ਜਿਸ ਥਾਂ 'ਤੇ ਵੀ ਪੁੱਜਦਾ
ਤਾਪਮਾਨ, ਮਹਿਕ, ਫੀਲ- ਸਭ
ਵੱਖਰਾ ਹੁੰਦਾ ਦ੍ਰਿਸ਼ ਦੀ ਛੋਹ ਲਈ
ਅੰਦਰ ਪ੍ਰਵੇਸ਼ ਕਰਨਾ ਪੈਂਦਾ

ਦੂਰੋਂ ਝੂਮਦੇ ਦਿਸਦੇ ਰੁੱਖਾਂ ਨੂੰ
ਤਪਾ ਰਿਹਾ ਹੁੰਦਾ ਸੂਰਜ ਤੱਤੀਆਂ
ਹਵਾਵਾਂ ਨਾਲ ਸੂਰਜ ਧਰਤੀ 'ਤੇ
ਪਿਘਲ 'ਕੇ ਡਿੱਗਦਾ
ਤਾਂ ਬਣ ਜਾਂਦਾ ਅਦ੍ਰਿਸ਼
ਆਤਿਸ਼ੀ ਹਵਾ

ਚੋਟੀਆਂ 'ਤੇ ਖਿੰਡੀ ਹੋਈ ਚਾਂਦੀ
ਨੰਗੀ ਛੋਹ ਲਈ ਜ਼ਹਿਰ ਤੋਂ ਘੱਟ ਨਹੀਂ
ਜੋ ਉਡਾਣ 'ਚ ਹੀ ਪੱਥਰ ਕਰ ਦਿੰਦੀ ਪੰਛੀ ਨੂੰ
ਦੂਰੋਂ ਨਹੀਂ ਦਿਸਦੀ ਪੱਥਰਾਂ ਦੀ ਚੋਭ

ਉਹ ਆਪਣੀ ਐਨਕ ਨੂੰ ਚੇਤੇ ਕਰਦਾ
ਵੇਖਣ ਲਈ, ਜੋ ਵੀ,
ਜਿਵੇਂ ਦਾ ਵੀ ਹੈ ਦ੍ਰਿਸ਼।
ਅੱਖਾਂ ਗੁਆਉਣ ਪਿੱਛੋਂ
ਹੋਈ ਨਵੀਂ ਇੰਦਰੀ ਐਨਕ

ਜਿੰਨੀ ਬੇਜਾਨ ਉਸਦੀ ਐਨਕ
ਹੁਣ ਓਨੀ ਹੀ ਜਾਨ ਪਾਉਂਦੀ
ਹਰ ਦ੍ਰਿਸ਼ 'ਚ ਅੰਦਰ...

## ਸਿਮਰਨ ਅਕਸ



ਨਾਮ ਮੇਰੇ ਦੇ ਕੋਸੇ ਚੁੰਮਣ ਖੌਰੇ ਕਿੱਥੇ ਕਿਰ ਕੁਰ ਗਏ
ਰੀਝਾਂ ਜਿਉਂ ਮਾਂ ਬਾਹਰੇ ਬੱਚੇ ਆਪੇ ਰੋ ਕੇ ਵਿਰ ਵੁਰ ਗਏ

ਸਮਿਆਂ ਨੇ ਜਦ ਹੋਕਾ ਦਿੱਤਾ ਪ੍ਰੇਮ ਗਲ਼ੀ ਵਿੱਚ ਆਵਣ ਦਾ
ਸੀਸ ਟਿਕੇ ਆ ਤਲ਼ੀਆਂ ਉੱਤੇ, ਬਾਕੀ ਕਿਧਰੇ ਸਿਰ ਸੁਰ ਗਏ

ਵੱਡੇ ਆਖਣ ਥਿਰ ਹੋਵਣ ਲਈ ਧਿਰ ਦਾ ਹੋਣਾ ਲਾਜ਼ਿਮ ਹੈ
ਹੁਨਰ ਨੇ ਅਪਣਾ ਦਾਅਵਾ ਕੀਤਾ ਖਿੰਡ ਖੁੰਡ ਸਾਰੇ ਧਿਰ ਧੁਰ ਗਏ

ਸ਼ੁਕਰ ਹੈ ਔਖੇ ਵੇਲੇ ਸਦਕੇ ਕਿੰਨੇ ਪਰਦੇ ਲੱਥ ਗਏ
ਕਿੰਨੇ ਦਿਲ ਦੇ ਤਖ਼ਤੀਂ ਬਹਿ ਗਏ ਕਿੰਨੇ ਨਜ਼ਰੋਂ ਗਿਰ ਗੁਰ ਗਏ

ਮੇਰੇ ਸਿਰ ’ਤੇ ਨੱਚਣ ਵਾਲੇ ਮੋੜ ਕੇ ਅੱਗੇ ਲਾਏ ਤਾਂ
ਲਾਂ ਤੋਂ ਬਣੇ ਸਿਹਾਰੀ ਔਂਕੜ ਘੇਰਨ ਵਾਲੇ ਘਿਰ ਘੁਰ ਗਏ

*****

ਅਕਸਰ ਮੇਰੀਆਂ ਨੀਦਾਂ ਉੱਤੇ ਪੈ ਜਾਂਦੀ ਹੈ ਭਾਰੀ ਰਾਤ
ਯਾਦਾਂ ਦਾ ਚੌਮੁਖੀਆ ਦੀਵਾ ਬਲ਼ਦਾ ਹੈ ਫਿਰ ਸਾਰੀ ਰਾਤ

ਸੂਹੀ ਅੱਖ ਦਾ ਸੰਦਲੀ ਸੁਪਨਾ ਸੁਰਖ਼ ਸਵੇਰੇ ਟੁੱਟ ਜਾਵੇ
ਕਈ ਰਾਤਾਂ ਫਿਰ ਅੱਖ ਨਾ ਲੱਗੇ ਕਈ ਦਿਨ ਰਹਿੰਦੀ ਜਾਰੀ ਰਾਤ

ਭੁੱਲ ਭੁਲੇਖੇ ਰੌਸ਼ਨੀਆਂ ਨੇ ਵਣਜ ਕਮਾਇਆ ’ਨ੍ਹੇਰੇ ਦਾ
ਪੋਟਾ ਪੋਟਾ ਚਾਨਣ ਦੇ ਕੇ ਕਿਸ਼ਤਾਂ ਵਿੱਚ ਉਤਾਰੀ ਰਾਤ

ਸਿਖ਼ਰ ਦੁਪਹਿਰੇ ਅੱਗਾਂ ਲੱਗਣ ਖ਼ੂਨ ਦੀ ਹੋਲੀ ਹੋ ਜਾਵੇ
ਦਿੱਲੀ ਉੱਤੇ ਚੜ੍ਹ ਕੇ ਆਵੇ ਵੋਟਾਂ ਦੀ ਸਰਕਾਰੀ ਰਾਤ

ਫ਼ਿਕਰ, ਉਦਾਸੀ, ਤਨਹਾਈ ਦਾ ਸੇਕ ਜਦੋਂ ਵੀ ਵੱਧ ਜਾਵੇ
ਖ਼ੁਦ ਨੂੰ ਖ਼ੁਦ ਦੇ ਸੀਨੇ ਲਾ ਕੇ ‘ਅਕਸ’ ਮੇਰੇ ਨੇ ਠਾਰੀ ਰਾਤ

*****

ਕਿੰਨੀਆਂ ਖ਼ੁਸ਼ੀਆਂ ਹਉਕੇ ਬਣੀਆਂ ਕਿੰਨੇ ਹਾਸੇ ਰੋਏ
ਫੇਰ ਕਿਤੇ ਜਾ ਸੱਜਣ ਜੀ ਅਸੀਂ ਤੇਰੇ ਜੋਗੇ ਹੋਏ

ਨ੍ਹੇਰ ਜ਼ਰਾ ਕੁ ਜਦ ਵੀ ਵਧਿਆ ਨੱਸ ਗਏ ਸਭ ਪਰਛਾਵੇਂ
ਕਿਥੋਂ ਐਸਾ ਸਾਥ ਥਿਆਵੇ ਜਿਹੜਾ ਨਾਲ਼ ਖਲੋਏ

ਕਲਮ ਦੇ ਹੇਠਾਂ ਕਾਗਜ਼ ਏਦਾਂ ਜਿਉਂ ਬੇੜੀ ਨੂੰ ਪੱਥਰ
ਪਲ ਪਲ ਡੋਬਾ ਹੋਰ ਡੂੰਘੇਰਾ ਉਤੋਂ ਅੱਖਰ ਚੋਏ

ਧੁਰ ਅੰਦਰ ਇੱਕ ਰੀਝ ਮੋ ਗਈ ਪਿੱਟੇ ਵਾਂਗ ਕਚੀਲਾਂ
ਮਾਏ ਨੀਂ ਕੀ ਗਤੀਆਂ ਪਾਵਣ ਏਸ ਉਮਰ ਜੋ ਮੋਏ

ਚਾਕ ਰੰਝੇਟਾ, ਹੀਰ ਸਲੇਟੀ, ਵੰਝਲੀ, ਵੱਗ ਤੇ ਚੂਰੀ
ਮੁੰਦਰਾਂ ਤੋਂ ਪਏ ਸਾਰੇ ਪੁੱਛਣ ਕੀਕਣ ਦਰਦ ਲੁਕੋਏ?

ਜੀਭਾਂ ਉੱਪਰ ਵਾਢੇ ਪੈ ਗਏ ਤੇ ਹੋਠਾਂ ’ਤੇ ਛਾਲੇ
ਜ਼ਹਿਰਵਾਦੀਏ ਵੈਣ ਹੋ ਗਏ ਮੈਂ ਜੋ ਗੀਤ ਪਰੋਏ

ਕਾਹਦਾ ਮਾਣ ਤੇ ਕਾਹਦੇ ਦਾਅਵੇ, ਕੀ ਸੁੱਖਾਂ ਕੀ ਆਸਾਂ!
ਚੰਨ ਵਰਗਾ ਉਹ ਨੂਰ ਬੇਗਾਨਾ ਤੁਰ ਗਿਆ ਲੋਏ-ਲੋਏ

*****

ਬੜਾ ਹੀ ਉਲਝਿਆ ਹਾਂ, ਥਿੜਕਿਆ ਹਾਂ, ਤਰਸਿਆ ਹਾਂ ਮੈਂ
ਤੇ ਆਖ਼ਿਰ...... ਲੱਗ ਕੇ ਸੀਨੇ ਤੇਰੇ ਹੀ ਸੰਭਲਿਆ ਹਾਂ ਮੈਂ

ਨਬਜ਼ ’ਤੇ ਰੱਖ ਕੇ ਪੋਟੇ ਜ਼ਰਾ ਮਹਿਸੂਸ ਕਰ ਲਰਜਿਸ਼
ਇਹ ਕੰਬਣੀ ਆਪ ਦੱਸੇਗੀ ਕਿ ਕਿੰਨਾ ਤੜਪਿਆ ਹਾਂ ਮੈਂ

ਅਜੇ ਵੀ ਰੱਖ ਕੇ ਦੂਰੀ ਮੈਂ ਠੋਹਕਰ ਆਖ਼ਰੀ ਬੋਚੀ
ਹਾਂ ਬਾਹਰੋਂ ਸਾਬਤਾ ਦਿਖਦਾ ਤੇ ਅੰਦਰੋਂ ਤਿੜਕਿਆ ਹਾਂ ਮੈਂ

ਭਲਾ ਕਿੰਨਾ ਕੁ ਔਖੈ ਲਾਵਿਆਂ ਨੂੰ ਡੱਕ ਕੇ ਰੱਖਣਾ
ਜਾਂ ਆਪੇ ਫੁੱਟਿਆਂ ਤਾਂ ਫੇਰ ਜਾ ਕੇ ਸਮਝਿਆ ਹਾਂ ਮੈਂ

ਕਿਤੇ ਬ੍ਰਹਿਮੰਡ ਕਰ ਦੇਖਾਂ, ਤੇਰੀ ਬੁੱਕਲ਼ ਦੇ ਘੇਰੇ ਨੂੰ
ਘੜੀ ਪਲ ਸਿਮਟਣਾ ਚਾਹਵਾਂ, ਚਿਰਾਂ ਤੋਂ ਬਿਖਰਿਆ ਹਾਂ ਮੈਂ

ਨਾ ਨੀਂਦਰ ਹੋਰ ਨਾ ਲੁੱਟੀਂ, ਨਾ ਸੁਪਨਾ ਹੋਰ ਨਾ ਦੇਵੀਂ
ਜਾਹ ਅਗਲੇ ਜਨਮ ਸੋਚਾਂਗੇ ਕਿ ਐਕੀਂ ਵਿਰ੍ਹ ਗਿਆ ਹਾਂ ਮੈਂ

*****

## ਸੁਖਦੀਪ ਔਜਲਾ



ਤੜਕੇ ਤੜਕੇ ਇੱਕ ਘਟਨਾ ਮੰਦਭਾਗੀ ਹੋ ਗਈ
ਧੁੱਪ ਜਦ ਮੋਰੀ 'ਚੋਂ ਲੰਘੀ ਸੀ ਤਾਂ ਜ਼ਖ਼ਮੀ ਹੋ ਗਈ

ਹਾਦਸੇ ਤਾਂ ਹੁਣ ਵੀ ਦਿਲ ਤੇ ਗੁਜ਼ਰਦੇ ਨੇ ਰੇਲ ਵਾਂਗ
ਪਰ ਅਸਾਡੇ ਜਿਸਮ ਦੀ ਧਰਤੀ ਹੀ ਗੂੰਗੀ ਹੋ ਗਈ

ਕਰ ਲਈਦੇ ਸ਼ਾਮ ਨੂੰ ਸਭ ਕਿਸ਼ਤੀਆਂ ਦੇ ਦੁੱਖ ਸੁੱਖ
ਇੱਕ ਦਰਿਆ ਨਾਲ ਅੱਜਕਲ ਗੱਲ ਸਿੱਧੀ ਹੋ ਗਈ

ਪੈਰੀਂ ਹੈ ਅੰਬਰ ਮੇਰੇ ਸਿਰ ਤੇ ਸਮੁੰਦਰ ਲਟਕਦੇ
ਇਸ਼ਕ ਦਾ ਚੱਕਰ ਹੈ ਜਾਂ ਧਰਤੀ ਹੀ ਪੁੱਠੀ ਹੋ ਗਈ

ਆਖ਼ਿਰੀ ਇੱਕ ਮੋੜ ਤੇ ਦੋਨਾਂ ਦੇ ਮੋਢੇ ਭਿੜ ਗਏ
ਮੈਂ ਬੜਾ ਬਚਿਆ ਮੁਹੱਬਤ ਦੇਖੋ ਫਿਰ ਵੀ ਹੋ ਗਈ
*****

ਕਿਸਨੇ ਰੀਝਾਂ ਲਾ ਕੇ ਧਰਤੀ ਧੋਈ ਹੈ
ਬਾਰਿਸ਼ ਹੈ ਜਾਂ ਅੰਬਰ ਦੀ ਅੱਖ ਰੋਈ ਹੈ

ਸਮਝ ਨਾ ਆਵੇ ਪੈਰ ਪੈਰ ਤੇ ਸ਼ਰਤਾਂ ਕਿਉਂ
ਇਸ਼ਕ ਹੋਇਆ ਹੈ ਜਾਂ ਫਿਰ ਸੰਧੀ ਹੋਈ ਹੈ

ਸਾਰੇ ਬਗਲੇ ਚੁੰਝ ਭਰਨੇ ਨੂੰ ਕਾਹਲ਼ੇ ਨੇ
ਉਸਨੇ ਇਕ ਤਾਲਾਬ 'ਚ ਚੁੰਨੀ ਧੋਈ ਹੈ

ਏਥੇ ਕਿਤੇ ਹੁੰਦਾ ਸੀ ਸ਼ਾਇਦ ਘਰ ਉਸਦਾ
ਏਥੇ ਕਿਤੇ ਮੈਂ ਆਪਣੀ ਦੁਨੀਆ ਖੋਈ ਹੈ
*****

ਅਫ਼ਸੋਸ ਕੀ ਜੇ ਸ਼ਹਿਰ ਵਿਚ ਰੌਲਾ ਪਿਆ ਨਹੀਂ
ਮੈਂ ਲਾਪਤਾ ਹਾਂ ਹਾਲ਼ੇ ਮੈਨੂੰ ਵੀ ਪਤਾ ਨਹੀਂ

ਰੇਸ਼ਮ ਦੇ ਬਿਸਤਰਾਂ ਤੋਂ ਉੱਠ ਪੈਂਦਾ ਤ੍ਰਭਕ ਕੇ
ਇੱਕ 'ਬੁੱਧ' ਜੋ ਜੰਗਲ ਨੂੰ ਰਤਾ ਭੁੱਲਿਆ ਨਹੀਂ

ਪੁੱਛੀ ਤਾਂ ਜਾਂਦੀਆਂ ਸੀ ਉਹ ਅੱਖਾਂ ਵੀ ਸੌ ਸਵਾਲ
ਪਰ ਸਾਡਿਆਂ ਬੁੱਲਾਂ ਨੇ ਕੁਝ ਵੀ ਬੋਲਿਆ ਨਹੀਂ

ਕਿੰਨੇ ਦਿਨਾਂ ਤੋਂ ਝੀਲ ਦਾ ਵੀ ਦਿਲ ਉਦਾਸ ਹੈ
ਕਿੰਨੇ ਦਿਨਾਂ ਤੋਂ ਮੈਂ ਵੀ ਉਸ ਕੋਲ ਬੈਠਿਆ ਨਹੀਂ

ਉਂਝ ਜ਼ਿੰਦਗੀ ਸੀ ਮੇਰੀ ਇਹ ਗੁਜ਼ਰੀ ਜੋ ਕੋਲ਼ ਦੀ
ਮੈਂ ਫਿਰ ਵੀ ਪਿੱਛੇ ਮੁੜ ਕੇ ਇਸਨੂੰ ਦੇਖਿਆ ਨਹੀਂ

ਸਾਡਾ ਤਾਂ ਬਚਪਨ ਤੋਂ ਹੀ ਗ਼ਜ਼ਲ ਨਾਲ ਇਸ਼ਕ ਹੈ
ਇਸ ਵਿੱਚ ਤੇਰੇ ਹਿਜਰ ਦਾ ਕੋਈ ਸ਼ੁਕਰੀਆ ਨਹੀ
*****

ਇਹ ਕਿੱਸਾ ਮੋੜ ਕੈਸਾ ਖਾ ਗਿਆ ਹੈ
ਮੇਰੇ ਵਰਕੇ ਕੋਈ ਪਲਟਾ ਗਿਆ ਹੈ

ਬਰੋਟਾ ਛੱਡ ਘਰ ਨੂੰ ਤੁਰ ਪਿਆ ਹਾਂ
ਮੇਰੇ ਖਿਆਲਾਂ 'ਚ ਰਾਹੁਲ ਆ ਗਿਆ ਹੈ

ਥਲਾਂ ਦੀ ਰੇਤ ਨੂੰ ਰੋਂਦੇ ਪਏ ਓਂ
ਇਹਨਾਂ ਹੱਥਾਂ ਚੋਂ ਗੁਲਦਸਤਾ ਗਿਆ ਹੈ

ਮੇਰੇ ਬਟੂਏ ਦੀ ਖ਼ਸਤਾ ਦੇਖ ਹਾਲਤ
ਉਦ੍ਹੀ ਫ਼ੋਟੋ ਨੂੰ ਮੁੜ੍ਹਕਾ ਆ ਗਿਆ ਹੈ

ਅਸਾਡੇ ਦੇਖਣੇ ਨੂੰ ਹੋਰ ਕੀ ਏ
ਉਹਦਾ ਸੁਪਨਾ ਹੀ ਅੱਖਾਂ ਖਾ ਗਿਆ ਹੈ

ਅਸਲ ਗੱਲ ਇਹ ਨਾ ਤੇਰੀ ਯਾਦ ਆਉਂਦੀ
ਅਸਲ ਗੱਲ ਇਹ ਕਿ ਜੀਣਾ ਆ ਗਿਆ ਹੈ
*****

## ਸੋਨੀਆ ਮਨਜਿੰਦਰ (ਕੈਨੇਡਾ)



ਹੇ ਮੇਰੇ ਰਾਮ
ਮੇਰੇ ਰਾਮ
ਤੂੰ ਏਸ ਵਾਰ ਮੇਰੇ ਤੋਂ ਅਗਨੀ
ਪ੍ਰੀਖਿਆ ਨਾ ਮੰਗੀਂ
ਇਹ ਨਹੀਂ ਕਿ ਮੈਂ ਅਗਨੀ ਪ੍ਰੀਖਿਆ
ਦੇ ਨਹੀਂ ਸਕਦੀ
ਜਾਂ
ਸਾਬਤ ਸਬੂਤ ਨਿਕਲ ਨਹੀਂ
ਆਵਾਂਗੀ ਬਾਹਰ
ਕਰ ਸਕਦੀ ਹਾਂ ਸਭ ਕੁਛ
ਪਰ ਇਸ ਵਕ਼ਤ
ਇਸ ਪਲ
ਮੈਂ ਤੇਰੀ ਤ੍ਰੀਮਤ ਹੋਣ ਤੋਂ ਪਹਿਲਾਂ
ਬੱਚਿਆਂ ਦੀ ਮਾਂ ਹਾਂ
ਤੇ
ਬੜੀ ਹੀ ਤੀਬਰ ਹੁੰਦੀ ਹੈ
ਹਰ ਅਗਨ ਤੋਂ ਤੇਜ਼
ਢਿੱਡ ਦੀ ਅੱਗ
ਤੇ
ਹੇ ਮੇਰੇ ਰਾਮ
ਇਸ ਵਾਰ ਮੇਰੇ ਤੋਂ
ਅਗਨੀ ਪ੍ਰੀਖਿਆ ਨਾ ਮੰਗੀਂ
*****

ਮੈਂ
ਕਦ ਕਹਿੰਦੀ ਹਾਂ ਤੈਨੂੰ
ਕਿ
ਤੂੰ ਮੇਰੇ ਨਾਲ
ਮਿੱਠੀਆਂ ਮਿੱਠੀਆਂ ਗੱਲਾਂ ਹੀ ਕਰ
ਮੈਨੂੰ ਸਰਾਹੁੰਦਾ ਰਹਿ
ਜਾਂ
ਮੇਰੀਆਂ ਤਰੀਫਾਂ ਦੇ ਬੰਨ ਪੁਲ
ਮੈਂ ਤਾਂ ਤੈਨੂੰ ਕਹਿੰਦੀ ਹਾਂ
ਤੂੰ
ਮੈਨੂੰ ਡਾਂਟ, ਝੰਬ, ਝਾੜ
ਮੇਰੀਆਂ ਕਮੀਆਂ ਮੈਨੂੰ ਦੱਸ
ਤਾਂ ਕਿ
ਸੀਸ਼ੇ ਤੋਂ ਗਰਦ ਲਹਿੰਦੀ ਰਵੇ
ਤਾਂ ਆਪਣਾ ਹੀ ਅਕਸ
ਸਾਫ ਦਿਖਾਈ
ਦਿੰਦਾ ਹੈ
*****

ਬਹੁਤ ਨਾਜ਼ੁਕ ਸੀ ਵਕਤ
ਰਿਸ ਰਿਹਾ ਸੀ
ਇੱਕ ਇੱਕ ਜ਼ਖ਼ਮ
ਤੇ
ਪਰੁੰਨੀ ਜਾ ਰਹੀ ਸੀ ਨਾੜ ਨਾੜ
ਦਰਦ ਦੇ ਨਾਲ
ਖੌਫਨਾਕ ਡਰ ਸੀ
ਕਿ
ਮੇਰੀ ਰੂਹ ਹੀ ਨਾ ਕਿਤੇ ਮਰ ਜਾਵੇ
ਤੇ ਜ਼ਖਮ
ਨਾਸੂਰ ਹੀ ਨਾ ਬਣ ਜਾਣ ਕਿਤੇ
ਤੇ
ਜੀਵਨ ਨੂੰ ਬਚਾਉਣਾ ਵੀ ਸੀ ਤਾਂ
ਲਾਜ਼ਮੀ
ਇਸੇ ਲਈ ਮੈਂ
ਆਪ ਖੁਦ ਹੀ ਮੱਲ੍ਹਮ
ਬਣ ਗਈ!
*****

ਨਹੀਂ ਜਾਣਦੀ
ਕਿ
ਕੀ ਮੁੱਲ ਰੱਖਦੇ ਨੇ
ਮੇਰੇ ਨਾਮ ਦੇ ਅੱਖਰ
ਤੇਰੇ ਲਈ
ਪਰ ਤੂੰ ਬਹੁਤ ਅਨਮੋਲ ਹੈਂ
ਮੇਰੇ ਲਈ
ਬਹੁਤ ਅਨਮੋਲ
ਤੇ
ਝੱਲਿਆ ਮੁਹੱਬਤ
ਮਰਦੀ ਨਹੀਂ ਕਦੇ
ਮੁਹੱਬਤ ਤਾਂ ਅਮਰ ਹੁੰਦੀ ਹੈ
ਮੈਂ ਤੇਰੇ ਨਾਮ ਨੂੰ ਵੀ ਕਰ ਦਿਆਂਗੀ
ਅਮਰ
ਮੁਹੱਬਤ ਦੇ ਵਾਂਗ!
*****

ਮੇਰੀ ਲਗਨ ਹੈ ਰਾਧਾ ਦੀ,
ਤੇ
ਮੇਰੀ ਤੜਫ਼ ਏ ਮੀਰਾ ਵਾਲੀ
ਜੇ ਪੁੱਛਦਾ ਏਂ ਇੱਛਾ ਮੇਰੀ
ਉਹ
ਕਿ ਰੁਕਮਣ ਬਣਾਂ ਮੈਂ ਤੇਰੀ
ਹੁਣ ਮਿਲਾ ਤਿੰਨਾਂ ਨੂੰ
ਤਸੱਵਰ ਕਰ
ਤੇ ਸੂਰਤ ਤੈਨੂੰ ਆਏਗੀ ਨਜ਼ਰ ਮੇਰੀ
ਨਿਰੋਲ ਮੁਹੱਬਤ,
ਉਲਫ਼ਤ, ਇਬਾਦਤ
ਮੈਂ ਨਹੀਂ
ਬਸ
ਤੂੰ ਹੀ ਤੂੰ
ਬਸ
ਤੂੰ ਹੀ ਤੂੰ
*****

## ਸੁਖਵਿੰਦਰ ਭੀਖੀ



### ਪੱਗ

ਅੱਜ
ਪਹਿਲੀ ਵਾਰ
ਪੱਗ
ਬੰਨ੍ਹੀ ਹੈ

ਬੇਟੀ ਨੇ
ਭੱਜ ਕੇ ਜੱਫੀ ਪਾਈ

ਮੈਨੂੰ ਲੱਗਿਆ

ਮੈਂ
ਬਾਪ ਤੋਂ
ਬਾਬਲ ਬਣ ਗਿਆ ਹਾਂ...

### ਗੱਲਾਂ

ਬੇਟੀ
ਜਦੋਂ ਤੋਂ
ਸਕੂਲ ਜਾਣ ਲੱਗੀ ਹੈ

ਗੱਲਾਂ ਦੀ ਲੜੀ
ਨਹੀਂ ਟੁੱਟਣ ਦਿੰਦੀ

ਅੱਜ
ਮੈਮ ਨੇ
ਆਹ ਕਿਹਾ
ਉਹ ਕਿਹਾ

ਆਇਨਾ ਮੇਰੀ ਫਰੈਂਡ ਆ
ਤੁਸੀਂ ਵੀ ਮੇਰੇ ਫਰੈਂਡ ਓ

ਮੈਂ
ਆਹ ਖਾਧਾ
ਉਹ ਪੀਤਾ

ਆਹ ਲੈਣਾ ਉਹ ਲੈਣਾ
ਹੋਰ ਵੀ ਬੜਾ ਕੁਝ

ਉਸਦੀਆਂ
ਆਲ਼ੀਆਂ-ਭੋਲੀਆਂ
ਪਿਆਰੀਆਂ ਗੱਲਾਂ
ਮਨ ਮੋਂਹਦੀਆਂ

ਜੀਅ ਕਰਦੈ
ਉਹ ਗੱਲਾਂ ਕਰੀ ਹੀ ਜਾਵੇ...

ਭਲਾਂ!
ਅੱਜ ਕੱਲ੍ਹ ਗੱਲਾਂ
ਕੌਣ ਕਰਦਾ...!!

### ਪਹਾੜਾ

ਮੈਂ
ਅੱਜ ਕੱਲ੍ਹ
ਬੇਟੀ ਨੂੰ
ਗਿਣਤੀ ਸਿਖਾ ਰਿਹਾਂ

ਮੈਂ ਇੱਕ ਆਖਦਾ
ਉਹ ਦੋ ਕਹਿੰਦੀ
ਮੈਂ ਦੋ ਕਹਿੰਦਾ
ਉਹ ਚਾਰ ਆਖਦੀ

ਉਹ ਮੈਥੋਂ ਅੱਗੇ ਹੀ ਰਹਿੰਦੀ ਤੇ
ਮੈਂ ਚਾਹੁੰਦਾ ਵੀ ਇਹੋ ਹਾਂ

ਮੇਰੀ ਇੱਛਾ ਹੈ
ਉਹ ਗਿਣਤੀ ਸਿੱਖ ਜਾਵੇ

ਪਰ
ਗਿਣਤੀਆਂ ਮਿਣਤੀਆਂ
ਕਦੇ ਨਾ...

### ਸਿਰਨਾਵਾਂ

ਘਰ ਦੀ
ਨੇਮ ਪਲੇਟ 'ਤੇ
ਲਿਖਿਆ ਹੈ
'ਇਬਾਦਤ ਨਿਵਾਸ'


ਸਾਡੇ ਘਰ ਦਾ
ਕਿੰਨਾ ਸੋਹਣਾ ਸਿਰਨਾਵਾਂ...

ਘਰ ਦੇ ਬੂਹੇ 'ਤੇ ਹੁੰਦੀ
ਹਰ ਦਸਤਕ
ਨੇਮ ਪਲੇਟ ਨਿਹਾਰਦੀ
ਖੁਸ਼ ਹੁੰਦੀ
ਅਸ਼ ਅਸ਼ ਕਰਦੀ...

ਆਉਣ ਵਾਲਾ ਹਰ ਕੋਈ
ਜਾਣ ਲੱਗਿਆਂ
ਘਰ ਦਾ ਸਿਰਨਾਵਾਂ
ਮਨ-ਮਸਤਕ ਵਿਚ
ਵਸਾ ਕੇ ਲੈ ਜਾਂਦਾ...

ਸੋਚਦਾ ਹਾਂ
ਬੇਟੀਆਂ
ਘਰਾਂ ਦਾ ਸਿਰਨਾਵਾਂ
ਹੀ ਹੁੰਦੀਆਂ...
*****

## ਸੁਖਰਾਜ



ਜਿੰਦ ਤਪਦਾ ਸੂਰਜ
ਖੌਰੂ ਪਾਉਣ ਹਵਾਵਾਂ
ਰੁੱਗ ਨਿਕਲੇ ਕਾਲਜਿਓਂ
ਪੱਲੇ ਬੱਸ ਹਾਉਂਕੇ ਹਾਵਾਂ

ਜਿੰਦ ਧੁਖਦਾ ਅੰਦਰ
ਜਿਉਂ ਬੰਦ ਜੇਹਾ ਮੰਦਰ
ਲਟ-ਲਟ ਬਲਦਾ ਰਹਿੰਦਾ
ਬਾਹਰੋਂ ਦਿਖੇ ਸਮੁੰਦਰ
ਕੀਹਨੂੰ ਹਾਲ ਸੁਣਾਵਾਂ
*****

ਨਾ ਤੇਰੇ ਆਉਣ ਦਾ
ਗ਼ਮ ਸੀ...

ਨਾ ਤੇਰੇ ਜਾਣ
ਦੀ ਖ਼ੁਸ਼ੀ...

ਬੱਸ ਕਿਤਾਬਾਂ
ਟਹਿਕ ਗਈਆਂ ਸਨ...

ਅੱਜ ਹੱਥ ਲਾ ਕੇ ਵੇਖਿਆ
ਕੁਝ ਸਿੱਲ੍ਹੀਆਂ ਸਨ...
*****

ਉਸਨੇ ਕਿਹਾ ਕਿਰਤ ਕਰੋ
ਮੈਂ ਕੋਈ ਸਵਾਲ ਨਹੀਂ ਕੀਤਾ
ਆਪਣੀ ਕਿਰਤ ਛੱਡ
ਦੂਜੀ ਹਰ ਕਿਰਤ ਲੁੱਟੀ...

ਉਸਨੇ ਕਿਹਾ ਵੰਡ ਛਕੋ
ਮੈਂ ਕੋਈ ਸਵਾਲ ਨਹੀਂ ਕੀਤਾ
ਆਪਣਾ ਲੁਕੋ ਕੇ
ਦੂਜਿਆਂ ਦਾ ਮਾਲ ਵੀ ਛਕ ਲਿਆ...

ਉਸਨੇ ਕਿਹਾ
ਨਾਮ ਜਪੋ

ਮੈਂ ਫਿਰ ਕੋਈ ਸਵਾਲ ਨਹੀਂ ਕੀਤਾ
ਮਾਲਾ ਫੜ ਬੁੜਬੁੜ ਕੀਤੀ
ਰੁਜਗਾਰ ਚਲਾਇਆ ਨਾਮ
ਜਪਾਇਆ...

ਹੁਣ ਓਹ
ਮੁਸਕਰਾਇਆ ਨਹੀਂ
ਸਗੋਂ ਦੁਖੀ ਹੋਇਆ,ਕੈਦ ਹੋ ਗਿਆ
ਇੱਕ ਵਾਰ ਫੇਰ ਪੱਥਰਾਂ ਅੰਦਰ...

ਸਭ ਕਿਰਤੀ
ਛਕਾ ਰਹੇ ਹਨ
ਨਾਮ ਜਪ ਰਹੇ ਹਨ
ਫਸੇ ਹੋਏ, ਲੁੱਟੇ ਹੋਏ,
ਨਪੀੜੇ ਹੋਏ...

ਆਖ ਰਹੇ ਹਨ
ਸਤਿ ਬਚਨ
ਤੇ ਇਹੀ ਸੱਤ ਹੈ...
*****

ਰੀਸਾਈਕਲਬਿਨ
ਭਰਿਆ ਰਹਿੰਦੈ...

ਤੇਰੀਆਂ ਯਾਦਾਂ ਨਾਲ
ਡਲੀਟ ਕਰਵਾ ਦਿੰਦਾ

ਜੇ ਮੈਂ
ਕੰਮਪਿਊਟਰ ਹੁੰਦਾ...
*****

ਮੇਰੇ ਸੀਨੇ ਦੀ ਵਿੰਡੋ ਤੇ
ਹਰ ਵੇਲੇ
ਤੇਰੀ ਤਸਵੀਰ
ਹੈਂਗ ਹੋਈ ਰਹਿੰਦੀ ਹੈ...

ਕਿਸੇ ਪਾਸੇ
ਨਹੀਂ ਸਰਕਦੀ...

ਬਿਲਕੁਲ ਤੇਰੇ ਵਾਂਗ
ਨਾ ਹਾਂ ਨਾ ਹੂੰ
ਕਦੇ ਵੀ ਕੋਈ ਜਵਾਬ
ਨਹੀਂ ਆਉਂਦਾ...

ਨੋ ਰਿਪਲਾਈ
ਲਿਖੀ ਮੇਲ ਵਾਂਗ...
*****

ਰੋਟੀ
ਆਰਟ ਸਭ ਤੋਂ ਵੱਡਾ
ਤੁਰਦਾ ਜਾਵੇ
ਜ਼ਿੰਦਗੀ ਦਾ ਗੱਡਾ...

ਚੰਨ, ਪਹੀਆ ਤੇ ਰੋਟੀ
ਸਭ ਦੀ ਲੱਗਦੈ
ਧੁਰ ਤੋਂ ਜੋਟੀ

ਕਿਰਤ ਦੀ ਕਲਾ ਹੈ
ਇਹ ਸਭ ਤੋਂ ਵੱਡੀ
ਜਿਉਣ ਲਈ ਬਲਾ ਹੈ
ਇਹ ਸਭ ਤੋਂ ਵੱਡੀ...

ਜੋ ਇਹ ਹੈ ਜਾਣਦਾ...
ਹਰ ਪਾਸੇ ਸੁੱਖ
ਹੈ ਮਾਣਦਾ...
*****

## ਸਿਮਰਨਜੀਤ ਕੌਰ ਸਿਮਰ



### ਵਾਰਤਾਲਾਪ !

ਉਹ ਚੁੱਪ ਹੈ
ਤੇ ਮੈਂ ਵੀ ਚੁੱਪ ਹਾਂ
ਆਵਾਜ਼ ਹੈ ਤਾਂ
ਸਿਰਫ਼ ਹਵਾਵਾਂ ਦੀ
ਅੱਖਾਂ ਖੁੱਲ੍ਹੀਆਂ ਨੇ ਤੇ ਦੀਦਾਰ ਹੋ ਰਿਹੈ
ਬੰਦ ਹੋਈਆਂ ਤਾਂ ਹੋ ਸਕਦੈ ਪਿਆਰ!

ਪਿਆਰ ਕੀ ਹੈ?
ਉਹ!
ਜੋ ਉਸ ਦੀ ਬੰਦ ਜੁਬਾਨ
ਉੱਚੀ ਉੱਚੀ ਬਿਆਨ ਕਰ ਰਹੀ ਏ।
ਨਹੀਂ ਪਿਆਰ ਅਹਿਸਾਸਾਂ ਦੀ ਮਹਿਕ ਏ
ਜਿਸ ਨੂੰ ਚੁੱਪ ਵਿਚ ਉਲੀਕਿਆ ਜਾ ਰਿਹੈ...

ਗੱਲ ਹੈ !
ਉਹਦੀ ਗੱਲ
ਜੋ ਅੱਖਾਂ ਥਾਣੀ ਉਤਰ ਗਿਐ
ਦਿਲ ਦੀਆਂ ਪੌੜੀਆਂ
ਜੋਤ ਵਿੱਚ ਜੋਤ ਹੋਣ ਲਈ ਤੜਫ ਰਿਹੈ।
ਇਕ ਕਦਮ ਦੂਰ ਖੜਕਾ ਹੁੰਦੈ
ਉਹ ਤ੍ਰਭਕਦੇ ਤੇ ਵਾਰਤਾਲਾਪ
ਟੁੱਟ ਜਾਂਦੀ ਏ.....
*****

ਤੂੰ ਪੁੱਛਦੈਂ ਮੇਰੇ ਗਮ ਦੀ ਗੱਲ,
ਕੰਨ ਕਰ ਦੱਸਾਂ ਕੰਮ ਦੀ ਗੱਲ।

ਰੋਟੀ ਹੁੰਦੀ ਵੱਡਾ ਮਸਲਾ,
ਏਥੋਂ ਹੀ ਸਦਾ ਜੰਮਦੀ ਗੱਲ।

ਫਕੀਰ ਨੂੰ ਪੁੱਛੀ ਮਿੱਟੀ ਕੀ ਏ?
ਹੱਡ, ਮਾਸ ਜਾਂ ਚੰਮ ਦੀ ਗੱਲ।

ਅੱਗ, ਵੈਰ ਜਦੋਂ ਜਿਆਦਾ ਵੱਧ ਜਾਏ,
ਫੇਰ ਨਹੀਂ ਛੇਤੀ ਥੰਮ੍ਹ ਦੀ ਗੱਲ।

ਹਾਂ ਓ ਸਿਮਰ ਸਿਆਣਾ ਹੁੰਦੈ,
ਜੋ ਕਰਦੈ ਦਮ ਚੋਂ ਦਮ ਦੀ ਗੱਲ।
*****

ਜੇ ਮਿਲ ਜਾਂਦਾ ਓਹ ਤੇ ਗੱਲ ਕਾਹਦੀ ਸੀ
ਚਲ ਮੇਰੇ 'ਚ ਈ ਮਗਰੂਰੀ ਜ਼ਿਆਦੀ ਸੀ

ਕਿ ਉਹਦੇ ਖੁਆਬ ਸਨ ਚੰਨ ਨੂੰ ਭਰਨੇ ਦੇ
ਮੈਂ ਤੇ ਉਹਦੀ ਨੁੱਕਰ ਵਿੱਚ ਵੀ ਰਾਜੀ ਸੀ

ਬੜਾ ਮਾਹਿਰ ਏ ਉਂਝ ਦਾਅ ਦੂ ਲਾਵਣ 'ਚ
ਪਰ ਮੇਰੇ ਨਾਂ ਤੇ ਕਿਹੜੀ ਖੇਡੀ ਬਾਜੀ ਸੀ

ਕੰਨ ਪੜਾਵਾਂਦਾ ਜਾਂ ਕੋਈ ਤਪ ਕਰਦਾ ਓ
ਨਾ ! ਫਤਵਾ ਸੁਣਾ ਗਿਆ ਓ ਕਾਜੀ ਸੀ

ਆਸ ਨੀ ਹੁਣ ਮੇਰਾ ਹੋਵੇ ਸੱਤੇ ਜਨਮਾਂ ਤੀਕ
ਗੱਲ ਤੇ ਕਹਿਨੀ ਪਰ ਇਕ ਰਿਵਾਜੀ ਸੀ

ਕਿਹੜੇ ਰੱਬ ਲਈ ਮੈਨੂੰ ਰੱਬ ਰੋਲ ਗਿਐ
ਸਿਮਰ ਦੀ ਮੰਜਿਲ ਤੇ ਕੋਈ ਸ਼ਹਿਜ਼ਾਦੀ ਸੀ

ਜੇ ਮਿਲ ਜਾਂਦਾ ਓ ਤੇ ਗੱਲ ਕਾਹਦੀ ਸੀ
ਚਲ ਮੇਰੇ 'ਚ ਈ ਮਗਰੂਰੀ ਜਿਆਦੀ ਸੀ
*****

# ਸੰਦੀਪ ਕੌਰ ਚੀਮਾ

## ਰੂਹਾਨੀ ਇਸ਼ਕ

ਇਸ਼ਕ ਵਣਜ ਦਾ ਬਣ ਵਪਾਰੀ
ਲੋਚਾਂ ਤੇਰਾ ਦੀਦਾਰ
ਅੱਖੀਆਂ ਸਾਂਵੇ ਬੈਠਾ ਕਰਾਂ
ਨਿੱਤ ਤੇਰਾ ਦੀਦਾਰ
ਸੁੱਚੀ ਹੋ ਮਿੱਟੀ ਚੰਮ ਦੀ
ਤੈਨੂੰ ਪੂਜਣ ਲਈ
ਹੋਈ ਤਿਆਰ
ਭਰ ਭਰ ਟੋਕਰਾ ਸੁੱਟਦੀ
ਮੇਰੇ ਮੁੱਕਣ ਹੁਣ ਵਿਕਾਰ
ਅੰਬਰ ਸੂਹਾ ਧਰਤੀ ਰੰਗੀ
ਚੜ੍ਹਿਆ ਦਿਨ ਨੂੰ ਨਿਖਾਰ
ਮੋਈਆਂ ਰੂਹਾਂ ਜਾਗੀਆਂ ਤੇ
ਪਿਆ ਚਾਨਣ ਦਾ ਗਲ ਹਾਰ
ਅੱਖਰਾਂ ਏਕ ਦਾ ਗੀਤ ਗਾਇਆ
ਸੁਰਾਂ 'ਚ ਆਈ ਨੁਹਾਰ
ਗੁਲਸ਼ਨਾਂ 'ਚ ਮਹਿਕਾਇਆਂ
ਜਿਉ ਸੱਚ ਅੱਜ ਆਰ ਪਾਰ
ਰੰਗ ਜ਼ਿੰਦਗੀ ਚੁਣਦੀ ਜੱਗ ਤੋਂ
ਬੈਠੀ ਸਭ ਜਿਉਂ ਵਾਰ
ਸਿਦਕ ਦਾ ਕੱਤਦੀ
ਜਿੰਦ ਚਰਖਾ
ਆਈ ਜਾਵੇ ਜਿਉਂ ਨਿਖਾਰ
ਚੁੱਪਾਂ ਨੇ ਲਾਈ ਚਾਨਣੀ ਤੂੰ
ਬੋਲਾਂ 'ਚ ਭਰ ਜ਼ਰਾ ਨਿਖਾਰ
ਮੇਰੀ ਰੂਹ ਨੂੰ ਚੜ੍ਹੀ ਕੈਸੀ
ਤੇਰੇ ਨੂਰ ਦੀ ਏ ਤਾਸੀਰ
ਉੱਠੀ ਏ ਕੈਸੀ ਮੇਰੀ
ਸੁੱਤੀ ਪਈ ਏ ਜ਼ਮੀਰ
ਸਿਦਕ ਸਬਰ ਦਾ ਪੱਲਾ ਡਾਢੜਾ
ਰੱਖ ਲੈ ਹੁਣ ਜਿੰਦੇ ਸੰਭਾਲ਼
'ਮੈਂ' ਦੀ ਕੋਠੀ 'ਚ ਮੁੱਕੇ ਦਾਣੇ
'ਤੂੰ' ਦੀ ਕਰ ਹੁਣ ਜਿੰਦੇ ਭਾਲ



## ਯਾਦਾਂ

ਯਾਦਾਂ ਦੇ ਸੈਲਾਬ ਵਿੱਚ
ਨੈਣੀ ਨੀਰ ਦਾ ਖਤਰਾ ਏ

ਸ਼ੋਰਾਂ ਦੇ ਵਿੱਚ ਛੁਪੇ ਹੋਏ
ਏਹ ਚੁੱਪਾਂ ਦਾ ਖਤਰਾ ਏ

ਹਾਸਿਆਂ ਦੀ ਛਾਂ ਹੇਠ ਛੁਪੇ
ਹੋਏ ਗ਼ਮਾਂ ਦਾ ਖਤਰਾ ਏ

ਹਕੀਕਤ ਦੇ ਪਰਦਿਆਂ ਵਿੱਚ
ਛੁਪੇ ਸੱਚ ਨੂੰ ਖਤਰਾ ਏ

ਨਫ਼ਰਤ ਦੀ ਹਨੇਰੀ ਵਿੱਚ
ਮਨਾਂ ਸਾਕਾਂ ਨੂੰ ਖਤਰਾ ਏ

ਪਿਆਰ ਦੇ ਫ਼ਰੇਬੀਆਂ ਤੋਂ
ਬੇਵਫ਼ਾਈ ਦਾ ਖਤਰਾ ਏ

## ਔਰਤ

ਇੱਕ ਔਰਤ ਕਈ ਰੂਪਾਂ ਵਿੱਚ
ਵਿਚਰਦੀ ਹੋਈ
ਅਨੇਕਾਂ ਰੂਪਾਂ ਦੀ ਮੂਰਤ ਹੈ
ਇੱਕ ਔਰਤ
ਰਿਸ਼ੀਆਂ-ਮੁਨੀਆਂ,ਦੇਵੀ-ਦੇਵਤਿਆਂ,
ਗੁਰੂਆਂ,ਪੀਰਾਂ ਨੂੰ ਜਨਮ ਦੇਣ ਵਾਲੀ
ਹੈ ਇੱਕ ਔਰਤ
ਕਈ ਰੂਪਾਂ ਦੀ ਮੂਰਤ ਹੈ
ਇੱਕ ਔਰਤ
ਕਦੇ ਮਾਂ ਦੇ ਰੂਪ 'ਚ ਬੱਚੇ ਤੇ ਆਉਣ
ਵਾਲੇ ਹਰ ਦੁੱਖ ਨੂੰ ਜਰਦੀ ਹੈ
ਕਦੇ ਪਤਨੀ ਰੂਪ 'ਚ ਮਨ ਦੀਆਂ
ਖਵਾਹਿਸ਼ਾਂ ਨਾਲ ਸਮਝੌਤਾ ਕਰਦੀ ਹੈ
ਕਦੇ ਧੀ ਦੇ ਰੂਪ ਵਿੱਚ ਮਾਪਿਆਂ ਪ੍ਰਤੀ
ਫਰਜ਼ਾਂ ਦੀ ਰਾਖੀ ਕਰਦੀ ਹੈ
ਕਦੇ ਮਾਤਾ ਭਾਗੋ ਬਣ ਜੰਗ ਦੇ ਮੈਦਾਨ
ਵਿੱਚ ਦੁਸ਼ਮਣਾਂ ਨਾਲ ਜੂਝਦੀ ਹੈ
ਕਦੇ ਬਣ ਕਲਪਨਾ ਚਾਵਲਾ ਉਚਾਈ
ਦੇ ਸਿਖਰਾਂ ਨੂੰ ਛੂੰਹਦੀ ਹੈ
ਇਹਨਾਂ ਅਨਮੋਲ ਰਿਸ਼ਤਿਆਂ 'ਚ
ਸਮਾਈ ਇੱਕ ਔਰਤ ਹੈ ਜੋ
ਚੁੱਪ ਰਹਿ ਕੇ ਹਰ ਸ਼ੋਰ ਨੂੰ
ਸਹਿੰਦੀ ਹੈ।

## ਦੋ ਰੂਪ

ਕਹਿਣ ਨੂੰ ਕੀ ਕਰਨਾ
ਜਦ ਪਿਆਰ ਹੀ ਨਹੀਂ
ਤੇਰੇ ਦਿਲ 'ਚ ਓ ਸਜ਼ਾਵਾਂ ਹੀ ਨੇ
ਜੋ ਮਿੱਠੀਆਂ ਬਾਤਾਂ ਦੇ ਰੂਪ 'ਚ
ਮਿਲਦੀਆਂ ਨੇ
ਸਾਂਝੀ ਕਰਦੀ ਏ ਤੇਰੇ
ਦੋ ਰੂਪਾਂ ਦੀ ਵੰਡ ਨੂੰ
ਇੱਕ ਜੋ ਝੂਠ ਨੂੰ ਸ਼ਿੰਗਾਰਦੀ ਏ
ਸੱਚ ਦਾ ਝੂਠਾ ਨਕਾਬ ਪਾ ਕੇ
ਤੇ ਇੱਕ ਸੱਚ ਨੂੰ ਰਹਿੰਦੀ
ਲੁਕਾਉਂਦੀ ਏ
ਪਿਆਰ ਦਾ ਝੂਠਾ ਫ਼ਰੇਬ ਕਰ ਕੇ
ਅਕਸਰ ਹੀ ਏ ਨਿਖਾਰਦੀ
ਰਹਿੰਦੀ ਏ ਵੰਡ
ਤੇਰੇ ਅੰਦਰ ਛੁਪੇ ਦੋ ਰੂਪਾਂ
ਦੇ ਵਖਰੇਵਿਆਂ ਨੂੰ।

*****

## ਸੰਨੀ ਚਕੋਹੀ



### ਬੱਚੀ ਤੋਂ ਸਿੱਧੀ ਔਰਤ

ਕੁਝ ਘਰਾਂ ਦੀਆਂ ਬੱਚੀਆਂ
ਕੁੜੀਆਂ ਨਹੀਂ ਬਣਦੀਆਂ,
ਉਹ ਸਿੱਧੀਆਂ ਹੀ
ਔਰਤਾਂ ਬਣ ਜਾਂਦੀਆਂ ਨੇ .!!
ਇਸੇ ਪੰਦਰਾਂ ਭਾਦੋਂ ਨੂੰ ਮੈਂ
ਪੰਦਰਾਂ ਸਾਲਾਂ ਦੀ ਹੋ ਜਾਣਾ ਸੀ,
ਪਰ ਹਾੜ ਵਿੱਚ ਹੀ ਮੇਰਾ
ਵਿਆਹ ਕਰ ਦਿੱਤਾ ਗਿਆਂ .!!
ਦਾਦੀ ਮਾਂ ਦੀ ਕਹਾਣੀ 'ਤੇ
ਕਿੰਨਾ ਯਕੀਨ ਸੀ ਮੈਨੂੰ,
ਰਾਜਕੁਮਾਰ ਦਾ ਘੋੜੇ 'ਤੇ
ਸਵਾਰ ਹੋ ਕੇ ਆਉਣਾ,
ਅਤੇ ਰਾਜਕੁਮਾਰੀ ਨਾਲ
ਬੇਪਨਾਹ ਮੁੱਹਬਤ ਕਰਨਾ,
ਪਰ ਹੁਣ ਤਾਂ ਵਿਆਹ ਸ਼ਬਦ ਤੋਂ ਹੀ
ਬਹੁਤ ਘ੍ਰਿਣਾ ਹੈ ਮੈਨੂੰ .!!
ਹੁਣ ਤਾਂ ਵਿਆਹ ਸ਼ਬਦ ਤੋਂ ਹੀ
ਖੌਫ਼ ਖਾ ਜਾਂਦੀ ਹਾਂ ਮੈਂ..!!

### ਇਕ ਦਿਨ ਗੁਵਾਂਢ ਵਿਚ

ਇੱਕ ਦਿਨ ਗੁਵਾਂਢ ਵਿੱਚ
ਰਹਿੰਦੀ ਦੇਬਕੀ ਭਾਬੀ ਦੀ,
ਅਚਾਨਕ ਹੀ ਅੱਗ ਨਾਲ
ਮੱਚ ਕੇ ਮੌਤ ਹੋ ਗਈ ਸੀ .!!
ਉਹਦੇ ਬੁੱਢੇ ਮਾਪਿਆਂ ਦੇ
ਅੱਥਰੂ ਵੀ ਬੁਝਾ ਨਾ ਸਕੇ,
ਉਸ ਦਹਿਕਦੀ ਹੋਈ ਅਗਨੀ ਨੂੰ .!!
ਕੋਈ ਕਹਿੰਦਾ ਸੀ ਕਿ
ਗੈਸ ਸਿਲੰਡਰ ਲੀਕ ਹੋ ਗਿਆ ਹੋਵੇਗਾ...
ਕੋਈ ਕਹਿੰਦਾ ਸੀ ਕਿ
ਘਰਵਾਲੇ ਨਾਲ ਲੜ੍ਹ ਕੇ ਖੁਦ ਹੀ
ਖੁਦ ਨੂੰ, ਅੱਗ ਦੇ ਹਵਾਲੇ,
ਕਰ ਦਿੱਤਾ ਸੀ ਦੇਬਕੀ ਭਾਬੀ ਨੇ .!!
ਪਰ ਅਸਲ ਵਜ੍ਹਾ ਦਹੇਜ਼ ਸੀ
ਇਹ ਆਤਮ ਹੱਤਿਆ ਦਾ।

### ਬੇਵੱਸੀ ਦੇ ਅਰਥ

"ਬੇਵੱਸੀ ਦੇ ਅਰਥ ਕੀ ਹੁੰਦੇ
ਪੁੱਛਣਾ ਤੁਸੀਂ ਉਸ ਮਾਂ ਦੇ ਕੋਲੋਂ
ਜੋ ਹੁਣੇ ਹੁਣੇ ਸੂਰਜ ਚੜ੍ਹੇ
ਆਪਣੇ ਘਰ ਨੂੰ ਮੁੜੀ ਹੈ"

"ਰਾਤ ਦੀ ਚੁੰਨੀ ਲੈ ਕੇ ਉਹੋ
ਸੜਕਾਂ ਉੱਤੇ ਆ ਖੜ੍ਹਦੀ ਹੈ
ਜਿਸਮ ਵੇਚਦੀ ਵਿੱਚ ਚੌਰਾਹੇ
ਉਹ ਗੁਰਬਤ ਦੇ ਨਾਲ ਜੁੜੀ ਹੈ"

"ਧੀ ਗਰੀਬ ਦੀ ਉਮਰ ਤੋਂ ਪਹਿਲਾਂ
ਬਹੁਤ ਸਿਆਣੀ ਬਣ ਜਾਂਦੀ ਹੈ
ਮਾਂ ਦੀਆਂ ਅੱਖਾਂ ਪੜ੍ਹ ਲੈਂਦੀ ਹੈ
ਚੁੱਪ ਰਹਿਣਾ ਵੀ ਸਿਖ ਜਾਂਦੀ ਹੈ"

"ਪੁਸਤਕ ਦੀ ਥਾਵੇਂ ਝਾੜੂ ਪੋਚਾ
ਗਲ਼ ਘੁੱਟ ਕੇ ਆਪਣੇ ਖ਼ਾਬਾਂ ਦਾ
ਬੁੱਢਾ ਮਾਲਕ ਸ਼ੋਸ਼ਣ ਕਰਦਾ
ਪੀੜ੍ਹ ਸਹਿਣਾ ਵੀ ਸਿਖ ਜਾਂਦੀ ਹੈ"

"ਢਹਿੰਦੇ ਘਰ ਦੀਆਂ ਨੀਵੀਆਂ ਕੰਧਾਂ
ਲੋਕੀ ਆਉਂਦੇ ਜਾਂਦੇ ਮਾਰਨ ਝਾਤੀ
ਤਨ ਦੇ ਲੋਭੀ ਇਹ ਜੋ ਪੈਸੇ ਵਾਲੇ
ਤੋੜਨਾ ਚਾਹੁੰਦੇ ਨੇ ਕਲੀ ਕੱਚੀ ਨੂੰ"

"ਸਨੀ ਸਭ ਦੀ ਥਾਲੀ ਰੋਟੀ ਹੋਵੇ
ਤਨ 'ਤੇ ਕੱਪੜੇ,ਸਿਰ ਛੱਤ ਵੀ ਹੋਵੇ
ਗੁਰਬਤ,ਬੇਵੱਸੀ, ਮਜਬੂਰੀ ਵੱਸ
ਤਨ ਵੇਚਣਾ ਨਾ ਪਵੇ ਕਿਸੇ ਬੱਚੀ ਨੂੰ"

### ਗੂੰਗੀਆਂ ਔਰਤਾਂ

ਮਰਦਾਂ ਨੂੰ ਪਸੰਦ ਨੇ ਗੂੰਗੀਆਂ ਔਰਤਾਂ
ਜਿਨ੍ਹਾਂ ਦੇ ਜੀਭ ਤਾਂ ਹੁੰਦੀ ਹੈ,
ਬੋਲਣ ਦੇ ਲਈ ਲਫ਼ਜ਼ ਵੀ ਹੁੰਦੇ ਨੇ,
ਪਰ ਜ਼ੁਲਮ ਵਿਰੁੱਧ ਬੋਲਣ ਦੀ ਹਿੰਮਤ
ਨਹੀਂ ਹੁੰਦੀ..!!"

"ਮਰਦ ਚਾਹੁੰਦੇ ਨੇ ਕਿ ਸਦੀਆਂ ਪੁਰਾਣੀ
ਰੀਤ ਹਾਲੇ ਵੀ ਕਿਸੇ ਪੁਰਾਣੇ ਪੁੱਲ
ਵਾਂਗੂ,ਕਾਇਮ ਰਹੇ,
ਵੇਲੇ-ਕੁਵੇਲੇ ਤਿੜਕ ਰਹੇ
ਪੁਰਾਣੇ ਪੁੱਲ ਉੱਤੇ ਮਰਦ
'ਸੀਤਾ ਤਿਆਗ' ਨੂੰ
ਜਾਇਜ਼ ਠਹਿਰਾਉਣ ਦੀ ਤਖ਼ਤੀ ਲਾ ਕੇ,
ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰ
ਲੈਂਦੇ ਨੇ..!!"

"ਮਰਦਾਂ ਨੂੰ ਪਸੰਦ ਨੇ
ਸਾਊ ਘਰ ਦੀਆਂ, ਸਾਊ ਧੀਆਂ
ਜਿਹੜੀਆਂ ਕਿਸੇ ਸੀਲ ਗਾਂ ਵਾਂਗੂ,
ਇੱਕ ਕਿੱਲੇ ਤੋਂ ਦੂਜੇ ਕਿੱਲੇ ਨਾਲ
ਬੱਧੀਆਂ ਰਹਿਣ, ਉਹ ਵੀ ਚੁੱਪ
ਚਾਪ..!!"

"ਪਸ਼ੂ ਸ਼ੂਦਰ ਢੋਰ ਅਰ ਨਾਰੀ
ਇਹ ਸਭ ਤਾੜਨ ਕੇ ਅਧਿਕਾਰੀ"..
ਇਹ ਲਿਖਣ ਵਾਲਾ ਤਾਂ ਲਿਖ ਕੇ
ਫ਼ਨਾਹ ਹੋ ਗਿਆ,
ਪਰ ਭੋਗਣ ਵਾਲੀਆਂ ਹਾਲੇ ਵੀ
ਭੋਗ ਰਹੀਆਂ ਨੇ ਹਰ ਸਮੇਂ, ਹਰ ਦਿਨ,
ਹਰ ਗਾਲ੍ਹ ਔਰਤ ਤੋਂ ਸ਼ੁਰੂ ਹੁੰਦੀ ਹੈ
ਅਤੇ ਔਰਤ ਤੇ ਹੀ ਖਤਮ ਹੁੰਦੀ ਹੈ..!!
ਹਰ ਮਿੰਟ ਕਿਤੇ ਨਾ ਕਿਤੇ,
ਔਰਤ ਦਾ ਬਲਾਤਕਾਰ ਹੁੰਦਾ ਹੈ.!!
"ਰਾਵਣ..."

# ਹਰ ਮਨ



## ਗ਼ਜ਼ਲਾਂ

1

ਉਦਾਸੇ ਮੌਸਮਾਂ ਦੀ ਗੱਲ ਕਰਦੇ ਓ ਤੁਸੀਂ ਸਾਹਿਬ
ਇਹ ਕਿਹੜੇ ਹਾਸਿਆਂ ਦੀ ਗੱਲ ਕਰਦੇ ਓ ਤੁਸੀਂ ਸਾਹਿਬ

ਸਿਵਾ ਠੰਢਾ ਨਹੀਂ ਹੋਇਆ ਜਰੀਬਾਂ ਖੜਕੀਆਂ ਖੇਤੀਂ
ਇਹ ਕਿਹੜੇ ਬੱਚਿਆਂ ਦੀ ਗੱਲ ਕਰਦੇ ਓ ਤੁਸੀਂ ਸਾਹਿਬ

ਅਸਾਂ ਦੇ ਘਰ ਬੜੇ ਪੱਕੇ ਇਹ ਸ਼ੀਸ਼ੇ, ਪੱਥਰਾਂ ਦੇ ਨੇ
ਇਹ ਕਿਹੜੇ ਢਾਰਿਆਂ ਦੀ ਗੱਲ ਕਰਦੇ ਓ ਤੁਸੀਂ ਸਾਹਿਬ

ਇਹ 'ਮਾਪੇ' ਭਾਰ ਨੇ ਸਿਰ ਤੇ ਨਵਾਂ ਨਿੱਤ ਆਸ਼ਰਮ ਖੁੱਲ੍ਹੇ
ਇਹ ਕਿਹੜੇ 'ਸਰਵਣਾਂ' ਦੀ ਗੱਲ ਕਰਦੇ ਓ ਤੁਸੀਂ ਸਾਹਿਬ

ਅਜੇ ਭੁੱਖਾ ਹੀ ਸੌਂਦਾ ਏ ਕਿਨਾਰੇ ਸੜਕ ਦੇ ਬਚਪਨ
ਇਹ ਕਿਹੜੇ 'ਅੰਬਰਾਂ' ਦੀ ਗੱਲ ਕਰਦੇ ਓ ਤੁਸੀਂ ਸਾਹਿਬ

ਦਿਲਾਂ ਵਿਚ ਸਾਂਝ ਨਾ ਕੋਈ ਮੁਹੱਬਤ ਵੀ ਸ਼ੁਗਲ ਹੋਈ
ਇਹ ਕਿਹੜੇ ਵਾਅਦਿਆਂ ਦੀ ਗੱਲ ਕਰਦੇ ਓ ਤੁਸੀਂ ਸਾਹਿਬ

ਇਹ ਛਾਵਾਂ ਆਰਜੀ ਸੱਭੇ ਹੀ ਮੁੱਲ ਨੇ ਮਿਲਦੀਆਂ ਹੁਣ ਤਾਂ
ਇਹ ਛਾਵਾਂ 'ਕਿਹੜੀਆਂ' ਦੀ ਗੱਲ ਕਰਦੇ ਓ ਤੁਸੀਂ ਸਾਹਿਬ

ਨਵਾਂ ਇਹ 'ਪੋਚ' ਹੈ ਕਿੱਥੋਂ ਉਚਾਰੇ ਗੁਰਮੁਖੀ ਅੱਖਰ
ਇਹ ਕਿਹੜੇ 'ਬਾਬਿਆਂ' ਦੀ ਗੱਲ ਕਰਦੇ ਓ ਤੁਸੀਂ ਸਾਹਿਬ

2

ਹਰ ਕਿਸੇ ਨੂੰ ਵਿੱਥਿਆ ਨਾ ਆਪਣੇ ਮਨ ਦੀ ਕਹੀਂ
ਦੁੱਖਾਂ-ਸੁੱਖਾਂ ਨੂੰ ਬਰਾਬਰ ਜਾਣ ਕੇ ਤੁਰਿਆ ਰਹੀਂ

ਪੀੜ ਮਿੱਟੀ ਦੀ ਜਗੀ ਸੀਨੇ ਦੇ ਅੰਦਰ ਇਸ ਤਰਾਂ
ਗ਼ਮ ਤੇਰਾ ਹੁਣ ਭਾਲਿਆਂ ਵੀ ਲੱਭਣਾ ਮੈਨੂੰ ਨਹੀਂ

ਲੈ ਦਸੰਬਰ ਨਾਲ ਹੀ ਲੈ ਚੱਲਿਆ ਸ਼ਿਕਵੇ ਗਿਲੇ
ਭੁੱਲ ਕੇ ਵੀ ਹੁਣ ਜੇ ਤੈਨੂੰ ਰੜਕਿਆ ਤੇ ਫਿਰ ਕਹੀਂ

ਲੰਘਣੀਂ ਹੈ ਕਿਸ ਤਰ੍ਹਾਂ ਹੁਣ ਇਹ ਨਹੀਂ ਹਾਂ ਜਾਣਦਾ
ਪਰ ਹਮੇਸ਼ਾਂ ਦੀ ਤਰਾਂ ਤੂੰ ਮਹਿਕਦਾ ਖਿੜਿਆ ਰਹੀਂ

ਚਾਰ ਸਾਲਾਂ ਦਾ ਸਮਾਂ ਦਿਨ ਚਾਰ ਵਾਂਗੂੰ ਲੰਘਿਆ
ਹੁਣ ਕਦੇ ਨੀ ਪਰਤਣਾ ਉਹ ਕਹਿ ਗਿਆ ਵਸਦਾ ਰਹੀਂ

ਤੇਰੇ ਮਨ ਤੋਂ ਲਹਿ ਗਿਆ ਕੋਈ ਜਿਸ ਤਰ੍ਹਾਂ ਕੱਚਾ ਜਿਹਾ
ਤੂੰ ਕਦੇ ਵੀ ਅਪਣਿਆਂ ਦੇ ਇੰਝ ਨਾ ਮਨ ਤੋਂ ਲਹੀਂ

3

ਮੋਮ ਜਿਹੇ ਬੁੱਲ੍ਹਾਂ ਦੇ ਉੱਤੇ ਗੀਤ ਜੋ ਅੱਗ ਦੇ ਗਾਏਗਾ
ਰੌਸ਼ਨੀਆਂ ਦੀ ਲੀਕ ਹਨੇਰੇ ਦੇ ਮੱਥੇ ਤੇ ਪਾਏਗਾ

ਸਾਰਾ ਨਗਰ ਉਸਾਰਨ ਵਾਲਾ ਘਰ ਨਾ ਪੱਕਾ ਕਰ ਸਕਿਆ
ਆਈ ਜਦ ਵੀ ਬਾਰਿਸ਼ ਕੋਠਾ ਤਿਪ-ਤਿਪ ਕਰ ਢਹਿ ਜਾਏਗਾ!

ਕੰਧਾਂ ਦੇ ਨਾਲ ਕਰਕੇ ਗੱਲਾਂ ਉਮਰ ਲੰਘਾਈ ਜਾਣੀ ਨਾ
ਜਿਹੜਾ ਭਰੇ ਹੁੰਗਾਰਾ ਤੇਰਾ ਕੋਈ ਇਕ ਤੇ ਆਏਗਾ?

ਦੋਵਾਂ ਨੇ ਇੱਕ ਦੂਜੇ ਬਾਝੋਂ ਜੀਅ ਲੈਣਾ ਇਹ ਜਾਣਦਿਆਂ
ਆਖ ਰਹੇ ਨੇ ਦੋਵੇਂ ਹੁਣ, 'ਜੋ ਵੱਖ ਹੋਇਆ ਮਰ ਜਾਏਗਾ'

ਕੌਣ ਚੁਰਾਹੇ ਖੜਕੇ ਹੋਕਾ ਦਿੰਦਾ ਹੈ ਇਹ ਜਾਗਣ ਦਾ
ਸੁੱਤਿਆਂ ਦੀ ਬਸਤੀ ਦੇ ਅੰਦਰ ਅਪਣੀ ਜਾਨ ਗਵਾਏਗਾ!

ਸਾਂਭ ਲਏ ਸੀ ਤੇਰੇ ਹੁੰਦਿਆਂ ਸਾਂਝੇ ਪਲ, ਇਹ ਜਾਣਦਿਆਂ
ਲੰਘ ਰਿਹਾ ਜੋ ਪੱਤਣੋਂ ਪਾਣੀ ਮੁੜ ਨਾ ਵਾਪਸ ਆਏਗਾ

ਜਨਮ-ਜਮਾਂਤਰ ਤੋਂ ਸਾਲਾਂ ਫਿਰ ਦਿਨਾਂ ਪਲਾਂ ਤੱਕ ਸਿਮਟ ਗਿਆ
ਰੂਹ ਦਾ ਰਿਸ਼ਤਾ ਸੋਚਿਆ ਨਾ ਸੀ ਜਿਸਮਾਂ ਤੱਕ ਰਹਿ ਜਾਏਗਾ

ਹੁੰਦਾ ਸੀ ਤੂੰ ਦਿਲ ਦਾ ਜਾਨੀ ਜਾਂ ਜਿੰਦੜੀ ਦਾ ਵੈਰੀ ਸੀ
ਵਾਅਦਾ ਤੇਰੇ ਨਾਲ ਜ਼ਮਾਨਾ ਜਾਣ ਕਦੇ ਨਾ ਪਾਏਗਾ

*****

## ਮੁਲਾਕਾਤ/ ਨਵੇਂ ਕਵੀ ਆਪਣਾ ਨਵਾਂ ਮੁਹਾਵਰਾ ਅਤੇ ਮੁਹਾਂਦਰਾ ਘੜ ਰਹੇ ਹਨ –ਰਿਸ਼ੀ ਹਿਰਦੇਪਾਲ

**1. ਪਹਿਲਾਂ ਪਹਿਲ ਕਵਿਤਾ ਲਿਖਣ ਦਾ ਖਿਆਲ ਮਨ ਵਿੱਚ ਕਦੋਂ ਆਇਆ ਤੇ ਪਹਿਲੀ ਰਚਨਾ ਕਦੋਂ ਲਿਖੀ?**



ਰਿਸ਼ੀ – ਕਵਿਤਾ ਲਿਖਣ ਦਾ ਖ਼ਿਆਲ ਕਦੋਂ ਆਇਆ ਕੋਈ ਚਿੱਤ ਚੇਤੇ ਨਹੀਂ। ਘਰ ਦਾ ਮਾਹੌਲ ਸਾਹਿਤਕ ਸੀ, ਘਰ ਵਿੱਚ ਪੁਸਤਕਾਂ ਸਨ, ਮਹਿਫ਼ਲਾਂ ਜੁੜਦੀਆਂ ਸਨ, ਗੀਤ, ਸੰਗੀਤ, ਸ਼ਾਇਰੀ, ਅਭਿਨੈ, ਰੰਗਮੰਚ ਸਭੇ ਰੰਗ ਵੇਖਣ ਸੁਣਨ ਨੂੰ ਮਿਲਦੇ ਰਹੇ। ਸਕੂਲ ਸਮੇਂ ਨੌਵੀਂ ਕਲਾਸ ਵਿੱਚ ਪੜ੍ਹਦਿਆਂ ਦੋ ਸਤਰਾਂ ਆਪ ਮੁਹਾਰੇ ਜੁੜੀਆਂ ਸਨ ਜੋ ਪਿਤਾ ਜੀ ਨੂੰ ਵਿਖਾਈਆਂ ਤਾਂ ਉਹਨਾਂ ਨੇ ਖੁਸ਼ੀ ਪ੍ਰਗਟ ਕੀਤੀ। ਉਸ ਤੋਂ ਬਾਅਦ ਕਈ ਸਾਲ ਕੁਝ ਨਹੀਂ ਅਹੁੜਿਆ। ਕਾਲਜ ਵਿੱਚ ਪ੍ਰੋਫੈਸਰ ਸਾਹਿਬਨ ਨੇ ਯੁਵਕ ਮੇਲੇ ਦੇ ਕਵਿਤਾ ਲਿਖਣ ਮੁਕਾਬਲੇ ਵਿੱਚ ਨਾਂ ਲਿਖ ਲਿਆ, ਉਸ ਵੇਲੇ ਸਾਹਿਤ ਪੜ੍ਹਨ ਵੱਲ ਰੁਚਿਤ ਹੋਇਆ ਤੇ ਫਿਰ ਚੱਲ ਸੋ ਚੱਲ। ਘਰ ਪਈਆਂ ਪੁਸਤਕਾਂ ਉਦੋਂ ਫਰੋਲੀਆਂ, ਕਾਲਜ ਲਾਇਬ੍ਰੇਰੀ ਪੜ੍ਹੀ।

**2. ਆਪਣੇ ਤੋਂ ਪਹਿਲੀ ਪੀੜ੍ਹੀ ਦੀ ਸ਼ਾਇਰੀ ਤੋਂ ਆਪਣੀ ਕਵਿਤਾ ਨੂੰ ਵੱਖ ਮੰਨਦੇ ਹੋ ਜਾਂ ਉਨ੍ਹਾਂ ਤੋਂ ਪ੍ਰਭਾਵਿਤ ਮੰਨਦੇ ਹੋ?**

ਰਿਸ਼ੀ – ਮੈਂ ਆਪਣੇ ਤੋਂ ਪਹਿਲੀ ਪੀੜ੍ਹੀ ਦੀ ਸ਼ਾਇਰੀ ਨੂੰ ਜੀਵਿਆ ਹੈ ਸ਼ਾਇਦ ਇਸੇ ਕਰਕੇ ਲਿਖਣ ਜੋਗਾ ਹੋਇਆ। ਮੈਂ ਕਿਸੇ ਇੱਕ ਸ਼ਾਇਰ ਤੋਂ ਪ੍ਰਭਾਵਿਤ ਹੋ ਕੇ ਖ਼ੁਦ ਨੂੰ ਇੱਕ ਬੰਦਿਸ਼ ਵਿੱਚ ਨਹੀਂ ਬੰਨ੍ਹਿਆ, ਹਾਂ ਇਹ ਜ਼ਰੂਰ ਹੈ ਕਿ ਮੇਰੀ ਨਜ਼ਮਕਾਰੀ ਵਿੱਚ ਥੋੜ੍ਹਾ ਥੋੜ੍ਹਾ ਰੰਗ ਵੇਖਣ ਨੂੰ ਜ਼ਰੂਰ ਮਿਲ ਜਾਵੇਗਾ। ਕੋਸ਼ਿਸ਼ ਕਰਦਾ ਹਾਂ ਕਿ ਉਹੀ ਲਿਖਾਂ ਜੋ ਆਪ ਜੀਵਿਆ ਹੈ ਜਾਂ ਮਹਿਸੂਸ ਕੀਤਾ ਹੈ। ਯਥਾਰਥ ਸਿਰਜਣ ਦੀ ਕੋਸ਼ਿਸ਼ ਵਧੇਰੇ ਕਰਦਾ ਹਾਂ ਤਾਂ ਜੋ ਲੋਕਾਈ ਦੇ ਨੇੜੇ ਵਿਚਰ ਸਕਾਂ।

**3. ਕਵਿਤਾ ਲਿਖਣ ਲਈ ਆਪਣੇ ਸਮਕਾਲੀ ਤੇ ਆਪਣੇ ਕਲਾਸਿਕ ਸਾਹਿਤ ਜਾਂ ਵਿਸ਼ਵ ਸਾਹਿਤ ਨੂੰ ਪੜ੍ਹਨਾ ਕਿੰਨਾ ਕੁ ਜ਼ਰੂਰੀ ਹੈ?**

ਰਿਸ਼ੀ – ਬਹੁਤ ਜ਼ਰੂਰੀ ਹੈ। ਸਮਕਾਲੀ ਸਾਹਿਤ, ਵਿਸ਼ਵ ਸਾਹਿਤ ਜਾਂ ਕਲਾਸਿਕ ਸਾਹਿਤ ਸੰਸਾਰ ਵੱਲ ਤੁਹਾਡੀ ਖ਼ਿਆਲਾਂ ਦੀ ਖਿੜਕੀ ਖੋਲ੍ਹਦਾ ਹੈ। ਤੁਹਾਡਾ ਸ਼ਬਦ ਭੰਡਾਰ ਵਿਸ਼ਾਲ ਹੁੰਦਾ ਹੈ। ਤੁਹਾਡੇ ਖ਼ਿਆਲ, ਜਜ਼ਬੇ ਪ੍ਰਪੱਕ ਹੁੰਦੇ ਹਨ। ਪਤਾ ਲੱਗਦਾ ਹੈ ਕਿ ਕਿਹੜੀ ਗੱਲ ਪਹਿਲਾਂ ਕਹੀ ਜਾ ਚੁੱਕੀ ਹੈ। ਨਾਲ ਦੀ ਨਾਲ ਕਿਸੇ ਵਰਤਾਰੇ ਦੇ ਵੱਖੋ ਵੱਖਰੇ ਮਾਪਦੰਡ ਜਾਣਨ ਲਈ ਵੱਖ ਵੱਖ ਭੌਤਿਕ ਧਰਾਤਲਾਂ ’ਤੇ ਲਿਖਿਆ ਸਾਹਿਤ ਪੜ੍ਹਨਾ ਲਾਜ਼ਮੀ ਹੈ। ਇੱਕ ਗੱਲ ਕਈ ਕੋਣਾਂ ਰਾਹੀਂ ਪ੍ਰਗਟ ਹੋ ਸਕਦੀ ਹੈ ਤੇ ਵੱਖੋ ਵੱਖਰੇ ਭੌਤਿਕ ਧਰਾਤਲ ਉਹਨਾਂ ਕੋਣਾਂ- ਦ੍ਰਿਸ਼ਟੀਕੋਣਾਂ ਦਾ ਪ੍ਰਗਟਾਵਾ ਕਰਦੇ ਹਨ।

**4. ਜਦੋਂ ਕਵਿਤਾ ਲਿਖਦੇ ਹੋ ਤਾਂ ਕੋਈ ਖਾਸ ਤਰ੍ਹਾਂ ਦੇ ਮਾਹੌਲ ਦੀ ਜ਼ਰੂਰਤ ਪੈਂਦੀ ਹੈ?**

ਰਿਸ਼ੀ – ਨਹੀਂ ਕੋਈ ਖ਼ਾਸ ਮਾਹੌਲ ਦੀ ਜ਼ਰੂਰਤ ਨਹੀਂ। ਬੱਸ ਵਿੱਚ ਸਫ਼ਰ ਕਰਦਿਆਂ, ਕਿਸੇ ਪਾਰਟੀ ਵਿੱਚ ਬੈਠਿਆਂ ਵੀ ਕੋਈ ਖ਼ਿਆਲ ਅਹੁੜ ਪੈਂਦਾ ਹੈ। ਕਈ ਵਾਰ ਏਦਾਂ ਜ਼ਰੂਰ ਹੋਇਆ ਕਿ ਕੋਈ ਖ਼ਿਆਲ ਅਹੁੜ ਗਿਆ ਪਰ ਉਹ ਸ਼ਾਬਦਿਕ ਰੂਪ ਅਖ਼ਤਿਆਰ ਕਰਨ ਲਈ ਕਈ ਸਾਲ ਲੈਂਦਾ ਹੈ। ਪਰ ਮੈਨੂੰ ਏਦਾਂ ਚੰਗਾ ਲੱਗਦਾ ਹੈ। ਮੈਂ ਕਵਿਤਾ ਨੂੰ ਆਪਣਾ ਸਮਾਂ ਲੈਣ ਦਿੰਦਾ ਹਾਂ ਤੇ ਆਪ ਮੁਹਾਰੇ ਉਸ ਨੂੰ ਆਉਣ ਦਿੰਦਾ ਹਾਂ। ਕਈ ਵਾਰ ਕਵਿਤਾ ਅੱਧੀ ਰਾਤ ਨੂੰ ਵੀ ਦਰ ਖੜ੍ਹਕਾ ਦਿੰਦੀ ਹੈ।

**5. ਆਪਣੇ ਸਮਕਾਲੀ ਯੁਵਾ ਕਵੀਆਂ ਦੇ ਪ੍ਰਸੰਗ ਵਿੱਚ ਆਪਣੀ ਕਵਿਤਾ ਨੂੰ ਕਿੱਥੇ ਖੜ੍ਹਾ ਦੇਖਦੇ ਹੋ?**

ਰਿਸ਼ੀ – ਇਸ ਬਾਰੇ ਤਾਂ ਪਾਠਕ ਜ਼ਿਆਦਾ ਦੱਸ ਸਕਦੇ ਪਰ ਮੈਨੂੰ ਇਹ ਜ਼ਰੂਰ ਲੱਗਦਾ ਕਿ ਮੇਰੀ ਨਜ਼ਮ ਵਿੱਚ ਚੌਗਿਰਦੇ ਦੀ ਬਾਤ ਹੁੰਦੀ ਹੈ। ਕਿਸੇ ਖ਼ਾਸ ਤਰ੍ਹਾਂ ਦੀ ਐਨਕ ਲਗਾ ਕੇ ਮੈਂ ਚੌਗਿਰਦੇ ਨੂੰ ਨਹੀਂ ਵੇਖਦਾ। ਦੁਨੀਆ ਦਾ ਹਰ ਰੰਗ ਵੇਖਣ ਲਈ ਹੈ ਸੋ ਮੈਂ ਉਹ ਵੇਖਦਾਂ ਤੇ ਸ਼ਬਦਾਂ ਵਿੱਚ ਢਾਲਣ ਦੀ ਕੋਸ਼ਿਸ਼ ਕਰਦਾ ਹਾਂ।

**6. ਸਮੁੱਚੀ ਲਿਖੀ ਜਾ ਰਹੀ ਨੌਜਵਾਨ ਪੀੜ੍ਹੀ ਦੀ ਕਵਿਤਾ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਕਿੱਥੇ ਰੱਖਦੇ ਹੋ?**

ਰਿਸ਼ੀ – ਨੌਜਵਾਨ ਪੀੜ੍ਹੀ ਬਹੁਤ ਚੇਤੰਨ ਹੈ। ਆਮ ਦਿਸਦੇ ਪਾਸਾਰਾਂ ਦੀ ਪਰਤ ਹੇਠ ਲੁਕੇ ਅਣਦਿਸਦੇ ਨੂੰ ਵੀ ਇਹ ਸੂਖਮ ਅੱਖ ਨਾਲ ਵੇਖ ਰਹੀ ਹੈ, ਜੋ ਪਹਿਲਾਂ ਪੰਜਾਬੀ ਕਾਵਿ ਵਿੱਚ ਬਹੁਤ ਘੱਟ ਸੀ। ਪੰਜਾਬੀ ਕਵਿਤਾ ਆਪਣੇ ਚੰਗੇ ਵੇਲਿਆਂ ਵਿੱਚ ਹੈ। ਨਵੇਂ ਉੱਭਰ ਰਹੇ ਹਸਤਾਖ਼ਰ ਨਵਾਂ ਮੁਹਾਵਰਾ ਅਤੇ ਮੁਹਾਂਦਰਾ ਘੜ ਰਹੇ ਹਨ। ਨਵੀਂ ਭਾਸ਼ਾ ਸਾਹਮਣੇ ਆ ਰਹੀ ਹੈ ਜੋ ਸ਼ੁੱਭ ਸ਼ਗਨ ਹੈ।

**7. ਤੁਹਾਡੀ ਲੇਖਣੀ ਨੂੰ ਘਰ ਪਰਿਵਾਰ ਜਾਂ ਆਲੇ ਦੁਆਲੇ ਵਿਚਰਦੇ ਲੋਕਾਂ ਵੱਲੋਂ ਕਿਸ ਤਰਾਂ ਦਾ ਹੁੰਗਾਰਾ ਪ੍ਰਾਪਤ ਹੁੰਦਾ ਹੈ ?**

ਰਿਸ਼ੀ – ਹੁੰਗਾਰਾ ਵਧੀਆ ਮਿਲਦਾ ਹੈ। ਮੇਰੀਆਂ ਬਹੁਤ ਨਜ਼ਮਾਂ ਮੇਰੀ ਧੀ, ਮੇਰੀ ਪਤਨੀ, ਮੇਰੀ ਮਾਂ ਬਾਬਤ ਹਨ। ਆਂਢ ਗੁਆਂਢ ਵਿੱਚ ਰਹਿੰਦੇ ਲੋਕ, ਉਹਨਾਂ ਦੇ ਸੁਭਾਅ, ਜੀਵਨ ਸ਼ੈਲੀ ਮੇਰੀ ਕਵਿਤਾ ਵਿੱਚ ਮਿਲ ਜਾਂਦੇ ਹਨ ਤੇ ਜਦੋਂ ਉਹ ਖ਼ੁਦ ਨੂੰ ਉਸ ਵਿੱਚ ਵੇਖਦੇ ਹਨ ਤਾਂ ਵਧੀਆ ਹੁੰਗਾਰਾ ਦਿੰਦੇ ਹਨ।

**8. ਕਵਿਤਾ ਦੇ ਵਿਕਾਸ ਵਿੱਚ ਰੀਲਾਂ, Instragram ਜਾਂ ਫੇਸਬੁੱਕ ਦਾ ਕਿੰਨਾ ਕੁ ਰੋਲ ਹੈ। ਇਨ੍ਹਾਂ ਮਾਧਿਅਮ ਦੁਆਰਾ ਪੇਸ਼ ਕਵਿਤਾ ਦਾ ਭਵਿੱਖ ਵਿੱਚ ਕੋਈ ਸਾਰਥਕ ਯੋਗਦਾਨ ਹੈ?**

ਰਿਸ਼ੀ – ਅਜੋਕਾ ਸਮਾਂ ਤਕਨੀਕ ਦਾ ਹੈ। ਜੋ ਇਹਨਾਂ ਤਕਨੀਕਾਂ ਦੇ ਨਾਲ ਇਕ ਮਿੱਕ ਹੈ ਉਹ ਪਾਠਕਾਂ ਦਾ ਸਾਰਥਕ ਹੁੰਗਾਰਾ ਹਾਸਲ ਕਰ ਰਿਹਾ ਹੈ ਪਰ ਜਿਸਨੂੰ ਇਸਦੀ ਵਰਤੋਂ ਨਹੀਂ ਕਰਨੀ ਆਉਂਦੀ ਉਹ ਕਿਤੇ ਨਾ ਕਿਤੇ ਛੁਪਿਆ ਰਹਿ ਜਾਂਦਾ ਹੈ। ਰੀਲ਼ਾਂ ਰਾਹੀਂ ਕਵਿਤਾ ਹਰ ਮੋਬਾਈਲ ਤੱਕ ਪਹੁੰਚ ਕਰ ਰਹੀ ਹੈ। ਸੁਣਨ ਵਾਲੇ ਲੱਭ ਕੇ ਸੁਣ ਵੀ ਰਹੇ ਹਨ ਪਰ ਇਸਦਾ ਨੁਕਸਾਨ ਵੀ ਹੋ ਰਿਹਾ ਹੈ, ਕਵਿਤਾ ਜਾਂ ਸਾਹਿਤ ਦੇ ਨਾਂ ਤੇ ਅਕਵਿਤਾ ਬਹੁਤਾਦ ਦੇ ਵਿੱਚ ਆ ਰਹੀ ਹੈ ਜਿਸਦਾ ਭੁਗਤਾਨ ਅਗਲੀ ਪੀੜ੍ਹੀ ਰਾਹੀਂ ਅਸੀਂ ਭੁਗਤਾਂਗੇ।

**9. ਕੀ ਨਵੀਂ ਪੀੜ੍ਹੀ ਦੀ ਕਵਿਤਾ ਪੰਜਾਬੀ ਆਲੋਚਨਾ ਤੋਂ ਸੰਤੁਸ਼ਟ ਹੈ ?**

ਰਿਸ਼ੀ – ਪੁਰਾਣੇ ਆਲੋਚਕਾਂ ਦੀ ਨਜ਼ਰ ਵਿੱਚ ਹਲੇ ਨਵੀਂ ਪੀੜ੍ਹੀ ਦੀ ਕਵਿਤਾ ਅਤੇ ਕਵੀ ਆਏ ਹੀ ਨਹੀਂ, ਕਿੰਨੇ ਹੀ ਚੰਗੇ ਕਵੀ ਇਸ ਕਰਕੇ ਅਣਗੌਲੇ ਹੋ ਰਹੇ ਹਨ ਪਰ ਆਸ ਹੈ ਕਿ ਕੋਈ ਤਾਂ ਇਹਨਾਂ ਦੀ ਗੱਲ ਕਰੇਗਾ। ਹਾਂ ਨਵੇਂ ਪੂਰ ਦੇ ਆਲੋਚਕ ਆਪਣੇ ਸਮਕਾਲੀ ਕਵੀਆਂ ਦੀ ਕਵਿਤਾ ਦੀ ਬਾਤ ਜ਼ਰੂਰ ਕਰ ਰਹੇ ਹਨ। ਜਿਸ ਨਾਲ ਪੰਜਾਬੀ ਕਵਿਤਾ ਨਵੇਂ ਰੰਗਾਂ ਦਾ ਕੈਨਵਸ ਸਿਰਜ ਰਹੀ ਹੈ।

**10. ਕੀ ਕਵਿਤਾ ਦਾ ਕੋਈ ਸਮਾਜਿਕ ਰੋਲ ਹੁੰਦਾ ਹੈ? ਜੇਕਰ ਹੁੰਦਾ ਹੈ ਤਾਂ ਨਵੀਂ ਕਵਿਤਾ ਦੇ ਪ੍ਰਸੰਗ ਵਿੱਚ ਇਸ ਰੋਲ ਸੰਬੰਧੀ ਕੀ ਆਖਣਾ ਚਾਹੋਗੇ?**

ਰਿਸ਼ੀ – ਕਵਿਤਾ ਅਤੇ ਸਾਹਿਤ ਦਾ ਸਮਾਜਿਕ ਰੋਲ ਹੁੰਦਾ ਹੈ। ਕਵਿਤਾ ਸਮਾਜ ਨੂੰ ਬਦਲਣ ਦਾ ਦਮ ਰੱਖਦੀ ਹੈ ਜੇਕਰ ਉਹ ਕਿਸੇ ਡਰ, ਲਾਲਚ ਤੋਂ ਰਹਿਤ ਹੋਵੇ। ਨਵੀਂ ਕਵਿਤਾ ਸੱਤਾ, ਸਮਾਜਕ ਕੁਰੀਤੀਆਂ ਦੇ ਨਾਲ ਦਸਤ-ਪੰਜਾ ਲੈ ਰਹੀ ਹੈ ਤੇ ਬਹੁਤੀ ਵਾਰ ਆਪਣਾ ਪ੍ਰਭਾਵ ਵਿਖਾਉਂਦੀ ਵੀ ਹੈ। ਕਵਿਤਾ ਦਾ ਕੰਮ ਸਮਾਜਿਕ ਤਬਦੀਲੀ ਦੀ ਚੇਤਨਾ ਪੈਦਾ ਕਰਨਾ ਹੈ ਜੋ ਨਿਰਸੰਦੇਹ ਕਵਿਤਾ ਕਰਦੀ ਹੈ। ਕਵਿਤਾ ਬੰਦੇ ਦੀਆਂ ਸੰਵੇਦਨਾਵਾਂ ਨੂੰ ਬਚਾਈ ਰੱਖਣ ਦਾ, ਜਗਾਉਣ ਦਾ ਜ਼ਰੀਆ ਹੈ।

**11. ਤੁਸੀਂ ਕਿਵੇਂ ਲਿਖਦੇ ਹੋ ? ਆਪਣੀ ਸਿਰਜਣ ਪ੍ਰਕਿਰਿਆ ਬਾਰੇ ਕੁਝ ਸਤਰਾਂ ਲਿਖੋ ?**

ਰਿਸ਼ੀ – ਮੈਂ ਲਿਖਣ ਨਾਲੋਂ ਜ਼ਿਆਦਾ ਪੜ੍ਹਨ ਨੂੰ ਪਹਿਲ ਦਿੰਦਾ ਹਾਂ, ਕਈ ਕਵਿਤਾਵਾਂ ਲਿਖੀਆਂ ਵੀ ਨਹੀਂ ਜਾਂਦੀਆਂ ਸਿਰਫ਼ ਜੀਵੀਆਂ ਜਾਂਦੀਆਂ ਹਨ, ਮੇਰੇ ਕੋਲ ਕਈ ਅਜਿਹੀਆਂ ਕਵਿਤਾਵਾਂ ਹਨ ਤੇ ਸਾਰੇ ਕਵੀਆਂ ਕੋਲ ਹੁੰਦੀਆਂ ਹਨ। ਲਿਖਣ ਲਈ ਪੜ੍ਹਨਾ ਅਤੇ ਸਮਾਜ ਵਿੱਚ ਵਿਚਰਨਾ ਲਾਜ਼ਮ ਹੈ, ਇਹ ਦੋਵੇਂ ਕਾਰਜ ਮੈਂ ਬਹੁਤ ਕਰਦਾ ਹਾਂ। ਫਿਰ ਏਦਾਂ ਹੀ ਭਰੇ ਬਾਜ਼ਾਰ ਵਿੱਚ, ਸਵਾਰੀਆਂ ਨਾਲ ਭਰੀ ਬੱਸ ਵਿੱਚ, ਇੱਟਾਂ ਢੋ-ਚਿਣ ਰਹੇ ਇਨਸਾਨਾਂ ਵਿੱਚ, ਕੰਧਾਂ ਕਾਪੀਆਂ 'ਤੇ ਧੀ ਦੁਆਰਾ ਵਾਹੀਆਂ ਜਾ ਰਹੀਆਂ ਲਾਈਨਾਂ ਵਿੱਚ, ਡਰਾਇੰਗ ਵਿੱਚ ਵਾਹੀ ਖਿੜਕੀ ਵਿੱਚ, ਮਾਂ ਧੀ ਦੀ ਗੱਲਬਾਤ ਵਿੱਚ ਮੈਨੂੰ ਕਵਿਤਾ ਦਿਸ ਪੈਂਦੀ ਹੈ ਤੇ ਮੈਂ ਉਹ ਪਲ਼ ਬੋਚ ਲੈਂਦਾ ਹਾਂ।

*****

## ਹਰਮੀਤ ਸਿਵੀਆ

### ਬੌਧਿਕ ਕੰਗਾਲੀ

ਹਾਲਤ ਕਿਸੇ ਦੀ ਵੀ
ਮਾਲੀ ਮਾੜੀ ਐ।
ਉਸ ਤੋਂ ਵੀ ਬੌਧਿਕ
ਕੰਗਾਲੀ ਮਾੜੀ ਐ।

ਮਾੜਾ ਹੈ ਕਿਸੇ ਦੇ ਨਾਲ
ਮਾੜਾ ਕਰਨਾ,
ਮਾੜੇ ਸਮੇਂ ਵਿੱਚ ਜੇਬ
ਖਾਲੀ ਮਾੜੀ ਐ।

ਜੂਏ ਦੀ ਆਦਤ ਸਦਾ
ਮਾੜੀ ਹੁੰਦੀ ਐ,
ਰੱਖਣੀ ਕਰੰਸੀ ਵੀ
ਜਾਅਲੀ ਮਾੜੀ ਐ।

ਫੁੱਫੜ ਪ੍ਰਾਹੁਣਾ ਸੌਖੇ
ਨਹੀਂ ਸੰਭਾਲਣੇ,
ਸ਼ੱਕੀ ਦੀ ਅਮਾਨਤ
ਸੰਭਾਲੀ ਮਾੜੀ ਐ।

ਕੁੱਝ ਵੀ ਨਾਜਾਇਜ਼ ਹੈ
ਮਾੜਾ ਰੱਖਣਾ,
ਦੁੱਧ ਦੀ ਬਿੱਲੇ ਤੋਂ
ਰਖਵਾਲੀ ਮਾੜੀ ਐ।

ਰਿਸ਼ਤੇਦਾਰੀ ਤਾਂ
ਆਪੋ ਆਪਣੀ ਜਗ੍ਹਾ,
ਸਾਢੂ ਦੀ ਵਪਾਰ
ਭਾਈਵਾਲੀ ਮਾੜੀ ਐ।

ਈਰਖਾ ਸਾੜਾ ਤੇ ਸਦਾ
ਗੁੱਸਾ ਮਾੜਾ ਹੈ,
ਗੁੱਸੇ ਨਾਲ ਅੱਖ ਵਿੱਚ
ਲਾਲੀ ਮਾੜੀ ਐ।

ਕੀਮਤੀ ਸ਼ੈਅ ਨੂੰ ਰੱਖੋ
ਸਾਂਭ 'ਸਿਵੀਆ',
ਚਾਬੀ ਤੇ ਬੰਦੂਕ ਜੰਗਾਲੀ ਮਾੜੀ ਐ।

### ਮੰਜ਼ਰ

ਕੀ ਦੱਸਾਂ ਕਿ ਕਿਹੋ ਜਿਹੇ
ਮੈਂ ਮੰਜ਼ਰ ਦੇਖੇ ਨੇ।
ਆਪਣਿਆਂ ਦੇ ਹੱਥਾਂ ਵਿੱਚ
ਖ਼ੰਜ਼ਰ ਦੇਖੇ ਨੇ।

ਇਸ ਮਿਆਰ ਤੋਂ ਨੀਵੇਂ
ਕੀ ਰਿਸ਼ਤੇ ਹੋਵਣਗੇ,
ਧੀ ਦੇ ਰੇਪ 'ਚ ਪਿਉ
ਜੇਲਾਂ ਅੰਦਰ ਦੇਖੇ ਨੇ।

ਕੰਢੇ ਖੜ੍ਹੀਆਂ ਕਿਸ਼ਤੀਆਂ
ਰੋੜ ਕੇ ਲੈ ਜਾਂਦੇ,
ਲਹਿਰਾਂ ਨਾਲ ਰਲੇ ਹੋਏ
ਸੁਮੰਦਰ ਦੇਖੇ ਨੇ।

ਆਪਣਿਆਂ ਨੂੰ ਭੁੱਖੇ ਦੇਖਕੇ
ਖੁਸ਼ੀ ਮਨਾਉਂਦੇ,
ਓਹੀ ਲਾਉਂਦੇ ਗੈਰਾਂ ਲਈ
ਲੰਗਰ ਦੇਖੇ ਨੇ।

ਗੁਆਏ ਸਰੋਕਾਰ ਸਗੋਂ
ਸੰਚਾਰ ਸਾਧਨਾਂ ਨੇ,
ਇਨਸਾਨ ਤੋਂ ਵੱਧ
ਵਫ਼ਾਦਾਰ ਡੰਗਰ ਦੇਖੇ ਨੇ।

ਖੂਹ ਦੀ ਇੱਟ ਚੁਬਾਰੇ
ਕਹਿੰਦੇ ਲੱਗਦੀ ਨਾਂ,
ਇੱਟਾਂ ਦੀ ਥਾਂ ਲਗਦੇ ਹੋਏ
ਖੰਗਰ ਦੇਖੇ ਨੇ।

ਕਾਲ ਪਾਵੇ ਬੰਨਕੇ ਵੀ
ਤੁਰ ਗਿਆ ਰਾਵਣ,
ਖਾਲੀ ਹੱਥ ਸਿਵੀਆਂ ਜਾਣ
ਸਿਕੰਦਰ ਦੇਖੇ ਨੇ।

### ਤਵਾਰੀਖ਼

ਸਦਾ ਸਮੇਂ-ਸਮੇਂ ਇਹ
ਤਵਾਰੀਖ ਕਹਿੰਦੀ ਏ।



ਭਰ ਜਾਂਦੇ ਜ਼ਖ਼ਮ ਪਰ
ਤਕਲੀਫ਼ ਰਹਿੰਦੀ ਏ।

ਪੁੱਛ ਕੇ ਵੇਖੋ ਹਸ਼ਰ
ਉਹਨਾਂ ਦਾ ਕੀ ਹੁੰਦਾ,
ਉਸਤਰਿਆਂ ਦੀ ਮਾਲਾ
ਜਿੰਨਾਂ ਗਲ ਪੈਂਦੀ ਏ।

ਫਿਰ ਛੇਤੀ-ਛੇਤੀ ਨਹੀਂਓਂ ਹੈ
ਉਹ ਉਸਰਦੀ,
ਮਲਾਰਾਂ ਦੀ ਦੀਵਾਰ
ਜਦੋਂ ਵੀ ਢਹਿੰਦੀ ਏ।

ਫਿਕਰਾਂ ਵਾਲੀ ਸਿਉਂਕ
ਉਨਾਂ ਨੂੰ ਖਾ ਜਾਂਦੀ,
ਧੀ ਜਿੰਨਾਂ ਦੀ ਮੁੜ ਆ
ਪੇਕੇ ਘਰ ਬਹਿੰਦੀ ਏ।

ਭਰਮ ਯਥਾਰਥ ਦਾ
ਉਦੋਂ ਹੈ ਪੈਦਾ ਹੋ ਜਾਂਦਾ,
ਸਭ ਨੂੰ ਸਭ ਮਿਲੂ
ਜੇ ਸਰਕਾਰ ਕਹਿੰਦੀ ਏ।

ਪਿਓ ਪੁੱਤ ਦੀ ਜੇ
ਸਾਂਝੀ ਰੋਜ਼ ਗਲਾਸੀ ਹੋਵੇ,
ਰਿਸ਼ਤੇ ਦੀ ਨਾ ਫਿਰ
ਮਰਿਆਦਾ ਰਹਿੰਦੀ ਏ।

ਕਿਰਤੀਆਂ ਦੀ ਧੀ
ਸੋਚੇ ਕਦੋਂ ਕੁ ਹੈ ਲੱਗਣੀ,
ਮੇਰੇ ਅੱਟਣ ਵਾਲੇ ਹੱਥਾਂ ਉੱਤੇ
ਮਹਿੰਦੀ ਏ।

## ਕੁਲਵਿੰਦਰ ਬੱਛੋਆਣਾ



ਖ਼ੁਦ ਜਿਹੜੇ ਨਾਕਾਮ ਰਹਿ ਗਏ ਕੁਝ ਸਿਰਜਣ ਜਾਂ ਜੋੜਨ ਵਿਚ
ਉਹ ਲੋਕੀਂ ਮਸ਼ਰੂਫ਼ ਬੜੇ ਨੇ ਅੱਜ-ਕੱਲ੍ਹ ਮੈਨੂੰ ਤੋੜਨ ਵਿਚ

ਕੰਧਾਂ 'ਤੇ ਤਲਵਾਰਾਂ ਟੰਗਣਾ ਸ਼ੌਂਕ ਤਾਂ ਤੇਰਾ ਹੋ ਸਕਦਾ ਹੈ
ਸੂਰਮਗਤੀ ਤਾਂ ਹੁੰਦੀ ਹੈ ਤਲਵਾਰਾਂ ਦਾ ਰੁਖ਼ ਮੋੜਨ ਵਿਚ

ਮੋਏ ਨਈਂ ਸਨ ਲੋਕੀਂ ਇਹ ਬਸ ਗੂੜ੍ਹੀ ਨੀਂਦ ਹੀ ਸੁੱਤੇ ਸਨ
ਸਾਡੇ ਤੋਂ ਹੀ ਰਹਿ ਗਈ ਸ਼ਾਇਦ ਕੋਈ ਕਸਰ ਝੰਜੋੜਨ ਵਿਚ

ਤੇਰੇ ਸਾਰੇ ਮੰਤਰ ਤੰਤਰ ਉਹਨੂੰ ਨਹੀਂ ਮਿਲਾ ਸਕਦੇ ਜੇ
ਚਲ ਕੋਈ ਕਰਾਮਾਤ ਵਿਖਾ ਫਿਰ ਉਹਦੀ ਯਾਦ ਵਿਛੋੜਨ ਵਿਚ

ਜਿੱਦਾਂ ਤੁਪਕਾ-ਤੁਪਕਾ ਕਰ ਕੇ ਪੀਨਾਂ ਏਂ ਤੂੰ ਰੱਤ ਸਾਡੀ
ਇੰਝ ਤਾਂ ਉਮਰਾਂ ਲਾ ਦੇਵੇਂਗਾ ਸਾਰਾ ਖ਼ੂਨ ਨਿਚੋੜਨ ਵਿਚ।
*****

ਕੋਈ ਸੋਨੇ ਦੀ ਪੌੜੀ ਚੜ੍ਹ ਗਿਆ ਹਾਂ
ਮੈਂ ਅਪਣੀ ਧਰਤ ਤੋਂ ਵਿੱਛੜ ਗਿਆ ਹਾਂ

ਨਜ਼ਰ ਆਉਂਦਾ ਨਹੀਂ ਅਪਣੇ ਸਿਵਾ ਕੁਝ
ਮੈਂ ਕੈਸੀ ਥਾਵੇਂ ਆ ਕੇ ਖੜ੍ਹ ਗਿਆ ਹਾਂ

ਮੈਂ ਪਰਬਤ ਹੋਣ ਦੇ ਹੰਕਾਰ ਅੰਦਰ
ਨਦੀ ਨੂੰ ਰੋਕਦਾ ਸਾਂ, ਹੜ੍ਹ ਗਿਆ ਹਾਂ

ਤੁਹਾਡੇ ਸ਼ਬਦ ਨਈਂ ਹੁਣ ਸਮਝ ਸਕਦਾ
ਜ਼ਰੂਰਤ ਤੋਂ ਜਿਆਦਾ ਪੜ੍ਹ ਗਿਆ ਹਾਂ

ਮੇਰੇ ਅੰਦਰਲੇ ਬੱਚੇ ਤੋਂ ਸਦੀਵੀ
ਭਰੇ ਮੇਲੇ 'ਚ ਮੈਂ ਵਿੱਛੜ ਗਿਆ ਹਾਂ

ਨਾ ਕੁਝ ਵੀ ਦੇਖ ਸਕਿਆ ਰੌਸ਼ਨੀ ਵਿਚ
ਗੁਫ਼ਾ ਅੰਦਰ ਹੀ ਮੁੜ ਕੇ ਵੜ ਗਿਆ ਹਾਂ

ਮੈਂ ਭਰਿਆ ਸ਼ਹਿਰ ਹਾਂ ਖਾਲੀ ਘਰਾਂ ਦਾ
ਕਹੇਗਾ ਕੌਣ ਕਿ ਉੱਜੜ ਗਿਆ ਹਾਂ।
*****

ਖੰਭ ਤੜਪਣਗੇ, ਜਦੋਂ ਤੱਕ ਪਿੰਜਰੇ ਖੁਲ੍ਹਦੇ ਨਹੀਂ
ਕੈਦ ਹੋ ਕੇ ਵੀ ਪਰਿੰਦੇ ਉੱਡਣਾ ਭੁੱਲਦੇ ਨਹੀਂ

ਪੁੱਛਦਾ ਰੰਗਾਂ ਨੂੰ ਅਕਸਰ ਹੀ ਲਲਾਰੀ ਅੱਕਿਆ
ਜ਼ਿੰਦਗੀ ਮੇਰੀ 'ਚ ਬੇਰਹਿਮੋ ਕਿਉਂ ਘੁਲ਼ਦੇ ਨਹੀਂ

ਹੰਝੂਆਂ ਵਾਂਗੂੰ ਕਈ ਰਿਸ਼ਤੇ ਨੇ ਪਲਕੀਂ ਲਟਕਦੇ
ਜੋ ਬਣੇ ਮੋਤੀ ਵੀ ਨਾ, ਮਿੱਟੀ 'ਚ ਵੀ ਡੁੱਲ੍ਹਦੇ ਨਹੀਂ

ਵਕਤ ਦੇ ਸੰਗ ਜ਼ਖ਼ਮ ਵੀ ਭਰਦੇ ਨੇ ਘਟਦੈ ਦਰਦ ਵੀ
ਉਮਰ ਲੰਘ ਜਾਂਦੀ ਹੈ ਪਰ ਕੁਝ ਹਾਦਸੇ ਭੁੱਲਦੇ ਨਹੀਂ

ਰੜਕਦੇ ਮੰਡੀ ਦੀ ਅੱਖ ਅੰਦਰ ਉਹ ਸਾਰੇ ਲੋਕ ਹੀ
ਵਸਤੂਆਂ ਵਾਂਗੂੰ ਕਿਸੇ ਕੀਮਤ 'ਤੇ ਜੋ ਤੁਲਦੇ ਨਹੀਂ।
*****

ਇਹ ਸਿਤਾਰਾ ਵੀ ਢਲ਼ ਗਿਆ ਸ਼ਾਇਦ
ਵਕਤ ਹੱਥੋਂ ਨਿਕਲ਼ ਗਿਆ ਸ਼ਾਇਦ

ਓਪਰੀ ਓਪਰੀ ਹੈ ਹਰ ਸ਼ੈਅ ਹੀ
ਮੇਰਾ ਰਸਤਾ ਬਦਲ ਗਿਆ ਸ਼ਾਇਦ

ਸਾਂਭ ਹੁੰਦਾ ਨਹੀਂ ਉਛਾਲ਼ ਨਦੀ ਤੋਂ
ਕੋਈ ਪਰਬਤ ਪਿਘਲ਼ ਗਿਆ ਸ਼ਾਇਦ

ਜਾਨੋਂ ਪਿਆਰਾ ਵੀ ਨਾ ਨਜ਼ਰ ਆਉਂਦਾ
ਹੋਰ ਲੋਕਾਂ 'ਚ ਰਲ਼ ਗਿਆ ਸ਼ਾਇਦ

ਨਵੇਂ ਰਿਸ਼ਤੇ ਨੂੰ ਮੇਰੀ ਲੋੜ ਨਾ ਹੁਣ
ਪਿਛਲਾ ਇਸ਼ਕ ਵੀ ਸੰਭਲ਼ ਗਿਆ ਸ਼ਾਇਦ

ਤੇਰੇ ਹੋਠਾਂ 'ਤੇ ਮੇਰਾ ਨਾਮ ਆਇਆ
ਖੋਟਾ ਸਿੱਕਾ ਵੀ ਚੱਲ ਗਿਆ ਸ਼ਾਇਦ।
*****

## ਕਮਲ ਬਾਲਦ ਕਲਾਂ



ਜੁਦਾਈ ਵਕਤ ਉਹ ਗਹਿਰਾ ਜਿਹਾ ਕੁਝ ਮੁਸਕੁਰਾਈ ਸੀ,
ਕਿ ਜਿਸ ਨੇ ਆਖਰੀ ਸਾਹ ਤੱਕ ਨਿਭਣ ਦੀ ਕਸਮ ਖਾਈ ਸੀ,

ਅਜੇ ਵੀ ਸਾਂਭ ਕੇ ਰੱਖੀ ਮੇਰੇ ਤੋਂ ਨਾ ਮਿਟਾ ਹੋਈ,
ਅਸੀਂ ਜੋ ਕੋਲ਼ ਲੋਗੋ ਦੇ ਕਦੇ ਫੋਟੋ ਖਿਚਾਈ ਸੀ,

ਬੜਾ ਕੁੱਝ ਸਿੱਖਿਆ ਉਸ ਤੋਂ ਤੇ ਇੱਕ ਗੱਲ ਹੋਰ ਵੀ ਦੱਸਾਂ,
ਜਵਾਕਾਂ ਵਾਂਗ ਕਮਲੀ ਨੇ ਮੈਨੂੰ ਉਰਦੂ ਸਿਖਾਈ ਸੀ,

ਪਤਾ ਸੀ ਦੂਰ ਹੋਵਾਂਗੇ ਉਹਦਾ ਕੁਝ ਕੋਲ ਤਾਂ ਰਹਿ 'ਜੇ,
ਤਾਂ ਉਸਦੇ ਗੁੱਟ ਤੋਂ ਟੁੱਟੀ ਹੋਈ ਚੂੜੀ ਛੁਪਾਈ ਸੀ,

ਜ਼ਮਾਨਾ ਬੀਤ ਚੁੱਕਾ ਹੈ ਮਗਰ ਮੈਂ ਸੋਚਦਾਂ ਹੁਣ ਵੀ,
ਉਹ ਹੱਸਦੇ ਚੇਹਰੇ ਵਾਲੀ ਮੈਂ ਕਿਵੇਂ ਰੋ ਰੋ ਗੁਆਈ ਸੀ,
*****

ਸ਼ਿੱਦਤ ਨਾਲ ਇੱਕ ਵਾਰ ਕਿਸੇ ਨੂੰ ਚਾਹਿਆ ਸੀ,
ਮੁੜ ਨਾ ਫਿਰ ਉਹ ਇਸ਼ਕ ਗਿਆ ਦੁਹਰਾਇਆ ਸੀ,

ਓਸ ਨਦੀ ਦੇ ਦੁੱਖ ਨੂੰ ਕੋਈ ਕੀ ਜਾਣੇ,
ਜਿਸ ਦਾ ਪਾਣੀ ਪੱਥਰਾਂ ਨੇ ਗੰਧਲਾਇਆ ਸੀ,

ਇੱਕ ਉਮਰ ਮੈਂ ਲਿਖਿਆ ਕਿੱਸਾ ਇਸ਼ਕੇ ਦਾ,
ਜਿਸ ਨੂੰ ਉਸ ਨੇ ਇੱਕ ਉਮਰ ਤੱਕ ਗਾਇਆ ਸੀ,

ਸੁਪਨੇ ਵਿੱਚ ਇੱਕ ਸੁਪਨਾ ਪਿੱਛਾ ਕਰਦਾ ਸੀ,
ਭੱਜਕੇ ਵੀ ਮੈਂ ਜਿਸ ਤੋਂ ਭੱਜ ਨਾ ਪਾਇਆ ਸੀ,

ਅੱਜ ਦੇ ਦਿਨ ਹੀ ਉਸ ਨਾਲ ਅੱਖਾਂ ਮਿਲੀਆਂ ਸਨ,
ਅੱਜ ਦੇ ਦਿਨ ਮੈਂ ਆਪਣਾ ਆਪ ਗਵਾਇਆ ਸੀ,
*****

ਮੈਂ ਕੀ ਦੱਸਾਂ ਤੇਰੇ ਪਿੱਛੋਂ ਸੀ ਆਖ਼ਰ ਜਰ ਗਿਆ ਕੀ ਕੀ,
ਮੈਂ ਕੁਝ ਵੀ ਜਿੱਤ ਨਾ ਸਕਿਆ, ਪਤਾ ਨੀ ਹਰ ਗਿਆ ਕੀ ਕੀ,

ਤੂੰ ਅਪਣੇ ਦਿਲ 'ਚ ਤਾਂ ਬਸ ਮਾਰਿਆ ਹੈ ਇਕ ਦੋ ਖ਼ਾਬਾਂ ਨੂੰ,
ਮੇਰੇ ਅੰਦਰੋਂ ਤਾਂ ਰੱਬ ਜਾਣੇ ਪਤਾ ਨੀ ਮਰ ਗਿਆ ਕੀ ਕੀ,

ਤੂੰ ਜਾਂਦੀ ਵਾਰ ਖ਼ਤ ਧਰਿਆ ਸੀ ਮੇਰੇ ਹੱਥ ਤੇ ਐਪਰ,
ਉਦਾਸੀ ਬੇਬਸੀ ਤੋਂ ਬਿਨ ਪਤਾ ਨੀ ਧਰ ਗਿਆ ਕੀ ਕੀ,

ਤੇਰੇ ਭਾਣੇ ਮੇਰੀ ਅੱਖ ਦੇ ਮਹਿਜ਼ ਹੰਝੂ ਹੀ ਡਿੱਗੇ ਨੇ,
ਮੇਰਾ ਹੰਝੂਆਂ ਦੇ ਰਾਹੀਂ ਵੀ ਪਤਾ ਨੀ ਤਰ ਗਿਆ ਕੀ ਕੀ,

ਇਕੱਲਾ ਛੱਡ ਕੇ ਮੈਨੂੰ ਜਦੋਂ ਤੂੰ ਘਰ ਗਿਆ ਅਪਣੇ,
ਓਦੋਂ ਗ਼ਜ਼ਲਾਂ ਤੋਂ ਬਿਨ ਮੇਰੇ ਪਤਾ ਨੀ ਘਰ ਗਿਆ ਕੀ ਕੀ,
*****

ਸਫ਼ਰ ਬੜਾ ਸੀ ਸੋਹਣਾ ਜਦ ਉਹ ਨਾਲ ਰਹੀ,
ਮੁੜ ਕੇ ਫਿਰ ਨਾ ਜ਼ਿੰਦਗੀ ਦੀ ਉਹ ਚਾਲ ਰਹੀ,

ਟੁੱਟਿਆ ਸ਼ੀਸ਼ਾ ਮੁੜਕੇ ਵੀ ਕਦੇ ਜੁੜਿਆ ਹੈ,
ਇੱਕ ਕਮਲੀ ਮੇਰੇ ਤੇ ਵਕ਼ਤ ਨੂੰ ਗਾਲ਼ ਰਹੀ,

ਜਿਸ ਦੇ ਹਿਜ਼ਰ ਚ ਨਜ਼ਰ ਵੀ ਅੱਧੀ ਰਹਿ 'ਗੀ ਸੀ,
ਮੇਰੀ ਯਾਦ 'ਚ ਹੁਣ ਉਹ ਦੀਦੇ ਗਾਲ਼ ਰਹੀ,

ਉਹ ਵੀ ਸੁਣਿਆ ਵੇਟ ਮੇਰੀ ਹੁਣ ਕਰਦਾ ਹੈ
ਵੇਟਿੰਗ ਦੇ ਵਿੱਚ ਜਿਸਦੇ ਮੇਰੀ ਕਾਲ ਰਹੀ

ਜਿਸ ਦਿਨ ਦਾ ਰੁਜ਼ਗਾਰ ਦੀ ਭਾਲ ਚ ਤੁਰਿਆ ਹਾਂ,
ਉਸ ਦਿਨ ਤੋਂ ਹੀ ਸ਼ਾਇਰੀ ਮੈਨੂੰ ਭਾਲ ਰਹੀ,
*****

# ਕੁਲਵਿੰਦਰ ਵਿਰਕ



## ਸ਼ਬਦ

ਸ਼ਬਦ– ਮੱਥਿਆਂ 'ਚ ਭਵਿੱਖ
ਅਤੇ ਹੋਣੀਆਂ ਦੀ ਨਿਸ਼ਾਨਦੇਹੀ
ਕਰਦੇ...
ਸ਼ਬਦ–
ਰੂਹਾਂ ਤੋਂ ਰੂਹਾਂ ਤੱਕ ਦਾ ਸਫ਼ਰ
ਤੈਅ ਕਰਦੇ...
ਹਯਾਤੀ ਨੂੰ ਨਵੇਂ ਅਰਥਾਂ
ਨਵੀ ਪਰਵਾਜ਼ ਸੰਗ ਨਿਵਾਜਦੇ...
ਮਨ ਸੁਪਨਸਾਜ਼ ਬਣਾਉਂਦੇ...

ਸ਼ਬਦ–
ਸਾਡਾ ਮਾਣ ਹੁੰਦੇ,
ਸਨਮਾਨ ਹੁੰਦੇ ਅਭਿਮਾਨ ਹੁੰਦੇ...
ਸ਼ਬਦਾਂ ਦਾ ਦਾਇਰਾ ਬਹੁਤ ਵਸੀਹ...
ਖੰਡ ਤੋਂ ਅਖੰਡ ਤੀਕ
ਬਿੰਦੂ ਤੋਂ ਬ੍ਰਹਿਮੰਡ ਤੀਕ...

ਸ਼ਬਦ–
ਸ੍ਰਿਸ਼ਟੀ ਦੇ ਸਿਰਜਕ...
ਸ਼ਕਤੀਆਂ, ਗ੍ਰਹਿਆਂ
ਤੇ ਤੱਤਾਂ ਦੇ ਉਸਰੱਈਏ...

ਵਸਲਾਂ ਦੀ ਵੰਝਲੀ,
ਗ਼ਮਾਂ ਦੇ ਰਾਗ,
ਮਨ ਦਾ ਸਕੂਨ,
ਸਦੀਵੀ ਨਾਦ...

ਸ਼ਬਦ–
ਸਾਹਾਂ ਦਾ ਸਾਹਾਂ ਸੰਗ ਸੰਵਾਦ...!

ਸ਼ਬਦ –
ਮੇਰੇ ਬਾਬੇ ਦੀ ਬਾਣੀ,
ਧਰਤ, ਅਗਨ, ਮਿੱਟੀ,
ਪੌਣ ਤੇ ਪਾਣੀ ...

ਸ਼ਬਦ–
ਹਲ਼ ਵਾਹੁੰਦੇ ਮੇਰੇ ਬਾਪੂ ਦਾ
ਮੁੜ੍ਹਕਾ ਬਣਦੇ,
ਕਦੇ ਬੇਬੇ ਦੀ ਤਾਣੀ ਬਣਦੇ...!

ਸ਼ਬਦ–
ਕਾਲ–ਮੁਕਤ ਰੂਹਾਂ ਦੀ
ਤਰਜ਼ਮਾਨੀ ਕਰਦੇ...
ਅਨੰਤ ਤੱਕ ਦਾ ਸਫ਼ਰ ਕਰਵਾਉਂਦੇ...
ਹਉਮੈਂ ਮਾਰਦੇ
ਮੈਂ ਨੂੰ ਮੈਂ ਨਾਲ ਮਿਲਾਉਂਦੇ...

ਸ਼ਬਦ–
ਮੱਥਿਆਂ 'ਚ ਭਵਿੱਖ
ਅਤੇ ਹੋਣੀਆਂ ਦੀ ਨਿਸ਼ਾਨਦੇਹੀ
ਤੈਅ ਕਰਦੇ...!!

## ਸਫ਼ਰ

ਮਰ ਚੁੱਕੇ ਸੁਪਨਿਆਂ ਦੀਆਂ
ਲਾਸ਼ਾਂ ਨੂੰ
ਆਪਣੇ ਹੀ ਮੋਢਿਆਂ 'ਤੇ ਚੁੱਕ
ਕਦੋਂ ਤੀਕ ਤੁਰਦੇ ਰਹਿਣਗੇ
ਬੁੱਢਿਆਂ ਘਰਾਂ ਦੇ ਵਾਸੀ...?

ਹਾਦਸਿਆਂ ਦਾ ਇਹ ਸਫ਼ਰ
ਅਜੇ ਕਈ ਪੀੜ੍ਹੀਆਂ
ਖਤਮ ਨਹੀਂ ਹੋਣਾ ...

ਹਨੇਰੀਆਂ ਤੋਂ ਡਰੇ
ਦੀਵਿਆਂ ਤੋਂ
ਰਮਕਦੀਆਂ ਪੌਣਾਂ 'ਚ
ਜੁਗਨੂੰਆਂ ਦੀ ਜਗਮਗ
ਸਹਾਰੀ ਨਹੀਂ ਜਾਂਦੀ...!

ਸੰਦਲੀ ਸੁਪਨਿਆਂ ਨੂੰ
ਦੇਸ਼–ਨਿਕਾਲਾ ਮਿਲਿਆਂ
ਕਈ ਵਰੇ ਬੀਤ ਗਏ
ਚੇਤਿਆਂ ਦੇ ਝਰੋਖੇ 'ਚੋਂ
ਅਜੇ ਵੀ
ਅਛੋਪਲੇ ਜਿਹੇ
ਲੰਘ ਹੀ ਜਾਂਦੀ ਹੈ
ਖ਼ਾਬਾਂ ਦੀ ਡਾਰ ਕੋਈ...
ਇਸੇ ਲਈ 'ਵਿਰਕ'
ਨੀਰ, ਨਦੀ ਤੇ
ਦਰਿਆਵਾਂ ਦਾ
ਇਹ ਸਫ਼ਰ
ਅਜੇ ਖਤਮ ਨਹੀਂ ਹੋਣਾ...!!

## ਘਰ

ਘਰ ਵੀ ਹੁਣ
ਘਰ ਨਹੀਂ ਰਹੇ...
ਪਹਿਰੇ 'ਤੇ ਚੁੱਪ
ਉਦਾਸ ਵਿਹੜੇ
ਥਬਾਕ, ਜਜ਼ਬੇ
ਤੇ ਵਿਸ਼ਵਾਸ ਤਿੜਕੇ–ਤਿੜਕੇ...
ਖੰਭ ਲਾ ਕੇ ਉੱਡ ਗਈਆਂ ਕਿਧਰੇ
ਲਿਆਕਤਾਂ, ਨਜ਼ਾਕਤਾਂ...!

ਘਰਾਂ 'ਚ ਹੁਣ
ਚੁੱਪ, ਉਦਾਸੀ,
ਸਾੜੇ ਤੇ ਪਾੜੇ
ਸਮਾਧੀ ਲਾ ਕੇ
ਬੈਠੇ ਹਨ...!!

*****

## ਕਮਲਗੀਤ ਸਰਹਿੰਦ

ਮੌਸਮਾਂ ਸਿਰ ਨਾ ਧਰੀਂ ਸ਼ਿਕਵੇ ਅਤੇ ਉਲਾਂਭੇ,
ਫੁੱਲਾਂ ਨੇ ਜਦੋਂ ਖਿੜਨਾ ਹੈ ਉਦੋਂ ਹੀ ਖਿੜਨਾ ਹੈ।

ਕਦੋਂ ਆਉਣਗੇ ਨਵੇਂ ਪੱਤੇ ਕੁਝ ਵੀ ਤੈਅ ਨਹੀਂ,
ਬੀਜਾਂ ਨੇ ਜਦੋਂ ਪੁੰਗਰਨਾ ਹੈ ਉਦੋਂ ਹੀ ਪੁੰਗਰਨਾ ਹੈ।

ਕਦੋਂ ਲਿਸ਼ਕੇਗਾ ਕਦੇ ਲੁਕੇਗਾ ਬੱਦਲਾਂ ਹੇਠ,
ਸੂਰਜ ਨੇ ਜਦੋਂ ਉੱਗਣਾ ਹੈ ਉਦੋਂ ਹੀ ਉੱਗਣਾ ਹੈ।

ਕਦੋਂ ਕਿਸ ਜਨਮ ਤੇ ਕਿਹੜੀ ਰੁੱਤੇ ਮਿਲੇਂਗਾ ਤੈਅ ਨਹੀਂ,
ਮੁਹੱਬਤ ਨੇ ਜਦੋਂ ਮਿਲਣਾ ਹੈ ਉਦੋਂ ਹੀ ਮਿਲਣਾ ਹੈ।

ਮੈਂ ਤੇਰੇ ਨਿੱਘ ਕਦੇ ਸੇਕ ਨੂੰ ਮਾਣਨਾ ਹੈ ਐਪਰ,
ਰੁੱਤਾਂ ਨੇ ਜਦੋਂ ਬਦਲਣਾ ਹੈ ਉਦੋਂ ਹੀ ਬਦਲਣਾ ਹੈ।

ਕਿੰਨੇ ਯਤਨ ਕੀਤੇ ਤਰਕੀਬਾਂ ਵੀ ਲੜਾਈਆਂ,
ਕਵਿਤਾ ਨੇ ਜਦੋਂ ਅਹੁੜਨਾ ਹੈ ਉਦੋਂ ਹੀ ਅਹੁੜਨਾ ਹੈ।

### ਜਦੋਂ ਕਵਿਤਾ ਮੈਨੂੰ ਲਿਖਦੀ ਹੈ

ਸਮੁੰਦਰਾਂ ਨੂੰ ਕਦੋਂ ਸਮਝ ਆਉਂਦੀ ਹੈ
ਮਾਰੂਥਲਾਂ ਦੀ ਭਾਸ਼ਾ....

ਮੱਛੀਆਂ ਕਦੋਂ ਜਾਣ ਸਕੀਆਂ ਨੇ
ਕੱਛੂਕੁੰਮਿਆਂ ਦੀਆਂ ਮੱਠੀਆਂ ਤੋਰਾਂ ਨੂੰ..

ਫੁੱਲ ਕਦੋਂ ਪੜ੍ਹ ਸਕੇ ਨੇ
ਕੰਡਿਆਂ ਦੀਆਂ ਤ੍ਰਾਸਦੀਆਂ...

ਚੰਨ ਨੂੰ ਕਦੋਂ ਸਮਝ ਆਉਂਦੀ ਹੈ
ਸੂਰਜ ਦੀ ਤਪਸ਼...

ਸ਼ਰਬਤਾਂ ਨੂੰ ਕਿੱਥੇ ਇਲਮ ਹੁੰਦਾ ਹੈ
ਖਾਰੇ ਪਾਣੀਆਂ ਦੀ ਪਿਆਸ ਦਾ...

ਰੇਤੇ ਨੂੰ ਕਦੋਂ ਪਤਾ ਲੱਗਿਆ ਹੈ
ਰੋੜਾਂ ਦੀ ਚੋਭ ਦਾ...



ਭਰੇ ਹੋਇਆਂ ਨੂੰ ਕਿਥੇ ਸਮਝ ਆਈ ਹੈ
ਖਾਲੀਆਂ ਦੀ ਵਿਅਥਾ..

ਜ਼ਿੰਦਗੀ ਤਾਂ ਬਸ ਜ਼ਿੰਦਗੀ ਹੈ
ਸਾਰਿਆਂ ਲਈ ਇੱਕੋ ਵਰਗੀ ਥੋੜ੍ਹੇ ਹੈ...

### ਖੂੰਡੀ

ਪਿਓ ਦੀ ਮੌਤ ਮਗਰੋਂ
ਬਜ਼ੁਰਗ ਮਾਂ ਨੇ
ਗੁਰੂ ਗ੍ਰੰਥ ਸਾਹਿਬ ਮੂਹਰੇ
ਨਤਮਸਤਕ ਹੁੰਦਿਆਂ
ਆਪਣੀ ਖੂੰਡੀ ਜ਼ਮੀਨ ਤੇ ਲਿਟਾ ਕੇ ਰੱਖੀ ਹੈ

ਉਦਾਸ ਅੱਖਾਂ
ਬੇਜਾਨ ਸਰੀਰ ਨਾਲ
ਆਪਦੇ ਪਤੀ ਪ੍ਰਮੇਸ਼ਰ ਦੀ ਫੋਟੋ ਵੱਲ ਝਾਕਦਿਆਂ
ਮੱਥਾ ਟੇਕਣ ਲਈ ਝੁਕੀ ਹੋਈ
ਮਾਂ ਉਸੇ ਥਾਈਂ ਡਿੱਗੀ ਹੈ

ਗੁਰੂ ਦੀ ਹਜ਼ੂਰੀ ਵਿੱਚ ਬੈਠੀ ਸੰਗਤ
ਦੇ ਅੰਦਰੋਂ ਹੂਕ ਨਿਕਲੀ ਹੈ

ਮਾਂ ਨੂੰ ਇਸ ਤਰ੍ਹਾਂ
ਜਿਉਂਦੇ ਜੀਅ ਮਰਦੇ ਦੇਖਣਾ
ਸਾਡੇ ਹਿੱਸੇ ਕਿਉਂ ਆਇਆ ਹੈ...?

*****

## ਕੰਵਰਜੀਤ ਸਿੰਘ ਸਿੱਧੂ



### ਜ਼ਿੰਦਗੀ ਤੇ ਕਵਿਤਾ

ਮੇਰੀ ਜ਼ਿੰਦਗੀ ਤੇ ਕਵਿਤਾ
ਦੋਵੇਂ ਸਕੀਆਂ ਭੈਣਾਂ ਨੇ
ਜਾਂ ਸ਼ਾਇਦ ਮਾਵਾਂ-ਧੀਆਂ।
ਮੇਰੀ ਹਰ ਕਵਿਤਾ ਮੇਰੀ ਜ਼ਿੰਦਗੀ ਵਰਗੀ ਏ,
ਜਾਂ ਮੇਰੀ ਜ਼ਿੰਦਗੀ ਹੀ ਇਕ ਕਵਿਤਾ ਹੈ
ਇਹਨਾਂ ਵਿਚੋਂ ਕਿਹੜੀ ਗੱਲ ਠੀਕ ਹੈ
ਇਹ ਤਾਂ ਮੈਂ ਵੀ ਨਹੀਂ ਜਾਣਦਾ।
ਪਰ ਇਹ ਜਾਨਣ ਜਾਂ ਨਾ ਜਾਨਣ ਨਾਲ
ਫ਼ਰਕ ਵੀ ਕੋਈ ਨਹੀਂ ਪੈਂਦਾ
ਮੇਰੀ ਹਰ ਕਵਿਤਾ ਦਾ ਹਰ ਸ਼ਬਦ
ਮੈਂ ਬੜਾ ਹੀ ਬੋਚ-ਬੋਚ ਕੇ ਲਿਖਦਾ ਹਾਂ।
ਪਰ ਹੌਲੀ-ਹੌਲੀ, ਵਕਤ ਦੇ ਨਾਲ
ਮੇਰੀ ਕਵਿਤਾ ਵਾਲਾ ਚਿੱਟਾ ਕਾਗਜ਼,
ਭੂਰਾ ਜਿਹਾ ਹੋ ਕੇ ਫਟ ਜਾਂਦਾ ਹੈ
ਤੇ ਕਿਨਾਰਿਆਂ ਤੋਂ
ਮੇਰੇ ਚਿਹਰੇ ਵਰਗਾ ਹੋ ਜਾਂਦਾ ਹੈ
ਤੇ ਸੱਚ ਜਾਣਿਓ ਹੁਣ ਮੇਰਾ ਮਨ ਵੀ
ਉਬੜ-ਖਾਬੜ ਜਿਹਾ ਹੋ ਗਿਆ ਹੈ।
ਮੇਰੀ ਹਰ ਕਵਿਤਾ
ਸੰਪਾਦਕ ਦੇ ਹੱਥਾਂ ਵਿਚੋਂ ਪੋਲੇ ਜਿਹੇ ਸਰਕ ਕੇ
ਕੁਝ ਹੀ ਪਲਾਂ ਅੰਦਰ
ਰੱਦੀ ਦੀ ਟੋਕਰੀ ਵਿਚ ਜਾ ਡਿੱਗਦੀ ਹੈ
ਤੇ ਸਹੁੰ ਖਾ ਕੇ ਕਹਿੰਦਾ ਹਾਂ
ਮੇਰੀ ਜਵਾਨੀ ਦੀ ਅਉਧ ਵੀ ਏਨੀ ਕੁ ਹੀ ਹੈ।
ਕਾਗ਼ਜ਼ਾਂ ਦਾ ਕੀ ਏ ਕਾਗਜ਼ਾਂ ਨੇ ਤਾਂ ਬੋਲਣਾ ਨਹੀਂ
ਤੇ ਪੜ੍ਹਨ ਵਾਲਿਆਂ ਕੋਲ ਵਾਧੂ ਵਕਤ ਨਹੀਂ।
ਵਾਧੂ ਜਿਹਾ ਤਾਂ ਮੈਂ ਹੀ ਹਾਂ ਇਕ
ਇਸ ਭਰੇ ਹੋਏ ਮੇਲੇ ਅੰਦਰ।
ਦੋਸਤੋ ਮੇਰੀ ਹਰ ਕਵਿਤਾ ਮੇਰੀ ਜ਼ਿੰਦਗੀ ਵਰਗੀ ਏ
ਜਾਂ ਮੇਰੀ ਜ਼ਿੰਦਗੀ ਹੀ ਇਕ ਕਵਿਤਾ ਹੈ
ਇਹ ਤਾਂ ਮੈਨੂੰ ਨਹੀਂ ਪਤਾ ਪਰ ਸਾਂਝੀਆਂ ਤੇ ਸਕੀਆਂ
ਇਹ ਦੋਨੋਂ ਜ਼ਰੂਰ ਹਨ।

### ਰਾਹ

ਇਹ ਤਜ਼ਰਬੇ ਦੋਸਤਾ ਬੇਮਿਸਾਲ ਨੇ
ਰਾਹ ਤਾਂ ਇਲਮ ਨਾਲ ਮਾਲਾਮਾਲ ਨੇ
ਤੁਰਦਾ ਤੁਰਦਾ ਮੈਂ ਸਿਆਣਾ ਹੋ ਗਿਆ
ਤੂੰ ਦੇਖ ਸਫ਼ਰ ਦੇ ਕੀ ਕੀ ਕਮਾਲ ਨੇ

ਲੇਖੀਂ ਲਿਖੀਆਂ ਬਸਤੀਆਂ ਗਾਹੁਣੀਆਂ
ਸੜਕਾਂ ਹੀ ਨੇ ਮੇਰੀਆਂ ਸੱਸੀਆਂ ਸੋਹਣੀਆਂ
ਗੀਤ ਗਾ ਰਹੀਆਂ ਕਿੱਕਰਾਂ, ਟਾਹਲੀਆਂ
ਸਫੈਦੇ ਦੇ ਰਹੇ ਇਹਨਾਂ ਨੂੰ ਤਾਲ ਨੇ

ਮਾਰੀ ਹੋਵੇ ਕਿਸੇ ਆਵਾਜ਼ ਜਾਂ
ਪਲ ਪਲ ਪਿੱਛੋਂ ਪਰਤ ਕੇ ਦੇਖਦਾਂ
ਸੱਚ ਹੈ ਜਾਂ ਵਹਿਮ ਹੈ ਮੇਰਾ
ਜਾਂ ਭਟਕਦੇ ਐਂਵੇ ਖਿਆਲ ਨੇ

ਸਫ਼ਰ ਲੰਮੇਰਾ ਪੱਲੇ ਪੈ ਗਿਆ
ਕੀ ਹੋਇਆ ਜੇ 'ਕੱਲਾ ਰਹਿ ਗਿਆ
ਖ਼ੈਰ ਖ਼ੁਦਾ ਦੀ ਇਹ ਦੁਸ਼ਵਾਰੀਆਂ
ਤਾਂ ਹਰ ਥਾਂ ਮੇਰੇ ਨਾਲ ਨੇ

ਉਹਨਾਂ ਕੀ ਲਾਉਣੀ ਹੈ ਭਬੂਤੀ
ਉਹਨਾਂ ਕੀ ਪਾਉਣਾ ਹੈ ਭਗਵਾਂ
ਮੇਰੇ ਭੋਲਿਓ ਯਾਰੋ
ਜੋ ਤੁਰਦੇ ਹੀ ਜੋਗੀਆ ਚਾਲ ਨੇ।

*****

# ਕਿਰਨ ਕੌਰ

ਕੀ ਹੈ ਉਹ ਪੱਥਰ ਜਾਂ ਫਿਰ ਇਨਸਾਨ?
ਫ਼ਰਕ ਨਹੀਂ ਕਰ ਪਾਉਂਦਾ ਭਗਵਾਨ।

ਸੁੰਗੜ ਗਈਆਂ ਸੋਚਾਂ, ਹੋਏ ਸਬਰਾਂ ਤੋਂ ਸੱਖਣੇ
ਬਿੰਨ ਮਿਹਨਤ ਤੋਂ ਬਣਨਾ ਚਾਹੁੰਦੇ ਮਹਾਨ।

ਸ਼ੁਕਰ ਸੀ ਦਿਲ ਵਿੱਚ, ਰੋਟੀ ਮਿੱਸੀ ਵੀ ਖਾ ਕੇ
ਹੁਣ ਕੱਢਦੇ ਨੇ ਨੁਕਸ, ਖਾ ਛੱਤੀ ਪਕਵਾਨ।

ਰੱਬ ਦੇ ਨਾਂ ਤੇ, ਹਾਕਮ ਕਰਦਾ ਐ ਧੰਦਾ
ਕਲਮਾਂ ਨੇ ਚੁੱਪ, ਚੁੱਪ ਬੈਠੇ ਵਿਦਵਾਨ।

ਸਾਹਿਤ ਵਿੱਚ ਆ ਗਈ ਹੈ ਸਿਆਸਤ
ਸੇਵਾ ਦੇ ਨਾਂ ਤੇ, ਵੇਚੀ ਬੈਠੇ ਈਮਾਨ।
*****

ਤਿੜਕੀ ਹੋਈ ਹਾਂ
ਟੁੱਟ ਗਈ ਤਾਂ, ਹੈਰਾਨ ਨਾ ਹੋਣਾ।

ਨਾਸੂਤ ਦਾ ਪਰਦਾ ਉਤਰਿਆ ਐ
ਮੈਨੂੰ ਚੁੱਪ ਦੇਖ, ਪਰੇਸ਼ਾਨ ਨਾ ਹੋਣਾ।


ਲਫਜ਼ਾਂ ਨਾਲ ਚੀਰ ਦਿੰਦਾ ਜੋ
ਐਸੇ ਤੀਰ ਦਾ ਕਦੇ, ਕਮਾਨ ਨਾ ਹੋਣਾ।

ਕੰਜਕ ਪੂਜਣ ਗ਼ਲੀਜ਼ ਸੋਚ ਵਿੱਚ
ਧੀਏ ਤੂੰ ਕਦੇ ਜਵਾਨ ਨਾ ਹੋਣਾ।

(ਨਾਸੂਤ – ਦੁਨੀਆ)
(ਗ਼ਲੀਜ਼ – ਮੈਲੀ)
*****

ਭਾਈ-ਭਾਈ ਦਾ ਦੁਸ਼ਮਣ ਬਣਿਆਂ, ਵੰਡਦਾ ਫਿਰੇ ਮਕਾਨ।
ਇੱਕ ਭਾਈ ਪਹਿਲਾਂ ਹਾਕਮ ਵੰਡੇ, ਹਿੰਦ ਤੇ ਪਾਕਿਸਤਾਨ।

ਜਿਸ ਕੂੜ 'ਚੋਂ ਗੁਰੂਆਂ ਕੱਢਿਆ,
ਅਸਾਂ ਕਿਉਂ ਨਾ ਉਨ੍ਹਾਂ ਮਿਟਾਈਏ?



ਜਾਤ-ਪਾਤ ਦੇ ਰੌਲ਼ੇ ਸੱਜਣਾ,
ਕਿਉਂ ਨਾ ਦਿਲੋਂ ਭੁਲਾਈਏ?

ਬਾਣਾ ਪਾ ਕੇ, ਦਾਹੜਾ ਰੱਖ ਕੇ, ਕੋਈ ਸਿੱਖ ਨਹੀਂ ਬਣ ਜਾਂਦਾ।
ਦਸ ਨੌਹਾਂ ਦੀ ਕਿਰਤ ਕਮਾਈ, ਕਰ ਨਹੀਂ ਜੇ ਖਾਂਦਾ।

ਔਰਤ ਆਪਣਾ ਮੂਲ ਵਿਸਾਰੀ, ਮਮਤਾ ਨੂੰ ਭੁੱਲਦੀ ਜਾਵੇ।
ਇੱਜਤ ਆਪਣੀ ਆਪ ਰੋਲ਼ ਕੇ, ਰੀਲਾਂ 'ਤੇ ਮੁੱਲ ਪਵਾਵੇ।
*****

ਹੌਲ਼ੀ ਹੌਲ਼ੀ ਉਜੜ ਰਿਹਾ ਹੈ
ਪੰਜ ਆਬਾਂ ਦਾ ਪਾਣੀ।

ਮਨੋ ਵਿਸਰ ਰਹੀ, ਮੂੰਹ ਤੇ ਰਹਿ ਗਈ
ਗੁਰੂਆਂ ਦੀ ਸੱਚੀ ਬਾਣੀ।

ਵਾਰਿਸ ਵਾਂਗਰ ਕੌਣ ਲਿਖੇਗਾ?
ਕੌਣ ਬੁੱਲ੍ਹੇ ਵਾਂਗਰ ਨੱਚੇ?

ਬੰਦੇ ਟਾਂਵੇ ਟਾਂਵੇ ਰਹਿ ਗਏ
ਜੋ ਮਨ ਦੇ ਨੇ ਸੱਚੇ।

ਸੱਥਾਂ ਖਾਲੀ, ਵਿਹੜੇ ਖਾਲੀ
ਸੁੰਨਾ ਹੋਇਆ ਪੰਜਾਬ।

ਇੱਕ ਵਾਰ ਫਿਰ ਕਹਿ ਦੇ ਬਾਬਾ
ਮਰਦਾਨਿਆ ! ਛੇੜ ਰਬਾਬ।
*****

# ਕਿਰਤਪਾਲ



## ਉਹ ਪਲ

ਉਹ ਪਲ ਖੂਹ ਵਰਗਾ
ਜਿਸ ਪਲ ਵੇਖਿਆ ਸੀ ਤੈਨੂੰ

ਉਸੇ ਪਲ ਵਿੱਚ ਡਿੱਗਿਆ ਪਿਆ
ਮੇਰਾ ਧਿਆਨ ਮੇਰਾ ਜੀਵਨ

ਉਸ ਇੱਕ ਪਲ 'ਚੋਂ ਨਿਕਲਣ ਲਈ
ਬਦਲੇ ਕਈ ਜਨਮ ਕਈ ਭੇਸ
ਕੀਤੇ ਕਈ ਅਭਿਆਸ

ਸੱਚ ਹੈ ਖੂਹ ਵਿੱਚ ਡਿੱਗਿਆ ਜਾਵੇ
ਇਕ ਛਾਲ਼ ਮਾਰ ਕੇ
ਨਿਕਲਿਆ ਨ ਜਾਵੇ
ਹਜ਼ਾਰ ਛਾਲ਼ ਮਾਰ ਕੇ.....

## ਭੁੱਖ

ਢਾਈ ਸਾਲ ਦੀ ਭਤੀਜੀ
ਕੱਚ ਦੀ ਗੋਲ਼ੀ ਜਿੱਡਾ ਪੇੜਾ ਕਰਕੇ
ਵੇਲ ਦਿੰਦੀ ਹੈ ਪ੍ਰਿਥਵੀ ਜਿੱਡੀ ਰੋਟੀ

ਪੀੜ ਭਰੇ ਮਨ ਨਾਲ਼ ਖਾ ਕੇ
ਭੁੱਖ ਨਹੀਂ ਮਿਟਦੀ ਪਰ
ਭਰ ਜਾਂਦਾ ਹੈ
ਖ਼ੁਸ਼ੀ ਦਾ ਖ਼ਾਲੀ ਪਿਆ ਢਿੱਡ

ਭੁੱਖ ਆਪੋ ਆਪਣੀ.....

## ਚੁੱਪ

ਚੁੱਪ 'ਤੇ ਕੰਨ ਧਰੋ
ਚੁੱਪ ਕੁਝ ਆਖਦੀ ਹੈ
ਚੁੱਪ ਕਦੇ ਵੀ ਚੁੱਪ ਨਹੀਂ ਹੁੰਦੀ.....

## ਅਲੋਚਨਾ ਵਿਧੀ

ਅਲੋਚਨਾ ਕਰਿਦਆਂ
ਬਾਬਾ ਨਾਨਕ ਪੁੱਠਾ ਕਰ ਦਿੰਦਾ
ਲਟ-ਲਟ ਬਲ਼ਦਾ
ਦੀਵਿਆਂ ਨਾਲ਼ ਭਰਿਆ
ਆਰਤੀ ਦਾ ਥਾਲ਼

ਜਗਾਅ ਦਿੰਦਾ
ਥਾਲ਼ ਦੇ ਪੁੱਠੇ ਪਾਸੇ
ਚੰਨ, ਤਾਰੇ, ਸੂਰਜ, ਧਰਤੀਆਂ
ਡਿੱਗਣ ਨਹੀਂ ਦਿੰਦਾ
ਪੁਜਾਰੀ ਦੇ ਥਾਲ਼ ਵਿੱਚੋਂ
ਇੱਕ ਵੀ ਦੀਵਾ

## ਰੋਟੀ ਦੀ ਧਰਤੀ

ਧਰਤੀ ਸੂਰਜ ਦੁਆਲ਼ੇ
ਸੂਰਜ ਧਰਤੀ ਦੁਆਲ਼ੇ
ਕੌਣ ਕਿਸ ਦੇ ਦੁਆਲ਼ੇ ਘੁੰਮਦਾ
ਕੀ ਫ਼ਰਕ ਪੈਂਦਾ

ਪਰ ਇਕ ਵਿਰਾਟ ਸੱਚ
ਅੱਖ਼ਾਂ ਸਾਹਮਣੇ ਨਿਰੰਤਰ ਘੁੰਮਦਾ

ਕਿ ... ਭੁੱਖ ਦਾ ਸੂਰਜ
ਮਨੁੱਖ ਦੇ ਢਿੱਡ ਵਿੱਚ ਪਲ਼ਦਾ
ਤੇ ਮਨੁੱਖ ਦਿਨ ਰਾਤ
ਰੋਟੀ ਦੀ ਧਰਤੀ ਦੁਆਲ਼ੇ ਘੁੰਮਦਾ।

## ਕਲੰਡਰ

ਬਾਰਾਂ ਮਹੀਨਿਆਂ ਬਾਅਦ
ਬਦਲ ਜਾਂਦਾ ਹੈ ਕਲੰਡਰ

ਤਿਉਹਾਰ ਹੋ ਜਾਂਦੇ ਹਨ ਅੱਗੜ ਪਿੱਛੜ
ਪਰ ਆ ਜਾਂਦੇ ਹਨ ਸਹੀ ਰੁੱਤਾਂ ਵਿੱਚ

ਤੇਰੇ ਆਉਣ ਦੀ ਤਾਰੀਖ਼
ਕਿਸੇ ਕਲੰਡਰ ਵਿੱਚ ਨਹੀਂ ਹੁੰਦੀ

ਸੋਚਦਾ ਹਾਂ
ਇਹ ਜਨਮ ਬਦਲ ਕੇ ਵੇਖ ਲਵਾਂ

ਖ਼ਵਰੇ ਮਿਲ ਪਈਏ ਆਪਾਂ
ਤਾਰੀਖ਼ਾਂ ਅਤੇ ਮੌਸਮਾਂ ਦੇ ਓਸ ਪਾਰ

## ਰੰਗਭਾਗ

ਮੈਂ ਲਲਾਰੀ ਦੀ ਤਾਰ ਉੱਤੇ ਸੁੱਕਦੀ
ਵਰ੍ਹਿਆਂ ਪੁਰਾਣੀ
ਗਰਦ ਭਰੀ ਚੁੰਨੀ

ਮੇਰੇ ਭਾਗਾਂ ਵਿਚ
ਤਾਰਾਂ ਬਦਲਦੀਆਂ ਰਹੀਆਂ
ਰੰਗ ਬਦਲਦੇ ਰਹੇ

ਪਰ ਕੋਈ ਸਿਰ ਨਾ ਆਇਆ
ਜੋ ਮੈਨੂੰ ਓੜ ਕੇ
ਮੇਰੇ ਰੰਗਾਂ ਨੂੰ,
ਮੇਰੀ ਹੋਣੀ ਨੂੰ
ਰੰਗਭਾਗ ਲਾਉਂਦਾ .

*****

# ਸਿਰਜਣ ਪ੍ਰਕ੍ਰਿਆ/ ਕਵਿਤਾ ਆਪ-ਮੁਹਾਰੇ ਵਹਿੰਦੀ ਨਦੀ ਹੈ/ ਸ਼ੁਭਕਿਰਨ

ਜ਼ਹਾਨਤ ਦੀ ਬੇਟੀ
ਮੈਂ ਹੁਨਰਾਂ ਨੇ ਪਾਲੀ
ਮੈਂ ਭਾਸ਼ਾ ਦੀ ਵਾਰਸ
ਬੈਠੀ ਵਿਰਸਾ ਸੰਭਾਲੀ
ਮੈਂ ਵਾਰਾਂ 'ਚੋਂ ਗਾਉਂਦੀ
ਕਦੀ ਕਿੱਸਿਆਂ 'ਚੋਂ ਹੱਸਦੀ
ਮੈਨੂੰ ਸਾਰੇ ਨੇ ਚਾਹੁੰਦੇ
ਮੈਂ ਰੂਹਾਂ ਵਿੱਚ ਵੱਸਦੀ
ਮੇਰੇ ਅਣਖੀ ਨੇ ਰਾਖੇ
ਮੇਰੇ ਸਿਰੜੀ ਜਿਹੇ ਬੱਚੇ
ਮੈਂ ਸੂਝਾਂ ਨੇ ਸਿਰਜੀ
ਮੇਰੇ ਮਸਲੇ ਨੇ ਸੱਚੇ
ਮੇਰੇ ਸਾਹਾਂ 'ਚ ਮਹਿਕਾਂ
ਨਾ ਝੁੱਕਦੀ... ਨਿਊਂਦੀ
ਮੇਰੇ ਜੁੱਸੇ ਵਿੱਚ ਜਜ਼ਬਾ
ਮੈਂ ਕਵਿਤਾ ਜਿਉਂਦੀ...

ਕਵਿਤਾ ਨੂੰ ਕਿਸੇ ਵੀ ਭਾਸ਼ਾ ਦੇ ਸਾਹਿਤ ਦੀ ਰੀੜ੍ਹ ਦੀ ਹੱਡੀ ਕਹਿਣਾ ਅਤਕਥਨੀ ਨਹੀਂ ਹੋਵੇਗਾ। ਥੋੜੇ ਸ਼ਬਦਾਂ ਵਿਚ ਜਜ਼ਬਿਆਂ, ਸੁਹੱਪਣ, ਸੁਹਜ, ਬਿਰਤਾਂਤ ਤੇ ਗਿਆਨ ਦੀਆਂ ਭਾਵਨਾਵਾਂ ਦਾ ਪ੍ਰਗਟਾਅ ਜਿੰਨਾ ਸਹਿਜੇ ਕਵਿਤਾ ਬਿਆਨ ਸਕਦੀ ਹੈ ਉਨ੍ਹਾਂ ਸ਼ਾਇਦ ਸਾਹਿਤ ਦੇ ਕਿਸੇ ਹੋਰ ਸਰੂਪ ਨਾਲ ਨਹੀਂ ਵਿਅਕਤੀ ਸਕਦਾ।

ਕਵਿਤਾ ਜਿਵੇਂ ਪੈਦਾ ਹੋਣ ਦੇ ਨਾਲ ਹੀ ਵਜੂਦ ਵਿੱਚ ਸਮਾ ਗਈ। ਮੁਢਲੇ ਸਾਲ ਭਾਸ਼ਾ ਦੇ ਤੋਤਲੇ ਬੋਲ ਬੋਲਦਿਆਂ ਤੇ ਫੇਰ ਹੌਲੀ ਹੌਲੀ ਅੱਖਰਾਂ ਦੇ ਜੋੜ ਜੋੜਦਿਆਂ ਪਲਾਂ ਵਿੱਚ ਮੁੱਕ ਗਏ। ਘਰ ਵਿਚ ਪਿਤਾ, ਮਾਂ ਤੇ ਵੱਡੇ ਵੀਰ ਦੇ ਮੂੰਹੋਂ ਨਿੱਕੀਆਂ ਨਿੱਕੀਆਂ ਲੋਰੀਆਂ ਵਰਗੀਆਂ ਕਵਿਤਾਵਾਂ ਸੁਣਦਿਆਂ ਜਿਵੇਂ ਕਵਿਤਾ ਨਾਲ ਪਹਿਲੀ ਮੁਲਾਕਾਤ ਵਿੱਚ ਹੀ ਮੋਹ ਪੈ ਗਿਆ।

ਨਿੱਕੀਆਂ ਨਿੱਕੀਆਂ ਕਵਿਤਾਵਾਂ ਬੋਲਣਾ, ਸੁਣਨਾ ਤੇ ਗਾਉਣਾ ਪਰਿਵਾਰ ਦੇ ਇਕੱਠੇ ਬੈਠਣ ਵੇਲ਼ੇ ਦਾ ਸ਼ੁਗਲ ਹੁੰਦਾ ਸੀ। ਸ਼ਾਇਦ ਏਸੇ ਨਾਲ ਅਵਚੇਤਨ ਵਿੱਚ ਕਲਪਨਾ ਸ਼ਕਤੀ ਦੀ ਫੋਟ ਫੁੱਟੀ। ਬਾਲ ਕਵਿਤਾਵਾਂ, ਕਹਾਣੀਆਂ ਵਿਚਲੀਆਂ ਮੱਛੀਆਂ, ਤੋਤੇ, ਚਿੜੀਆਂ, ਡੱਡੂ ... ਸਭ ਆਪਣੇ ਆਲੇ ਦੁਆਲੇ ਵਿਚਰਦੇ ਜਾਪਣ ਲੱਗੇ। ਮਨ ਦੇ ਚੇਤਨ ਅਵਚੇਤਨ ਵਿੱਚ ਇਹੀ ਪਾਤਰ ਬਣ ਕੇ ਕਹਾਣੀਆਂ ਉਸਾਰਨ ਲਗ ਗਏ। ਇਹਨਾਂ ਕਹਾਣੀਆਂ ਵਿੱਚ ਲੈਅ ਬਝਣ ਲਗ ਪਈ...ਤੇ ਏਸ ਤਰ੍ਹਾਂ ਮੇਰੀ ਪਹਿਲੀ ਕਵਿਤਾ ਰਚੀ ਗਈ।



ਓਸ ਵੇਲ਼ੇ ਭਾਸ਼ਾਵਾਂ ਦਾ ਵਖਰੇਵਾਂ ਹੋਂਦ ਵਿੱਚ ਨਹੀਂ ਸੀ ਆਇਆ। ਪੜ੍ਹਨ ਲਈ ਘਰ ਆਉਣ ਵਾਲੀਆਂ ਬਾਲ ਪੁਸਤਕਾਂ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਵਿੱਚ ਹੁੰਦੀਆਂ ਸਨ। ਸੋ ਆਪਣੇ ਵਿਚਾਰਾਂ ਦੀ ਲੜੀ ਕਦੀ ਪੰਜਾਬੀ ਵਿਚ ਪਰੋਈ ਜਾਂਦੀ, ਕਦੀ ਹਿੰਦੀ ਵਿੱਚ ਤੇ ਕਦੀ ਅੰਗਰੇਜ਼ੀ ਵਿੱਚ। ਪਹਿਲੀ ਕਵਿਤਾ ਅੱਠ ਸਾਲ ਦੀ ਉਮਰ ਵਿੱਚ ਰਚੀ ਤੇ ਅਖ਼ਬਾਰ ਵਿੱਚ ਛਪਣ ਤੇ ਲੱਗਾ ਬੜਾ ਵੱਡਾ ਮਾਰਕਾ ਮਾਰ ਲਿਆ ਹੈ। ਖ਼ੈਰ ਪਰਿਵਾਰ ਵਲੋਂ ਬਣਦਾ ਪਿਆਰ ਸਤਿਕਾਰ ਨਿੱਕੇ ਨਿੱਕੇ ਕਦਮਾਂ ਨੂੰ ਸਾਹਿਤ ਵਲ ਲੈ ਤੁਰਿਆ।

ਹੁਣ ਇੰਞ ਜਾਪਦਾ ਹੈ ਜਿਵੇਂ ਅੰਦਰ ਉਬਾਲ ਮਾਰ ਰਿਹਾ ਵਿਚਾਰਾਂ ਤੇ ਤਰਕ-ਵਿਤਰਕ ਦਾ ਲਾਵਾ ਕਦੀ ਕਦੀ ਅਚਾਨਕ ਫੁੱਟ ਪੈਂਦਾ ਹੈ। ਕਲਮ ਓਹਨੂੰ ਰਾਹ ਵਿਖਾ ਦਿੰਦੀ ਏ ਬਿਲਕੁਲ ਓਸ ਤਰ੍ਹਾਂ ਜਿਸ ਤਰ੍ਹਾਂ ਨਿੱਕੇ ਬੱਚੇ ਡੁੱਲੇ ਪਾਣੀ ਨੂੰ ਲੱਕੜ ਨਾਲ ਲੀਕ ਪਾ ਕੇ ਮਨਚਾਹੇ ਪਾਸੇ ਟੋਰਦੇ ਤੁਰੀ ਜਾਂਦੇ ਨੇ।

ਕਦੀ ਕਦੀ ਲਗਦਾ ਹੈ ਕਿ ਕਵਿਤਾ ਅਸਲ ਵਿੱਚ ਆਪਮੁਹਾਰੇ ਵਹਿੰਦੀ ਨਦੀ ਵਰਗੀ ਹੈ। ਆਸ ਪਾਸ ਦੇ ਹਾਲਾਤਾਂ ਦੇ ਪੱਥਰਾਂ ਨਾਲ ਖਹਿ ਕੇ ਆਪਣਾ ਰਸਤਾ ਆਪੇ ਬਣਾਉਂਦੀ ਜਾਂਦੀ ਹੈ। ਕਈ ਵੇਰਾਂ ਪੱਥਰ ਰੂਪੀ ਹਾਲਾਤ ਖੋਰ ਦਿੰਦੀ ਹੈ ਤੇ ਕਦੀ ਓਹਨਾਂ ਸਾਹਮਣੇ ਹਾਰ ਮੁੜ ਜਾਂਦੀ ਹੈ। ਵਿਦਰੋਹਾਂ, ਖ਼ਿਆਲਾਂ ਦਾ ਸਾਫ ਸ਼ਫਾਫ਼ ਵਹਿਣ ਕੁਦਰਤ ਦੇ ਅਦਭੁਤ ਨਜ਼ਾਰੇ ਵਰਗੀ ਰਚਨਾ ਬਣ ਨਿਬੜਦਾ।

ਬਹੁਤੀ ਵੇਰਾਂ ਤਾਂ ਕਵਿਤਾ ਆਪਣੇ ਆਪ ਨਾਲ ਕੀਤੇ ਸੰਵਾਦਾਂ ਤੋਂ ਜਨਮਦੀ ਹੈ। ਪਿੰਡੇ ਹੰਢਾਈਆਂ ਭਾਵਨਾਵਾਂ ਨਾਲ ਜਦੋਂ ਇਕਲਾਪੇ ਵਿੱਚ ਰੂਬਰੂ ਹੋਣ ਦਾ ਮੌਕਾ ਮਿਲਦਾ ਹੈ ਤਾਂ ਮਨ ਆਪਣੇ ਆਪ ਨੂੰ ਧਰਵਾਸ ਦੇਣ ਲਈ ਅੱਖਰਾਂ ਨੂੰ ਵਾਸਤੇ ਪਾਉਂਦਾ ਹੈ। ਬਹੁਤ ਵਾਰ ਆਪਣੇ ਆਪ ਨਾਲ ਕੀਤੇ

ਇਹ ਸਵੈ ਸੰਵਾਦ ਬੇਹਦ ਖੂਬਸੂਰਤ ਕਵਿਤਾਵਾਂ ਬਣ ਉੱਭਰੇ ਹਨ। 'ਸ਼ਬਦ' ਇੱਕ ਬਹੁਤ ਸ਼ਕਤੀਸ਼ਾਲੀ ਇਕਾਈ ਹੈ। ਪ੍ਰਭਾਵਸ਼ਾਲੀ ਸ਼ਬਦ ਮੁਰਦਾ ਰੂਹਾਂ ਵਿੱਚ ਜਾਨ ਫੂਕਣ ਦਾ ਤਲਿਸਮ ਰੱਖਦੇ ਹਨ। ਪਾਸ਼ ਦੀ ਕਵਿਤਾ 'ਖਤਰਨਾਕ' ਲੂ ਕੰਢੇ ਖੜ੍ਹੇ ਕਰ ਦਿੰਦੀ ਹੈ। ਬਟਾਲਵੀ ਦੀਆਂ ਕਵਿਤਾਵਾਂ ਅੱਖਰਾਂ ਦੇ ਮਾਧਿਅਮ ਨਾਲ ਦਿਲ ਤੱਕ ਕਿੱਦਾ ਅੱਪੜ ਜਾਂਦੀਆਂ ਨੇ ਇਸਦਾ ਅਹਿਸਾਸ ਸਮਝ ਤੋਂ ਬਾਹਰ ਹੈ। ਸੁਰਜੀਤ ਪਾਤਰ ਨੇ ਲਫਜ਼ਾਂ ਦੇ ਬਕਮਾਲ ਇਸਤੇਮਾਲ ਨਾਲ ਬੜੇ ਪੇਚੀਦਾ ਭਾਵ ਏਨੇ ਸਹਿਜ ਨਾਲ ਪਾਠਕਾਂ ਤੱਕ ਪੁੱਜਦਾ ਕੀਤੇ ਨੇ। ਸ਼ਬਦਾਂ ਦੀ ਇਹ ਅਲੌਕਿਕ ਸ਼ਕਤੀ ਕਈ ਵੇਰਾਂ ਤਾਂ ਸਮਝੋਂ ਬਾਹਰ ਦੀ ਖੇਡ ਲਗਦੀ ਹੈ। ਜਿਵੇਂ ਕੋਈ ਇਲਾਹੀ ਸ਼ਕਤੀ ਸਿਰਜਣਾ ਦੇ ਇਸ ਰੂਪ ਨੂੰ ਸਜਾਉਣ ਸਵਾਰਣ ਵਿੱਚ ਸ਼ਾਮਲ ਹੋਏ। ਕਵੀ ਦੀ ਮਨੋਸਥਿਤੀ ਦੇ ਮੁਤਾਬਿਕ ਉਪਜੇ ਚਿੰਤਨ ਵਿਚੋਂ ਕਵਿਤਾ ਉਤਪੰਨ ਹੋ ਜਾਂਦੀ ਹੈ।

ਕਵਿਤਾ ਤਜ਼ੁਰਬੇ ਦੀ ਬੇਟੀ ਵੀ ਹੈ। ਵਕ਼ਤ ਦੇ ਰਾਹੀਂ ਤੁਰੇ ਜਾਂਦਿਆਂ ਮਨ ਅਣਗਿਣਤ ਹਾਲਾਤਾਂ ਤੇ ਜਜ਼ਬਾਤਾਂ ਦੇ ਆਹਮੋ ਸਾਹਮਣੇ ਹੁੰਦਾ ਹੈ। ਵਕ਼ਤ ਇੱਕ ਬੁਜ਼ਰਗ ਦਾ ਰੋਲ ਅਦਾ ਕਰਦਾ ਹੋਇਆ ਆਪਣੀਆਂ ਸਿਆਣਪਾਂ ਦੋਹੀਂ ਹੱਥੀਂ ਰੱਜ ਰੱਜ ਵੰਡਦਾ ਬੀਤਦਾ ਜਾਂਦਾ ਹੈ। ਕਵੀ ਆਪਣੇ ਝੋਲੇ ਬੁੱਕਾਂ ਨਾਲ ਇਕੱਠੀਆਂ ਕਰ ਸੂਝਾਂ ਨਾਲ ਭਰ ਲੈਂਦਾ ਹੈ। ਐਸੇ ਲਈ ਕਵਿਤਾ ਗਾਗਰ ਵਿੱਚ ਭਰੇ ਸਾਗਰ ਦੀ ਨਿਆਈਂ ਜਾਪਦੀ ਹੈ।

ਆਪਣੇ ਆਸ ਪਾਸ ਦੇ ਵਰਤਾਰਿਆਂ, ਆਪਣੇ ਆਪਣਿਆਂ, ਬੇਗਾਨਿਆਂ ਦੇ ਨਾਲ ਵਾਪਰ ਰਹੇ ਮੌਸਮਾਂ ਨੂੰ ਮਹਿਸੂਸ ਕਰ ਆਪਣੀ ਸਮਝ ਤੇ ਕਲਪਨਾ ਦੇ ਮਿਸ਼ਰਣ ਕਵਿਤਾ ਨੂੰ ਸੁਹਜ ਨਾਲ ਜੀਵਨ ਦੇ ਜਾਂਦੇ ਨੇ। ਕਵੀ ਦਾ ਮਨ ਛੂਈ ਮੂਈ ਦੀਆਂ ਕੋਮਲ ਪੱਤੀਆਂ ਜਿੰਨਾ ਨਾਜ਼ੁਕ ਹੁੰਦਾ ਹੈ। ਨਿੱਕੀ ਤੋਂ ਨਿੱਕੀ ਹਲਚਲ ਓਸ ਵਿਚ ਕੰਪਨ ਪੈਦਾ ਕਰ ਜਾਂਦੀ ਹੈ। ਕੁਦਰਤ ਦੇ ਖ਼ੂਬਸੂਰਤ ਨਜ਼ਾਰੇ, ਸਮਝਣ, ਨਸਮਝਣ ਯੋਗ ਘਟਨਾਵਾਂ ਜ਼ਹਿਨ ਦੀ ਜ਼ਰਖ਼ੇਜ਼ ਜ਼ਮੀਨ ਤੇ ਕਵਿਤਾ ਦੇ ਅਣਗਿਣਤ ਬੂਟੇ ਉਗਾ ਸਕਣ ਵਿੱਚ ਸਮਰੱਥ ਨੇ। ਦੁਨੀਆ ਭਰ ਦੇ ਉੱਤਮ ਕਵੀ ਸ੍ਰਿਸ਼ਟੀ ਦੀ ਹਸੀਨ ਰਚਨਾ ਤੋਂ ਅਗਵਾਈ ਲੈ ਆਪਣੀਆਂ ਸ਼ਾਹਕਾਰ ਰਚਨਾਵਾਂ ਸਮਰਪਿਤ ਕਰ ਚੁੱਕੇ ਹਨ।

ਕਵਿਤਾ ਦੀ ਸਿਰਜਣਾ ਵਿੱਚ ਕੁਦਰਤ ਦੇ ਦਖ਼ਲ ਤੋਂ ਬਿਲਕੁਲ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ। ਸੁੱਤੇ ਸਿੱਧ ਕਵਿਤਾ ਰਚੀ ਜਾਣਾ, ਕਿਸੇ ਅਨਮੋਲ ਗਿਆਨ ਦੀ ਪ੍ਰਾਪਤੀ ਦਾ ਜ਼ਰੀਆ ਕਵਿਤਾ ਬਣ ਜਾਣਾ, ਬੇਹਦ ਸੰਜੀਦਾ ਮਸਲਿਆਂ ਦੇ ਹੱਲ ਕਵਿਤਾ ਦੇ ਰੂਪ ਵਿੱਚ ਰਚੇ ਜਾਣਾ, ਮਹੀਨ ਰਿਸ਼ਤਿਆਂ ਦੇ ਕਾਇਦੇ ਪ੍ਰੀਭਾਸ਼ਤ ਕਰਨਾ, ਉੱਚਾ ਸੁੱਚਾ ਜੀਵਨ ਜਾਚ ਦਾ ਵੱਲ ਦੱਸਦੀਆਂ ਕਾਵਿਕ ਰਚਨਾਵਾਂ ਇਸ ਗੱਲ ਦਾ ਪੁਖ਼ਤਾ ਸਬੂਤ ਨੇ। ਲਗਭਗ ਸਾਰੇ ਹੀ ਪਵਿੱਤਰ ਧਰਮਾਂ ਨੇ ਗਿਆਨ ਦੇ ਪਸਾਰ ਲਈ ਕਾਵਿ ਰੂਪ ਦਾ ਸਹਾਰਾ ਲਿਆ। ਸਮਾਜ ਸੁਧਾਰ, ਨੇਕੀ ਦੇ ਪਰਚਾਰ ਲਈ ਪੈਗੰਬਰਾਂ ਨੇ ਵੀ ਕਵਿਤਾ ਦੀ ਮਦਦ ਮੰਗੀ।

ਸੋ ਜ਼ਰਖ਼ੇਜ਼, ਖੁੱਲ੍ਹੇ ਦਿਮਾਗ਼ਾਂ ਵਿੱਚ ਵੱਖ ਵੱਖ ਪ੍ਰੇਰਨਾਵਾਂ ਤੋਂ ਉਪਜੀ 'ਕਵਿਤਾ' ਦੀ ਸਿਰਜਣਾ ਪ੍ਰਕਿਰਿਆ ਇੱਕ ਵਿਸ਼ਾਲ ਤੇ ਵਿਆਪਕ ਵਿਸ਼ਾ ਹੈ। ਏਸ ਨੂੰ ਕੁਝ ਇਕ ਸ਼ਬਦਾਂ ਦੇ ਘੇਰੇ ਵਿੱਚ ਸਮੇਟਣਾ ਬਹੁਤ ਗੁੰਝਲਦਾਰ ਕੰਮ ਹੈ।

*****

**ਪਿਛਲੇ ਦਿਨਾਂ ਵਿੱਚ ਪੰਜਾਬ ਸਰਕਾਰ ਨੇ ਪੰਜਾਬੀ ਕਵਿਤਾ ਦੇ ਸਮਰੱਥ ਹਸਤਾਖ਼ਰ ਅਤੇ ਸਾਡੇ ਦੋਸਤ, ਚਿੱਤਰਕਾਰ, ਫੋਟੋਗ੍ਰਾਫਰ ਸਵਰਨਜੀਤ ਸਵੀ ਨੂੰ ਪੰਜਾਬ ਆਰਟ ਕੌਂਸਲ ਦਾ ਚੇਅਰਮੈਨ ਅਤੇ ਸ਼ਾਇਰ, ਚਿੱਤਰਕਾਰ, ਕਾਰਟੂਨਿਸਟ ਜਸਵੰਤ ਸਿੰਘ ਜ਼ਫ਼ਰ ਨੂੰ ਨਿਰਦੇਸ਼ਕ, ਭਾਸ਼ਾ ਵਿਭਾਗ ਪੰਜਾਬ ਦੇ ਅਹੁਦਿਆਂ ਤੇ ਨਿਯੁਕਤ ਕੀਤਾ ਹੈ। ਅਦਾਰਾ 'ਪ੍ਰਤਿਮਾਨ' ਦੋਵਾਂ ਦੋਸਤਾਂ ਨੂੰ ਹਾਰਦਿਕ ਵਧਾਈ ਦਿੰਦਿਆਂ ਆਪਣਾ ਯਕੀਨ ਪ੍ਰਗਟ ਕਰਦਾ ਹੈ ਕਿ ਇਨ੍ਹਾਂ ਦੋਵਾਂ ਦੇ ਹੱਥਾਂ ਵਿੱਚ ਦੋਵੇਂ ਅਦਾਰੇ ਬਹੁਤ ਹੀ ਉਚੇਰੀਆਂ ਬੁਲੰਦੀਆਂ ਨੂੰ ਛੂਹਣਗੇ।**





## ਖ਼ਿਤਾਬ ਖਜੂਰੀਆ

ਨਿੱਕੀ ਉਮਰੇ ਵੱਡੇ ਧੋਖੇ ਖਾਧੇ ਨੇ ।
ਅੱਖੀਆਂ ਖੁੱਲ੍ਹ ਗਈਆਂ ਨੇ, ਠੇਡੇ ਖਾਧੇ ਨੇ।

ਅਰਸਾ ਲੰਮੀਂ ਚੁੱਪੀ ਉਸਨੇ ਤੋੜੀ ਹੈ,
ਅੱਜ ਬੁੱਲ੍ਹਾਂ 'ਚੋਂ ਕਿਰਦੇ ਮੇਵੇ ਖਾਧੇ ਨੇ।

ਸੁਪਨੇ ਵਿੱਚ ਅੱਜ ਫੇਰ ਸਕੂਲੇ ਪਹੁੰਚ ਗਿਆ,
ਮੁੜ 'ਕਾਪੀ ਘਰ ਰਹਿਣ' ਤੋਂ ਸੋਟੇ ਖਾਧੇ ਨੇ।

ਪਲ ਭਰ ਲਈ ਵੀ ਦਿਲ ਦੇ ਨੇੜੇ ਨਾ ਹੋਈਆਂ,
ਪੰਜ ਵਰ੍ਹੇ ਸਰਕਾਰਾਂ ਪੂਰੇ ਖਾਧੇ ਨੇ।

ਐਨ ਵਿਆਹ ਦੇ ਨੇੜੇ ਮੁੰਦਰੀ ਮੋੜੀ ਹੈ,
ਫਾਈਨਲ ਮੈਚ ਤੋਂ ਪਹਿਲਾਂ ਪੈਸੇ ਖਾਧੇ ਨੇ।

ਤਬਦੀਲੀ ਨਾਂ ਦੀ ਇਹ ਡੈਣ ਬੜੀ ਜ਼ਾਲਿਮ,
ਬੜਾ ਵਸਾਹ ਕੇ ਰਿਸ਼ਤੇ-ਨਾਤੇ ਖਾਧੇ ਨੇ।

ਵੇਖੀ ਇੰਗਲਿਸ਼ ਮੂਵੀ ਗ਼ੈਰਾਂ ਨਾਲ ਖ਼ਿਤਾਬ,
ਫਿਰ ਤੋਂ ਬੰਧੂਆ ਰੂਹ ਨੇ ਕੋੜ੍ਹੇ ਖਾਧੇ ਨੇ..॥

*****

ਜ਼ੁਲਫ਼ ਲਹਿਰਾਵੇ ਜਾਂ ਫਿਰ ਸਿਰ ਤੇ ਜਦੋਂ ਪੱਲੂ ਕਰੇ।
ਜਾਪਦੈ ਕੋਹਕਾਫ਼ ਦੀ ਕੋਈ ਪਰੀ ਜਾਦੂ ਕਰੇ।


ਨਿੰਮ ਦਾ ਕਾੜ੍ਹਾ ਗਿਲਾਸੀ ਚੁੰਮ ਕੇ ਦੇਵੇ ਜਦੋਂ,
ਉਹ ਵਧੀਕੀ ਵੀ ਕਰੇ ਤਾਂ ਇਉਂ, ਜਿਵੇਂ 'ਵਾਧੂ ਕਰੇ'।

ਮੈਂ ਕਰਾਂ ਸਵੀਕਾਰ ਇਕਲਾਪਾ ਕਿਵੇਂ 'ਸਲਮਾਨ' ਵਾਂਗ,
ਉਸਨੂੰ ਪ੍ਰਭਾਵਿਤ ਅਗਰ ਹੁਣ ਵੀ ਕੋਈ 'ਤੱਬੂ' ਕਰੇ।

ਸ਼ਹਿਰ ਦੇ ਜੰਗਲ 'ਚ ਤੱਕਿਆ, ਅਜਬ ਹਿਰਨੀ ਦਾ ਕਮਾਲ,
ਜਾਲ ਐਸਾ ਹੈ ਸ਼ਿਕਾਰੀ ਨੂੰ ਹੀ ਜੋ ਕਾਬੂ ਕਰੇ।

ਪਿਆਰ ਦਾ ਇਜ਼ਹਾਰ ਕੀਤਾ ਇਸਤਰ੍ਹਾਂ ਬਾਹੋਂ ਪਕੜ,
ਚਾਣਚੱਕ ਹਾਕਮ ਨਵੇਂ ਨਿਯਮਾਂ ਨੂੰ ਜਿਉਂ ਲਾਗੂ ਕਰੇ।

ਉਸ ਬਿਨਾਂ ਕਰਦੀ ਨਹੀਂ ਪਲ ਭਰ ਸਮੁੰਦਰ ਦਾ ਸਫ਼ਰ,
ਮਾਣ ਬੇੜੀ 'ਤੇ ਸਦਾ ਹੀ ਇਸ ਲਈ ਚੱਪੂ ਕਰੇ ।



ਇਸ਼ਕ ਦੀ ਕੌਫ਼ੀ 'ਚੋਂ ਉੱਡੇ ਭਾਫ਼ ਬਣ ਹੈਰਾਨਗੀ,
ਬੁੱਤ ਪੱਥਰ ਦਾ ਚੁਫੇਰੇ ਕਿਸ ਤਰ੍ਹਾਂ ਖ਼ੁਸ਼ਬੂ ਕਰੇ।

ਨਿਕਲ ਕੇ ਵਾਹ ਵਾਹ 'ਚੋਂ, ਸ਼ਾਇਰ ਵਾਸਤੇ ਸੱਚੀ ਸਲਾਹ,
ਸ਼ਾਇਰੀ ਦੇ ਸ਼ਬਦ ਆਪਣੇ ਆਪ 'ਤੇ ਲਾਗੂ ਕਰੇ।

ਬਾਗ਼ ਨੂੰ ਮਾਲੀ ਵੀ ਹੱਥੀਂ ਆਪ ਸਕਦਾ ਹੈ ਉਜਾੜ,
ਇਹ ਨਹੀਂ ਲਾਜ਼ਿਮ ਹਮੇਸ਼ਾ ਲੁੱਟ-ਖੋਹ ਡਾਕੂ ਕਰੇ।

ਛਲਕ ਪੈਂਦੀ ਹੈ ਉਦਾਸੀ ਅੱਖੀਆਂ 'ਚੋਂ ਓਸਦੀ,
ਹੱਸਕੇ ਬੇਸ਼ਕ ਕੋਈ ਸ਼ਾਇਰ ਗ਼ਜ਼ਲ ਚਾਲੂ ਕਰੇ।

ਲੋੜ ਨਾ ਉਸਤਾਦ ਜਾਂ ਫ਼ਰਿਆਦ ਦੀ ਉਸਨੂੰ ਖ਼ਿਤਾਬ,
ਹਰ ਕਦਮ, ਹਰ ਮੋੜ ਜਿਸਦੀ ਰਹਿਬਰੀ ਬਾਪੂ ਕਰੇ।

*****

ਉਤਰ ਆ ਅਸਮਾਨ ਤੋਂ ਐ ਸ਼ਾਇਰਾ ਧਰਤੀ ਬੁਲਾਵੇ।
ਖੋਲ੍ਹ ਕੇ ਖ਼ਾਬਾਂ ਦੀ ਖਿੜਕੀ ਰੋਜ਼, ਇੱਕ ਲੜਕੀ ਬੁਲਾਵੇ।

ਕਰ ਮਲਾਹਾਂ 'ਤੇ ਭਰੋਸਾ, ਨਾ ਕੋਈ ਸ਼ਿਕਵਾ ਨਾ ਰੋਸਾ,
ਡੁੱਬਦੀ ਜਾਂਦੀ ਨਜ਼ਰ ਨੂੰ ਆਸ ਦੀ ਕਿਸ਼ਤੀ ਬੁਲਾਵੇ।

ਆਖ਼ਰੀ ਮੈਸਿਜ ਸੀ ਜਿਸਦਾ, 'ਹੁਣ ਬੁਲਾਵੀਂ ਨਾ ਕਦੇ ਵੀ',
ਪੌਣ 'ਤੇ ਅਸਵਾਰ ਬਦਲੀ, ਨੀਰ ਨੂੰ ਖ਼ੁਦ ਹੀ ਬੁਲਾਵੇ।

ਹੈ 'ਨਖ਼ਾ' ਨੂੰ ਪਿਆਰ ਹੋਇਆ, ਯੁੱਧ ਮੁੜ ਕੇ ਤਿਆਰ ਹੋਇਆ,
ਮੁੜ 'ਲਖਨ' ਦੀ ਹਿੱਕ ਤਾਈਂ, 'ਮੇਘ' ਦੀ ਬਰਛੀ ਬੁਲਾਵੇ।

ਚੰਦਰੀ ਰੋਕੇ ਨਾ ਰਾਹ ਵਿੱਚ, ਖਲਬਲੀ ਪਾਵੇ ਨਾ ਸਾਹ ਵਿੱਚ,
ਹੁਣ ਖ਼ਿਤਾਬਾਂ ਦੇ ਨਗਰ ਵਿੱਚ, ਬੈਠ ਕੇ ਸ਼ਾਇਰੀ ਬੁਲਾਵੇ...।

*****

## ਗੁਰਪ੍ਰੀਤ ਧਰਮਕੋਟ



ਭਾਵੇਂ ਮੈਨੂੰ ਡੋਬਣ ਦੇ ਲਈ ਕਰਨ ਸਲਾਹਾਂ ਸਾਰੇ
ਮੇਰੀ ਵੀ ਇਹ ਜ਼ਿੱਦ ਹੈ ਲੱਗਣਾ ਪਰਲੇ ਪਾਰ ਕਿਨਾਰੇ

ਲਹਿੰਦੇ ਵਾਲੇ ਪਾਸੇ ਨਿੱਤ ਹੀ ਡਿੱਗਦਾ ਕੱਚਾ ਕੋਠਾ
ਚੜ੍ਹਦੇ ਵਾਲੇ ਪਾਸੇ ਉੱਚੇ ਹੋਈ ਜਾਣ ਚੁਬਾਰੇ

ਜੇ ਬੱਚੇ ਦੇ ਸੂਲ ਵੀ ਲੱਗੇ ਤਾਂ ਟੱਬਰ ਘਬਰਾਵੇ
ਪੀੜਾ ਉਸ ਦੀ ਕੌਣ ਮਿਣੇਗਾ ਜਿਸ ਨੇ ਪੁੱਤਰ ਵਾਰੇ

ਪੁੱਛ ਉਨ੍ਹਾਂ ਤੋਂ ਜਿਨ੍ਹਾਂ ਦੇ ਘਰ ਪੈਂਦਾ ਰੋਜ਼ ਉਜਾੜਾ
ਤੇਰੇ ਭਾਅ ਦੇ ਤਾਂ ਅੰਬਰ ਤੋਂ ਬੱਸ ਟੁੱਟਦੇ ਨੇ ਤਾਰੇ

ਜਿਸ ਨੂੰ ਹਰ ਥਾਂ 'ਤੇ ਹੀ ਮਿਲਦਾ ਸਭ ਕੁਝ ਬੇਤਰਤੀਬਾ
ਉਸ ਨੂੰ ਆਪਣੇ ਆਪ ਹੀ ਚੰਗੇ ਲੱਗਣ ਸੱਭ ਖਿਲਾਰੇ

ਖ਼ੁਦ ਤਾਂ ਕੱਚ ਦੇ ਬਰਤਨ ਦੇ ਵਿੱਚ ਕੈਦ ਕਰੇ ਉਹ ਮੱਛੀਆਂ
ਪਰ ਚਾਹੁੰਦਾ ਹੈ ਬੱਚਾ ਉਸ ਦਾ ਉੱਚੇ ਮਹਿਲ ਉਸਾਰੇ

ਮੇਰੀ ਖ਼ਾਤਰ ਡੁੱਬਣਾ ਉਸ ਦਾ ਹੈ ਬੱਸ ਲੋਕ ਵਿਖਾਵਾ
ਅੰਦਰ ਖਾਤੇ ਪਹੁੰਚ 'ਚ ਜਿਸ ਦੇ ਹਰਦਮ ਰਹਿਣ ਕਿਨਾਰੇ

*****

ਜਦ ਦੇ ਮੈਂ ਘਰ ਵਿੱਚੋਂ ਗ਼ਮਲੇ ਚੁੱਕੇ ਨੇ
ਤਦ ਦੇ ਵਿਹੜੇ ਅੰਦਰ ਕੰਡੇ ਫੁੱਟੇ ਨੇ

ਇੱਕ ਸੱਜਣ ਨੇ ਖ਼ੂਹ 'ਚ ਧੱਕਾ ਦਿੱਤਾ ਹੈ
ਇੱਕ ਨੇ ਹੇਠਾਂ ਪੌੜੀ ਰੱਸੇ ਸੁੱਟੇ ਨੇ

ਉਸ ਦੇ ਦਿਲ 'ਤੇ ਕੋਈ ਡਾਕਾ ਵੱਜਾ ਹੈ
ਜਿਸ ਦੇ ਸ਼ੇਅਰਾਂ ਨੇ ਸਭ ਮੇਲੇ ਲੁੱਟੇ ਨੇ

ਉਹ ਵੀ ਸਿਰ ਤੇ ਪੈਰ ਧਰਨ ਨੂੰ ਫਿਰਦੇ ਨੇ
ਜਿਹੜੇ ਬੰਦੇ ਆਪਾਂ ਉੱਪਰ ਚੁੱਕੇ ਨੇ

ਸਦਕੇ ਜਾਵਾਂ ਮੈਂ ਜਜ਼ਬਾਤੀ ਕੁੜੀਆਂ ਤੋਂ
ਜਿੰਨ੍ਹਾਂ ਹੱਸ ਹੱਸ ਹੌਕੇ ਅੰਦਰ ਘੁੱਟੇ ਨੇ

*****

ਕੁਰਸੀ ਖ਼ਾਤਰ ਇੱਕ ਦੂਜੇ 'ਤੇ ਚਿੱਕੜ ਸੁੱਟੀ ਜਾਂਦੇ ਨੇ
ਕੇਹੇ ਬੰਦੇ ਨੇ ਜੋ ਸੀਸ਼ੇ ਉੱਤੇ ਥੁੱਕੀ ਜਾਂਦੇ ਨੇ

ਆਮ ਘਰਾਂ ਦੇ ਮਸਲੇ ਦੀ ਤਾਂ ਫਾਈਲ ਗੁਆਚੀ ਰਹਿੰਦੀ ਹੈ
ਆਪਣੀ ਚੌਧਰ ਦਾ ਮੁੱਦਾ ਸੰਸਦ ਵਿੱਚ ਚੁੱਕੀ ਜਾਂਦੇ ਨੇ

ਤੜਕੇ ਤੱਕੜੀ ਸ਼ਾਮੀ ਪੰਜਾ ਰਾਤੀਂ ਹੱਥ ਵਿੱਚ ਝਾੜੂ ਹੈ
ਦੇਖ ਸਿਆਣੇ ਬੰਦੇ ਕਿੱਦਾਂ ਉੱਚਾ ਉੱਠੀ ਜਾਂਦੇ ਨੇ

ਹੁਣ ਮੇਰੇ ਪੰਜਾਬ 'ਚ ਪੈਂਦੀ ਪੀਂਘ ਕਦੇ ਸਤਰੰਗੀ ਨਾ
ਇੱਕ ਚਿੱਟੇ ਦਾ ਚਰਚਾ ਹੈ ਬਾਕੀ ਰੰਗ ਮੁੱਕੀ ਜਾਂਦੇ ਨੇ

ਮੇਰੇ ਸਿਰ 'ਤੇ ਪੈਰ ਜੋ ਧਰ ਕੇ ਸਾਰੇ ਮਤਲਬ ਕੱਢ ਗਏ
ਅੱਜ-ਕੱਲ੍ਹ ਥਾਂ ਥਾਂ ਓਹੀ ਮੇਰੀ ਮਿੱਟੀ ਪੁੱਟੀ ਜਾਂਦੇ ਨੇ

ਇੱਕ ਹੀ ਆਦਤ ਮਾੜੀ ਮੇਰੀ ਹਰ ਥਾਂ 'ਤੇ ਸੱਚ ਬੋਲਣ ਦੀ
ਲੋਕਾਂ ਨੇ ਤਾਂ ਛੱਡਣਾ ਹੀ ਸੀ ਯਾਰ ਵੀ ਟੁੱਟੀ ਜਾਂਦੇ ਨੇ

*****

ਇੱਕ ਪਾਸੇ ਰੱਖ ਕੇ ਦਰਦਾਂ ਨੂੰ ਹਾਰਾਂ ਨੂੰ
ਰੰਗ ਨਵਾਂ ਕਰਵਾ ਲਿਆ ਹੈ ਦੀਵਾਰਾਂ ਨੂੰ

ਖੁੱਲ੍ਹ ਕੇ ਹੱਸਣ ਦੀ ਹੁਣ ਆਦਤ ਪਾਉਣੀ ਹੈ
ਥੋੜੀ ਬਹੁਤੀ ਰਾਹਤ ਮਿਲੇ ਬੀਮਾਰਾਂ ਨੂੰ

ਘਰ ਵਿੱਚ ਵੀ ਮੇਰੇ ਤੋਂ ਚਾਨਣ ਹੋਵੇ ਨਾ
ਐਵੇਂ ਵਹਿਮ ਨਾ ਪੈ ਜਾਵੇ ਸਰਕਾਰਾਂ ਨੂੰ

ਏਧਰ ਸਾਰੇ ਫੁੱਲ ਕੁਮਲਾਏ ਰਹਿੰਦੇ ਨੇ
ਲੱਗਦਾ ਕੋਈ ਪਬੰਧੀ ਹੈ ਬਹਾਰਾਂ ਨੂੰ

ਮੇਰੀ ਏਥੇ ਕੋਈ ਸ਼ਿਫਾਰਸ਼ ਕਰਦਾ ਨਹੀਂ
ਤਾਂ ਹੀ ਗ਼ਜ਼ਲਾਂ ਭੇਜਾਂ ਨਾ ਅਖ਼ਬਾਰਾਂ ਨੂੰ

*****

## ਗੁਰਵੀਰ ਅਤਫ਼



### ਮੁਹੱਬਤੀ ਧਾਗੇ

ਮਿੱਟੀ ਧਰਤੀ ਦੇ ਸੀਨੇ ਦੀ
ਜਾਈ ਏ।
ਵਿਆਹੁੰਦੇ ਹਵਾ ਦੇ ਬੁੱਲੇ ਨੇ,
ਵੇ ਧੀਆਂ ਵਾਂਗ ਪਰਾਈ ਏ।

ਜੁੱਗੜੇ ਬੀਤ ਗਏ ਬਹੁਤੇ,
ਵੇ ਜੂਨਾਂ ਬਦਲੀਆਂ ਦਿੱਸੀਆਂ ਨਾ,
ਜਿਸਮਾਂ ਦੀ ਭੁੱਖ ਮਿਟਾਉਣ ਲਈ,
ਫੁੱਲਾਂ ਦੀਆਂ ਸੇਜਾਂ ਵਿਛੀਆਂ ਤਾਂ,
ਵਾਂਕਣ ਸਾਡੇ ਪਿੰਜ ਜਾਂਦੀ ,
ਵੇ ਇੱਕ ਬੂਟੀ ਕਪਾਹੀ ਏ।
ਵਿਆਹੁੰਦੇ ਹਵਾ ਦੇ ਬੁੱਲੇ ਨੇ,
ਵੇ ਧੀਆਂ ਵਾਂਗ ਪਰਾਈ ਏ।

ਕਦਮਾਂ ਦਾ ਸ਼ੋਰ ਹੁੰਦਾ ਬਾਹਲਾ,
ਵੇ ਚੀਕਾਂ ਦੱਬਦੀਆਂ ਰਹਿੰਦੀਆਂ ਨੇ,
ਸੱਧਰਾਂ ਕਾਤਿਲ ਕਰਦੇ ਆ,
ਵੇ ਜੱਗ ਦੇ ਭਾਅ ਦੀਆਂ
ਮਹਿੰਦੀਆਂ ਨੇ,
ਕੋਈ ਲੱਭੋ ਤਾਂ ਜਾਕੇ ,
ਜਿਹਨੇ ਤਕਦੀਰ ਬਣਾਈ ਏ!
ਵਿਆਹੁੰਦੇ ਹਵਾ ਦੇ ਬੁੱਲੇ ਨੇ ,
ਵੇ ਧੀਆਂ ਵਾਂਗ ਪਰਾਈ ਏ।

ਮੁੱਖ ਤੇ ਨੂਰ ਚੜ੍ਹੇ ਕਾਹਦਾ ,
ਨਾ ਚੜ੍ਹਿਆ ਰੰਗ ਸੁਹਾਗ ਵਾਲਾ।
ਘੁੰਡ ਵਿੱਚ ਖਾਕ ਹੋਏ ਚਿਹਰੇ ,
ਤੇ ਨੈਣੀ ਨੀਰ ਵਿਰਾਗ ਵਾਲਾ।
ਕੀ ਪਾਉਂਦੀ ਬਾਤ ਮੁਹੱਬਤ ਦੀ,
ਨਾ ਪਿੰਡੇ ਰੁੱਤ ਹੰਢਾਈ ਏ।
ਵਿਆਹੁੰਦੇ ਹਵਾ ਦੇ ਬੁੱਲੇ ਨੇ,
ਵੇ ਧੀਆਂ ਵਾਂਗ ਪਰਾਈ ਏ।

ਡੂੰਘੇ ਖੂਹ ਡਰ ਵਾਲੇ,
ਹਲੇ ਵੀ ਭਰਨੋ ਹਟਦੇ ਨਾ,
ਵੇ ਮੱਥੇ ਚਾਨਣ ਉੱਘੇ ਨਾ,
ਤਬਾਹੀ ਕਰਨੋ ਹਟਦੇ ਨਾ,
ਜੋੜੇ ਬਣਦੇ ਨਿੱਤ ਏਥੇ,
ਮੁਹੱਬਤ ਦੀ ਜੁਦਾਈ ਏ,
ਵਿਆਹੁੰਦੇ ਹਵਾ ਦੇ ਬੁੱਲੇ ਨੇ,
ਵੇ ਧੀਆਂ ਵਾਂਗ ਪਰਾਈ ਏ।

*****

ਕੰਮ ਹੁੰਦੇ , ਝਮੇਲੇ ਨਹੀਂ ਹੁੰਦੇ ,
ਵਿਹਲੇ ਵੀ ਇੱਕ ਦਿਨ
ਵਿਹਲੇ ਨਹੀਂ ਹੁੰਦੇ।

ਜਿਨ੍ਹਾਂ ਦੇ ਬੋਝੇ 'ਚ ਧੇਲੇ ਨਹੀਂ ਹੁੰਦੇ ,
ਉਹਨਾਂ ਲਈ ਮੇਲੇ ਵੀ
ਮੇਲੇ ਨਹੀਂ ਹੁੰਦੇ।

ਹੁੰਦੀ ਨਹੀਂ ਜਿਨ੍ਹਾਂ ਦੇ ਪੱਲੇ
ਸਿਆਣਪ,
ਉਹ ਦਾਦੀ ਦੀ ਗੋਦੀ 'ਚ
ਖੇਲੇ ਨਹੀਂ ਹੁੰਦੇ।

ਰੂਹਾਂ ਨੂੰ ਛੱਡਕੇ ਜੋ
ਜਿਸਮਾਂ ਨੂੰ ਨਾਪਣ,
ਉਹ ਅਸਲੋਂ ਗੋਰਖ ਦੇ
ਚੇਲੇ ਨਹੀਂ ਹੁੰਦੇ।

ਮਿਲਣ ਹਵਾਰੇ ਨਿੱਤ
ਸੀਖਾਂ ਦੇ ਪਿੱਛੇ,
ਇਹ ਲੀਡਰਾਂ ਦੇ ਕਾਕੇ
ਕਿਉਂ ਜੇਲੇ ਨਹੀਂ ਹੁੰਦੇ।

*****

ਰੱਬ ਫਕੀਰਾਂ ਤੀਕਰ ਹੁੰਦਾ,
ਕਦ ਤਕਦੀਰਾਂ ਤੀਕਰ ਹੁੰਦਾ।
ਮੇਰੇ ਹੱਥ ਲਕੀਰਾਂ ਉੱਗੀਆਂ,
ਨਾ ਹੱਥ ਲਕੀਰਾਂ ਤੀਕਰ ਹੁੰਦਾ।
ਬੰਦੇ ਹੱਥੋਂ ਤਸਵੀਰਾਂ ਬਣੀਆਂ,
ਬੰਦਾ ਤਸਵੀਰਾਂ ਤੀਕਰ ਹੁੰਦਾ।

ਤੁਕਾ ਖੌਰੇ ਲੱਗ ਹੀ ਜਾਂਦਾ,
ਜੇ ਕੰਮ ਨਾ ਤੀਰਾਂ ਤੀਕਰ ਹੁੰਦਾ।
ਕਾਹਨੂੰ ਢਿੱਡ ਨੂੰ ਗੰਢਾਂ ਦਿੰਦੇ,
ਜੇ ਮਸਲਾ ਲੀਰਾਂ ਤੀਕਰ ਹੁੰਦਾ।

### ਨਾਵਲ ਜਿਹਾ

ਕਿਤਾਬਾਂ ਦੇ ਵਰਗੀ ਹੈ ਜਿਨ੍ਹਾਂ ਦੀ ਬੋਲੀ,
ਧੂੜਾਂ 'ਚ ਗੁੰਮ ਗਈ ਓ ਅੱਖਰਾਂ ਜਿਹੀ ਟੋਲੀ।
ਹਵਾਵਾਂ 'ਚ ਲੱਭੋ ਚਾਹੇ ਅੰਬਰਾਂ 'ਚ ਜਾਵੋ।
ਉਸ ਨਾਵਲ ਜਿਹੇ ਨੂੰ ਕੋਈ ਲੱਭ ਕੇ ਲਿਆਵੋ।

ਘੁੰਮਦਾ ਹੋਣੈ ਓਹ, ਜੰਗਲ ਜਾਂ ਬੇਲੇ,
ਆਥਣ ਦੇ ਵੇਲੇ ,ਓਹ ਸੂਰਜ 'ਨਾ ਖੇਲੇ।
ਲੁਕਣ ਛਪਾਈ 'ਚ ਰੁੱਝਿਆ ਓ ਹੋਣੈ,
ਕਮਲੇ ਦੇ ਬਾਝੋਂ ,ਨਾ ਫੁੱਲਾਂ ਨੇ ਸੌਣੈ।
ਰਸਤਾ ਨਾ ਭੁੱਲ ਜੇ, ਨੀ ਜੁਗਨੂੰ ਸਦਾਵੋ,
ਉਸ ਨਾਵਲ ਜਿਹੇ ਨੂੰ ਕੋਈ ਲੱਭ ਕੇ ਲਿਆਵੋ।

ਸੁਣਦਾ ਹੋਊ ਬੈਠਾ ਪਾਣੀ ਦੀਆਂ ਗੱਲਾਂ,
ਤੱਕਦਾ ਹੋਣੈ ਨੀ ਓ ਚਾਵਾਂ ਦੀਆਂ ਛੱਲਾਂ।
ਜਾਂ ਅੰਬਰਾਂ 'ਚ ਡਾਰਾਂ ਨੂੰ ਕਰਕੇ ਇਸ਼ਾਰੇ,
ਬੱਚਿਆਂ ਦੇ ਵਾਂਗੂੰ ਉਹ ਝੱਲਾਂ ਖਿਲਾਰੇ।
ਘਰ ਨੂੰ ਵੀ ਮੁੜਨੈ ਨੀ ਸੱਦੇ ਪਹੁੰਚਾਵੋ।
ਉਸ ਨਾਵਲ ਜਿਹੇ ਨੂੰ ਕੋਈ ਲੱਭਕੇ ਲਿਆਵੋ।

ਜਿਸ ਬਿਰਖ ਦੀ ਛਾਵੇਂ ਡੇਰੇ ਉਹ ਲਾਵੇ,
ਉਸ ਬਿਰਖ ਤੋਂ ਪੁੱਛ ਲਓ ਉਹਦੇ ਸਿਰਨਾਵੇਂ।
ਉਹ ਪੜ੍ਹਦਾ ਹੀ ਰਹਿੰਦੈ ਖਾਲੀ ਜਿਹੇ ਵਰਕੇ,
ਮੈਂ ਕਾਗਜ਼ ਭਰੇਨੀਂ ਆਂ ਉਹਦੇ ਹੀ ਕਰਕੇ।
ਲਿਖਿਆ ਵੀ ਪੜ੍ਹਨੈ ਨੀ ਉਹਨੂੰ ਸਿਖਾਵੋ ,
ਉਸ ਨਾਵਲ ਜਿਹੇ ਨੂੰ ਕੋਈ ਲੱਭ ਕੇ ਲਿਆਵੋ।

*****

# ਗਗਨਦੀਪ ਸਿੰਘ ਦੀਪ



ਉਹ ਤਾਂ ਚਾਹੁੰਦੇ ਨੇ ਮੈਂ ਜੀਵਾਂ ਸੁਪਨੇ,ਚਾਅ,ਅਰਮਾਨ ਭੁਲਾ ਕੇ।
ਦੱਸੋ ਕੋਈ ਪਰਿੰਦਾ ਕਿੱਦਾ ਜੀਅ ਸਕਦੈ ਅਸਮਾਨ ਭੁਲਾ ਕੇ।

ਸਿਮਰਤੀਆਂ ਦੇ ਅੰਦਰ ਪੱਕੀ ਵਿਛ ਗਈ ਉਹ ਕੱਚੀ ਪਗਡੰਡੀ,
ਜਿਸ ਉੱਤੇ ਤੁਰਿਆ ਕਰਦੇ ਸਾਂ ਦੋਵੇਂ ਕੁੱਲ ਜਹਾਨ ਭੁਲਾ ਕੇ।

ਬੱਦਲ ਦਾ ਕੀ ਜ਼ੋਰ ਹਵਾ ਜਿੱਥੇ ਵੀ ਚਾਹੇ ਲੈ ਜਾਂਦੀ ਹੈ,
ਸਾਗਰ ਤੇ ਵੀ ਵਰ੍ਹਿਆ ਹਾਂ ਮੈ ਤਪਦਾ ਰੇਗਿਸਤਾਨ ਭੁਲਾ ਕੇ।

ਮੰਜ਼ਿਲ ਤਾਂ ਖ਼ੁਦ ਅੱਡੀਆਂ ਚੁੱਕ-ਚੁੱਕ ਮੇਰਾ ਰਸਤਾ ਵੇਖ ਰਹੀ ਸੀ
ਮੇਰੇ ਤੋਂ ਹੀ ਤੁਰ ਨਾ ਹੋਇਆ ਛਾਂਵਾਂ ਦੇ ਅਹਿਸਾਨ ਭੁਲਾ ਕੇ

ਦੁਨੀਆ ਦੀ ਇਸ ਭੀੜ 'ਚ ਜਿਹੜੀ ਮਰ ਮਰ ਕੇ ਪਹਿਚਾਨ ਬਣਾਈ
ਦੋ ਪਲ ਜੀਣਾ ਚਾਹੁੰਦਾ ਹਾਂ ਮੈਂ ਹੁਣ ਓਹੀ ਪਹਿਚਾਨ ਭੁਲਾ ਕੇ
*****

ਮਹਿਜ਼ ਇਤਫ਼ਾਕ ਹੈ ਜਾਂ ਮਨ ਮੇਰੇ ਵਿੱਚ ਚੋਰ ਆਇਐ
ਤੇਰੇ ਹੁੰਦਿਆਂ ਮੇਰੇ ਸੁਪਨੇ 'ਚ ਕੋਈ ਹੋਰ ਆਇਐ

ਤੇਰਾ ਪਾਣੀ ਅਸਾਡੀ ਪਿਆਸ ਖ਼ਾਤਰ ਪਹੁੰਚਿਆ ਨਾ
ਮਗਰ ਡੋਬਣ ਲਈ ਸਾਨੂੰ ਕਿਨਾਰੇ ਖੋਰ ਆਇਐ

ਇਹ ਪਾਗਲ ਦਿਲ ਕਦੀ ਦੁਸ਼ਮਣ ਲਈ ਵੀ ਛਲਕਿਆ ਹੈ
ਕਦੀ ਪਰ ਜਾਨ ਤੋਂ ਪਿਆਰੇ ਵੀ ਹੱਸ ਕੇ ਤੋਰ ਆਇਐ

ਤੜਪਦੀ ਪਿਆਸ ਮੈਨੂੰ ਡੀਕ ਲਾ ਕੇ ਪੀ ਗਈ ਜਦ
ਮੇਰਾ ਸਾਵਣ ਉਦੋਂ ਲੈ ਕੇ ਘਟਾ ਘਣਘੋਰ ਆਇਐ
*****

ਧਰਤੀ ਤੇ ਆ ਡਿੱਗੇ ਜਦ ਟਾਹਣੀ ਤੋਂ ਟੁੱਟਣ ਬਾਅਦ ਅਸੀਂ
ਆਏ ਵੀ ਤਾਂ ਕਿਹੜੇ ਵੇਲ਼ੇ ਆਏ ਤੈਨੂੰ ਯਾਦ ਅਸੀਂ

ਸਾਡੇ ਬੋਹਲ਼ ਚੋਂ ਹੀ ਉਹ ਸਾਨੂੰ ਦਾਣਾ-ਦਾਣਾ ਦੇਂਦੇ ਰਹੇ
ਏਨੇ ਭੋਲ਼ੇ ਸਾਂ ਏਸੇ ਨੂੰ ਸਮਝੀ ਗਏ ਇਮਦਾਦ ਅਸੀਂ

ਇਕਲਾਪੇ ਦੀ ਜੇਲ੍ਹ 'ਚ ਫਿਰ ਕਿਉਂ ਤੂੰ ਵੀ ਘੁਟ-ਘੁਟ ਮਰਦਾ ਏਂ
ਟੁੱਟੀ ਤੇ ਤਾਂ ਕਹਿੰਦਾ ਸੀ ਤੂੰ ਹੋ ਗਏ ਹਾਂ ਆਜ਼ਾਦ ਅਸੀਂ

ਵਿਛੜਣ ਵੇਲ਼ੇ ਦੋਵੇਂ ਛਲਕਣ ਲੱਗੇ ਸਾਂ.. ਪਰ ਹੱਸ ਪਏ
ਅਦਾਕਾਰੀਆਂ ਵਿੱਚ ਤਾਂ ਇਕ-ਦੂਜੇ ਦੇ ਸਾਂ ਉਸਤਾਦ ਅਸੀਂ

ਕਿੰਨੇ ਹਾਂ ਖ਼ੁਦਗਰਜ਼ ਕਿ ਖ਼ੁਦ ਚਾਹੁੰਦੇ ਹਾਂ ਉਸ ਨੂੰ ਭੁੱਲ ਜਾਣਾ
ਪਰ ਅੰਤਿਮ ਸਾਹਾਂ ਤੱਕ ਉਸਨੂੰ ਰਹਿਣਾ ਚਾਹੁੰਦੇ ਯਾਦ ਅਸੀਂ
*****

ਜੇਕਰ ਤੇਰਾ ਪਿਆਰ ਨਹੀਂ ਤਾਂ ਨਫ਼ਰਤ ਦੇ ਹੀ ਲਾਇਕ ਹੁੰਦੇ
ਸਾਈਡ ਹੀਰੋ ਨਾਲੋਂ ਤਾਂ ਚੰਗਾ ਸੀ ਜੇ ਖਲਨਾਇਕ ਹੁੰਦੇ

ਦੌੜ 'ਚ ਪਿੱਛੇ ਦੌੜਨ ਵਾਲੇ ਹਰ ਵਾਰੀ ਨਈਂ ਰਹਿੰਦੇ ਫਾਡੀ,
ਪਿਛਲੇ ਬੈਂਚ ਤੇ ਬੈਠਣ ਵਾਲੇ ਸਾਰੇ ਨਈਂ ਨਾਲਾਇਕ ਹੁੰਦੇ

ਆਪਣਿਆਂ ਅਹਿਸਾਸ ਕਰਾਇਆ ਹਰ ਗਲਵਕੜੀ ਨਿੱਘ
ਨਈਂ ਦੇਂਦੀ
ਤੇਰੇ ਗ਼ਮ ਸਮਝਾਇਆ ਸਾਰੇ ਦਰਦ ਨਹੀਂ ਦੁਖਦਾਇਕ ਹੁੰਦੇ

'ਬਾਜ਼ੇ ਨਾਲ਼ ਯਰਾਨੇ ਰੱਖਣ ਵਾਲੇ ਸਾਨੂੰ ਇਉਂ ਨਾ ਜਾਣੀ!
ਚੇਤੇ ਰੱਖੀਂ ਤਾਸ਼ 'ਚ ਛੋਟੇ ਪੱਤੇ ਵੀ ਨਿਰਣਾਇਕ ਹੁੰਦੇ

ਅੱਖਾਂ ਵਿੱਚੋਂ ਲੈਂਜ਼ ਬੇਗਾਨੇ ਲਾਹ ਕੇ ਜੇ ਕਿਧਰੇ ਤੱਕਦਾ ਤਾਂ
ਤੇਰੀਆਂ ਨਜ਼ਰਾਂ ਵਿੱਚ ਜੋ ਨਾਇਕ ਨੇ ਓਹੀ ਖਲਨਾਇਕ ਹੁੰਦੇ

ਮਨ ਦੀ ਆਵਾਰਾਗਰਦੀ ਨੂੰ ਕਾਬੂ ਵੀ ਕਰੀਏ ਤਾਂ ਕੀਕਣ
ਪੌਣਾਂ ਨੂੰ ਡੱਕਣ ਦੀ ਖਾਤਰ ਪਿੰਜਰੇ ਕਦੋਂ ਸਹਾਇਕ ਹੁੰਦੇ

## ਗਗਨ ਸੰਧੂ



### ਜੰਗ਼ਲ 'ਤੇ ਉੱਗਿਆ ਸ਼ਹਿਰ

ਆਦਮ ਕੱਦ ਟੀਵੀ 'ਤੇ
ਬੱਚੇ
ਐਨੀਮਲ ਪਲੈਨਟ
ਚੈਨਲ ਦੇਖਦਿਆਂ

ਜੰਗਲ-ਜੰਗਲ
ਘੁੰਮ ਰਹੇ

ਸ਼ੀਸ਼ੇ ਮੂਹਰੇ
ਬਣ-ਸੰਵਰ ਰਹੀ
ਮਾਲਕਿਨ ਨੂੰ
ਨੌਕਰਾਣੀ ਆਖਦੀ ਹੈ...
'ਮਾਲਕਿਨ ਯਹ ਸਬਜ਼ੀਏਂ
ਕਲ੍ਹ ਕੀ ਲਗਤੀ ਹੈਂ!!'

ਦਫ਼ਤਰ ਬੈਠਾ
'ਇਨਸਾਨ'
ਸ਼ਹਿਰ ਦੇ ਬਾਹਰ ਵੱਲ
ਨਵੇਂ ਆਪਾਰਟਮੈਂਟ ਦੇ
ਨਕਸ਼ੇ ਬਾਰੇ ਸੋਚ ਰਿਹਾ

ਕਵੀ ਸੜਕ 'ਤੇ
ਕੰਨ ਲਾ ਸੁਣ ਰਿਹਾ...

ਸ਼ਹਿਰ ਹੇਠ ਦਬ ਗਏ
ਜੰਗਲ ਵਿੱਚ ਟਹਿਲਦੇ
ਹਾਥੀਆਂ ਦੀ ਪੈੜ-ਚਾਲ

ਮੋਰਾਂ ਦੀਆਂ ਕੂਕਾਂ
ਝਰਨਿਆਂ ਦੇ ਗੀਤ
ਤਾਰਾਂ 'ਤੇ ਬੈਠੀਆਂ ਚਿੜੀਆਂ
ਮੋਏ ਜੰਗਲ ਦਾ
ਮਰਸੀਆ ਗਾ ਰਹੀਆਂ।

### ਚੌਰਾਹੇ ਦੀ ਲੀਲ੍ਹਾ

ਹੱਥ 'ਚ ਕਮੰਡਲ ਲਈ
ਚੌਰਾਹੇ ਵਿੱਚ ਖੜ੍ਹਾ ਹਾਂ
ਤੇਰੇ ਸੁਨੇਹੇ ਪੂਰਬ
ਉੱਤਰ ਦੱਖਣ
ਪੱਛਮ ਚਾਰੇ ਹੀ
ਦਿਸ਼ਾਵਾਂ ਵਿੱਚੋਂ ਆਉਂਦੇ ਨੇ...

ਜੇ ਕਿਸੇ ਇਕ
ਦਿਸ਼ਾ ਵੱਲ ਗਿਆ
ਤਾਂ... ... ...
ਮੇਰੀਆਂ ਕਲਪਨਾਵਾਂ
ਦਾ ਜਾਚਿਆ
ਨਾ ਤਾਂ ਮੈਨੂੰ
ਪੂਰਾ ਤੂੰ ਮਿਲਣਾ

ਤੇਰੀਆਂ ਚਾਹਤਾਂ
ਦਾ ਤਸੱਵਰ
ਨਾ ਤੈਨੂੰ ਪੂਰਾ
ਮੈਂ ਮਿਲਣਾ

ਚੌਰਾਹੇ ਦੀ ਲੀਲ੍ਹਾ
ਸਮਝੋਂ ਪਾਰ...

ਹੇ ਸਖੀ...
ਹੁਣ ਤੂੰ ਹੀ ਆ ਜਾ ਕੋਲ ਮੇਰੇ।

### ਲਿਖ ਕੇ ਮੇਟਿਆ

ਸਫ਼ੈਦ ਮਖ਼ਮਲੀ ਰੁਮਾਲ 'ਤੇ ਕੱਢਿਆ
ਤੇਰੇ ਨਾਂ ਦਾ ਪਹਿਲਾ ਅੱਖਰ

ਅਨਪੜ੍ਹ ਮਾਂ ਨੂੰ
ਚਿੰਤਾ ਵਿੱਚ ਡੋਬ ਗਿਆ

ਕਵਿਤਾਵਾਂ ਦੀ ਕਿਤਾਬ
ਮੇਰੇ ਹੱਥਾਂ 'ਚ ਦੇਖ
ਵੱਡੇ ਭਰਾ ਨੇ
ਕੱਲ੍ਹ ਦਿਆਂ ਰੋਟੀ ਨਹੀਂ ਖਾਧੀ

ਸੱਥ ਵਿੱਚ ਤਾਸ਼ ਖੇਡ ਕੇ ਆਇਆ
ਬਾਪੂ ਮਾਂ ਤੇ ਭਰਾ ਦੇ
ਉੱਤਰੇ ਹੋਏ ਚੇਹਰੇ ਪੜ੍ਹ
ਚੁੱਪ-ਚਾਪ ਸਵਾਤ ਵਿੱਚ
ਚਲਾ ਗਿਆ
ਤੇ ਅੰਦਰੋਂ ਬੂਹਾ ਢੋਅ ਲਿਆ ਹੈ

ਤੂੰ ਆਪਣੇ ਖਾਲੀ ਲੰਘੇ ਦਿਨ ਦਾ
ਗਿਲਾ ਨਾ ਕਰਿਆ ਕਰ...

ਤਾਰਿਆਂ ਦੀ ਪੀੜ
ਰੂਹ 'ਚ ਜ਼ਬਤ ਕਰ
ਕਵਿਤਾਵਾਂ ਨੂੰ ਰੀਝਾਂ ਗੁਰਦਕਸ਼ਣਾ
ਵਜੋਂ ਭੇਂਟ ਚੜ੍ਹਾ ਰੁਮਾਲ 'ਚ ਲਪੇਟ
ਚੁੱਲ੍ਹੇ ਝੋਕ ਦਿੱਤਾ ਹੈ

ਹੁਣ ਹਵਾਵਾਂ ਵਿੱਚ ਗੂੰਜਦੇ
ਸਿਰਫ਼ ਠਹਾਕੇ ਹੀ ਸੁਣਦੇ ਨੇ

ਨਮੀ ਕਿਸੇ ਨੂੰ ਮਹਿਸੂਸ ਨਹੀਂ ਹੋਣੀ
ਹੰਝੂਆਂ ਨੂੰ ਮੈਂ
ਕੋਇਆਂ ਵਿੱਚ ਹੀ ਡੱਕ ਲਿਆ ਹੈ।

*****

## ਗੁਰਜੰਟ ਰਾਜੇਆਣਾ



### ਬਸੰਤ

ਲਾਲ ਬੱਤੀ ਹੋਣ ਸਾਰ
ਕਾਰ ਵੱਲ ਵਧੇ
ਘਸਮੈਲ਼ੇ ਰੰਗ ਦੇ ਬੱਚੇ ਨੇ
ਇੱਕ ਹੱਥ ਪੇਟ 'ਤੇ ਰੱਖ
ਦੂਜਾ ਹੱਥ ਵਧਾਇਆ ਹੈ ਮੇਰੇ ਵੱਲ

ਅਚਾਨਕ!
ਉਹ ਦੌੜ ਗਿਆ ਹੈ
ਉਤੋਂ ਲੰਘਦੀ ਕੱਟੀ ਗਈ ਪਤੰਗ ਵੱਲ

ਹੱਥ 'ਚ ਆਉਂਦਿਆਂ ਹੀ ਪਤੰਗ
ਉਸਦੇ ਚਿਹਰੇ 'ਤੇ
ਫਿਰ ਗਈ ਹੈ ਬਸੰਤ
ਉਸਨੂੰ ਮੰਗਣਾ ਵਿੱਸਰ ਗਿਐ

ਕਾਰ ਦੀ ਸੀਟ 'ਤੇ ਬੈਠਾ ਮੇਰਾ ਪੁੱਤਰ
ਵੀਡੀਉ ਗੇਮ ਖੇਡਣ 'ਚ ਮਸਤ ਹੈ

### ਇਹ ਸਮਾਂ

ਅੱਜ ਫਿਰ
ਸਕੂਲੋਂ ਪਰਤਦਿਆਂ ਹੀ ਪੁੱਤਰ ਨੇ
ਕਾਗ਼ਜ਼ 'ਤੇ ਲਿਖੀ ਕਵਿਤਾ
ਮੇਰੇ ਹੱਥ 'ਤੇ ਧਰਦਿਆਂ
ਕੀਤੀ ਹੈ ਸ਼ਿਕਾਇਤ

"ਤੁਹਾਡੀ ਕਵਿਤਾ 'ਚ
ਇੱਕ ਵੀ ਨਹੀਂ ਹੁੰਦਾ ਸਟਾਰ,
ਕੋਈ ਨਹੀਂ ਹੁੰਦੀ ਏਂਜਲ,
ਕੋਈ ਨਹੀਂ ਹੁੰਦੀ ਗੇਮ,
ਮੇਰੀ ਮਨ-ਪਸੰਦ,
ਕਦੇ ਵੀ ਨਹੀਂ ਹੁੰਦੀ ਕੋਈ ਚਾਕਲੇਟ
ਮੇਰਾ ਕੋਈ ਫਰੈਂਡ
ਨਹੀਂ ਕਰਦਾ
ਤੁਹਾਡੀ ਪੋਇਮ ਨੂੰ ਲਾਈਕ"

ਮੇਰੇ ਮਨ 'ਚ ਹੈ ਉੱਭਰੀ
ਮੇਰੀ ਕਵਿਤਾ 'ਤੇ ਹੋਈ
ਗੋਸ਼ਟੀ ਸਮੇਂ ਕੀਤੀ
ਪ੍ਰੋਫ਼ੈਸਰ ਸੰਧੂ ਦੀ ਟਿੱਪਣੀ

"ਤੁਹਾਡੀ ਕਵਿਤਾ
ਵਿਸ਼ਵ ਦੇ ਹਾਣ ਦੀ ਨਹੀਂ
ਤੁਹਾਡੀ ਕਵਿਤਾ ਮਜ਼ਦੂਰ ਕਲਚਰ ਤੋਂ
ਅੱਗੇ ਨਹੀਂ ਜਾਂਦੀ
ਤੁਹਾਡੀ ਕਵਿਤਾ 'ਚ ਹੈ ਖੜੋਤ"

ਉਸ ਕਿਹਾ ਸੀ ਉਚੇਚਾ!
"ਕਵੀ ਕਮ ਪ੍ਰੋਫ਼ੈਸਰ ਸਾਹਿਬ
ਇਹ ਸਮਾਂ ਹੈ ਅੱਗੇ ਵਧਣ ਦਾ
ਵਿਸ਼ਵ ਦੇ ਹਾਣ ਦੇ ਹੋਣ ਦਾ"

ਮੇਰੇ ਜ਼ਿਹਨ 'ਚ ਬਲ਼ ਉੱਠੇ ਨੇ ਸਵਾਲ
ਕੀ ਇਹ ਸਮਾਂ ਸਿਰਫ਼ ਤੇ ਸਿਰਫ਼
ਅੱਗੇ ਵਧਣ ਦਾ ਹੈ...?

ਤੇ ਪਿੱਛੇ !
ਮਿੱਟੀ ਸੰਗ ਮਿੱਟੀ ਹੋਏ
ਆਪਣਿਆਂ ਵੱਲ
ਪਰਤਣ ਦਾ ਨਹੀਂ?
ਉਨ੍ਹਾਂ ਸੰਗ ਤੁਰਦਿਆਂ
ਅੱਗੇ ਵਧਣ ਦਾ ਨਹੀਂ?

ਉਨ੍ਹਾਂ ਦੇ ਹਾਣ ਦੇ ਹੋਣ
ਉਨ੍ਹਾਂ ਨੂੰ ਹਾਣ ਦੇ ਕਰਨ ਦਾ ਨਹੀਂ..?

### ਅਸੀਸ

ਮੈਂ ਜਦ ਵੀ
ਸਰਦੇ-ਪੁੱਜਦੇ ਘਰੀਂ
ਲੋਹੜੀ ਮੰਗਦੇ ਗਾਮੇ
ਹੋਰਾਂ ਨਾਲ਼
ਜਾਣ ਦੀ ਜ਼ਿਦ ਕਰਦਾ ਤਾਂ !
ਅੱਖਰ ਗਿਆਨ ਤੋਂ ਕੋਰੀ
ਪਰ !
ਦਾਨਿਸ਼ਵਰ ਮਾਂ
ਮੈਨੂੰ ਪਰਚਾਉਂਦੀ ਹੋਈ ਕਹਿੰਦੀ
"ਪੁੱਤ ਮੰਗਣ ਵਾਲ਼ੇ ਨਹੀਂ
ਵੰਡਣ ਵਾਲ਼ੇ ਬਣੀਦੈ"

ਕਈ ਦਹਾਕੇ
ਦਫ਼ਤਰੀਂ ਰੁਜ਼ਗਾਰ,
ਸਰਕਾਰਾਂ ਤੋਂ ਹੱਕ,
ਡਿਗਰੀਆਂ ਤੋਂ ਵਰ ਮੰਗਦਿਆਂ
ਹਰ ਵਾਰ
ਮਨ 'ਚ ਦੁਹਰਾਇਆ ਹੈ
ਮਾਂ ਦਾ ਕਥਨ

ਅੱਜ !
ਮੰਗਣ ਤੇ ਵੰਡਣ ਦਾ
ਜੋੜ ਘਟਾਉ ਕਰਦਿਆਂ
ਆ ਖੜ੍ਹਿਆ ਹਾਂ
ਨਿੱਜੀ ਲਾਇਬਰੇਰੀ 'ਚ

ਕੰਧ 'ਤੇ ਲਟਕੀ ਫੋਟੋ 'ਚੋਂ
ਮਾਂ !
ਮੁਸਕਰਾਈ ਹੈ
ਉਸਦੇ ਹੋਠਾਂ 'ਚੋਂ
ਕਿਰੀ ਹੈ ਅਸੀਸ
*****

## ਗੁਰਜੋਧ ਕੌਰ



### ਸਜ਼ਾ

ਇਤਫਾਕ ਨਹੀਂ ਕ੍ਰਿਸ਼ਮਾ ਹੈ,
ਪੱਥਰ ਦਾ ਪਿਘਲ ਜਾਣਾ।
ਹਸਰਤ ਜੇ ਪੂਰੀ ਹੋਵੇ,
ਦਿਲ ਦੀ, ਦਿਲ ਨੂੰ ਛੋਹਣ ਦੀ।
ਗੈਰਾਂ ਨੂੰ ਸੋਚੇ ਆਪਣਾ,
ਖ਼ਾਕ.. ਤੈਨੂੰ ਇਲਮ ਹੈ?
ਰਮਜ਼ਾਂ ਤੋਂ ਕੋਹਾਂ ਦੂਰ ਤੂੰ,
ਨਾ ਮੱਤ ਸੀਰਤਾਂ ਨੂੰ ਸੋਹਣ ਦੀ।
ਇਲਾਹੀ ਕੋਈ ਬਖ਼ਸ਼ਿਸ਼ ਹੁੰਦੀ,
ਵਾਅਦੇ-ਕਸਮਾਂ ਪੂਰਨ ਦੀ।
ਗੁਸਤਾਖ਼ੀਆਂ ਨੂੰ ਹੀਰੇ ਤੇ,
ਗੁਲਾਬ ਵਾਂਗੂੰ ਟੋਹਣ ਦੀ।
ਫਿਤਰਤ 'ਚ ਹੀ ਰਮ ਗਈ,
ਮਨਜ਼ੂਰ ਹਰ ਖ਼ਤਾ ਤੇਰੀ।
ਸਜ਼ਾ ਪਰ ਮਿਲੂ,
ਮੇਰੇ ਹਾਸਿਆਂ ਨੂੰ ਖੋਹਣ ਦੀ।

### ਮੁਰਦੇ ਬੋਲ ਲੈਣ ਤਾਂ...

ਜੇ ਮੁਰਦੇ ਬੋਲ ਲੈਣ ਤਾਂ ..
ਰੰਗ ਹੋਰ ਹੋਵੇਗਾ।
ਘੁੰਡੀਆਂ ਖੋਲ੍ਹ ਲੈਣ ਤਾਂ,
ਢੰਗ ਹੋਰ ਹੋਵੇਗਾ।
ਨਾ ਹੋਵੇ ਬੁਲਬੁਲੀ ਨਜ਼ਾਰਾ,
ਸ਼ਮਸ਼ਾਨੀ ਫ਼ਿਜ਼ਾਵਾਂ ਦਾ।
ਹਰ ਇੱਕ ਭੌਰ ਹੋਵੇਗਾ,
ਇਨਕਲਾਬੀ ਦੌਰ ਹੋਵੇਗਾ।
ਨਾ ਰੱਖ ਕਾਸਦਾ ਛੁਪਾ ਕੇ,
ਜੋ ਘੜੀਆਂ ਵਲਵਲੀ ਦਿਲ ਨੇ।
ਜੋ ਭੇਖੀ ਬਾਣਿਆਂ 'ਚ ਏ,
ਉਹ ਨੰਗਾ ਚੋਰ ਹੋਵੇਗਾ।
ਨਾ ਰੱਖ ਸਾਂਭ ਜਜ਼ਬਿਆਂ ਨੂੰ,
ਜੋ ਤੈਨੂੰ ਜਾਗ ਲਾਉਂਦੇ ਨੇ।
ਇਨ੍ਹਾਂ ਸਦਕੇ ਹਰ ਜ਼ੁਲਮ ਦਾ,
ਕੰਡਾ ਤੋੜ ਹੋਵੇਗਾ।
ਕਿੱਡੇ ਕੁ ਜ਼ਾਲਮ ਨੇ??
ਪੈਰੋਕਾਰ ਜ਼ੁਲਮਾਂ ਦੇ ...
ਜੇ ਟੱਕਰ ਯੋਧਿਆਂ ਸੰਗ ਹੈ,
ਨਾ ਇੱਕ ਕਤਰਾ ਵੀ ਖੋਵੇਗਾ।
ਜੋ ਵੜ ਬੈਠੇ ਖੁੱਡਾਂ 'ਚ,
ਮਨੁੱਖੀ ਗਰਜ਼ ਨੂੰ ਸੁਣ ਕੇ।
ਬਰਸ ਜਾਈਏ ਤਾਂ,
ਸ਼ਮਸ਼ਾਨ ਖੁੱਡਾਂ 'ਚ ਹੋਵੇਗਾ।
ਅਣਖੀਲੇ ਜੋਸ਼ ਨੂੰ ਅਜਮਾ,
ਜਹਿਨੀ ਜਜ਼ਬਿਆਂ ਵਿੱਚੋਂ।
ਖ਼ਾਕ ਹੋ ਕੇ ਵੀ,
ਰੁਤਬਾ ਸ਼ਹੀਦੀ ਹੋਵੇਗਾ।

### ਹਿੰਦ ਦੀ ਚਾਦਰ

ਉੱਠ ਖਲੋਣ 'ਚ ਦੇਰ ਕਿਉਂ ਸੀ?
ਫ਼ਿਜ਼ਾ 'ਚ ਇੰਨਾ ਹਨੇਰ ਕਿਉਂ ਸੀ?
ਕਿਉਂ ਜਾਗਦੇ ਜਿਸਮਾਂ ਦੇ
ਜ਼ਮੀਰ ਸੀ ਸੁੱਤੇ?
ਕਿਉਂ ਸੱਚ ਸੀ ਓਹਲੇ ਤੇ
ਭੇਖ ਸੀ ਉੱਤੇ?
ਬਣ ਬੈਠਾ ਮੁਰਦਾਰ,
ਸੀ ਇੱਲਾਂ ਦੀ ਝਾਤ ਤੂੰ।
ਚਾਨਣ ਦੀਆਂ ਰਿਸ਼ਮਾਂ ਲਈ,
ਕਾਲੀ ਸੀ ਰਾਤ ਤੂੰ।
ਉਹ ਸੀ 'ਅਕਾਲ ਰੂਪ',
ਜਿਹਨੂੰ ਰੂਹਾਂ ਦਾ ਆਦਰ ਸੀ।
ਪੱਤ ਜਿਹਨੇ ਰੱਖੀ,
ਉਹ "ਹਿੰਦ ਦੀ ਚਾਦਰ" ਸੀ।

ਕਿਉਂ ਕੌਮ ਦਾ ਰਾਖਾ,
ਅਧਮੋਇਆ ਸੀ ਹੋਇਆ।
ਕਿਉਂ ਜ਼ੁਲਮ ਸੀ ਸਹਿੰਦਾ?
ਕਿਉਂ ਧਾਕੜ ਨਾ ਹੋਇਆ?
ਕਿਉਂ ਫੋਕੇ ਅਡੰਬਰਾਂ 'ਚ
ਰੁਲਿਆ ਸੀ ਫਿਰਦਾ?
ਕਿਉਂ ਭੇਖੀ ਗਿੱਦੜਾਂ 'ਚ
ਜਾਂਦਾ ਸੀ ਘਿਰਦਾ?
ਸ਼ੀਸ਼ ਦੇ ਕੇ, ਤਿਲਕ ਬਚਾਇਆ,
"ਸ਼ਾਨ ਏ ਹਿੰਦ" ਨੂੰ ਰੋਸ਼ਨ
ਕਰਾਇਆ।
ਨਾ ਝੁਕਦੇ ਨੇ ਯੋਧੇ,
ਉਹ ਸੂਰਾ ਬਹਾਦਰ ਸੀ।
ਪੱਤ ਜਿਹਨੇ ਰੱਖੀ,
ਉਹ "ਹਿੰਦ ਦੀ ਚਾਦਰ" ਸੀ।

### ਪਾਕ ਰੂਹ

ਖ਼ੁਸ਼ੀਆਂ ਵਾਲੇ ਨਿੱਕੇ ਪਲ ਦੇ,
ਜਸ਼ਨ ਮਨਾਉਂਦਾ ਵੇਖਿਆ ਮੈਂ ..
ਰੱਦੀ ਵਾਲੀ ਪੰਡ 'ਚ,
ਸਾਰੇ ਗ਼ਮ ਛੁਪਾਉਂਦਾ ਵੇਖਿਆ ਮੈਂ ..
ਮਸਤ ਫਿਜ਼ਾ 'ਚ ਝੂਮ-ਝੂਮ ਕੇ,
ਅਲਖ ਜਗਾਉਂਦਾ ਵੇਖਿਆ ਮੈਂ ..
ਫਟੇ ਹਾਲ ਵੀ ਓਸ ਮੌਲਾ ਦੇ,
ਗੁਣਾਂ ਨੂੰ ਗਾਉਂਦਾ ਵੇਖਿਆ ਮੈਂ ..
ਮਹਿੰਗੀ ਸ਼ੈਅ 'ਚ ਬੈਠਿਆਂ ਉੱਤੇ,
ਅਸਚਰਜ ਢਾਹੁੰਦਾ ਵੇਖਿਆ ਮੈਂ ..
ਲੂਸੇ ਪੈਰਾਂ ਤੇ ਥੱਕੇ ਨੈਣਾਂ 'ਚ,
ਸੁਫਨ ਜਗਾਉਂਦਾ ਵੇਖਿਆ ਮੈਂ ..
ਵੇਖ ਉਹਨੂੰ ਗਮ ਭੁੱਲਿਆ ਸਾਰਾ,
ਆਪਾ ਰੁਸ਼ਨਾਇਆ ਵੇਖਿਆ ਮੈਂ ..
ਜਾਪੇ ਇੰਝ ਕਿਸੇ ਪਾਕ ਰੂਹ ਨੂੰ,
ਅੱਜ ਹਰਫਾਂ 'ਚ ਲਪੇਟਿਆ ਮੈਂ !!
*****

## ਗੁਰਪ੍ਰੀਤ ਬੋੜਾਂਵਾਲ



ਹੇਠ ਉਤਾਂਹ
ਹੋ ਰਹੇ ਢਿੱਡ ਨੂੰ ਵੇਖ

ਅਚਾਨਕ
ਮੇਰੀ ਅੱਖ ਖੁਲ੍ਹੀ

ਸਿੱਧੀ ਛੱਤ ਨਾਲ ਚਿੰਬੜੀ
ਛਿਪਕਲੀ ਵੱਲ ਗਈ

ਫਿਰ ਫਰਸ਼ ਉੱਤੇ
ਘੂਕ ਸੁੱਤੀ ਬਿੱਲੀ ਵੱਲ

ਤੇ ਫਿਰ ਬਾਹਰ
ਪੇੜ-ਪੌਦੇ
ਜੀਵ-ਜੰਤੂਆਂ ਵੱਲ

ਜਿਨ੍ਹਾਂ ਦੇ ਢਿੱਡ
ਮੇਰੇ ਢਿੱਡ ਵਾਂਗ
ਹੋ ਰਹੇ ਹਨ ਹੇਠ ਉਤਾਂਹ

ਮੈਂ ਢਿੱਡ ਅੰਦਰਲੇ ਸਾਹ ਨੂੰ
ਓਹਨਾਂ ਦੇ ਸਾਹਾਂ ਨਾਲ
ਮੇਚਣ ਲੱਗਦਾ ਹਾਂ
*****

ਰੁੱਖ ਥੱਲੇ ਖਲੋਤੀ ਮਰਸਡੀ 'ਤੇ
ਪੰਛੀ ਕਰਦਾ ਹੈ ਬਿੱਠ

ਬਿੱਠ ਕਰ
ਭਰਦਾ ਹੈ
ਖੁੱਲ੍ਹੇ ਅੰਬਰ ਵੱਲ ਉਡਾਰੀ

ਸਾਹਵੇਂ ਖੜ੍ਹਾ ਕਵੀ
ਧੂੰਏਂ ਵਾਂਗ ਫੈਲ ਰਹੀ
ਅਕਾਂਖਿਆ ਉੱਤੇ
ਮੁਸਕਰਾ ਛੱਡਦੈ...
ਤੇ ਉੱਡ ਰਹੇ ਪੰਛੀ ਦੀ
ਪੈੜ ਨੱਪਣਾ ਲੋਚਦਾ

ਉਫ਼!
ਉੱਚੇ ਉੱਡਣ ਵਾਲੇ ਦੀ
ਕੋਈ ਪੈੜ ਨਹੀਂ ਹੁੰਦੀ...
*****

ਘਰ ਵੀ
ਵੇਲ-ਬੂਟਿਆਂ
ਪੇੜ-ਪੌਦਿਆਂ
ਵਾਂਗ ਹੀ ਸੰਵੇਦਨਸ਼ੀਲ ਹੁੰਦਾ ਹੈ

ਘਰ ਨੂੰ
ਹਰਾ-ਭਰਾ ਰੱਖਣ ਲਈ
ਓਹਦੀ ਜੜ੍ਹ 'ਚ
ਬਾਹਰੋਂ ਖੱਟੀ ਕਮਾਈ
ਦਾ ਪਾਣੀ
ਤੇ ਮੋਹ ਦੀ
ਰੌਸ਼ਨੀ ਦਾ ਛਿੜਕਾ
ਜ਼ਰੂਰੀ ਹੈ

ਨਹੀਂ ਤਾਂ ਘਰ
ਸੁੱਕਦਿਆਂ-ਸੁੱਕਦਿਆਂ
ਅਖੀਰ ਸੁੱਕ ਜਾਂਦੇ ਨੇ...
*****

ਬਾਪੂ
ਗਿਆਨੀ ਦੇ ਜਾਗਣ ਤੋਂ
ਪਹਿਲਾਂ ਜਾਗਦੈ

ਘਰ ਦੀ ਸਰਦਲ 'ਤੇ
ਦਰਵੇਸ਼ਾਂ ਨੂੰ ਰੋਟੀ ਰੱਖਦੈ

ਬਨੇਰੇ 'ਤੇ
ਪੰਛੀਆਂ ਨੂੰ
ਚੋਗਾ ਤੇ ਪਾਣੀ

ਘਰ ਨੂੰ
ਮਹਿਕਾਉਣ ਲਈ
ਧੂਫ਼-ਬੱਤੀ ਬਾਲਦੈ

ਮੁੱਖੋਂ
ਗੁਰਬਾਣੀ ਉਚਰਦੈ

ਅਰਦਾਸ ਕਰਦੈ
ਸਭ ਦਾ ਭਲਾ ਮੰਗਦੈ

ਪਿੰਡ ਵਾਲੇ ਬੰਦੇ-ਬੁੜੀਆਂ ਦੇ
ਦੁੱਖਾਂ ਨੂੰ ਨਿਵਾਰਦੈ

ਮੈਨੂੰ ਆਪਣਾ ਘਰ
ਗੁਰਦੁਆਰਾ ਜਾਪਦੈ..
*****

ਕਣਕ ਦਾ ਢੇਰ
ਢੇਰ ਉੱਤੇ ਹੱਥ ਮਾਰਦੀ ਮਾਂ
ਕਿੰਨੇ ਢਿੱਡਾਂ 'ਤੇ
ਹੱਥ ਫੇਰ ਜਾਂਦੀ ਹੈ
ਮਾਂ ਨੇ ਹੱਥ
ਮਹਿੰਦੀਆਂ ਨਾਲ ਨੀ
ਫ਼ਿਕਰਾਂ ਨਾਲ ਰੰਗੇ ਨੇ...।
*****

# ਗੁਰਪਿਆਰ ਹਰੀ ਨੌ

ਉਹ ਕਹਿੰਦੇ ਨੇ
ਕਿ......
ਮੈਂ ਤੇਰੇ ਤੋਂ
ਡਰਦਾ ਹਾਂ!

ਉਹ ਕਮਲੇ
ਕੀ ਜਾਨਣ
ਕਿ...
ਮੁਹੱਬਤ ਵਿੱਚ
ਜਿੱਤਣ ਲਈ
ਹਾਰਣਾ ਪੈਂਦਾ ਹੈ!
ਤੇ ਮੈਨੂੰ
ਤੇਰੇ ਤੋਂ ਹਾਰਣਾ
ਚੰਗਾ ਲੱਗਦਾ।
*****

ਬਾਪੂ
ਬਚਪਨ ਤੋਂ
ਸਿਖਾਉਂਦਾ ਆਇਆ ਹੈ
ਕਿ
ਪੁੱਤ ਪੜ੍ਹਿਆ ਕਰ
ਤੇ ਸਵਾਲ
ਕਰਿਆ ਕਰ
ਇਨਕਲਾਬ
ਇੰਝ ਹੀ
ਆਵੇਗਾ!
ਮੈਂ
ਬਾਪੂ ਨੂੰ
ਮੋਮਬੱਤੀ ਦੀ ਲਾਟ
ਵਿੱਚ ਅੱਧੀ ਅੱਧੀ ਰਾਤੀਂ
ਪੜ੍ਹਦਿਆਂ ਵੇਖਿਆ!

ਅਸੀਂ ਤਿੰਨਾਂ ਭਰਾਵਾਂ ਨੇ
ਰਲ਼ ਕੇ ਮਜ਼ਦੂਰੀ ਕੀਤੀ
ਤੇ ਸਾਡੇ ਘਰ ਵਿੱਚ



ਬਿਜਲੀ ਆਈ ਤੇ
ਮੈਂ ਬਲਬ ਦੀ ਰੌਸ਼ਨੀ ਵਿੱਚ
ਪੜ੍ਹਨਾ ਸ਼ੁਰੂ ਕੀਤਾ
ਤੇ ਪੜ੍ਹ ਕੇ
ਬਾਪੂ ਨੂੰ
ਪਹਿਲਾ ਸਵਾਲ ਕੀਤਾ
ਬਾਪੂ ਦੀਆਂ
ਪੜ੍ਹੀਆਂ ਹਜ਼ਾਰਾਂ ਇਨਕਲਾਬੀ
ਕਿਤਾਬਾਂ ਕੋਲ਼
ਮੇਰੇ ਤੋਤਲੇ ਸਵਾਲ ਦਾ
ਜਵਾਬ ਨਹੀਂ ਸੀ!

ਮੈਂ ਵੱਡਾ ਹੁੰਦਾ ਗਿਆ
ਤੇ
ਬਾਪੂ ਨੂੰ
ਉਹੀ ਸਵਾਲ
ਕਰਦਾ ਰਿਹਾ
ਤੇ ਬੇਜਵਾਬ
ਬਾਪੂ
ਮੇਰੇ ਗਲ਼ ਪੈਣ ਲੱਗਾ!
ਮੇਰੇ ਇਨਕਲਾਬੀ ਪਿਉ ਨੇ
ਸਵਾਲ ਪੁੱਛਣ ਤੇ
ਮੈਨੂੰ ਹਿਟਲਰ ਦਾ ਖਿਤਾਬ ਦੇ ਦਿੱਤਾ

ਤੇ ਮੈਂ ਸੁੱਤੇ ਸਿੱਧ
ਰੋਟੀ ਦੀ ਕਵਿਤਾ
ਲਿਖਣ ਲੱਗਾ

ਤੇ ਮੈਨੂੰ
ਵੱਡੇ ਵੱਡੇ ਇਨਕਲਾਬੀ
ਕਵੀ ਦਰਬਾਰਾਂ ਤੋਂ
ਬੁਲਾਵੇ ਆਉਣ ਲੱਗੇ
ਪਰ ਮੈਂ ਉਥੇ ਵੀ
ਸਵਾਲ ਕੀਤਾ
ਅਖੌਤੀ
ਇਨਕਲਾਬੀਆਂ ਨੂੰ!
ਉਹ ਵੀ ਮੈਥੋਂ ਕੰਨੀ
ਕਤਰਾਉਂਣ ਲੱਗੇ!
ਤੇ ਜਿਸ ਸਾਹਿਤ ਕੋਲ
ਭੁਖੇ ਢਿੱਡ ਦਾ ਜਵਾਬ ਨਹੀਂ...

ਮੈਂ ਉਸ ਇਨਕਲਾਬ
ਨੂੰ ਤਿਆਗ ਦਿੱਤਾ
ਮੈਂ ਸਮਝ ਗਿਆ
ਇਨਕਲਾਬ ਵੀ
ਰੱਬ ਵਾਂਗ ਕੋਈ
ਅਲੌਕਿਕ ਸ਼ੈਅ ਹੈ
ਜਿਸ ਬਾਰੇ ਲੋਕਾਂ
ਵਿਚ ਹਾਹਾਕਾਰ
ਮਚਾਈ ਜਾ ਸਕਦੀ
ਪਰ ਉਸ ਨੂੰ ਪ੍ਰਤੱਖ
ਕਰਨਾ ਨਾਮੁਮਕਿਨ ਹੈ
ਬਾਪੂ ਕਹਿੰਦਾ ਸੀ
ਪੁੱਤ ਸਵਾਲ ਕਰਿਆ ਕਰ
ਅੱਜ ਕੱਲ੍ਹ ਉਹੀ ਬਾਪੂ
ਚੁੱਪ ਰਹਿੰਦਾ ਹੈ
ਤੇ ਹੁਣ ਮੈਂ
ਆਪਣੇ ਸਵਾਲਾਂ ਦੇ
ਚੱਕਰਵਿਊ ਵਿੱਚ
ਉਲਝਿਆ ਪਿਆ ਹਾਂ
*****

## ਗੁਰਪ੍ਰੀਤ ਗਿੱਲ



ਜੇਕਰ ਤੂੰ ਮੈਨੂੰ ਅਜ਼ੀਜ਼ ਮੰਨਦਾ ਹੈਂ,
ਤਾਂ ਮੈਨੂੰ ਹੀਰਿਆਂ ਦੇ ਗਹਿਣੇ ਵਾਂਗ ਨਾ ਸਾਂਭੀ।

ਮੇਰਾ ਮਾਲਕ ਬਣ,
ਆਪਣੇ ਘਰ ਕਿਸੇ ਤਜੋਰੀ ਵਿੱਚ,
ਮੈਨੂੰ ਰੱਖ, ਕਿਧਰੇ ਜਿੰਦਰੇ ਨਾ ਲਾ ਦੇਵੀਂ।

ਬੱਸ ਮਹਿਫ਼ਲਾਂ ਵਿੱਚ ਦਿਖਾਉਣ ਮਾਤਰ,
ਆਪਣੀ ਸ਼ੋਭਾ ਬਣਾਉਣ ਖਾਤਰ,
ਹੀ ਨਾ ਕਿਤੇ ਮੈਨੂੰ ਲੈ ਜਾਵੀਂ,
ਸਾਜੋ-ਸਜਾਵਟ ਦੀ ਇੱਕ ਮਹਿੰਗੀ ਵਸਤੂ ਬਣਾ ਕੇ।

ਜੇਕਰ ਤੂੰ ਮੈਨੂੰ ਅਜ਼ੀਜ਼ ਮੰਨਦਾ ਹੈਂ,
ਤਾਂ ਤੂੰ ਮੈਨੂੰ ਕੱਚ ਦੀ ਵੰਗ ਵਾਂਗ ਨਾ ਸਾਂਭੀਂ,
ਜਿਸ ਦੇ ਤਿੜਕਣ ਤੋਂ ਹੀ, ਤੂੰ ਡਰਦਾ ਰਹੇਂ।

ਤੇ ਮੇਰੇ ਜ਼ਰਾ ਕੁ ਤਿੜਕਣ ਤੇ,
ਤੂੰ ਮੇਰੇ ਟੁਕੜਿਆਂ ਤੋਂ ਇੰਝ ਬਚਦਾ ਫਿਰੇਂ,
ਕਿ ਕਿਤੇ ਮੈਂ ਤੈਨੂੰ ਕੋਈ ਜ਼ਖ਼ਮ ਹੀ ਨਾ ਦੇ ਜਾਵਾਂ।

ਜੇਕਰ ਤੂੰ ਮੈਨੂੰ ਅਜ਼ੀਜ਼ ਮੰਨਦਾ ਹੈਂ,
ਤਾਂ ਮੈਨੂੰ ਕਿਸੇ ਗੁਲਾਬ ਵਾਂਗ ਨਾ ਸਾਂਭੀ,
ਜਿਹੜਾ ਤੈਨੂੰ ਲਕੋ ਕੇ ਰੱਖਣਾ ਪਵੇ,
ਆਪਣੇ ਸੱਭ ਤੋਂ ਨਜ਼ਦੀਕੀ ਰਿਸ਼ਤਿਆਂ ਤੋਂ,
ਜਿਹੜਾ ਕਿਸੇ ਕਿਤਾਬ ਦੇ ਵਰਕੇ ਹੇਠ,
ਇੰਨ੍ਹਾ ਬੋਝ ਝੱਲਦਾ ਰਹੇ,
ਕਿ ਆਪਣੀ ਖ਼ੁਸ਼ਬੋਈ ਗਵਾ ਦੇਵੇ,
ਸਿਰਫ ਇੱਕ ਨਾਕਾਮ ਕੋਸ਼ਿਸ਼ ਵਿੱਚ,
ਕਿ ਜਿਸ ਦਿਨ ਤੈਨੂੰ ਵਿਹਲ ਮਿਲੇ
*****

ਤੂੰ ਗੱਲ ਕਰੇਂ ਕੋਈ ਵੀ, ਤੇ ਮੈਂ ਡਰਦਾ ਨਾ ਕਹਾਂ
'ਕਿੰਤੂ, ਪ੍ਰੰਤੂ, ਮਗਰ, ਲੇਕਿਨ, ਨਹੀਂ'।

ਤੂੰ ਮੈਨੂੰ ਮੁਆਫ ਕਰੀਂ,
ਮੇਰੇ ਲਈ ਐਸੀ ਗੂੰਗੀ,
ਬੇਸੁੱਧ ਵਾਰਤਾਲਾਪ ਮੁਮਕਿਨ ਨਹੀਂ।

ਲੱਖ ਤੈਨੂੰ ਲੋੜ ਹੋਵੇ,
ਚਾਨਣ ਦੇ ਦਿਲਾਸੇ ਦੀ,
ਅੰਧੇਰ ਨੂੰ ਰਾਤ ਹੀ ਆਖਾਂਗਾ, ਦਿਨ ਨਹੀਂ।

ਸਵਾਲਾਂ ਦੇ ਜਵਾਬ, ਤੇ ਜਵਾਬਾਂ ਚੋਂ
ਸਵਾਲ ਬਣਨਗੇ,
ਪਰ ਆਪਸੀ ਸਮਝ ਤੇ ਕੋਈ ਪ੍ਰਸ਼ਨ ਚਿੰਨ ਨਹੀਂ।

ਤੇਰੀ ਹਾਂ 'ਚ ਹਾਂ, ਮਿਲਾਵਾਂਗਾ ਜ਼ਰੂਰ ਪਰ,
ਮੇਰੀ ਰੂਹ ਦੀ ਹਾਮੀ ਤੋਂ ਬਿਨ ਨਹੀਂ।
*****

ਮੈਂ ਮੈਂ ਵਿੱਚ ਹੀ ਕੈਦ, ਮੇਰੀ ਹਿਰਾਸਤ ਤਾਂ ਦੇਖ ਜ਼ਰਾ।
ਸਿਰਫ਼ ਦੌਲਤ ਹੈ ਪੱਲੇ, ਮੇਰੀ ਗ਼ੁਰਬਤ ਤਾਂ ਦੇਖ ਜ਼ਰਾ।

ਕਰੀਂ ਨਾ ਮਕਬੂਲ, ਤੇਰੀ ਨਾਂਹ ਵੀ ਸਿਰ ਮੱਥੇ,
ਇੱਕ ਵਾਰ ਹੰਝੂਆਂ ਲਿਖੀ ਦਰਖ਼ਾਸਤ ਤਾਂ ਦੇਖ ਜ਼ਰਾ।

ਨਾ ਪੁੱਛ ਕਿ ਮੇਰੀ ਮੰਜ਼ਿਲ ਕੀ ਹੈ, ਕਿੱਥੇ ਹੈ,
ਏਥੋਂ ਤੱਕ ਦੀ ਲਗਨ, ਮੇਰੀ ਜ਼ਿਆਰਤ ਤਾਂ ਦੇਖ ਜ਼ਰਾ।

ਬਾਹਰ ਕਿਹੜੀ ਸ਼ੈਅ 'ਚੋਂ ਜੰਨਤ ਭਾਲਦਾ ਹੈਂ?
ਅੱਖਾਂ ਮੀਚ, ਅੰਦਰੀਂ ਤੇਰੀ ਬਹਿਸਤ ਤਾਂ ਦੇਖ ਜ਼ਰਾ।

ਮੁਨਸਫ਼ ਹੈਂ ਤਾਂ ਕੀ ਸਜ਼ਾ ਦੇਣੀ ਹੀ ਲਾਜ਼ਮ ਹੈ?
ਸੁਧਾਰ ਵੀ ਤਾਂ ਸਕਦੈਂ, ਮੇਰੀ ਮਾਜ਼ਰਤ ਤਾਂ ਦੇਖ ਜ਼ਰਾ।
*****

# ਗਗਨ ਪੂਹਲੀ



ਜੋ ਨਵੇਂ ਚੁਬਾਰੇ ਦੇ ਨਾਲ ਪਿਆ ਪੁਰਾਣਾ ਹੈ,
ਕਿਓਂ ਵੇਖ-ਵੇਖ ਕੇ ਰੋਂਦਾ ਬਾਲਕ ਨਿਆਣਾ ਹੈ?

ਪਿਓ ਦੀਆਂ ਬਾਹਾਂ ਚੁੱਕਿਆ ਬੋਝ ਹੈ ਟੱਬਰ ਦਾ,
ਅਤੇ ਧੀਆਂ ਦੇ ਸਿਰ ਥੱਲੇ ਫੇਰ ਸਿਰਹਾਣਾ ਹੈ ।

ਜੋ ਅੱਖ ਦੇ ਕੋਇਆਂ ਵਿੱਚੋਂ ਬੁੱਲ੍ਹਾਂ ਤੀਕ ਆਇਆ,
ਪਿਆਸ ਬੁਝਾਉਂਦਾ ਅੱਥਰੂ ਕਿੰਨਾ ਸਿਆਣਾ ਹੈ।

ਮੈਨੂੰ ਕਾਦਰ, ਅੰਬਰ, ਸੂਰਜ, ਤੱਕਣ ਦਿਓ,
ਜੀ, ਮੇਰਾ ਨਾ ਕੇਵਲ ਧਰਤੀ ਉੱਤੇ ਠਿਕਾਣਾ ਹੈ।
*****

ਕਿਸਨੂੰ ਹੈ ਉਡੀਕਦਾ ਓਹ ਅੰਧੇਰੀ ਰਾਤ ਵਿੱਚ ?
ਕੌਣ ਉਸਦੇ ਖ਼ਿਆਲ ਵਿੱਚ ਕੌਣ ਉਸਦੀ ਬਾਤ ਵਿੱਚ।

ਸਾਹਮਣੇ ਹੈ ਛੱਤ ਕੱਚੀ 'ਤੇ ਟਟੀਹਰੀ ਸੋਚਦੀ ,
ਇਹ ਕਿਹਾ ਇਨਸਾਨ ਜੋ ਹੁਣ ਵੀ ਖੜ੍ਹਾ ਔਕਾਤ ਵਿੱਚ।

ਮੈਂ ਉਹਨੂੰ ਵੇਖਦਾ ਤੇ ਉਹ ਵੀ ਮੈਨੂੰ ਵੇਖ ਰਹੀ,
ਦੋਨੋਂ ਸੋਚ ਰਹੇ ਹਾਂ ਕੀ ਫਰਕ ਸਾਡੀ ਜਾਤ ਵਿੱਚ।

ਅੰਬਰੋਂ ਅੰਮ੍ਰਿਤ ਵਰਸਦਾ ਧਰਤ ਸੁਗੰਧੀ ਵੰਡਦੀ ,
ਫਿਰ ਮੈਂ ਵਾਂਝਾ ਕਿਉਂ ਹਾਂ ਇਸ ਵਡਮੁੱਲੀ ਦਾਤ ਵਿੱਚ।

ਆਸਮਾਨ ਹੈ ਖਿੜ ਗਿਆ ਤੇ ਰੁੱਖ ਪੈਲਾਂ ਪਾਂਵਦੇ,
ਬੱਚਾ-ਬੱਚਾ ਹੱਸ ਰਿਹੈ ਪੈ ਰਹੀ ਬਰਸਾਤ ਵਿੱਚ।
*****

ਇਹ ਕਸਕ ਸੀਨੇ ਚੋਂ ਜਾਂਦੀ ਨਹੀਂ, ਕਿਉਂ?
ਦਿਨ ਦੀ ਲੋਅ ਨ੍ਹੇਰੇ ਨੂੰ ਖਾਂਦੀ ਨਹੀਂ, ਕਿਉਂ?

ਹਰ ਦਿਨ ਬੀਤ ਰਿਹਾ ਜਿੱਦਾਂ ਰੇਲ ਲੰਘੇ,
ਰਾਹਾਂ ਨੂੰ ਮੰਜ਼ਿਲ ਮਿਲ ਜਾਂਦੀ ਨਹੀਂ, ਕਿਉਂ?

ਰੰਗਲੀ ਦੁਨੀਆਂ ਕਹਿ ਰਹੇ ਨੇ ਏਸਨੂੰ,
ਐਪਰ ਮੇਰੇ ਦਿਲ ਨੂੰ ਭਾਂਦੀ ਨਹੀਂ, ਕਿਉਂ?

ਅੰਬਰ ਜੇਕਰ ਪਿਓ, ਮੇਰਾ ਸਿਰ ਕੱਜੇ,
ਜੇ ਹੈ ਧਰਤੀ ਮਾਂ ਸੀਨੇ ਲਾਂਦੀ ਨਹੀਂ, ਕਿਉਂ?

ਸੋਨੇ ਜੜੀਆਂ ਬੇਸ਼ੱਕ ਇਮਾਰਤਾਂ ਲੱਖਾਂ,
ਆਦਮੀ ਦੇ ਹੱਥ ਵਿੱਚ ਚਾਂਦੀ ਨਹੀਂ, ਕਿਉਂ?

ਪਿੰਡ ਨਿਕਲਣ ਦੀ ਵੀ ਪਾਬੰਦੀ ਜਿਸਨੂੰ
ਪੁੱਛ ਰਹੇ ਨੇ ਸ਼ਹਿਰ ਜਾਂਦੀ ਨਹੀਂ, ਕਿਉਂ?
*****

ਕੋਈ ਵੀ ਰਾਹ ਨਹੀਂ ਛੱਡਦੇ ਜਿਹਨਾਂ ਨੇ ਵਿਛੜਨਾ ਹੁੰਦਾ,
ਜਿਨ੍ਹਾਂ ਨੇ ਨਾਲ ਰਹਿਣਾ ਹੋਏ ਪੈਰਾਂ ਨੂੰ ਮੋੜਦੇ ਰਹਿੰਦੇ।

ਇਹ ਕੇਵਲ ਪਾਣੀਆਂ ਦਾ ਨਹੀਂ ਇਹ ਮਸਲਾ ਹੋਂਦ ਦਾ ਵੀ ਹੈ,
ਜਿਹਨਾਂ ਨੇ ਜ਼ੁਲਮ ਨਹੀਂ ਸਹਿਣਾ ਜ਼ਮੀਰ ਝੰਜੋੜਦੇ ਰਹਿੰਦੇ।

ਹਾਕਮ ਤੋਂ ਮਾਰਾਂ ਖਾ ਕੇ ਹੀ ਨੇ ਇਹ ਸਭ ਬਾਗ਼ੀ ਹੋਏ ਜੀ,
ਕਿਸੇ ਨੂੰ ਗੌਲਦੇ ਨਹੀਂ ਹੁਣ ਤੇ ਦਾਇਰੇ ਤੋੜਦੇ ਰਹਿੰਦੇ ।

ਜੀ ਮਸਤੀ ਆਪਣੀ ਹੀ ਰੂਹ ਦੇ ਨਾਲ ਮੁਹੱਬਤ ਕਰਨਾ ਹੈ,
ਜਿਹਨਾਂ ਨੇ ਭੇਦ ਜਾਣੇ ਇਹ ਓਹ ਆਪਾ ਜੋੜਦੇ ਰਹਿੰਦੇ।

ਸਦੀ ਇੱਕੀਵੀਂ ਦੇ ਵਿੱਚ ਵਿਰਲੇ ਹੀ ਮਿਲਦੇ ਨੇ ਬੇਮਤਲਬ,
ਸੱਭੇ ਹਰ ਪੈਰ 'ਤੇ, ਹਰ ਮੋੜ੍ਹ 'ਤੇ, ਕੁੱਝ ਲੋੜਦੇ ਰਹਿੰਦੇ।
*****

## ਚਰਨਜੀਤ ਸਮਾਲਸਰ



ਨਤਮਸਤਕ ਹੋਣ ਲਈ
ਰੁਕ ਜਾਂਦੇ ਨੇ ਪੈਰ ਤੇ ਝੁਕ ਜਾਂਦਾ ਹੈ ਸਿਰ।

### ਮੈਂ ਤੇਰੀ ਧੁੱਪ ਵਿਚ...

ਮੈਂ ਤੇਰੀ ਧੁੱਪ ਵਿਚ ਆਪਣਾ ਨਾਂ ਲਿਖਣਾ ਏਂ।
ਮੈਂ ਤੇਰੀ ਛਾਂ ਵਿਚ ਤਸਵੀਰ ਬਣਾਉਣੀ ਏਂ।
ਮੈਂ ਤੇਰੀ ਚਾਂਦਨੀ ਦੇ ਵਿਚ ਲਿਸ਼ਕਣਾ ਏਂ
ਮੈਂ ਤੈਥੋਂ ਇਸ਼ਕੇ ਦੀ ਬਾਰਿਸ਼ ਕਰਾਉਣੀ ਏਂ।

ਮੈਂ ਤੈਨੂੰ ਮੁਹੱਬਤ ਦਾ ਸੌਦਾਗਰ ਬਣਾਉਣਾ ਏਂ
ਮੈਂ ਤੈਥੋਂ ਫੁੱਲਾਂ ਦੀ ਖੇਤੀ ਕਰਵਾਉਣੀ ਏਂ
ਮੈਂ ਤੇਰੀ ਪਿਆਸੀ ਬੰਜ਼ਰ ਜ਼ਮੀਨ ਵਿਚ
ਬੱਸ ਪਿਆਰ ਦੀ ਨਦੀ ਲੰਘਾਉਣੀ ਏਂ।

ਮੈਂ ਤੇਰੇ ਰਾਹਾਂ 'ਚ ਖੁਸ਼ਬੋ ਬਣ ਕੇ ਵਿਛਣਾ ਏਂ।
ਮੈਂ ਤੇਰੀ ਤੇਹ ਨਾਲ਼ ਤੇਹ ਟਕਰਾਉਣੀ ਏਂ।
ਜੋ ਛੱਡ ਆਇਆਂ ਝਨਾਂ ਦੇ ਪਾਣੀਆਂ ਵਿੱਚ
ਮੈਂ ਸਿਦਕ ਦੇ ਮੁੱਖ 'ਤੇ ਖੁਸ਼ੀ ਲਿਆਉਣੀ ਏਂ।

ਮੈਂ ਤੇਰੀ ਰੂਹ 'ਚੋਂ ਆਪਣਾ ਮੁੱਖ ਵੇਖਣਾ ਏਂ
ਮੈਂ ਤੇਰੇ ਜਿਸਮ ਦੀ ਕਾਇਆ ਪਲਟਾਉਣੀ ਏਂ
ਮੈਂ ਤੇਰੇ ਇਸ਼ਕ ਦੇ ਸੁੱਚੇ ਸਰਵਰਾਂ 'ਚੋਂ
ਆਪਣੀ ਜਨਮਾਂ ਦੀ ਪਿਆਸ ਬੁਝਾਉਣੀ ਏਂ।

ਮੈਂ ਤੇਰੇ ਨੈਣਾਂ ਦੇ ਹੰਸਾਂ ਨੂੰ ਚੁੰਮਣਾ ਏਂ
ਤੇ ਤਲੀਆਂ 'ਤੇ ਚੋਗ ਚੁਗਾਉਣੀ ਏਂ
ਮੈਂ ਤੇਰੇ ਹਾਸਿਆਂ ਦੇ ਚਿੱਟੇ ਕਬੂਤਰਾਂ ਦੀ
ਉਡਾਰੀ ਅੰਬਰਾਂ ਵਿਚ ਲਵਾਉਣੀ ਏਂ।

ਮੈਂ ਤੇਰੀ ਚੁੱਪ ਦੇ ਸੰਗ ਸੰਵਾਦ ਰਚਾਉਣਾ ਏਂ
ਮੈਂ ਤੇਰੀ ਤੋਰ ਤੇ ਗਜ਼ਲ ਲਿਖਵਾਉਣੀ ਏਂ
ਅੱਜ ਤੱਕ ਨਾ ਬਣਾਈ ਜੋ ਸ਼ਾਇਰਾਂ ਨੇ
ਮੈਂ ਤੇਰੇ ਮੁੱਖ ਤੇ ਬਹਿਰ ਬਣਾਉਣੀ ਏਂ।

### ਤੇਰੇ ਦਰਾਂ ਅੱਗੇ

ਪੈਰ ਤਾਂ ਨਹੀਂ ਅੰਬੇ ਅਜੇ ਤੇਰੇ ਸ਼ਹਿਰ ਦੇ ਫੇਰਿਆਂ ਤੋਂ
ਉਹ ਗੱਲ ਵੱਖਰੀ ਕਿ ਤੇਰੇ ਦਰਾਂ ਅੱਗੇ

### ਗ਼ਜ਼ਲ

ਬਣ-ਠਣ ਕੇ ਨਿਕਲੇ ਨੇ ਉਹ ਅੱਜ ਸੂਰਜਮੁਖੀ ਦਾ ਫੁੱਲ।
ਜਾਪੇ ਕੋਈ ਸੂਰਜ ਦਾ ਜਿਵੇਂ ਅਕਸ ਰਿਹਾ ਹੈ ਝੁੱਲ।

ਫੁੱਲ ਮੁਹੱਬਤ ਵਾਲ਼ੇ ਤੋਂ ਉਹ ਨੇ ਗਰਦਿਸ਼ ਦਿੱਤੀ ਲਾਹ
ਇਉਂ ਲਗਦੈ ਮੈਨੂੰ ਤਾਂ ਕੋਈ ਸ਼ੈਅ ਨਾ ਇਹ ਦੇ ਤੁੱਲ।

ਗਾਉਂਦੀ ਗਾਉਂਦੀ ਬਣ ਜਾਵੇ ਉਹ ਖ਼ੁਦ ਹੀ ਕੋਈ ਨਜ਼ਮ,
ਹਰਨੋਟੇ ਦੀ ਅੱਖ ਵਰਗੀ ਪਰ ਲੱਗੇ ਗ਼ਜ਼ਲ ਦੇ ਤੁੱਲ।

ਉਹ ਦੇ ਮੱਥੇ ਵਿਚ ਆ ਗਏ ਨੇ ਸੂਰਜ,ਤਾਰੇ,ਚੰਦ,
ਪ੍ਰਕਾਸ਼ ਦੇ ਅੰਬਰ 'ਤੇ ਕੋਈ ਕਿਉਂ ਨਾ ਜਾਵੇ ਡੁੱਲ।

ਜ਼ੁਲਫ ਉਦ੍ਹੀ ਦੇ ਕੁੰਡਲ ਦੋ-ਮੂੰਹੇ ਬਣ ਮਾਰਨ ਡੰਗ,
ਕਿੱਦਾਂ ਕੋਈ ਬਚੇਗਾ ਜਦ ਮੂਹਰੇ ਜਾਂਦੇ ਨੇ ਖੁੱਲ੍ਹ।

ਨਦੀਆਂ ਪਾਸਾ ਵੱਟਣੇ ਉਹ ਦੀ ਵੇਖ ਰਵਾਨੀ ਤੋਰ,
ਚਿੰਤਾ ਵਿਚ ਨੇ ਪੈ ਜਾਣੇ ਪਹਾੜਾਂ ਦੇ ਸਾਰੇ ਫੁੱਲ।

ਦਿਨ ਹੋ ਜਾਵੇ ਪੁੰਨਿਆ ਜਦ ਉਹ ਤੱਕੇ ਪਿਆਰ ਦੇ ਨਾਲ਼,
ਅੱਖੀਆਂ ਕਰ ਲਏ ਬੰਦ ਜਦ ਤਾਂ ਹੋ ਜਾਂਦੈ ਦੀਵਾ ਗੁੱਲ।

ਕੋਇਲ ਵਾਂਗੂੰ ਉਹ ਸਦਾ ਗਾਉਂਦੀ ਰਹਿੰਦੀ ਪਿਆਰ ਦੇ ਗੀਤ,
ਮਾਖਿਓਂ ਮਿੱਠੀ ਬੋਲੀ ਉਹ ਦੀ ਰੂਹ ਵਿਚ ਜਾਂਦੀ ਘੁੱਲ।

ਗ਼ਜ਼ਲਾਂ ਪੜ੍ਹਦੀ ਉਹ ਜਦ, ਪੈਂਦੀ ਮਿੰਨਾ ਜੇਹਾ ਹੱਸ,
ਤਾਂ 'ਚਰਨਜੀਤ' ਇਵੇਂ ਲਗਦਾ ਹੈ, ਪੈ ਗਿਆ ਕਲਮ ਦਾ ਮੁੱਲ।

# ਚਰਨਜੀਤ ਜੋਤ

## ਮਾਡਰਨ ਕੁੜੀਆਂ

ਮਾਡਰਨ ਕੁੜੀਆਂ
ਬਹੁਤ ਚੁਸਤ ਨੇ
ਆਪਣੇ ਹਿੱਸੇ ਦੀ ਵਿਰਾਸਤ
ਭੁੱਲ ਜਸ਼ਨ ਮਨਾਉਂਦੀਆਂ
ਨਿਆਗਰਾ ਫਾਲਜ਼ ਦੇ
ਨਜ਼ਾਰੇ ਮਾਣਦੀਆਂ

ਹਰੀਕੇ ਪੱਤਣ ਨੂੰ ਨਹੀਂ ਜਾਣਦੀਆਂ
ਬਿਆਸ ਤੇ ਸਤਲੁਜ
ਵੀ ਨਹੀਂ ਜਾਣਦੀਆਂ

ਮਾਡਰਨ ਕੁੜੀਆਂ ਬਹੁਤ ਚੁਸਤ ਨੇ
ਨਿੱਤ ਮਾਲ ’ਚ
ਸ਼ਾਪਿੰਗ ਕਰਦੀਆਂ
ਨਹੀਂ ਜਾਣਦੀਆਂ ਉਹ
ਚੁੰਨੀ ਲੜ ਪੈਸੇ ਬੰਨਣ ਦੀ ਬਾਤ
ਸਿਰਫ਼ ਗੁਗਲ ਪੇਅ ਕਰਦੀਆਂ

ਮਾਡਰਨ ਕੁੜੀਆਂ ਕਦੇ
ਨਹੀਂ ਸਮਝਣਗੀਆਂ
ਪਾਟੇ ਨੂੰ ਟਾਕੀ ਲਾਉਣ ਦਾ ਨੁਸਖ਼ਾ
ਉਹ ਤਾਂ ਬਸ
ਪਾਟੀ ਜੀਨ ਦਾ ਲੁਤਫ਼ ਲੈਂਦੀਆ

ਮਾਡਰਨ ਕੁੜੀਆਂ ਮੋਬਾਈਲ ’ਤੇ
ਉਂਗਲਾਂ ਚਲਾਉਂਦੀਆਂ
ਫੱਟੀ ਤੇ ਸਲੇਟਾਂ ਨੂੰ ਲਿਖਣਾ
ਬੀਤੇ ਦੀਆਂ ਗੱਲਾਂ ਸਮਝਦੀਆਂ

ਚਲੋ ਸ਼ੁਕਰ ਹੈ ਕਿ
ਤਰੱਕੀ ਕਰਦੀਆਂ
ਕਿਕਲੀ ਪਾਉਣੀ ਭੁੱਲ



ਤਿੱਤਲੀ ਬਣ ਉੱਡਦੀਆਂ
ਸਮਝੌਤੇ ਨਹੀਂ ਕਰਦੀਆਂ
ਘੁੰਡ ਕੱਢ ਕੇ
ਡੋਲੀ ਵਿੱਚ ਨਹੀਂ ਬੈਠਦੀਆਂ

ਜਹਾਜ਼ ’ਚ ਉੱਡਦੀਆਂ
ਅਸਮਾਨ ਦੀ ਸੈਰ ਕਰਦੀਆਂ
ਨਿਆਗਰਾ ਫਾਲਜ਼ ਦੇਖਣ ਲਈ

ਸ਼ੁੱਕਰ ਹੈ ਕਿ ਤੁਹਾਡੇ ਹਿੱਸੇ
ਕਿਸੇ ਦਾਇਰੇ ’ਚ
ਜਕੜਨ ਵਾਲੇ
ਰਸਮ ਰਿਵਾਜ ਨਹੀਂ ਆਏ।

## ਉਦਾਸੀਆਂ ਤੋਂ ਸ਼ਮਸ਼ੀਰ ਤੱਕ

ਚੱਲ ਉਦਾਸੀਆਂ ਦੇ ਰਾਹ ਚੱਲੀਏ
ਮੈਂ ਆਪਣੇ ਪੈਰਾਂ ਨੂੰ ਕਿਹਾ
ਕਿ ਸਾਖੀਆਂ ਸੁਣੀਏ
ਤੇ ਮਿਲ ਜਾਵੇ ਕੋਈ ਸਿੱਖਿਆ
ਬਾਬੇ ਨਾਨਕ ਦੀ

ਪਰ
ਫੇਸਬੁੱਕ ਦੀ ਦੁਨੀਆਂ
ਚੱਲਣ ਨਹੀਂ ਦਿੰਦੀ ਪੈਰਾਂ ਨੂੰ
ਨਾ ਕੋਈ ਰਾਹੀ

ਬਾਬੇ ਨਾਨਕ ਦੀਆਂ
ਉਦਾਸੀਆਂ ਵਾਲਾ
ਪੁੱਛਦਾ ਹੈ ਰਾਹ

ਹੁਣ ਅੱਖ ਝਪਕਦੇ ਹੀ ਮਿਲ ਜਾਂਦੇ ਨੇ
ਭਾਈ ਲਾਲੋ, ਸੱਜਣ ਠੱਗ ਤੇ
ਕੌਡੇ ਰਾਕਸ਼ ਇੱਕੋ ਥਾਂ ’ਤੇ

ਬਹੁਤ ਲੱਗਦੀ ਹੈ ਤਲਬ
ਉਦਾਸੀਆਂ ਵਾਲੀ
ਪਵਿੱਤਰ ਥਾਵਾਂ ਦੇਖਣ ਦੀ
ਗੋਸ਼ਟੀਆਂ ਸੁਣਨ ਦੀ

ਪਰ ਫੇਸਬੁੱਕ ਦੀ ਦੁਨੀਆਂ
ਚੱਲਣ ਨਹੀਂ ਦਿੰਦੀ ਪੈਰਾਂ ਨੂੰ
ਤੇ ਮੈਂ ਫਿਰ

ਪਰਕਰਮਾ ਕਰਦੀ
ਉਦਾਸੀਆਂ ਦੀ ਪਵਿੱਤਰਤਾ ਨੂੰ
ਸੋਸ਼ਲ ਮੀਡੀਆ ’ਤੇ ਲੱਭਦੀ
ਕੀ ਮਰਦਾਨੇ ਦੇ ਰਬਾਬ ਨੇ
ਉਦਾਸੀਆਂ ਦੇ ਰਾਹਾਂ ’ਤੇ ਚੱਲ ਕੇ
ਇਹ ਸਫਰ ਕਿਵੇਂ
ਦਸ਼ਮੇਸ਼ ਦੀ ਸ਼ਮਸ਼ੀਰ ਤੱਕ
ਤਹਿ ਕੀਤਾ
ਸੋਚਦੀ
ਦੇਖਦੀ
ਮਹਿਸੂਸ ਕਰਦੀ ਕਿ ਕਿਵੇਂ
ਹੱਥ ਸ਼ਮਸ਼ੀਰ
ਫੜਨੀ ਪੈਂਦੀ
ਤੇ ਇਹ ਪੈਰ
ਯੁੱਗ ਪਲਟਾਉਣ ਲਈ
ਬਗਾਵਤ ਦੇ ਰਾਹ
ਤੁਰ ਪੈਂਦੇ ਨੇ।

# ਸਵੈ-ਕਥਨ/ ਕਵਿਤਾ ਨੇ ਮੈਨੂੰ ਸੰਭਾਲਿਆ ਹੈ/ ਰਣਧੀਰ



ਜਦੋਂ ਮਨੁੱਖ ਬੋਲ-ਲਿਖ ਨਹੀਂ ਸਕਦਾ ਸੀ, ਓਦੋਂ ਕਵਿਤਾ ਕਿਵੇਂ ਦੀ ਸੀ? ਓਦੋਂ ਇਹ ਕਿਸ ਰੂਪ 'ਚ ਵਿਚਰਦੀ ਹੋਵੇਗੀ? ਕੀ ਕਵਿਤਾ ਸ਼ਬਦ-ਬੋਲ 'ਤੇ ਆਸ਼ਰਿਤ ਹੁੰਦੀ ਹੈ ਜਾਂ ਇਹ ਮਨੁੱਖ ਦੀ ਉਲੀਕੀ ਸੀਮਾ ਹੈ? ਪਹਿਲੀ ਕਵਿਤਾ 'ਚ ਮਨੁੱਖ ਨੇ ਕੀ ਚਿਤਰਿਆ ਹੋਵੇਗਾ? ਕੀ ਪਹਿਲੀ ਕਵਿਤਾ ਉਹਨਾਂ ਦਿਨਾਂ ਦੀ ਸਿਮਰਤੀ ਸੀ ਜਦ ਮਨੁੱਖ ਬੋਲ ਨਹੀਂ ਸੀ ਸਕਦਾ ਜਾਂ ਇਹ ਦਿਸਦੇ/ਅਣਦਿਸਦੇ ਸੰਸਾਰ ਦੀ ਅਦਭੁਤਤਾ/ਵਿਸ਼ਾਲਤਾ ਪ੍ਰਤੀ ਹੈਰਾਨਗੀ ਸੀ ? ਕਿੰਨੇ ਹੀ ਸਵਾਲ ਮਨ ਵਿੱਚ ਆਉਂਦੇ ਹਨ ਜਦੋਂ ਕਦੇ ਕਵਿਤਾ ਲਿਖਦਾਂ। ਕਵਿਤਾਵਾਂ ਪੜ੍ਹਦੇ/ਸੁਣਦੇ/ਲਿਖਦੇ ਹੋਏ ਕਿੰਨੇ ਹੀ ਜੰਗਲ,ਪਰਬਤ,ਸਾਗਰ,ਮੈਦਾਨ,ਪਸ਼ੂ-ਪੰਛੀ ਮਨ ਸਾਗਰ ਵਿੱਚ ਪੈਦਾ ਹੁੰਦੇ ਤੇ ਫਿਰ ਓਸੇ ਵਿਚ ਸਮਾਅ ਜਾਂਦੇ। ਕੀ ਮਨ ਸਾਗਰ 'ਚ ਉੱਠਦੇ ਭੂਚਾਲ ਪੜ੍ਹੀ-ਸੁਣੀ ਕਵਿਤਾ ਦੇ ਕਵੀ ਦੇ ਹਨ ਜਾਂ ਪਾਠਕ ਸਰੋਤੇ ਦੇ। ਜਾਂ ਫਿਰ ਇਹ ਸਾਡੇ ਪੁਰਖਿਆਂ ਦੀਆਂ ਸਿਮਰਤੀਆਂ ਹਨ,ਜੋ ਸਹਿਜ ਹੀ ਸਾਡੀ ਚੇਤਨਾ ਵਿੱਚ ਵਹਿੰਦੀਆਂ ਆ ਰਹੀਆਂ ਹਨ।

ਜਦੋਂ ਕਦੇ ਕਵਿਤਾ ਲਿਖਦਾ ਹਾਂ ਤਾਂ ਇਸ ਸਵਾਲ ਨੂੰ ਮੁਖ਼ਾਤਿਬ ਹੁੰਦਾ ਹਾਂ ਕਿ ਲਿਖੀ ਗਈ ਕਵਿਤਾ ਦਿਸਦੇ ਵਸਤ-ਸੰਸਾਰ ਦਾ ਪ੍ਰਤੀਕਰਮ ਹੈ ਜਾਂ ਚੇਤਨਾ 'ਚ ਪਈਆਂ ਸਿਮਰਤੀਆਂ ਦੀ ਪੁਨਰ-ਸੁਰਜੀਤੀ।ਦੂਜਾ ਸਵਾਲ ਇਹ ਹੈ ਕਿ ਜੇ ਲਿਖੀ ਕਵਿਤਾ ਮੇਰਾ ਨਿੱਜੀ ਅਨੁਭਵ ਜਾਂ ਵੇਦਨਾ ਹੈ ਤਾਂ ਪਾਠਕ/ਸਰੋਤਾ ਕਵਿਤਾ ਪੜ੍ਹਦਾ/ਸੁਣਦਾ ਕਿਉਂ ਹੈ?ਜੇ ਕਵਿਤਾ ਦਿਸਦੇ ਸੰਸਾਰ ਦੀ ਹੀ ਪ੍ਰਤੀਨਿਧਤਾ ਕਰਦੀ ਹੈ ਤਾਂ ਕਵਿਤਾ ਲਿਖੀ ਹੀ ਕਿਉਂ ਜਾਵੇ? ਇਹਨਾਂ ਸਵਾਲਾਂ ਨਾਲ ਮੈਂ ਅਕਸਰ ਰੂਬਰੂ ਹੁੰਦਾ ਹਾਂ।ਇਹਨਾਂ ਸਵਾਲਾਂ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦਾ ਹਾਂ। ਆਪਣੀ ਕਵਿਤਾ ਦੀ ਸੀਮਾ-ਸਮਰੱਥਾ ਬਾਰੇ ਸੋਚਦਾ ਹਾਂ।

ਕਵੀ ਸਮੇਂ-ਸਥਾਨ ਦੀ ਸੀਮਾ 'ਚ ਬੱਝਾ ਹੈ।ਸਮੇਂ ਤੋਂ ਪਾਰ ਸਿਰਫ ਕਵਿਤਾ ਜਾਂਦੀ ਹੈ।ਕਵੀ ਦੀ ਚੁਣੌਤੀ ਸਮੇਂ ਸਥਾਨ ਤੋਂ ਪਾਰ ਜਾ ਕੇ ਕਵਿਤਾ ਸਿਰਜਣ ਵਿੱਚ ਹੈ।ਪਰ ਕਵੀ 'ਕਵੀ' ਹੈ ਕਵਿਤਾ ਨਹੀਂ।ਉਹਦੀਆਂ ਨਿੱਜੀ ਇੱਛਾਵਾਂ, ਅਹਿਸਾਸ ਅਤੇ ਜ਼ਿੰਦਗੀ ਪ੍ਰਤੀ ਪਹੁੰਚ ਕਵਿਤਾ ਦੀ ਸੀਮਾ ਨਿਰਧਾਰਿਤ ਕਰਦੀਆਂ ਹਨ, ਉਸਦੀ ਸਾਰਥਿਕਤਾ/ਸਦੀਵਤਾ ਨੂੰ ਪ੍ਰਭਾਵਿਤ ਕਰਦੀਆਂ ਹਨ। ਕਈ ਵਾਰ ਕਵੀ ਅਚੇਤ ਹੀ ਕਵਿਤਾ ਨੂੰ ਸਮੂਹਿਕਤਾ ਨਾਲੋਂ ਨਿਖੇੜ ਸਵੈ ਨਾਲ਼ ਜੋੜ ਲੈਂਦਾ ਹੈ। ਇਹ ਸੰਕਟ ਮੇਰਾ ਵੀ ਹੈ।ਮੈਂ ਕਵਿਤਾ ਨਾਲ਼ ਉੱਡ ਕੇ ਦੂਰ ਦੇਸ਼ ਜਾਣ ਦੀ ਥਾਂ ਉਹਦੇ ਉੱਪਰ ਸਵੈ ਦਾ ਬੋਝ ਲੱਦ ਦਿੰਦਾ ਹਾਂ।ਕਵਿਤਾ ਫ਼ੈਲਣਾ ਚਾਹੁੰਦੀ ਹੈ ਪਰ ਮੈਂ ਖ਼ੁਦ ਦੁਆਲ਼ੇ ਸੁੰਗੜਿਆ ਹੋਇਆ ਹਾਂ।

ਜੇ ਮੈਂ ਆਪਣੀ ਗੱਲ ਕਰਾਂ ਕਿ ਕਵਿਤਾ ਨਾਲ਼ ਕਿਵੇਂ ਜੁੜਿਆ।ਪਰਿਵਾਰ ਵਿੱਚ ਕੋਈ ਵੀ ਪੜ੍ਹਿਆ ਲਿਖਿਆ ਨਹੀਂ ਸੀ।ਬਚਪਨ ਤੋਂ ਹੀ ਘਰ ਵਿੱਚ ਅਧਿਆਤਮਕ ਮਾਹੌਲ ਸੀ। ਸਾਡੇ ਘਰ ਡੇਰਾ ਬਿਆਸ ਨਾਲ਼ ਸੰਬੰਧਿਤ ਬਹੁਤ ਕਿਤਾਬਾਂ ਪਈਆਂ ਹੁੰਦੀਆਂ ਸਨ।ਚੌਥੀ-ਪੰਜਵੀਂ ਚ ਸਾਂ ਤਾਂ ਮਾਪਿਆਂ ਲਈ ਇਹ ਕਿਤਾਬਾਂ ਪੜਦਾ ਹੁੰਦਾ ਸੀ, ਖਾਸ ਕਰਕੇ ਪਰਮਾਰਥੀ ਸਾਖੀ ਵਾਲ਼ੀ ਕਿਤਾਬ ਮੈਂ ਪਤਾ ਨਹੀਂ ਕਿੰਨੀ ਕੁ ਵਾਰ ਪੜੀ ਹੋਊ। ਘਰ ਵਿੱਚ ਇਹੋ ਜਿਹਾ ਮਾਹੌਲ ਮਿਲਣਾ ਮੇਰੀ ਚੰਗੀ ਕਿਸਮਤ ਸੀ। ਸਕੂਲ ਵਿੱਚ ਜਦੋਂ ਨੌਵੀਂ-ਦਸਵੀਂ ਚ ਪੜ੍ਹਦਾ ਸੀ ਤਦ ਸਾਡੇ ਪਿਆਰੇ ਸ਼ਾਇਰ ਬਲਕਾਰ ਔਲਖ ਹੋਰੀਂ ਸਕੂਲ ਵਿੱਚ ਪੜਾਉਣ ਲੱਗੇ।ਉਹਨਾਂ ਦੇ ਮੂੰਹੋਂ ਸ਼ਾਇਰੀ ਸੁਣਨੀ ਬਹੁਤ ਚੰਗੀ ਲੱਗਦੀ।ਉਹਨਾਂ ਕੋਲ਼ੋਂ ਕਿਤਾਬਾਂ ਮੰਗ ਕੇ ਪੜ੍ਹਨੀਆਂ ਤੇ ਉਹਨਾਂ ਦੀ ਰੀਸੋ-ਰੀਸ ਮੈਂ ਖ਼ੁਦ ਵੀ ਕਵਿਤਾ ਲਿਖਣ ਲੱਗਾ। ਦੂਜਾ ਇਹਨਾਂ ਦਿਨਾਂ ਵਿੱਚ ਮੇਰੀ ਦੋਸਤੀ ਮੇਰੇ ਪਿੰਡ ਦੇ ਗੀਤਕਾਰ ਸਵ. ਗੁਰਜੰਟ ਜੌੜੀਆਂ ਘਨੌੜ ਨਾਲ਼ ਹੋ ਗਈ।ਉਹਨੇ ਮੈਨੂੰ ਪਾਤਰ, ਸ਼ਿਵ, ਨਾਨਕ ਸਿੰਘ ਪੜ੍ਹਾਇਆ। ਇਉਂ ਮੇਰੇ ਸਾਹਿਤ ਪੜਨ ਤੇ ਕਵਿਤਾ ਕਹਾਣੀ ਲਿਖਣ ਵਿੱਚ ਰੁਚੀ ਬਣ ਗਈ।ਬਾਅਦ ਵਿੱਚ ਦਵਿੰਦਰ ਸ਼ਾਹਪੁਰ ਨੇ ਏਸ ਰੁਚੀ ਨੂੰ ਤੇਜ਼ ਵੀ ਕੀਤਾ ਤੇ ਸੋਧਤ ਵੀ।

ਸ਼ੁਰੂ ਵਿੱਚ ਮੈਂ ਕਹਾਣੀਆਂ ਵੀ ਲਿਖੀਆਂ।ਵਾਰਤਕ ਟੋਟੇ ਵੀ। ਪਰ ਹੁਣ ਮੈਂ ਮੁੱਖ ਰੂਪ ਵਿੱਚ ਕਵਿਤਾ ਹੀ ਲਿਖਦਾਂ।ਇਕ ਐਨੀਮੇਟਡ ਫ਼ਿਲਮ ਵੇਖੀ ਸੀ,ਜਿਸ ਵਿੱਚ ਛੋਟੀ ਕੁੜੀ ਡਾਂਸਰ ਬਣਨਾ ਚਾਹੁੰਦੀ ਹੈ।ਉਹਦੇ ਹਾਲਾਤ ਸਾਜ਼ਗਾਰ ਨਹੀਂ ਪਰ ਫੇਰ ਵੀ ਉਹ ਹਰ ਸਮੇਂ ਸੁਪਨੇ ਲੈਂਦੀ ਹੈ ਕਿ ਉਹ ਡਾਂਸਰ ਬਣੇਗੀ।ਪੂਰੀ ਮੂਵੀ ਉਸਦੀ ਉਸਤਾਦ ਔਰਤ ਦੇ ਇਕ ਸਵਾਲ ਉਪਰ ਟਿਕੀ ਹੈ ਕਿ ਉਹ ਡਾਂਸਰ ਕਿਉਂ ਬਣਨਾ ਚਾਹੁੰਦੀ ਹੈ??? ਇਹ ਸਵਾਲ ਦੇਰ ਸਵੇਰ ਅਸੀਂ ਸਾਰੇ ਹੀ ਹੈ ਆਪਣੇ ਆਪ ਨੂੰ ਪੁੱਛਦੇ ਹਾਂ। ਮੈਂ ਕਵਿਤਾ

ਕਿਉਂ ਲਿਖਦਾਂ? ਕਵਿਤਾ ਮੇਰੇ ਲਈ ਕੀ ਹੈ? ਇਹ ਸਵਾਲ ਕਰਨੇ ਬਹੁਤ ਸੌਖੇ ਲੱਗਦੇ ਹਨ ਪਰ ਇਹਨਾਂ ਦਾ ਜਵਾਬ ਬਹੁਤ ਬਹੁਤ ਔਖਾ। ਇਹਨਾਂ ਸਵਾਲਾਂ ਦੇ ਜਵਾਬ ਲਈ ਮੁੜ ਮੁੜ ਕਵਿਤਾ ਕੋਲ਼ ਹੀ ਜਾਂਦਾ ਹਾਂ।

ਮੈਂ ਕਵਿਤਾ ਕਿਉਂ ਲਿਖਣ ਲੱਗਾ? ਕਵਿਤਾ ਮੇਰੇ ਲਈ ਕੋਈ ਸ਼ੁਗਲ ਨਹੀਂ। ਇਹਦੇ ਹੋਣ ਨਾਲ਼ ਮੈਂ ਹੁੰਦਾ ਹਾਂ। ਜ਼ਿੰਦਗੀ ਦੀਆਂ ਭਿਆਨਕ ਸਥਿਤੀਆਂ ਵਿਚ ਕਵਿਤਾ ਮਨੁੱਖ ਨੂੰ ਬਚਾ ਲਿਆਉਂਦੀ ਹੈ। ਕਵਿਤਾ ਸਾਧਾਰਨ ਰੂਪ ਵਿੱਚ ਵੇਖੀਏ ਜ਼ਿੰਦਗੀ ਨਹੀਂ ਹੈ। ਪਰ ਕਵਿਤਾ ਬਿਨਾਂ ਜ਼ਿੰਦਗੀ ਵੀ ਜ਼ਿੰਦਗੀ ਨਹੀਂ ਹੁੰਦੀ। ਮੈਂ ਬਹੁਤ ਅੰਤਰਮੁਖੀ ਹਾਂ। ਬਹੁਤੀਆਂ ਗੱਲਾਂ ਨਹੀਂ ਜਾਣਦਾ। ਹੀਣਤਾ ਨਾਲ਼ ਭਰਿਆ ਹੋਇਆ। ਸਮਾਜ ਵਿੱਚ ਇਸ ਬਿਮਾਰੀ ਕਾਰਨ ਮੈਂ ਖ਼ੁਦ ਨੂੰ ਇਸ ਸਮਾਜ ਦਾ ਤੀਜੇ ਦਰਜੇ ਦਾ ਨਾਗਰਿਕ ਮੰਨਦਾ ਆਇਆ ਹਾਂ। ਆਪਣੀ ਹੋਂਦ/ਹੋਣੀ ਨਾਲ਼ ਟਕਰਾਉਣ ਲਈ ਮੈਂ ਕਵਿਤਾ ਕੋਲ਼ ਗਿਆ। ਇਹਨੇ ਮੈਨੂੰ ਸੰਭਾਲਿਆ, ਪਹਿਚਾਣ ਦਿੱਤੀ, ਮਾਂਜਿਆ-ਸੰਵਾਰਿਆ। ਕਵਿਤਾ ਨੇ ਮੇਰੇ ਆਪੇ ਨੂੰ ਵਿਰਾਟ ਸਿਸਟਮ ਵਿੱਚ ਥਾਂ ਦਿੰਦੀ ਹੈ। ਇਹ ਉਹਨੂੰ ਸਿਰਜਦੀ ਹੈ, ਸੁਆਰਦੀ ਹੈ।

ਕਵਿਤਾ ਲਿਖਣ ਲਈ ਮੈਨੂੰ ਕਿਸੇ ਵੀ ਖ਼ਾਸ ਮਾਹੌਲ ਦੀ ਲੋੜ ਨਹੀਂ। ਮੈਂ ਬਹੁਤ ਸਾਰੀਆਂ ਕਵਿਤਾਵਾਂ ਸਫ਼ਰ ਦੌਰਾਨ ਲਿਖੀਆਂ। ਪਰ ਮੈਂ ਜ਼ਿਆਦਾਤਰ ਉਦੋਂ ਲਿਖਦਾਂ ਜਦੋਂ ਕੁਝ ਪੜ੍ਹ ਰਿਹਾ ਹੁੰਦਾ ਹਾਂ। ਪਰ ਹਾਂ ਮੇਰੀਆਂ ਬਹੁਤੀਆਂ ਕਵਿਤਾਵਾਂ ਪਿਛੇ ਮੁਹੱਬਤ ਪਈ ਹੈ। ਮੈਂ ਰੱਜ ਕੇ ਮੁਹੱਬਤ ਕੀਤੀ। ਮਹਿਬੂਬ ਦੇ ਜਿੰਨਾਂ ਨੇੜੇ ਰਿਹਾ ਹਾਂ ਓਨਾ ਹੀ ਵਿਯੋਗ ਵੀ ਹੰਢਾਇਆ ਹੈ। ਜਿੰਨਾਂ ਕਵਿਤਾਵਾਂ ਵਿੱਚ ਮੇਰੀ ਸਵੈ ਹੋਂਦ ਸੰਕਟ, ਸਮਾਜਿਕ/ਆਰਥਿਕ ਪੱਧਰ ਤੇ ਹੁੰਦੇ ਵਿਤਕਰੇ ਦ੍ਰਿਸ਼ਟੀਗੋਚਰ ਹੁੰਦੇ ਹਨ, ਉਹਨਾਂ ਦੇ ਪਿਛੇ ਵੀ ਕਿਧਰੇ ਮੁਹੱਬਤ ਪਈ ਹੈ।

ਮੇਰਾ ਮੰਨਣਾ ਹੈ ਕਿ ਸਵੈ ਦੀ ਤਸਦੀਕ ਨਹੀਂ ਕੀਤੀ ਜਾ ਸਕਦੀ। ਸਵੈ ਡੋਲਦਾ ਪਾਰਾ ਹੈ। ਆਪਣੇ ਕਵਿਤਾ ਬਾਰੇ ਮੈਂ ਉਨਾਂ ਕੁ ਹੀ ਦੱਸ ਸਕਦਾਂ ਜਿੰਨਾ ਕੁ ਮੈਂ ਲਿਖਣ ਸਮੇਂ ਸੁਚੇਤ ਸੀ ਪਰ ਬਹੁਤੀ ਸਿਰਜਣਾ ਅਚੇਤ ਮਨ ਅੰਦਰ ਚੱਲਦੀ ਰਹਿੰਦੀ ਹੈ। ਵਿਚਾਰਾਂ/ਖ਼ਿਆਲਾਂ ਦਾ ਇੱਕ ਪ੍ਰਵਾਹ ਚੱਲਦਾ ਹੈ, ਕਵਿਤਾ ਸਿਰਜੀ ਜਾਂਦੀ ਹੈ। ਮੈਂ ਬਾਅਦ ਵਿੱਚ ਕੋਈ ਸ਼ਬਦ ਏਧਰ ਓਧਰ ਹੀ ਕਰਦਾ ਹਾਂ। ਸੁਚੇਤ ਹੋ ਕੇ ਕੀਤੀ ਦਖ਼ਲਅੰਦਾਜ਼ੀ ਨਾਲ਼ ਕਈ ਵਾਰ ਕਾਵਿਕਤਾ ਮਰ ਜਾਂਦੀ ਹੈ। ਮੈਂ ਸਦਾ ਕਵਿਤਾ ਦਾ ਰਿਣੀ ਮਹਿਸੂਸ ਕਰਦਾਂ ਹਾਂ ਕਿ ਦੇਰ-ਸਵੇਰੇ, ਸਾਲ-ਛਿਮਾਹੀ ਮੈਨੂੰ ਯਾਦ ਕਰ ਲੈਂਦੀ ਹੈ। ਕੁਝ ਇਕ ਕਵਿਤਾ ਮੈਂ ਲਿਖ ਲੈਂਦਾ ਹਾਂ।

## ਪਰਮਿੰਦਰ ਕੌਰ ਵਜੀਦਪੁਰ



### ਵੇਲਨਟਾਈਨ ਡੇ

ਕੀ ਪਿਆਰ ਦਾ ਇਜ਼ਹਾਰ,
ਸਾਲ ਵਿੱਚ ਇਕੋ ਦਿਨ
ਕੀਤਾ ਜਾਂਦਾ ਏ....
ਕੀ ਕਿਸੇ ਦਾ ਦਿਲ,
ਵੇਲਨਟਾਈਨ ਡੇ ਨੂੰ ਈ
ਜਿੱਤਿਆ ਜਾਂਦਾ ਏ....
ਹੁੰਦਾ ਕਿ ਏਹ ਪਿਆਰ,
ਜੋ ਤੋਰ ਨਾਲ ਹੋਵੇ,
ਝਾਂਜਰਾਂ ਦੇ ਸ਼ੋਰ ਨਾਲ ਹੋਵੇ,
ਸੋਹਣੇ ਚਿਹਰੇ ਨਾਲ ਹੋਵੇ,
ਘੱਗਰੇ ਲਹਿਰੇ ਨਾਲ ਹੋਵੇ,
ਮੋਟੀ ਮੋਟੀ ਅੱਖ ਨਾਲ ਹੋਵੇ,
ਝੂਠੇ ਜਿਹੇ ਮਿਲੇ ਪੱਖ ਨਾਲ ਹੋਵੇ,
ਨਹੀਂ ਇਹ ਪਿਆਰ ਨਹੀਂ ਹੁੰਦਾ
ਇਹ ਖੁਦ ਨਾਲ ਖਿਲਵਾੜ ਹੁੰਦਾ ਹੈ
ਕਿਉਕਿ ਪਿਆਰ ਤਾਂ,
ਜਜ਼ਬਾਤਾਂ ਨਾਲ ਹੋ ਜਾਂਦਾ,
ਕਦੀ ਨਾ ਹੋਣ ਵਾਲੀਆਂ,
ਮੁਲਾਕਾਤਾਂ ਨਾਲ ਵੀ ਹੋ ਜਾਂਦਾ,
ਪਿਆਰ ਗੱਲਾਂ ਨਾਲ ਹੁੰਦਾ ਏ,
ਚੁੱਪ ਚਪੀਤੇ, ਦਿਲ ਵਿੱਚ ਮਾਰੀਆਂ,
ਡੂੰਘੀਆਂ ਛੱਲਾਂ ਨਾਲ ਹੁੰਦਾ ਏ,
ਪਿਆਰ ਨੈਣਾਂ ਨਾਲ ਨਹੀਂ,
ਭਾਵਨਾਵਾਂ ਨਾਲ ਹੁੰਦਾ ਏ,
ਜਿਸ ਦਾ ਇਜ਼ਹਾਰ ਕਰਨ ਲਈ,
ਫੁੱਲ ਨੂੰ ਬਲੀ ਚਾੜਨ ਦੀ
ਲੋੜ ਨਹੀਂ ਪੈਂਦੀ,
ਪਿਆਰ ਦਾ ਇਜ਼ਹਾਰ ਤਾਂ ,
ਦੋ ਪ੍ਰੇਮੀਆਂ ਦੀ ਖਾਮੋਸ਼ੀ ਵਿੱਚ,
ਹਰ ਪਲ, ਹਰ ਰੋਜ਼ ਹੁੰਦਾ ਏ,
ਪਿਆਰ ਦਾ ਇਜ਼ਹਾਰ ਕਰਨ ਲਈ,
ਕਦੀ ਕਿਸੇ ਵੇਲਨਟਾਈਨ
ਦੀ ਲੋੜ ਨਹੀਂ,
ਕਿਉਂਕਿ ਪਿਆਰ
ਕਿਸੇ ਇੱਕ ਦਿਨ ਦਾ
ਇੰਤਜ਼ਾਰ ਨਹੀਂ ਕਰਦਾ.......

## ਚਮਨਦੀਪ ਦਿਉਲ



### ਗੀਤ

ਮੇਰੀ ਨਬਜ਼ ਤਾਂ ਵੇਖੋ ਅੜੀਓ!
ਮੈਂ ਜਿਉਂਦੀ ਹਾਂ ਕਿ ਮੋਈ,
ਹਰ ਸਾਹ ਨਾਲ਼ ਆਵੇ-ਜਾਵੇ,
ਮੇਰੇ ਅੰਦਰ-ਬਾਹਰ 'ਕੋਈ'।

ਮੈਂ ਖ਼ਤਮ ਹੋਈ ਮੇਰੇ 'ਚੋਂ,
ਬਚਿਐ ਬਸ ਪ੍ਰੀਤਮ ਪਿਆਰਾ।
ਹਰ ਪਲ 'ਤੂੰ' 'ਤੂੰ' 'ਤੂੰ' ਕਰਦੈ,
ਮੇਰੇ ਅੰਦਰ ਦਾ ਇੱਕ ਤਾਰਾ।
ਕੁੱਲ ਆਲਮ ਮੇਰਾ ਹੋਇਆ
ਮੈਂ ਕੁੱਲ ਆਲਮ ਦੀ ਹੋਈ।
ਮੇਰੀ ਨਬਜ਼ ਤਾਂ ਵੇਖੋ ਅੜੀਓ!

ਕੱਲ੍ਹ ਤੱਕ ਅਖਵਾਉਂਦੀ ਸੀ ਜੋ,
ਪੰਜ ਦਰਿਆਵਾਂ ਦੀ ਰਾਣੀ
ਅੱਜ ਵਾਟ ਸੱਜਣ ਦੀ ਵੇਖਾਂ
ਬਣ ਕੇ ਮੈਂ ਘੜੇ ਦਾ ਪਾਣੀ
ਕੁਝ ਸਮਝ ਜਿਹੀ ਨਾ ਆਵੇ
ਮੈਨੂੰ ਇਹ ਕੀ ਜਾਂਦੈ ਹੋਈ।
ਮੇਰੀ ਨਬਜ਼ ਤਾਂ ਵੇਖੋ ਅੜੀਓ!

ਕੋਈ ਖੁੱਲ੍ਹਿਆ ਦੁਆਰ ਇਲਮ ਦਾ,
ਤੇ ਹੋਇਆ ਦੂਰ ਹਨੇਰਾ.
ਜਿਸ ਅੰਦਰ ਮੇਰਾ ਡੇਰਾ,
ਉਹ ਜਿਸਮ ਨਹੀਂ ਹੈ ਮੇਰਾ.
ਖਿੰਡ ਗਈ ਆਂ ਵਿੱਚ ਹਵਾ ਦੇ
ਮੈਂ ਤਾਂ ਬਣ ਕੇ ਖੁਸ਼ਬੋਈ.
ਮੇਰੀ ਨਬਜ਼ ਤਾਂ ਵੇਖੋ ਅੜੀਓ!

ਮੇਰੀ ਨਬਜ਼ ਤਾਂ ਵੇਖੋ ਅੜੀਓ!
ਮੈਂ ਜਿਉਂਦੀ ਹਾਂ ਕਿ ਮੋਈ,
ਹਰ ਸਾਹ ਨਾਲ਼ ਆਵੇ-ਜਾਵੇ,
ਮੇਰੇ ਅੰਦਰ-ਬਾਹਰ 'ਕੋਈ'।

### ਗ਼ਜ਼ਲ

ਗਿਲਾ ਕੀ 'ਦਿਓਲ!' ਜੱਗ ਦੀ ਨਿੰਦਿਆ ਜੇ,
ਬਣੀਂ ਹੈ ਤਾਜ ਗ਼ਜ਼ਲਾਂ ਤੇਰੀਆਂ ਦਾ।
ਖ਼ੁਦਾ ਦੀ ਸਿਰਜਣਾ ਨੂੰ ਵੀ ਤਾਂ ਲੋਕੀ,
ਕਹੀ ਜਾਂਦੇ ਨੇ 'ਪੁਤਲਾ ਗ਼ਲਤੀਆਂ ਦਾ।'

ਤੇਰੇ ਇਸ ਬਾਗ਼ ਵਿੱਚ ਐ ਬਾਗਵਾਂ! ਨੇ
ਹਜ਼ਾਰਾਂ ਬਿਰਖ, ਲੱਖਾਂ ਆਸ਼ਿਆਨੇ,
ਮੇਰੇ ਹੀ ਆਲ੍ਹਣੇ 'ਤੇ ਕਹਿਰ ਹੋਇਆ,
ਭਲਾ ਫਿਰ ਹਰ ਦਫ਼ਾ ਕਿਉਂ ਬਿਜਲੀਆਂ ਦਾ?

ਦਿਲਾ ਹੁਣ ਪਾ ਲਵੇਂਗਾ ਕੀ ਤੂੰ ਰੋ ਕੇ?
ਤੇਰਾ ਇਹ ਹਾਲ ਰਹਿਣਾ ਹੀ ਸੀ ਹੋ ਕੇ,
ਤੂੰ ਭੇਜੇ 'ਓਸ' ਨੂੰ ਅਨਮੋਲ ਤੋਹਫ਼ੇ,
ਤੇ 'ਉਹ' ਲੋਭੀ ਸੀ ਚੀਜ਼ਾਂ ਸਸਤੀਆਂ ਦਾ।

ਕਿਹਾ ਜੇਕਰ ਬੁਰਾ ਯਾਰੋ ! ਮੈਂ ਉਸਨੂੰ,
ਇਹੋ ਆਖੇਗਾ ਮੇਰਾ 'ਅੱਜ' ਮੈਨੂੰ
ਤੂੰ ਕੱਲ੍ਹ ਅੰਜਾਮ ਦਿੱਤਾ ਸੀ ਜਿਨ੍ਹਾਂ ਨੂੰ,
ਨਤੀਜਾ ਹਾਂ ਮੈਂ ਉਹਨਾਂ ਗ਼ਲਤੀਆਂ ਦਾ।

ਮੈਂ ਬੇਸ਼ੱਕ ਖ਼ੂਬਸੂਰਤ ਹਾਂ, ਹੁਸੀਂ ਹਾਂ
ਕਿਸੇ ਮਾਸੂਮ ਦੀ ਪਰ ਮੌਤ ਵੀ ਹਾਂ,
ਕਹਿਣ ਨੂੰ ਫੁੱਲ ਹਾਂ ਪਰ ਦਰਹਕੀਕਤ,
ਮੈਂ ਕਾਤਲ ਹਾਂ ਹਜ਼ਾਰਾਂ ਤਿਤਲੀਆਂ ਦਾ।

ਤੂੰ ਇਸ ਉਮੀਦ ਵਿਚ ਵਿੱਛੜੀਂ ਨਾ ਮੈਥੋਂ,
ਕਿ ਢੂੰਢਾਂਗਾ ਮੈਂ ਤੈਨੂੰ ਹੰਝੂਆਂ 'ਚੋਂ,
ਕਦੋਂ ਹੈ ਵਕਤ ਦਰਿਆ ਕੋਲ ਕਿ ਉਹ,
ਮਨਾਵੇ ਸੋਗ ਮੋਈਆਂ ਮਛਲੀਆਂ ਦਾ।

*****

## ਜਸਵੰਤ ਗਿੱਲ

### ਕਵਿਤਾ ਭੁੱਲ ਗਈ ਹੈ

ਕਵਿਤਾ ਭੁੱਲ ਗਈ ਹੈ
ਅੱਟਣਾਂ ਵਾਲੇ ਹੱਥਾਂ 'ਤੇ
ਮਿਹਨਤ ਦਾ ਫੁੱਲ
ਬਣ ਖਿੜਨਾ
ਤੇ ਹੱਕਾਂ ਲਈ
ਉਨ੍ਹਾਂ ਹੱਥਾਂ ਦਾ
ਮੁੱਕੇ ਬਣ ਉੱਠਣਾ....

ਕਵਿਤਾ ਭੁੱਲ ਗਈ ਹੈ
ਪਿਘਲੀ ਹੋਈ ਮੋਮਬੱਤੀ ਬਣ
ਬਿਆਈ ਵਾਲੇ
ਪੈਰਾਂ 'ਚ ਭਰ ਜਾਣਾ
ਇਸਨੂੰ ਯਾਦ ਨਹੀਂ
ਕਰਚਿਆਂ ਦੀ ਮਾਰ ਝੱਲਦੇ
ਕਣਕ ਦੀਆਂ
ਬੱਲੀਆਂ ਚੁਗਦੇ ਪੈਰ.....

ਕਵਿਤਾ ਭੁੱਲ ਗਈ ਹੈ
ਕਿਸੇ ਗ਼ਰੀਬੜੀ ਮੁਟਿਆਰ ਦੇ
ਉਲਝੇ ਹੋਏ ਵਾਲਾਂ ਦੀਆਂ
ਮੀਢੀਆਂ ਬਣ ਸਜ ਜਾਣਾ
ਉਹਨਾਂ ਵਾਲਾਂ ਨੂੰ ਸੰਵਾਰਦੀ
ਚੁੰਨੀ ਬਣ ਸਿਰ
'ਤੇ ਟਿਕ ਜਾਣਾ....

ਕਵਿਤਾ ਭੁੱਲ ਗਈ ਹੈ
ਆਪਣੇ ਲਹੂ ਪਸੀਨੇ ਨਾਲ
ਫ਼ਸਲ ਨੂੰ ਜਵਾਨ ਕਰਦੇ
ਸੀਰੀ ਸਾਂਝੀ ਨੂੰ
ਜਿਸ ਲਈ ਛੱਬੀ ਜਨਵਰੀ



ਤੇ ਪੰਦਰਾਂ ਅਗਸਤ
ਕੋਈ ਮਾਇਨੇ ਨਹੀਂ ਰੱਖਦੇ...

ਕਵਿਤਾ ਭੁੱਲ ਗਈ ਹੈ
ਪੱਕੀ ਫ਼ਸਲ 'ਤੇ ਵਰ੍ਹਦੇ ਮੀਂਹ
ਝੁਲਦੀ ਹਨੇਰੀ 'ਚ
ਕਿਸਾਨ ਨੂੰ ਹੌਂਸਲਾ ਦੇਣਾ
ਤੇ ਉਸ ਦੇ ਮਨ ਵਿਚ ਆਉਂਦੇ
ਮਾੜੇ ਖਿਆਲਾਂ ਨੂੰ ਤੋੜ
ਜੀਉਣ ਲਈ ਮਿਹਨਤ ਦਾ
ਹੋਕਾ ਦੇਣਾ......

ਕਵਿਤਾ ਭੁੱਲ ਗਈ ਹੈ
ਹੱਕਾਂ ਖਾਤਰ ਲੜਦੇ ਲੋਕਾਂ ਨੂੰ
ਲੜਨ ਲਈ ਹੌਂਸਲਾ ਦੇਣਾ
ਸੰਘਰਸ਼ ਲਈ ਸੀਨੇ 'ਚ
ਜਜ਼ਬਾ ਭਰਨਾ.......।

### ਕਵਿਤਾ ਨੂੰ ਯਾਦ ਹੈ

ਕਵਿਤਾ ਨੂੰ ਯਾਦ ਹੈ
ਬੱਸ, ਕੈਫੇ 'ਚ ਬੈਠ
ਕੌਫੀ ਪੀਂਦੇ
ਮੁਟਿਆਰ ਦੇ ਗੋਰੇ ਹੱਥ...
ਐਡੀਡਾਸ, ਬਾਟਾ,
ਨਾਇਕੀ ਦੇ
ਸੈਂਡਲਾਂ 'ਚ ਮਹਿਫੂਜ਼
ਗੁਲਾਬ ਤੋਂ ਵੀ ਕੋਮਲ ਪੈਰ
ਕਵਿਤਾ ਤਾਂ ਹੁਣ
ਕਾਲ਼ੇ, ਸੁਨਹਿਰੀ
ਸਟੈਰੇਟ ਵਾਲਾਂ
ਦੁਆਲੇ ਘੁੰਮਦੀ ਹੋਈ
ਭੁੱਲ ਚੁੱਕੀ ਹੈ
ਆਪਣਾ ਫਰਜ਼...

ਖੇਤਾਂ 'ਚ ਕੰਮ ਕਰਦੇ
ਕਿਸਾਨ, ਮਜ਼ਦੂਰ
ਇਸ ਨੂੰ ਨਜ਼ਰ ਨਹੀਂ ਪੈਂਦੇ
ਇਸ ਦੀ ਅੱਖ ਤਾਂ
ਟਿਕ ਗਈ ਹੈ
ਸਰਕਾਰੀ ਟੁਕੜਿਆਂ 'ਤੇ
ਕਵਿਤਾ ਨੇ ਮੱਲ ਲਏ ਨੇ
ਮਹਿਲਾਂ ਦੇ ਕੋਨੇ
ਇਹ ਹੁਣ ਵਿਦੇਸ਼ੀ ਕੁੱਤੇ ਦੀ
ਪੂਛ ਫੜੀ ਜਾਂਦੀ ਏ
ਪਾਰਕਾਂ 'ਚ ਘੁੰਮਣ
ਇਸਨੇ ਅਣਡਿੱਠ
ਕਰ ਦਿੱਤੈ
ਕਿਰਤੀਆਂ ਦੇ ਹੱਕਾਂ ਨੂੰ....

ਕਵਿਤਾ ਹੁਣ ਸਰਕਾਰੀ-
ਦਰਬਾਰੀ ਬਣ ਗਈ ਹੈ
ਹਾਕਮਾਂ ਦੇ ਬੁਰਕੀ
ਸੁੱਟਣ 'ਤੇ
ਉਹਨਾਂ ਲਈ ਭੌਂਕਦੀ ਹੈ
ਤੇ ਇਨਾਮਾਂ ਦੀਆਂ
ਬੁਰਕੀਆਂ ਪਿੱਛੇ
ਭੱਜਦੀ ਹੈ....।
*****

## ਜਗਮੀਤ ਹਰਫ਼



ਉਸਦੇ ਵੱਲੋਂ ਕੀਤੀ ਗਈ ਬੇਕਦਰੀ ਨੂੰ
ਉਸਦੇ ਵੱਲੋਂ ਲਾਏ ਗਏ ਇਲਜ਼ਾਮਾਂ ਨੂੰ
ਉਹ ਜਿੱਦਾਂ ਵੀ ਮਰਜ਼ੀ ਸਾਂਭੇ ਖਤ ਮੇਰੇ
ਮੈਂ ਪਰ ਸੀਨੇ ਲਾ ਰੱਖੂੰ ਸਨਮਾਨਾਂ ਨੂੰ।

ਰਾਤ ਨਿਕਲ ਗਈ ਬੇਸ਼ੱਕ ਜਿੱਦਾਂ ਮਰਜ਼ੀ ਤੇ
ਦਿਨ ਵੀ ਕੰਮਾਂ ਧੰਦਿਆਂ ਦੇ ਵਿਚ ਗੁਜ਼ਰ ਜਾਊ
ਘਰ ਵਿਚ ਆ ਕੇ ਕੰਧਾਂ ਦੀ ਗਲਵੱਕੜੀ ਵਿਚ
ਮੁਸ਼ਕਲ ਵਕਤ ਗੁਜਰਦੈ ਯਾਰਾ ਸ਼ਾਮਾਂ ਨੂੰ।

ਪੱਥਰ ਨਾਲ ਹੈ ਕੀਤਾ ਧੋਖਾ ਪਾਣੀ ਨੇ
ਨਾਲ ਵਿਚਰ ਕੇ ਉਸਨੂੰ ਖੋਰਾ ਲਾ ਦਿੱਤਾ
ਪੱਥਰ ਦਾ ਵੀ ਮਨ ਅਸਲੋਂ ਪਥਰਾਇਆ ਹੈ
ਸਮਝ ਗਿਆ ਉਹ ਪਾਣੀ ਦੇ ਅਨੁਮਾਨਾਂ ਨੂੰ।

ਸ਼ਾਇਰੀ ਦੇ ਸਾਰੇ ਹੀ ਰੇਖਾ ਚਿੱਤਰਾਂ ਵਿਚ
ਭਰ ਦੇਣੇ ਮੈਂ ਰੰਗ ਤੇਰੀਆਂ ਯਾਦਾਂ ਦੇ
ਹੁਣ ਰੰਗਾਂ ਵਿਚ ਅਸਲੋਂ ਮਨ ਨੂੰ ਟੇਕ ਮਿਲੇ
ਏਸੇ ਲਈ ਮੈਂ ਛੱਡ ਦਿੱਤਾ ਗੁਰਧਾਮਾਂ ਨੂੰ।

*****

ਸਵੈ ਦਾ ਮਾਣ ਜੇਕਰ ਕੀਚਰਾਂ ਵਿਚ ਟੁੱਟ ਜਾਣਾ ਸੀ
ਕਦੇ ਵੀ ਸ਼ੀਸ਼ਿਆਂ ਵਿਚ ਢਾਲਦਾ ਨਾ ਜੀਵਨੀ ਅਪਣੀ।

ਸੀ ਟੋਟੇ ਕੱਚ ਦੇ ਰਾਹਾਂ ਚ ਰੱਖ ਕੇ ਰੱਜ ਗਏ ਲੋਕੀਂ
ਅਸੀਂ ਟੁੱਟੇ ਨਹੀਂ, ਝੁਕੇ ਨਹੀਂ, ਰੁਕੇ ਨਹੀਂ ਫਿਰ ਵੀ।

ਬੜਾ ਕੌੜਾ ਕੁਸੈਲਾ ਹੈ ਤਜੁਰਬਾ ਏਸਦਾ ਯਾਰੋ!
ਨਿਰੀ ਖੰਡ ਦੀ ਪਿਆਲੀ ਨਾ ਰਹੀ ਮੇਰੇ ਲਈ ਜ਼ਿੰਦਗੀ।

ਪਤਾ ਹੁੰਦਾ ਜੇ ਮਹਿਫ਼ਲ ਵਿਚ ਮਿਰੇ ਬੈਠੇ ਸਿਆਣੂ ਨੇ
ਵਫ਼ਾ ਵਾਲੀ ਨਾ ਉਥੇ ਬੰਨਦਾ ਮੈਂ ਭੂਮਿਕਾ ਅਪਣੀ।

*****

ਮੈਨੂੰ ਨਕਾਰ ਨਾ ਤੂੰ ਐਦਾਂ ਪਿਆਰੇ ਮੇਰੇ।
ਤੇਰੇ ਬਿਨਾਂ ਦੱਸੀ ਖਾਂ ਕਿਹੜੇ ਸਹਾਰੇ ਮੇਰੇ।

ਅੱਖੀਂ ਛੁਪਾ ਨਾ ਹੋਣੇ, ਨਾ ਦਿਲ ’ਚ ਹੀ ਨੇ ਦਬਣੇ
ਕਿੱਥੇ ਛੁਪਾਏਂਗਾ ਤੂੰ, ਜਿਸਮੀ-ਅੰਗਾਰੇ ਮੇਰ਼ੇ।

ਕਲ਼-ਕਲ਼ ਕਰੇ ਨਾ ਹੁਣ ਇਹ, ਦੇਹੀ ਮੇਰੀ ’ਚੋਂ ਲੰਘਦਾ
ਤੇਰੀ ਦੇਹੀ ਦਾ ਪਾਣੀ, ਖੋਰੇ ਕਿਨਾਰੇ ਮੇਰੇ।

ਚੀਨੇ ਦੇ ਖੰਭਾਂ ਉੱਤੇ, ਸੁਰਮੇ ਦੇ ਛਿੰਭ ਪਾ ਕੇ
ਭੇਜੇ ਸੁਨੇਹੇ ਜਿਹੜੇ, ਪਾ ਗਏ ਖਿਲਾਰੇ ਮੇਰੇ।

*****

ਪੀੜਾਂ ਮੈਂ ਤੇਰੀਆਂ ਨੂੰ, ਐਦਾਂ ਕਬੂਲ ਕੀਤਾ।
ਹਾਸੇ ਦੀ ਭਾਫ਼ ਦੇ ਕੇ, ਦਿਲ ਵਿਚ ਉਤਾਰ ਲਈਆਂ।

ਬਣ ਕੇ ਨਦੀ ਮੈਂ ਤੇਰੇ, ਅੰਦਰ ਸਮਾ ਜਾਣਾ ਸੀ,
ਅਪਣੇ ਵਿਚਾਲੇ ਤੂੰ ਹੀ, ਕੰਧਾਂ ਉਸਾਰ ਲਈਆਂ

ਤਪਦੇ ਥਲਾਂ ਦੇ ਵਰਗਾ, ਅਹਿਸਾਸ ਜ਼ਿੰਦਗੀ ਦਾ
ਹਿੱਕ ਨਾਲ ਲਾ ਕੇ ਤੂੰ ਸਭ, ਨਜ਼ਰਾਂ ਉਤਾਰ ਲਈਆਂ।

ਖੁਦ ਨੂੰ ਮਹਿਸੂਸਦਾ ਹਾਂ, ਭਰਤੀ ਦੇ ‘ਸ਼ਬਦ’ ਵਾਂਗਰ,
‘ਬਚੀਆਂ ਤੁਕਾਂ’ ਵੀ ਯਾਰੋ! ‘ਸਕਤੇ’ ਨੇ ਮਾਰ ਲਈਆਂ।

ਗਮ ਦੇ ਗੁਲਾਬ ਤਾਂ ਹੀ, ਹੁਣ ਖਿੜ ਰਹੇ ਨੇ ਯਾਰਾ!
ਪੁੱਟ ਕੇ ਨਦੀਨੀ-ਹਾਸੇ, ਫਸਲਾਂ ਸੰਵਾਰ ਲਈਆਂ।

*****

# ਜਗਸੀਰ ਸਿੰਘ ਬਰਾੜ



**ਗ਼ਜ਼ਲ**

ਉਂਝ ਜੀਵਨ ਵਿਚ ਏਦਾਂ ਦਾ ਵੀ ਇੱਕ ਸਵੇਰਾ ਹੁੰਦਾ ਏ।
ਜਦ ਚਾਨਣ ਦਿਸਦਾ ਨਈਂ ਤੇ ਨੇਰ੍ਹਾ ਹੀ ਨੇਰ੍ਹਾ ਹੁੰਦਾ ਏ।

ਬੇਸ਼ੱਕ ਔਖਾ ਸ਼ਾਖ ਲਈ ਵੀ ਨਵਿਆਂ ਨਾਲ਼ ਲਗਾ ਲੈਣੀ,
ਮਗਰ ਝੜੇ ਪੱਤੇ ਦਾ ਵੀ ਅਪਨਾ ਹੀ ਜ਼ੇਰਾ ਹੁੰਦਾ ਏ।

ਕਾਂ ਬੋਲੇ ਬਿਨ ਵੀ ਆਉਣ ਵਾਲ਼ੇ ਆ ਜਾਂਦੇ ਉਹਨਾਂ ਦੇ,
ਜਿਹਨਾਂ ਦੇ ਨਾ ਹੀ ਛੱਤ ਹੁੰਦੀ ਏ ਨਾ ਬਨੇਰਾ ਹੁੰਦਾ ਏ।

ਉਂਝ ਤੂੰ ਰੋਂਦੇ ਦੀ ਖ਼ਾਤਰ ਹੱਸਣ ਦਾ ਕਾਰਨ ਬਣਿਆ ਕਰ,
ਖ਼ੁਸ਼ ਨੂੰ ਰੋਂਦਾ ਦੇਖਣ ਵਾਲ਼ਾ ਜੱਗ ਬਥੇਰਾ ਹੁੰਦਾ ਏ।

ਹੁਣ ਪੰਛੀ ਉੱਡਣ ਤਾਂ ਉੱਡਣ ਕਿਸ ਤਰ੍ਹਾਂ ਏਸ ਜਗਤ ਅੰਦਰ,
ਥੱਲੇ ਬੰਦਾ ਤੇ ਉੱਤੇ ਡੋਰਾਂ ਦਾ ਡੇਰਾ ਹੁੰਦਾ ਏ।

*****

ਅੱਖਾਂ ਦੇ ਨਾਲ ਬੋਲਣ ਬੰਦੇ।
ਬੋਲਣ ਤੇ ਫਿਰ ਤੋਲਣ ਬੰਦੇ।

ਤੈਂ ਹੀ, ਨਜ਼ਰ ਘੁਮਾਈ ਹੋਊ,
ਨਈਂ ਤਾਂ ਉਂਝ ਨਾ ਡੋਲਣ ਬੰਦੇ।

ਮਰਿਆ ਜੋ, ਨਾ ਜਿਉਂਦਾ ਹੋਜੇ ,
ਤਾਹੀਂ ਸੁਆਹ ਫ਼ਰੋਲਣ ਬੰਦੇ।

ਕੰਡੇ ਸੀ ਜੋ ਖਿੰਡ ਗਏ ਨੇ ,
ਫੁੱਲ ਬੜੇ ਹੀ ਮਧੋਲਣ ਬੰਦੇ।

ਅੰਦਰੋਂ ਜ਼ਹਿਰਾਂ ਨਾਲ ਭਰੇ ਨੇ ,
ਮੁੱਖੋਂ ਸ਼ਹਿਦਾਂ ਘੋਲਣ ਬੰਦੇ।

*****

ਧੌਰੇ ਕੈਸੇ ਕਾਤਲ ਬੱਦਲ ਛਾਏ ਨੇ।
ਦੀਪ ਬੁਝਾ ਸ਼ਮਸ਼ਾਨ ਜਲਾ ਕੇ ਆਏ ਨੇ।

ਗ਼ਮ ਨੂੰ ਚੁੱਕਾਂ ਜਾਂ ਯਾਦਾਂ ਦੀ ਗਠੜੀ ਮੈਂ,
ਉੱਧਰ ਰਾਤਾਂ ਨੇ ਅਹਿਸਾਨ ਜਤਾਏ ਨੇ।

ਜਾਨਵਰਾਂ ਦੇ ਬਣਨ ਮਸੀਹੇ ਦਿਨ ਵੇਲ਼ੇ,
ਰਾਤੀਂ ਜਿਹਨਾਂ ਚੱਕ ਪਤੀਲੀਂ ਪਾਏ ਨੇ।

ਕਿਹੜਾ ਕਹਿੰਦਾ ਮਿਲ਼ਦੀ ਮੁਫ਼ਤ ਅਜ਼ਾਦੀ ਏ,
ਦੋਹੀਂ ਪਾਸੀਂ ਸੱਥਰ ਬਹੁਤ ਵਿਛਾਏ ਨੇ।

ਝੁੱਗੀ ਢਾਹੁੰਦੇ ਧੌਰੇ ਬਚ ਹੀ ਜਾਣਾ ਸੀ,
ਮਾਰੇ ਜਾਣੇ ਜਿਹਨਾਂ ਨੇ ਗੁੰਬਦ ਢਾਏ ਨੇ।

*****

ਨਾਲ਼ ਅਸਾਡੇ ਜਿਹੜੇ ਸਨ ਹੱਸਣ ਵਾਲੇ।
ਛੱਡ ਗਏ ਕੱਲਾ ਦਿਲ ਵਿੱਚ ਵੱਸਣ ਵਾਲੇ।

ਭੁੱਲ ਗਏ ਸਿਰਨਾਵਾਂ ਅਪਣੇ ਘਰ ਦਾ ਵੀ,
ਤੇਰੇ ਘਰ ਦਾ ਰਾਹ ਸਾਨੂੰ ਦੱਸਣ ਵਾਲੇ।

ਵਸਣਾ ਔਖਾ ਡਾਹਢਾ ਏਸ ਗਰਾਂ ਅੰਦਰ,
ਬੰਦੇ ਹਨ ਸੱਪਾਂ ਨੂੰ ਵੀ ਡੱਸਣ ਵਾਲੇ।

ਦੁਸ਼ਮਣ ਹੀ ਸੀ ਜੋ ਦਿਲ ਵਿਚ ਆਕੇ ਵੱਸਿਆ,
ਸੱਜਣ ਤਾਂ ਨਿਕਲੇ ਬੂਹਿਓਂ ਨੱਸਣ ਵਾਲ਼ੇ।

ਉਫ਼ ! ਆਲਣਿਆਂ ਨੂੰ ਵੀ ਢਾਹੁੰਦੇ ਫਿਰਦੇ,
ਯਾਰੋ ਇਹ ਮਹਿਲਾਂ ਅੰਦਰ ਵੱਸਣ ਵਾਲ਼ੇ।

*****

## ਜਗਦੀਪ ਜਵਾਹਰਕੇ



### ਤੈਨੂੰ ਪਤਾ

ਤੈਨੂੰ ਪਤਾ
ਤੈਨੂੰ ਇਉਂ ਜੋੜਿਆ ਮੈਂ

ਜਿਵੇਂ ..

ਕਿਸੇ ਸ਼ਰਾਬੀ ਦੇ ਘਰਵਾਲੀ
ਉਸ ਤੋਂ ਚੋਰੀ ਪੈਸੇ ਜੋੜਦੀ ਹੈ
ਸੁੱਕੀ ਚਾਹ ਵਾਲੇ ਡੱਬੇ 'ਚ
ਕਦੇ ਪੇਟੀ ਚ ਪਈਆਂ
ਦਰੀਆਂ ਦੀ ਤਹਿ 'ਚ
ਕੁਝ ਨਹੀ ਲੈਂਦੀ ਆਪਣੇ ਲਈ
ਬਸ ਧੀਅ ਦਾ ਦਾਜ ਜੋੜਦੀ ਹੈ

ਜਿਵੇਂ ..

ਜਿਵੇਂ ਕੋਈ ਕਾਮਾ ਟੁੱਟੀ ਚੱਪਲ
ਜੋੜਦਾ ਹੈ
ਝੱਗੇ ਦੀ ਕੰਨੀ ਨਾਲ
ਜਾਂ
ਕੋਈ ਬਰੀਕ ਤਿੱਖੀ ਚੀਜ਼ ਲੰਘਾਉਂਦਾ
ਵੱਧਰ 'ਚੋਂ ਝੱਗਾ ਤੇ ਹੱਥ
ਸਲਾਮਤ ਰੱਖਦਾ ਹੋਇਆ

ਜਿਵੇਂ ..

ਬਾਪੂ ਨੇ ਮਾਂ ਲਈ ਜੋੜਿਆ ਸੀ
ਪਹਿਲਾ ਤੋਹਫ਼ਾ
ਬਿਲਕੁਲ ਇਸੇ ਤਰ੍ਹਾਂ
ਜਿਵੇਂ ਮਾਂ ਨੇ ਘਰ ਜੋੜਿਆ
ਤੈਨੂੰ ਪਤਾ ॥

### ਮਾਂ ਦੱਸਦੀ

ਕੀ ਵੱਡਾ ਚਮਟੇ ਦੀ ਪੱਤੀ ਨਾਲ
ਸਾਂਚਾ ਖੁਰਚਦਾ-ਖੁਰਚਦਾ
ਕੱਚੀ ਇੱਟ ਤਰਾਸ਼ ਕੇ
ਮੇਰੇ ਲਈ ਟਰੈਕਟਰ ਬਣਾਉਂਦਾ
ਤੇ ਮੈਂ
ਬਿਨਾਂ ਟਾਇਰਾਂ ਵਾਲੀ ਇੱਟ
ਰੇਤੇ 'ਚ ਬੇਪਰਵਾਹ ਭਜਾਈ ਰੱਖਦਾ

ਇਕ ਦਿਨ ਜ਼ੋਰ ਦਾ
ਮੀਂਹ-ਹਨੇਰੀ ਆਈ
ਮਾਂ ਤੇ ਬਾਪੂ
ਝੁੰਬੀ ਦਾ ਕਾਗਜ ਬਚਾਉਣ 'ਚ
ਲੱਗ ਗਏ
'ਤੇ
ਕਿੰਨੀਆਂ ਹੀ ਕੱਚੀਆਂ ਇੱਟਾਂ 'ਚ
ਮੇਰਾ ਟੈਰੈਕਟਰ ਵੀ ਮਿੱਟੀ ਹੋ ਗਿਆ
ਮੈਂ ਉਸ ਦਿਨ ਵਾਧੂ ਰੋਇਆ

ਬਾਪੂ ਨੇ ਮੈਨੂੰ
ਛੋਟੀ ਸਾਈਕਲੀ ਨਾ ਲੈ ਕੇ ਦਿੱਤੀ
ਮੈਂ ਗਾਰਾ ਸੁੱਟਣ ਵਾਲੀ
ਇੱਕ ਟਾਇਰੀ ਰੇੜ੍ਹੀ ਸਾਰਾ ਦਿਨ
ਰੋੜ੍ਹੀ ਫਿਰਦਾ
ਪਿੰਡ ਆਉਣ ਵੇਲੇ
ਉਹ ਰੇੜ੍ਹੀ
ਬਾਪੂ ਪੂਰਬੀਆ ਨੂੰ ਵੇਚ ਆਇਆ
ਇਸ ਵਾਰ ਵੀ ਮੈਂ ਰੋਇਆ

ਵੱਡੇ ਦੀਆ ਸਾਂਭ ਕੇ ਰੱਖੀਆਂ
ਕੰਚ ਦੀਆ ਗੋਲੀਆਂ
ਮੈਂ ਚੌਗੁਣੀਆਂ ਕਰਕੇ
ਦੋ ਕੁੱਜੇ ਵਹਿੜੇ 'ਚ ਦੱਬੇ ਸੀ
ਪਰ ਥਾਂ ਵੇਚਣ ਵੇਲੇ
ਉਹ ਵੀ ਉੱਥੇ ਹੀ ਕਿੱਤੇ
ਦਬੀਆਂ ਰਹਿ ਗਈਆਂ

ਹੁਣ ਤਾਂ ਮੈਂ
ਛੋਟੀ ਤੋਂ ਛੋਟੀ ਚੀਜ਼ ਵੀ
ਸਾਂਭ ਕੇ ਰੱਖਦਾ
ਮੇਰੇ ਕੋਲ ਗਵਾਉਣ ਨੂੰ ਕੁਝ ਨਹੀ ਹੈ

ਬਾਪੂ ਸੱਚ ਆਖਦਾ
ਬੰਦੇ ਦਾ ਜੋ ਕੁਝ ਕੀਮਤੀ ਹੁੰਦਾ
ਉਹ ਬਚਪਨ ਵਿਚ ਹੀ ਗਵਾਚ
ਜਾਂਦਾ।

### ਦੁਚਿੱਤੀ

ਮੇਰੀ ਕਵਿਤਾ ਨੂੰ ਪਸੰਦ
ਕਰਦੀ ਕੁੜੀ
ਪਿੜਾਂ, ਪਥੇਰਿਆਂ ਤੋਂ ਅਣਜਾਣ ਹੈ

ਉਹ ਮੈਨੂੰ ਮੁੱਢੀ ਦਾ
ਮਤਲਬ ਪੁੱਛਦੀ ਹੈ

ਮੈਂ ਦੁਚਿੱਤੀ 'ਚ ਹਾਂ
ਇਸ ਨੂੰ ਕਿਸ
ਮੁੱਢੀ ਬਾਰੇ ਦੱਸਾਂ

ਜਿਸ ਤੇ ਇੱਟ ਦਾ ਮਾਰਕਾ ਹੈ
ਜਾਂ
ਜਿਸ ਨਾਲ ਮਾਂ ਚੁੱਲ੍ਹਾ
ਮਘਾਉਂਦੀ ਹੈ।
*****

# ਜਸ ਜੀਤ



ਕਵਿਤਾ ਜਦ ਵੀ ਖੜਾਕ ਕਰਦੀ ਏ,
ਅੰਬਰ ਦੀ ਹਿੱਕ ਚੀਰ ਕੇ ਕਰਦੀ ਏ।
ਬੋਲਿਆਂ ਨੂੰ ਸੁਣਨ ਲਾ ਦਿੰਦੀ ਏ,
ਅੰਨ੍ਹਿਆਂ ਨੂੰ ਦੇਖਣ ਦਾ
ਸਬੱਬ ਦਿੰਦੀ ਏ,
ਕਾਣਿਆਂ ਦੇ ਕੱਜ
ਢੱਕਦੀ ਏ,
ਤੇ...
ਗੂੰਗਿਆਂ ਨੂੰ ਅਵਾਜ਼ ਬਖਸ਼ਦੀ ਏ।
ਕਿਰਤੀ ਦੀ ਦਾਤਰ ਵਿੱਚ
ਰੋਹ ਭਰਦੀ ਏ,
ਮੰਡੀ 'ਚ ਰੁਲਦੇ ਬੋਹਲ਼ਾਂ ਦੀ,
ਜ਼ੁਬਾਨ ਬਣਦੀ ਏ।
ਸ਼ਾਹਾਂ ਦੇ ਪਲੰਘ ਦੀ ਨਵਾਰ ਵਿੱਚ ,
ਛੱਡਦੀ ਏ ਜ਼ਹਿਰੀਲੇ ਬਿੱਛੂ...
ਤੇ ਤੜੱਕ ਕਰ ਕੇ ਤੋੜਦੀ ਏ
ਕਿੰਨੇ ਹੀ ਸੰਗਲਾਂ ਨੂੰ!
ਮਾਂ ਦੀ ਰੋਟੀ ਵਿੱਚ ਰਸ ਭਰਦੀ ਏ,
ਧੂੰਏਂ ਦੇ ਪੱਜ ਰੋਣ ਦੀ
ਬਿਧ ਬਣਾਉਂਦੀ ਏ,
ਅੱਲ੍ਹੜ ਉਮਰ ਦੇ ਕੁਆਰੇ ਚਾਵਾਂ ਨੂੰ,
ਕੁਆਰੀ ਜਿਹੀ ਅੱਗ ਨੂੰ,
ਬੋਚ ਬੋਚ ਕੇ, ਹਿਫ਼ਾਜ਼ਤ ਨਾਲ਼
ਸੁਲਗਣ ਦਾ ਰਾਹ ਦੱਸਦੀ ਹੈ।
ਸੁਹਾਗਣ ਦੀ ਮਹਿੰਦੀ ਦੇ ਚਾਵਾਂ ਨੂੰ,
ਅੱਖਰ ਬਣਾ ਬਣਾ ਉਕੇਰਦੀ ਏ
ਤਲੀਆਂ ਤੇ
ਕਿਸੇ ਮਹਿਬੂਬ ਦੀ ਮੁਹੱਬਤ ਦਾ,
ਸਿਰਨਾਵਾਂ ਬਣਦੀ ਏ!
ਕਿਸੇ ਦਿਲਬਰ ਦੇ ਇਸ਼ਕ ਦੀ,
ਗਵਾਹ ਬਣਦੀ ਏ...
ਕਿਸੇ ਸ਼ਾਇਰ ਦੀਆਂ ਰਗਾਂ ਵਿਚ,
ਭਰਦੀ ਏ ਨਵਾਂ ਉਬਾਲ,
ਤੇ ਕਿਸੇ ਹੀਰ ਦੀਆਂ ਸੱਜਰੀਆਂ,
ਚੀਕਾਂ ਨੂੰ ਰਾਗਬੱਧ ਕਰਦੀ ਏ।
ਕਿਸੇ ਨੇਰ੍ਹੇ ਦੀ ਗੁੱਠ 'ਚ ਪਏ,
ਹੀਰੇ ਨੂੰ ਟਟੋਲ ਲਿਆਉਂਦੀ ਏ।
ਕਿਸੇ ਵੀਰਾਨ ਬੀਆਬਾਨ ਨੂੰ,
ਖ਼ੂਬਸੂਰਤ ਤਰਾਨਾ ਕਰਦੀ ਏ।
ਕਿਉਂਕਿ ਕਵਿਤਾ...
ਜਦ ਵੀ ਖੜਾਕ ਕਰਦੀ ਏ
ਬਸ ਕਹਿਰ ਕਰਦੀ ਏ।

*****

ਕੋਈ ਨਕਸ਼ਾਂ ਦੀ ਕੁਦਰਤ ਸਹੀ,
ਜਾਂ ਨੈਣਾਂ ਦੀ ਕਰਾਮਾਤ ਕੋਈ,
ਕਿ ਤੈਨੂੰ ਤੱਕਿਆਂ,
ਸਭ ਕੋਰੜੇ,ਕਬਿੱਤ ਥਾਂ ਸਿਰ ਹੋ ਗਏ।
ਰਦੀਫ਼ ਨੇ ਕਾਫ਼ੀਏ ਨੂੰ ਇਜ਼ਹਾਰ ਏ
ਮੁਹੱਬਤ ਕੀਤਾ,
ਮਤਲੇ ਤੇ ਮਕਤੇ ਨੇ ਗ਼ਜ਼ਲ ਦਾ ਇਸ਼ਕ,
ਸਵੀਕਾਰ ਕਰ ਲਿਆ।
ਬਹਿਰਾਂ ਟੁੱਟ ਕੇ ਕਿਸੇ ਨਵੇਂ ਪਹਿਰ 'ਚ,
ਕਿਸੇ ਹਾਣ ਦੀ ਤਰੰਨੁਮ ਦਾ,
ਹੱਥ ਫੜ ਬਹਿ ਗਈਆਂ।
ਛੰਦਾਂ ਨੂੰ ਖ਼ਬਰ ਹੋਈ...
ਉਨਾਂ ਖੰਭ ਲੱਗ ਗਏ,
ਉੱਡਣ ਖਟੋਲੇ ਬਣ ਗਏ ਸਤਰਾਂ ਦੇ,
ਕਿਰਮਚੀ ਜਿਹਾ ਰੰਗ
ਉੱਭਰ ਆਇਆ,
ਨੀਲੱਤਣ ਦੀ ਹਿੱਕ ਤੇ।
ਤੇ ਸਾਰਾ ਬ੍ਰਹਿਮੰਡ
ਤੇਰੇ ਨਾਂ ਦੀ ਗੂੰਜ ਨਾਲ਼,
ਗੂੰਜਣ ਲੱਗ ਪਿਆ।
ਮੇਰੇ ਰੋਮਾਂ ਤਕ ਪਹੁੰਚ ਗਈ,
ਨਾਦ ਦੀ ਹੂਕ ਤੇ
ਮੋਰਾਂ ਦੀ ਕੂਕ!
ਮੈਂ...ਪਹਿਰ ਦੇ ਤੜਕੇ,
ਜਿਸ ਵੇਲੇ ਅਜ਼ਾਨ ਦੀ ਹੂ,
ਤੇ ਰਬਾਬ ਦਾ ਸੁਰ ਮਿਲ ਕੇ
ਅਗੋਚਰ ਦਾ ਸੁਨੇਹਾ ਦਿੰਦੇ ਨੇ,
ਮੈਂ ਸੁੱਚੜੇ ਜਿਹੇ ਵੇਸ ਪਹਿਨ,
ਤੇਰੇ ਪੈਰਾਂ ਦੀ ਧੂੜ ਮੱਥੇ ਲਾ ਲਈ..
ਬਣ ਕੇ ਸੁਹਾਗਣ,
ਤੇ ਕਰ ਲਿਆ ਤੈਨੂੰ
ਆਪਣੇ ਅੰਦਰ ਗੋਚਰ...
ਜਗਾ ਦਿੱਤਾ ਤੂੰ ਮੇਰਾ ਸੁੱਤਾ ਇਸ਼ਕ
ਵਟਾ ਦਿੱਤਾ ਇਸ਼ਕ ਨੂੰ ਮੁਹੱਬਤ ਚ।
ਸੰਝ ਦਾ ਅਰਦਾਸ ਵੇਲਾ...
ਦੋਵੇਂ ਹੱਥ ਜੋੜ ਅਰਦਾਸ...
ਚੰਨ, ਤੂੰ ਜਿਉਂਦਾ ਰਹਿ,
ਤੇਰੀ ਠੰਢੀ ਠੰਢੀ ਲੋਅ 'ਚ
ਮੈਂ ਨਿੱਤ ਡੁਬਕੀ ਲਗਾਉਂਦੀ ਰਹਾਂ
ਤੇਰੇ ਤੇ ਇਹ ਦਾਗ,
ਮੇਰੇ ਹਿੱਸੇ ਦੇ ਹਨ,
ਮੇਰੀ ਕੁਹਜ ਦੇ ਨੇ,
ਪਰ ਤੇਰੇ ਚਾਨਣ ਦਾ ਕਿਹੜਾ ਸਾਨੀ?
ਤੇਰੀ ਆਮਦ ਲਈ,
ਸੂਰਜ ਹਮੇਸ਼ਾ ਘਰ ਨੂੰ ਮੁੜਦਾ ਰਹੇ,
ਪਰ ਤੂੰ... ਤੂੰ ਹਮੇਸ਼ਾ ਸਿਖ਼ਰ ਦੀ
ਚੋਟੀ ਦੇ ਪਾਰੋਂ ਮੈਨੂੰ ਨਿੱਤ
ਸੁਗਾਤਾਂ ਘੱਲਦਾ ਰਹੇਂ।

*****

# ਜੱਗੀ ਹਮੀਰਗੜ੍ਹ

## ਕੁੱਖ ਦਰ ਕੁੱਖ

ਸਾਮਰਾਜਵਾਦੀ ਅਜਗਰ ਜਮਾਂਦਰੂ ਹੀ ਰਿਹੈ
ਅੰਨ੍ਹਾ, ਬੋਲਾ, ਕਾਣਾ
ਜਿਸ ਦੀ ਕੁੱਖੋਂ ਉਪਜੇ
ਬੰਬ, ਮਿਜ਼ਾਈਲਾਂ, ਤੋਪਾਂ
ਨਿਰੇ ਅੰਨ੍ਹੇ, ਬੋਲੇ, ਕਾਣੇ ਸਪੋਲ਼ੀਏ
ਜਿਨ੍ਹਾਂ ਦੀਆਂ ਰਗਾਂ 'ਚ ਦੌੜਦੈ
ਸਾਮਰਾਜਵਾਦੀ ਜ਼ਹਿਰ
ਜੋ ਫਿਜ਼ਾ ਦੇ ਨਾਸੀਂ ਚੜ੍ਹ
ਧਰਤ ਦਾ ਪਿੰਡਾ ਕਾਲ਼ਖ ਕਾਲ਼ਖ ਕਰ ਛੱਡਦੇ

ਜੋ ਦਾਗੇ ਜਾਂਦੇ ਰਹੇ ਆ
ਦਾਗੇ ਜਾ ਰਹੇ ਆ ਧਰਤ ਦੇ ਕੁੱਖੀਂ

ਜਿਨ੍ਹਾਂ ਨਹੀਂ ਸੁਣਨਾ
ਧਰਤ ਦੀ ਕੁੱਖੇ ਪਏ ਪਾੜ ਸੰਗ
ਚੀਥੜੇ-ਚੀਥੜੇ ਹੋ ਗਏ
ਬਾਲਾਂ ਦੀ ਮਾਂਵਾਂ ਦੀ ਕੁੱਖੋਂ
ਨਿਕਲੀ ਚੀਖ

ਮਿਜ਼ਾਈਲਾਂ ਜਦ ਧਰਤ ਦੇ
ਕੁੱਖੇ ਪਾੜ ਪਾਉਂਦੀਆਂ
ਤਾਂ ਚੀਖਾਂ ਮਾਵਾਂ ਦੀਆਂ
ਕੁੱਖੋਂ ਨਿਕਲਦੀਆਂ।

ਪਰ ਅੰਨ੍ਹੇ, ਬੋਲ਼ੇ, ਕਾਣੇ
ਸਾਮਰਾਜਵਾਦੀ ਲਾਣੇ
ਦੇ ਕੰਨੀ ਜੂੰ ਨਾ ਸਰਕਦੀ
ਅੱਖਾਂ 'ਚ ਤਰਸ ਦਾ ਕਤਰਾ ਨਾ ਛਲਕਦਾ

ਚੀਖਾਂ
ਕੁੱਖ ਦਰ ਕੁੱਖ ਸਫ਼ਰ ਕਰਦੀਆਂ ਰਹਿੰਦੀਆਂ।

**(2023 'ਚ ਇਸਰਾਇਲ-ਫਲਸਤੀਨ ਜੰਗ ਦੇ ਭੇਟ ਚੜ੍ਹੇ ਮਾਸੂਮ ਬੱਚਿਆਂ ਦੀਆਂ ਮਾਵਾਂ ਦੇ ਨਾਂ...।)**



## ਰੁਜ਼ਗਾਰ

ਪਤਨੀ ਦਾ ਮਹਿਣਾ ਰਹਿੰਦੈ ਕਿ ਕਰਦਾ ਨਹੀਂ
ਕਦੇ ਬਹਿ ਪਿਆਰ ਦੀਆਂ ਗੱਲਾਂ

ਕਿਦਾਂ ਉਸਨੂੰ ਦੱਸਦਾ ਮੈਂ
ਕਿ ਇਹ ਸਭ ਕੁੱਝ ਆਪਣਾ
ਖਾ ਗਈਆਂ ਰੁਜ਼ਗਾਰ ਦੀਆਂ ਗੱਲਾਂ।

## ਰੰਗ

ਰੰਗਾਂ ਦੀ ਕੋਈ
ਜਾਤ, ਨਸਲ ਨਹੀਂ ਹੁੰਦੀ

ਪਰ ਓ ਅਕਸਰ
ਮੇਰੇ ਰੰਗ ਤੋਂ ਭਾਂਪ ਲੈਂਦੇ
ਮੇਰੀ ਜਾਤ ਮੇਰੀ ਨਸਲ

ਉਹ ਵੰਡਣਹਾਰੇ ਜਾਣਦੇ

ਹਰ ਨਸਲ ਦੀ ਇਕ ਜਾਤ ਹੁੰਦੀ
ਹਰ ਜਾਤ ਦਾ ਇਕ ਰੰਗ ਹੁੰਦੈ

ਉਂਝ ਰੰਗਾਂ ਦੀ
ਕੋਈ ਜਾਤ, ਨਸਲ ਨਹੀਂ ਹੁੰਦੀ।

*****

## ਜੋਬਨਰੂਪ ਛੀਨਾ



ਇਸ਼ਕ ਸਮੁੰਦਰ ਵਰਗਾ ਹੁੰਦਾ ਲਹਿਰਾਂ ਬਣਕੇ ਵਹਿ ਜਾਂਦਾ ਏ
ਬੈਠ ਕਿਨਾਰੇ ਵੇਖੇ ਜਿਹੜਾ ਉਹ ਬੈਠਾ ਹੀ ਰਹਿ ਜਾਂਦਾ ਏ

ਕੌੜੇ ਬੋਲ ਦੀ ਕੌੜੀ ਰੰਗਤ ਫਿੱਕਾ ਕਰ ਜਾਏ ਪਿਆਰਾਂ ਨੂੰ
ਮਹਿਰਮ ਜੇਕਰ ਮਿੱਠਾ ਬੋਲੇ ਧੁਰ ਅੰਦਰ ਤੱਕ ਲਹਿ ਜਾਂਦਾ ਏ

ਜਿਹੜਾ ਕਹਿੰਦਾ ਤੇਰੇ ਤੋਂ ਹੁਣ, ਦੂਰ ਕਦੇ ਨਹੀਂ ਹੋ ਸਕਦਾ ਮੈਂ
ਪਲ ਛਿਣ ਦੇ ਵਿਚ ਹੀ ਉਮਰਾਂ ਜਿਹੀ ਦੂਰੀ ਪਾ ਕੇ ਬਹਿ ਜਾਂਦਾ ਏ

ਉਹ ਕਹਿੰਦੇ ਸੀ ਤੇਰੇ ਸਾਹਵੇਂ ਉੱਚਾ ਬੋਲ਼ ਨਹੀਂ ਬੋਲਾਂਗਾ
ਗੁੱਸੇ ਦੇ ਵਿਚ ਪਤਾ ਨਹੀਂ ਲੱਗਦਾ ਮੈਨੂੰ ਕੀ ਕੁਝ ਕਹਿ ਜਾਂਦਾ ਏ

ਮੈਂ ਤਾਂ ਮੇਰੇ ਦਿਲ ਨੂੰ ਪੁੱਛਾਂ ਤੂੰ ਤਾਂ ਗ਼ੈਰਤ ਵਾਲ਼ਾ ਸੀ
ਹੁਣ ਦੱਸ ਕਿੱਥੇ ਗ਼ੈਰਤ ਤੇਰੀ ਕਿਉਂ ਇਹ ਸਭ ਕੁਝ ਸਹਿ ਜਾਂਦਾ ਏ
*****

ਕੁਝ ਨਹੀਂ ਤੇਰਾ ਮੇਰਾ ਸੱਜਣਾ
ਸਭ ਦਾ ਸੁਰਖ਼ ਸਵੇਰਾ ਸੱਜਣਾ

ਮੇਰੇ ਲਈ ਹੈ ਚਾਅ ਦਾ ਸਾਗਰ
ਤੇਰਾ ਇੱਕੋ ਫੇਰਾ ਸੱਜਣਾ

ਮੇਰਾ ਕੀ ਹੈ ਮੇਰੇ ਅੰਦਰ
ਜੋ ਕੁਝ ਹੈ ਸੋ ਤੇਰਾ ਸੱਜਣਾ

ਕੱਚਿਆਂ ਉੱਤੇ ਤਰਨ ਲਈ ਵੀ
ਕਰਨਾ ਪੈਂਦਾ ਜੇਰਾ ਸੱਜਣਾ

ਧੜਕਣ ਵਾਂਗੂੰ ਦਿਲ ਮੇਰੇ ਵਿਚ
ਖ਼ਿਆਲ ਤੇਰੇ ਦਾ ਡੇਰਾ ਸੱਜਣਾ

ਨੂਰ ਤੇਰੇ ਦਾ ਰੂਪ ਮੇਰੇ ਤੇ
ਅਜ਼ਲੋਂ ਅਸਰ ਬਥੇਰਾ ਸੱਜਣਾ
*****

ਦੁਆ ਹੈ ਹਮੇਸ਼ਾ ਰਹੇਂ ਤੂੰ ਸਲਾਮਤ
ਕਿ ਨੇੜੇ ਨ ਤੇਰੇ ਟਿਕੇ ਕੋਈ ਆਫ਼ਤ

ਦੁਨੀਆਂ ਲਗਾਵੇ ਘਰਾਂ ਵਿਚ ਬਸੰਤਰ
ਤੁਸੀਂ ਗਲ਼ ਲਗਾਵੋ ਤਾਂ ਹੋਵੇ ਹਿਫ਼ਾਜ਼ਤ

ਅਸਾਂ ਨੂੰ ਲੁਕਾਈ ਕਹੇ ਭਾਵੇਂ ਪਾਗਲ
ਅਸੀਂ ਤਾਂ ਤੁਸਾਂ ਦੀ ਕਰਾਂਗੇ ਇਬਾਦਤ

ਜਦੋਂ ਤੱਕ ਸੀਨੇ 'ਚ ਧੜਕਣ ਜਿਊਂਦੀ
ਅਸਾਂ ਨੂੰ ਰਹੇਗੀ ਤੁਹਾਡੀ ਜ਼ਰੂਰਤ

ਰਹੇਗਾ ਜਦੋਂ ਤੀਕ ਜੋਬਨ ਅਸਾਂ ਦਾ
ਉਦੋਂ ਤੱਕ ਬਾਕੀ ਤੁਸਾਂ ਦੀ ਹੈ ਚਾਹਤ
*****

ਉਦਾਸੀ ਨੂੰ ਉਹ ਖੰਭ ਲਾ ਦਿੰਦਾ ਮੈਨੂੰ ਜਾਦੂਗਰ ਲੱਗਦਾ ਏ
ਕਹਿਣੇ ਨੂੰ ਤਾਂ ਦੋਸਤ ਮੇਰਾ ਪਰ ਮੁੱਢ ਤੋਂ ਦਿਲਬਰ ਲੱਗਦਾ ਏ

ਤੇ ਪੌਣਾਂ ਦੇ ਵਿਚ ਮਹਿਕਾਂ ਘੁਲੀਆਂ ਤੋਂ ਏਦਾਂ ਹੀ ਲੱਗਦਾ ਹੈ
ਫੁੱਲਾਂ ਦਾ ਗੁਲਦਸਤਾ ਲੈ ਕੇ ਆਇਆ ਮੇਰੇ ਦਰ ਲੱਗਦਾ ਏ

ਮੈਂ ਵੀ ਉਸਨੂੰ ਕਹਿ ਦੇਣੀ ਹੈ ਜੋ ਵੀ ਮੇਰੇ ਦਿਲ ਦੀ ਇੱਛਾ
ਓਸ ਮੁਸਾਫਿਰ ਦਾ ਹੁਣ ਮੇਰੇ ਦਿਲ ਦੇ ਅੰਦਰ ਘਰ ਲੱਗਦਾ ਏ

ਹੁਣ ਮੇਰੇ ਵੱਲੋਂ ਉਸਦੀ ਹਰ ਇੱਕ ਇੱਛਾ ਪੂਰੀ ਹੋਵੇਗੀ
ਪਰ ਉਹ ਮੈਥੋਂ ਵੱਖ ਨਾ ਹੋਵੇ ਵੱਖ ਹੋਵਣ ਤੋਂ ਡਰ ਲੱਗਦਾ ਏ

ਤੇ ਲੋਕਾਂ ਦੇ ਲਈ ਕੀ ਹੋਵੇਗੀ ਉਸਦੀ ਹਸਤੀ ਇਲਮ ਨਹੀਂ
ਮੇਰੇ ਲਈ ਉਹ ਪਾਕ ਪਵਿੱਤਰ, ਮੈਨੂੰ ਉਹ ਰਹਿਬਰ ਲੱਗਦਾ ਏ
*****

## ਜੀਤ ਹਰਜੀਤ



ਦੂਰੋਂ ਭੱਜ ਕੇ ਨੇੜੇ ਆ ਕੇ ਮਿਲਦੇ ਨੇ
ਕੁਝ ਲੋੜ ਵੇਲੇ ਮੈਨੂੰ ਯਾਰ ਬਣਾਕੇ ਮਿਲਦੇ ਨੇ

ਸਾਰਿਆਂ ਦਾ ਮਿਲਣਾ ਇੱਕੋ ਜਿਹਾ ਨਹੀਂ
ਕੁੱਝ ਮਿਲ ਜਾਂਦੇ, ਜੋ ਸੁਪਨੇ ਵਿੱਚ ਆ ਕੇ ਮਿਲਦੇ ਨੇ

ਕਈ ਰੁੱਸ ਕੇ ਮੈਥੋਂ ਦੂਰ ਵੀ ਨੱਸ ਜਾਂਦੇ
ਡਰ ਲਗਦਾ ਜਦ ਫਿਰ ਮਨ ਸਮਝਾ ਕੇ ਮਿਲਦੇ ਨੇ

ਹੈਰਾਨ ਵੀ ਹਾਂ, ਪਰੇਸ਼ਾਨ ਵੀ ਹਾਂ ਬਹੁਤਾ
ਕੁਝ ਮਿਲਦੇ ਨੇ, ਪਰ ਨਕਲੀ ਚਿਹਰੇ ਲਾ ਕੇ ਮਿਲਦੇ ਨੇ
*****

ਕੁੱਝ ਤਾਂ ਲੋਕ ਸਿਆਣੇ ਹੋਵਣਗੇ
ਸਾਰੇ ਤਾਂ ਨਹੀਂ ਕਾਣੇ ਹੋਵਣਗੇ

ਕੁੱਝ ਕੁ ਨੂੰ ਤਾਂ ਜਿਊਣਾ ਆਉਂਦਾ ਹੋਊ
ਸਾਰੇ ਤਾਂ ਨਹੀਂ ਨਿਆਣੇ ਹੋਵਣਗੇ

ਝਲਕ ਵੇਖਣੀ ਜੇ ਖ਼ੁਸ਼ਹਾਲ ਜ਼ਿੰਦਗੀ ਦੀ
ਨਵੇਂ ਘਰਾਂ ਵਿੱਚ ਲੋਕ ਪੁਰਾਣੇ ਹੋਵਣਗੇ

ਜੇ ਰੱਜੇ ਤੇ ਅਮੀਰ ਵੇਖਣੇ ਜੀਤ ਸਿਆਂ
ਛੋਟੇ ਘਰ ਤੇ ਸਾਦੇ ਖਾਣੇ ਹੋਵਣਗੇ
*****

ਮੁਹੱਬਤ ਜਦ ਵੀ ਸਰ ਜਾਂਦੀ ਹੈ
ਪਤਾ ਨਹੀਂ ਕਿਉਂ ਮਰ ਜਾਂਦੀ ਹੈ

ਨਿਭੀ ਨਾਲੋਂ ਹੈ ਟੁੱਟੀ ਚੰਗੀ
ਲੋਕਾਂ ਜੋਗਾ ਕਰ ਜਾਂਦੀ ਹੈ

ਤਕੜੇ ਕੋਲੋਂ ਡਰੇ ਗ਼ਰੀਬੀ
ਇਹ ਤਾਂ ਮਾੜੇ ਘਰ ਜਾਂਦੀ ਹੈ

ਅੱਖ ਦਾ ਪਾਣੀ ਜਦ ਵੀ ਸੁੱਕੇ
ਯਾਦ ਦੀ ਬੱਦਲੀ ਵਰ੍ਹ ਜਾਂਦੀ ਹੈ

ਪਹਾੜ ਤੋੜਨੇ, ਮਾਸ ਖਵਾਉਣੇ
ਮੁਹੱਬਤ ਐਡਾ ਕਰ ਜਾਂਦੀ ਹੈ

ਤਵੀਆਂ, ਆਰੀਆਂ ਅਤੇ ਚਰਖੜੀਆਂ
ਜਿੰਦ ਸਭ ਕੁਝ ਜਰ ਜਾਂਦੀ ਹੈ
*****

ਜਾਨਣ ਵਾਲੇ ਬੜੇ ਨੇ ਮੈਨੂੰ
ਪਰ ਨਹੀਂ ਮੈਨੂੰ ਚਾਹੁਣ ਵਾਲੇ
ਆਪਣੇ ਪਰਾਂ 'ਤੇ ਉੱਡਣਾ ਕੀ ਸਿੱਖਿਆ
ਪਰੇਸ਼ਾਨ ਨੇ ਮੈਨੂੰ ਸਿਖਾਉਣ ਵਾਲੇ

ਮੇਰੇ ਘਰ ਵਿਚਲੇ ਸੋਗ 'ਤੇ ਵੀ
ਸੁਣੇ ਸੀ ਕਈ ਗਾਉਣ ਮੈਂ
ਦੁੱਖ ਬੜਾ ਹੈ ਮੈਨੂੰ
ਕਿ ਮੇਰੇ ਆਪਣੇ ਸੀ ਗਾਉਣ ਵਾਲੇ

ਜਿਨ੍ਹਾਂ ਦੀ ਉਡੀਕ ਵਿੱਚ
ਕਾਲੇ ਤੋਂ ਚਿੱਟਾ ਹੋ ਗਿਆਂ
ਹੁਣ ਕਦੇ ਆਏ ਨਹੀਂ ਉਹ
ਬਿਨ ਬੁਲਾਇਆਂ ਆਉਣ ਵਾਲੇ

ਸਜ ਸੰਵਰ ਕੇ ਖ਼ੌਰੇ
ਉਹ ਕਿਸ ਦੇ ਨਾਲ ਸਜ ਗਏ
ਹੁਣ ਕਦੇ ਦੇਖਦੇ ਹੀ ਨਹੀਂ
ਕਹਿ ਕਹਿ ਕੇ ਮੈਨੂੰ ਸਜਾਉਣ ਵਾਲੇ
*****

# ਤਰਿੰਦਰ ਕੌਰ

## ਸਫ਼ਰ ਦੇ ਟੁਕੜੇ

ਜਿੱਥੇ -ਜਿੱਥੇ

ਮੈਨੂੰ ਛੱਡ ਕੇ
ਤੁਰ ਗਿਆ ਕੋਈ

ਥੋੜ੍ਹੀ-ਥੋੜ੍ਹੀ ਉੱਥੇ ਹੀ
ਰਹਿ ਗਈ ਹਾਂ

ਮੈਂ

## ਸੰਤੁਲਨ

ਹੁਣ ਆਇਆ ਹੈ
ਸਹਿਜੇ ਜੀਉਣਾ

ਕਿਸ ਲਈ ਜੀਣਾ
ਕਿਸ ਲਈ ਮਰਨਾ

ਚਾਰ-ਚੁਫੇਰੇ ਰੰਗ ਨੇ ਖਿਲਰੇ
ਕਿਸ ਨੂੰ ਛੱਡਣਾ
ਕਿਸ ਨੂੰ ਚੁਣਨਾ

## ਸਮਾਂ

ਦੱਸੇ ਬਗ਼ੈਰ ਖਿੱਚੀ ਮੇਰੀ
ਅੱਜ ਦੀ ਤਸਵੀਰ

ਭੇਜੀ ਹੈ
ਤੂੰ
ਮੈਨੂੰ

ਕੀ ਦੱਸਾਂ ਦੋਸਤੋ!

ਮੈਥੋਂ ਆਪਣਾ ਆਪ
ਪਛਾਣਿਆ ਨਾ ਗਿਆ



## ਹਸਰਤਾਂ

ਜਾਣਦੀ ਹਾਂ
ਸਮਾਂ ਕਦੋਂ ਖੜ੍ਹਦਾ?

ਕੀ ਕਰਾਂ ਹੋਵਾਂ ਜਦੋਂ
ਆਪਣੇ ਪਿਆਰਿਆਂ ਦੇ ਨਾਲ

ਤਾਂ ਜੀਅ ਇਹੀ ਕਰਦਾ

ਵੇਲਾ ਥਮ ਜਾਵੇ...
ਸਮਾਂ ਖਲੋ ਜਾਵੇ...

## ਚੰਨ ਉੱਤੇ

ਸਵੇਰ ਦਾ ਭੁੱਲਿਆ
ਆ ਗਿਆ ਹੈ
ਰਾਤ ਵੇਲੇ

ਚਿੱਟੇ ਉਡਣ-ਖਟੋਲੇ 'ਤੇ

ਕਸਮਾਂ-ਵਾਇਦਿਆਂ
ਨਾਲ ਭਰਿਆ ਟੋਕਰਾ ਲੈ

ਕਹਿ ਰਿਹਾ ਹੈ

ਪੱਕਾ ਕਰਾਰ
ਇਸ ਵਾਰ
ਚੰਨ ਤੇ
ਲੈ ਕੇ ਜਾਣਾ

ਉਹ ਕੀ ਜਾਣੇ

ਵੈਰਾਗ 'ਚੋਂ ਉੱਗਮੇ
ਨਾਮ ਦੀ
ਧੁੰਨ

ਸੁਣ

ਹੁਣ

ਚੰਨ

ਤਾਰਿਆਂ ਦੀ ਚੁੰਨੀ ਲੈ
ਆਂਦਾ-ਜਾਂਦਾ ਰਹਿੰਦਾ

ਮੇਰੀ ਧਰਤੀ ਤੇ

## ਲੱਛਮਣ ਰੇਖਾ

ਇਸ ਵਾਰ
ਲੀਕ ਮੈਂ ਪਾਵਾਂਗੀ
ਲੱਛਮਣ ਵਾਂਗ
ਧਰਤ ਦੀ ਹਿੱਕ ਤੇ ਨਹੀਂ

ਆਪਣੇ ਦੁਆਲੇ

ਕੋਈ ਰਾਵਣ
ਲੰਘ ਨਹੀਂ ਪਾਵੇਗਾ ਮੈਨੂੰ

ਕੋਈ ਰਾਮ
ਲੰਘ ਨਾ ਪਾਵੇਗਾ
ਮੇਰੇ ਘੇਰੇ ਦੀ ਲੋਅ

ਸਤਿ ਨੂੰ
ਅਮਰਤਵ ਵੱਲ ਵੀ
ਲਿਜਾਇਆ ਜਾ ਸਕਦਾ ਹੈ।
*****

## ਤਲਵਿੰਦਰ ਸ਼ੇਰਗਿੱਲ



ਸੁੱਕ ਜਾਣਾ ਮੌਲਣਾ ਫਿਰ ਸੁੱਕਣਾ ਫਿਰ ਮੌਲਣਾ
ਇਹ ਮੇਰੇ ਜੀਵਨ ਦਾ ਸੱਚ ਹੈ ਸਤਰ ਨਾ ਹੈ ਸਰਸਰੀ
ਮਨ ਮੇਰੇ ਦੀ ਵਿੱਥਿਆ ਹੈ ਇਸ ਤਰਾਂ ਕਿ ਜ਼ਿਹਨ ਵਿਚ
ਬੁੱਧ ਤਾਂ ਆਵੇ ਕਦੇ ਪਰ ਰੋਜ਼ ਆਵੇ ਭਰਥਰੀ

ਫਲਸਫਾ ਆਖੇ ਕਿ ਦੋ ਹੀ ਤਾਕਤਾਂ ਨੇ, ਇਕ ਬੁਰੀ
ਇੱਕ ਚੰਗੀ, ਜਿਸ ਤਰਾਂ ਇਕ ਜ਼ਿੰਦਗੀ,ਇਕ ਮੌਤ ਹੈ
ਪਰ ਇਦ੍ਹੇ ਬਾਰੇ ਤਾਂ ਕੁੱਲ ਦਰਸ਼ਨ ਹੀ ਬਿਲਕੁਲ ਚੁੱਪ ਹੈ
ਉਹ ਹੈ ਕਿਸ ਪਾਲ਼ੇ 'ਚ ਜੋ ਨਾ ਮਰਦ ਹੈ ਨਾ ਇਸਤਰੀ

ਖੁਸ਼ਕ,ਰੁੱਖੇ ਹੋ ਗਏ ਚਿਹਰੇ ਦੀ ਖੱਬੀ ਗੱਲ੍ਹ 'ਤੇ
ਹੱਥ ਰਖ ਕੇ ਓਸਨੇ ਸੱਜੀ ਤਰਫ ਹੈ ਚੁੰਮਿਆ
ਫਿਰ ਬੜੀ ਅਪਣੱਤ ਦੇ ਨਾਲ ਦੇਖਿਆ ਤੇ ਆਖਿਆ
ਹੁਣ ਨਹੀਂ ਰਹਿਣੀ ਮੇਰੇ ਮਹਿਬੂਬ ਇਹ ਥਾਂ ਖੁਰਦਰੀ

ਆਪਣੀ ਦੁਨੀਆ ਨਾ ਦੇਖਾਂ ਮੈਂ ਤੇਰਾ ਚਸ਼ਮਾ ਪਹਿਨ
ਮਾਣ ਹੈ ਮੈਨੂੰ ਮੇਰੀ ਦ੍ਰਿਸ਼ਟੀ 'ਤੇ, ਮੇਰੀ ਸੋਚ 'ਤੇ
ਥੋਪ ਕੇ ਅਹੁਦੇ ਤੂੰ ਇਹ ਮੋਢੇ ਝੁਕਾਅ ਸਕਦਾ ਨਹੀਂ
ਤਿਆਗ ਪੱਤਰ ਫੜ੍ਹ ਮੇਰਾ ਤੇਰੀ ਵੀ ਛੱਡੀ ਨੌਕਰੀ

ਬਹਿ ਕੇ ਬੈਠਕ ਵਿਚ ਤਬਸਰਾ ਕਰਦਿਆਂ ਮੈਂ ਤੇ ਅਨੀ
ਰੁੱਸ ਤਾਂ ਜਾਈਦਾ ਅਕਸਰ ਪਰ ਕਦੇ ਲੜਦੇ ਨਹੀਂ
ਰੁੱਸਣਾ ਵੀ ਕੀ ਇਕੱਠੇ ਬੈਠ ਕੇ, ਅੰਬਰ 'ਤੇ ਮੁੜ
ਜੈੱਟ ਲੱਭਦੇ ਹਾਂ ਦਿਨੇ, ਰਾਤਾਂ ਨੂੰ ਉੱਡਣ ਤਸ਼ਤਰੀ
*****

ਤੂੰ ਵੀ ਇਹ ਮਹਿਸੂਸ ਕਰ ਹੁੰਦਾ ਤਾਂ ਹੋਵੇਂਗਾ ਹਤਾਸ਼
ਆਦਮੀ ਦੀ ਉੱਨਤੀ ਪਿੱਛੇ ਜੋ ਲੁਕਿਆ ਹੈ ਵਿਨਾਸ਼

ਮੁਕਤ ਕਿੰਞ ਹੋਵਾਂਗਾ ਮੈਂ ਬੇਤਾਲ ਅਜ ਦੇ ਦੌਰ ਦਾ
ਮੇਰੇ ਮੋਢੇ ਤੇ ਪਈ ਹੈ ਦੋਸਤੋ ਵਿਕਰਮ ਦੀ ਲਾਸ਼

ਸ਼ਹਿਦ ਚੱਟ ਕੇ ਜਿਸ ਤਰਾਂ ਕੋਈ ਭਰ ਲਵੇ ਮਦਿਰਾ ਦਾ ਘੁੱਟ
ਇਸ ਤਰਾਂ ਮੈਂ ਪੜ੍ਹ ਰਿਹਾ ਹਾਂ ਅੱਜਕਲ ਸ਼ਿਵ ਨਾਲ ਪਾਸ਼

ਕੋਲ ਲਗਦੇ ਹਾਂ ਮਗਰ ਵਿੱਥ ਹੈ ਕਈ ਪ੍ਰਕਾਸ਼ ਸਾਲ
ਉਂਞ ਇਹ ਵੀ ਸੱਚ ਹੈ ਦੋਵਾਂ ਦਾ ਇੱਕੋ ਹੈ ਅਕਾਸ਼

ਜਾਣਦਾ ਹਾਂ ਮੈਂ ਸਿਆਸਤ ਵਿਚ ਹਰਿਕ ਪੱਤੇ ਦਾ ਮੁੱਲ
ਮੈਂ ਵੀ ਪਿੰਡ ਦੀ ਸੱਥ ਦੇ ਵਿਚ ਬੈਠ ਕੇ ਖੇਡੀ ਹੈ ਤਾਸ਼
*****

ਸਾਰਾ ਆਪਾ ਢਾਹ ਕੇ ਮੁੜ ਤੋਂ ਘੜਿਆ ਜਾਵੇ
ਥੋੜ੍ਹਾ ਲਿਖਿਆ ਜਾਵੇ ਬਹੁਤਾ ਪੜ੍ਹਿਆ ਜਾਵੇ
ਸੁਣਿਐ ਸਿਖਰ ਤੇ ਕਾਫ਼ੀ ਤਿਲਕਣਬਾਜ਼ੀ ਹੁੰਦੀ
ਤਿਲਕਣ ਵੀ ਦੇਖਾਂਗੇ, ਪਹਿਲਾਂ ਚੜ੍ਹਿਆ ਜਾਵੇ
ਉਸ ਤੋਂ ਅੱਗੇ ਜਾਣ ਲਈ ਇਹ ਲਾਜ਼ਿਮ ਹੈ ਕਿ
ਦੌੜ ਚ ਉਸ ਤੋਂ ਥੋੜ੍ਹਾ ਪਿੱਛੇ ਖੜ੍ਹਿਆ ਜਾਵੇ
ਮੈਂ ਤਾਂ ਚੋਰ ਹਾਂ, ਤੂੰ ਵੀ ਚੋਰ ਹੈਂ ਤੇ ਮੁਨਸਿਫ਼ ਵੀ
ਜਿਹੜਾ ਚੋਰ ਨਹੀਂ ਹੈ ਉਸਨੂੰ ਫੜ੍ਹਿਆ ਜਾਵੇ
ਉਹ ਮੇਰਾ ਮਿੱਤਰ ਹੈ ਮੁੱਖ ਵਿਰੋਧੀ ਵੀ ਹੈ
ਉਸਦਾ ਮੱਥਾ ਚੁੰਮ ਕੇ ਮਗਰੋਂ ਲੜਿਆ ਜਾਵੇ
*****

ਉਹ ਕਿ ਜਿਸਦੇ ਕੋਸ਼ ਅੰਦਰ ਸਭ ਤੋਂ ਉੱਤੇ ਹੈ ਵਪਾਰ
ਆਦਮੀ ਦੀ ਥਾਂ ਤੇ ਉਸਨੇ ਕੱਟ ਕੇ ਲਿਖਿਆ ਖਪਤਕਾਰ

ਜੰਗ ਦੇ ਮੱਥੇ ਤੇ ਦੋ ਮੁਲਕਾਂ ਦੀ ਹਉਮੈ ਲਟਕਦੀ ਹੈ
ਜੰਗ ਦੀ ਪਿੱਠ ਤੇ ਕਰੋੜਾਂ ਲਮਕਦੇ ਭੁੱਖੇ, ਬਿਮਾਰ

ਇੱਕ ਤਵਾਇਫ਼ ਦੀ ਨਜ਼ਰ 'ਚੋਂ ਪੜ੍ਹ ਲਿਖੀ ਕਵਿਤਾ ਦਾ ਸਾਰ
ਭੁੱਖ, ਮਜ਼ਬੂਰੀ, ਜ਼ਲਾਲਤ, ਤਿਸ਼ਨਗੀ, ਡਰ ਤੇ ਵਪਾਰ

ਦਿਲ ਦੀ ਹਾਲਤ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਲੈ ਕੇ ਜੋਗ
ਭਿੱਖਿਆ ਮੰਗਣ ਗਿਆ ਕੋਈ ਫੇਰ ਕਰ ਬੈਠੇ ਪਿਆਰ

ਹਿਰਨ ਪਿੱਛੇ ਸ਼ੇਰ,ਪਿੱਛੇ ਆਦਮੀ,ਆਖਰ ਤੇ ਰੱਬ
ਸੋਚ ਕੇ ਦੱਸੀਂ ਇਨ੍ਹਾਂ ਚੋਂ ਕੌਣ ਹੈ ਕਿਸਦਾ ਸ਼ਿਕਾਰ
*****

## ਦੀਪਕ ਧਲੇਵਾਂ



ਪਹੁੰਚ ਕੇ ਸਿਖ਼ਰ ਤੇ ਉਸ ਵੇਖਿਆ ਹੈ।
ਇਕੱਲੇਪਣ 'ਚ ਆਖ਼ਿਰ ਚੀਕਿਆ ਹੈ

ਮੇਰੇ ਸੀਨੇ 'ਚ ਇਕ ਕਾਤਰ ਹਿਜਰ ਦੀ,
ਕੋਈ ਹਰ ਰਾਤ ਆ ਕੇ ਬੀਜਦਾ ਹੈ

ਇਹ ਤੇਰੇ ਜਾਣ ਦੀ ਪਹਿਲੀ ਘੜੀ ਹੈ
ਅਜੇ ਤਾਂ ਉਮਰ ਦਾ ਲੰਮਾ ਪੜਾਅ ਹੈ

ਅਜੇ ਮੈਂ ਏਸ ਬਾਰੇ ਸੋਚਦਾ ਨਹੀਂ,
ਕੋਈ ਕਦ ਕਿਸਨੂੰ ਮੁੜ ਕੇ ਵੇਖਦਾ ਹੈ

ਮੇਰੇ ਅਸਮਾਨ 'ਚੋਂ ਟੁੱਟੇ ਸਿਤਾਰੇ,
ਤੈਨੂੰ ਭੁੱਲ ਜਾਣ ਬਾਰੇ ਸੋਚਿਆ ਹੈ

ਮੇਰੇ ਲਫ਼ਜ਼ਾਂ 'ਚੋਂ ਮੁੱਦਤ ਬਾਅਦ ਨਿੱਤ ਹੁਣ,
ਦਰਦ ਦਾ ਕਾਰਵਾਂ ਇਕ ਗੁਜ਼ਰਦਾ ਹੈ

ਤੇਰਾ ਹੀ ਇਸ਼ਕ ਹੈ, ਤੂੰ ਸਾਂਭ ਇਸਨੂੰ
ਤੇਰੇ ਤਕ ਗ਼ਜ਼ਲ ਬਣ ਕੇ ਪਹੁੰਚਿਆ ਹੈ

ਕਿਸੇ ਦਿਨ ਵਿਛੜਨਾ ਇਹ ਜਾਣਦੇ ਵੀ
ਮੈਂ ਉਸਨੂੰ ਸੀਨੇ ਲਾ ਕੇ ਸਾਂਭਿਆ ਹੈ

ਅਜੇ ਤਾਂ ਟੁੱਟਣਾ ਅਸਮਾਨ ਸਿਰ ਤੇ,
ਅਜੇ ਵਿਸ਼ਵਾਸ ਹੀ ਬਸ ਤਿੜਕਿਆ ਹੈ

ਅਜੇ ਤਾਂ ਰੋਣਗੇ ਰਸਤੇ ਗਲੇ ਲੱਗ
ਅਜੇ ਤਾਂ ਕਦਮ ਹੀ ਇਕ ਥਿੜਕਿਆ ਹੈ

ਕਿਤੇ ਉਸਦੇ ਹੀ ਲੱਗ ਜਾਵੇ ਨਾ ਆ ਕੇ,
ਕਮਾਨੋਂ ਤੀਰ ਉਸਨੇ ਖਿੱਚਿਆ ਹੈ।

*****

ਇਸ਼ਕ ਦਾ ਮੰਜ਼ਰ ਹੌਲੀ ਹੌਲੀ ਨਜ਼ਰਾਂ 'ਚੋਂ ਕਿਰ ਜਾਵੇਗਾ।
ਔਖਾ ਗੇੜ ਸਮੇਂ ਦਾ ਆਖ਼ਿਰ ਛੇਤੀ ਹੀ ਫਿਰ ਜਾਵੇਗਾ।

ਉਮਰ ਅਖ਼ੀਰੀ ਗੇੜ 'ਚ ਹੋਣੀ, ਕਰਵਟ ਤਕ ਲੈ ਸਕਣਾ ਨਹੀਂ
ਇਸ ਸਦਮੇ ਨੂੰ ਉਸ ਵੇਲੇ ਤਕ ਹੋ ਕਿੰਨਾ ਚਿਰ ਜਾਵੇਗਾ।

ਜਿਸਦੇ ਕੋਲ ਜ਼ੁਬਾਨ ਹੈ ਉਸਨੂੰ ਸੂਲੀ ਤੇ ਲਟਕਾ ਦੇਣਾ,
ਓਹੀ ਸਾਲਮ ਰਹਿਣਾ ਜਿਹੜਾ ਹੋ ਉਸਦੀ ਧਿਰ ਜਾਵੇਗਾ।

ਇਕ ਦਿਨ ਤੈਨੂੰ ਖ਼ਤ ਆਵੇਗਾ ਤੇਰੀ ਹੀ ਤਨਹਾਈ ਦਾ,
ਦਿਲ ਤੇਰਾ ਜਦ ਬੇਚੈਨੀ ਦੇ ਆਲਮ ਵਿਚ ਘਿਰ ਜਾਵੇਗਾ।

ਹਾਕਮ ਲਾ ਬੈਠਾ ਹੈ ਬਾਜੀ ਸਿਰਕਪ ਵਾਲੀ ਸ਼ਰਤ ਲਗਾ..
ਦੇਖਾਂਗੇ ਇਸ ਬਾਜੀ ਅੰਦਰ ਹੁਣ ਕਿਸਦਾ ਸਿਰ ਜਾਵੇਗਾ।

*****

ਹਾਦਸੇ ਓਹੀ ਨੇ ਮੁੜ ਮੁੜ ਹੋ ਰਹੇ ਜੋ ਰੂਬਰੂ।
ਕਦ ਤਲਕ ਹੋਵਾਂਗਾ ਮੈਂ ਇਸ ਸਾਰੇ ਕੁਝ ਤੋਂ ਸੁਰਖ਼ਰੂ।

ਕਦ ਤਲਕ ਓਹ ਹਾਦਸਾ ਤੈਰੇਗਾ ਮੇਰੇ ਜ਼ਿਹਨ ਵਿਚ,
ਖ਼ਤ ਲਿਖਣ ਬੈਠਾਂ, ਤਾਂ ਆ ਪਲਕਾਂ 'ਤੇ ਬੈਠਣ ਅੱਥਰੂ।

ਕੌਣ ਜੋ ਦੇਵੇ ਆਵਾਜ਼ਾਂ ਸੁਪਨਿਆਂ ਵਿਚ ਵਾਰ ਵਾਰ,
ਕੌਣ ਕਰ ਲੈਂਦਾ ਹੈ ਉਹ ਮੁੱਕੀ ਕਹਾਣੀ ਫਿਰ ਸ਼ੁਰੂ।

ਮੁੜਨਗੇ ਕੁਝ ਤਲ ਤੋਂ ਇਸਦੇ ਲੈ ਕੇ ਘੋਗੇ ਸਿੱਪੀਆਂ,
ਰੂਹ ਦਿਆਂ ਸੰਨਾਟਿਆ ਤਕ ਕੌਣ ਗਹਿਰਾ ਉੱਤਰੂ।

ਦਰਦ ਸੀਨੇ, ਸ਼ਹਿਰ ਓਹੀ, ਸਫ਼ਰ ਵੀ ਤੈਥੋਂ ਬਿਨਾਂ,
ਜਾਣਦਾ ਹਾਂ ਇਸ ਤੋਂ ਅੱਗੇ ਜੋ ਮੇਰੇ ਨਾਲ ਵਾਪਰੂ।

*****

## ਦੀਪ ਸੰਧੂ



ਬਾਬਾ ਨਾਨਕ ਮਾਫ਼ ਕਰੀਂ,
ਮਨ 'ਚ ਕੁਝ ਸਵਾਲ ਨੇ।
ਜਾਣਦੀ ਹਾਂ ਤੇਰੇ ਕੋਲ,
ਸਭ ਦੇ ਜਵਾਬ ਨੇ।

ਬਾਬਾ ਨਾਨਕ, ਸਿੱਖ ਤੇਰਾ,
ਮੂਰਤਾਂ ਕਿਉਂ ਪੂਜਦਾ
ਨਿਰਭਉ ਨਿਰਵੈਰੁ ਭੁੱਲ,
ਚੇਤਾ ਨੀਚ ਊਚ ਦਾ,
ਤਾਨਾਸ਼ਾਹੀ ਤਕੜਾ,
ਮਾੜੇ ਤੇ ਕਾਬੂ ਚਾਹੁੰਦਾ ਹੈ
ਨਰਕਾਂ ਤੇ ਸੁਰਗਾਂ ਦਾ,
ਡਰ ਕਿਉਂ ਸਤਾਉਂਦਾ ਹੈ

ਕਿੱਥੇ ਗਿਆ ਸੁਨੇਹਾ ਬਾਬਾ,
ਸਭੇ ਸਾਂਝੀਵਾਲਤਾ,
ਕਾਣੀ ਵੰਡ ਕਾਬਿਜ਼ ਹੋ ਗਈ,
ਸਰਬੱਤ ਭਲਾ ਹਾਰਦਾ,
ਤੇਰੇ ਨਾਮ ਦੇ ਠੇਕਾਦਾਰਾਂ,
ਹੋਰਨਾਂ ਨੂੰ ਫਿਟਕਾਰ ਤਾ,
ਘੜ੍ਹ ਘੜ੍ਹ ਟੋਲਾ ਨਵੇਂ,
ਨਿਯਮ ਬਣਾਉਂਦਾ ਹੈ,
ਬਣ ਖੁੱਦ ਮੁਖਤਿਆਰ,
ਦਾਅਵੇ ਝੂਠੇ ਇਹ ਜਤਾਉਂਦਾ ਹੈ।

ਬਾਬਾ ਨਾਨਕ, ਦੇਖ ਆ ਕੇ,
ਵੰਡ ਛੱਕੋ ਭੁੱਲ ਗਏ,
ਲੋਭਾਂ ਤੇ ਹੰਕਾਰਾਂ ਵਾਲੀ,
ਤੱਕੜੀ 'ਚ ਤੁਲ ਗਏ,
ਵੰਡ ਵਿੱਚ ਜਾਤਾਂ ਪਾਤਾਂ,
ਸਿਰ ਚੜ ਲੜ੍ਹਦੇ?
ਤੇਰੇ ਨਾਮ ਦਾ ਨਾਹਰਾ ਲਾ ਕੇ,
ਕੁਰਸੀਆਂ ਤੇ ਚੜ੍ਹਦੇ,
ਸਬਰ, ਸੰਤੋਖ ਅੱਜ,
ਲੁਕ-ਲੁਕ ਜਿਉਂਦਾ ਹੈ।
ਹਾਕਮ ਹੀ ਯਮ ਜਿਹਾ,
ਭੇਸ ਕਿਉਂ ਬਣਾਉਂਦਾ ਹੈ

ਬਾਬਾ ਨਾਨਕ,
ਥਾਂ ਜਿਹੜੀ, ਲੈਣੀ ਸੀ,
ਕੰਮ, ਕਾਰਜਾਂ ਨੇ,
ਉਹੋ ਜਗ੍ਹਾ ਅੱਜ ਵੀ ਮੱਲੀ,
ਅੰਧ ਵਿਸ਼ਵਾਸ਼ਾਂ ਨੇ,
ਧਰਮਾਂ ਨੂੰ ਲੱਗਿਆ,
ਕੁਧਰਮਾਂ ਦਾ ਢੋਰਾ ਕਿਉਂ?
ਮੰਦਰ, ਮਸਜਿਦ, ਗੁਰਦੁਆਰੇ,
ਹਰ ਮੋਹਰੀ ਡਰਾਉਂਦਾ ਹੈ
ਬਾਬਾ, ਦੱਸ ਬੰਦੇ ਤੇ ਬੰਦਾ,
ਕਬਜ਼ਾ ਕਿਉਂ ਚਾਹੁੰਦਾ ਹੈ

ਅੱਜ ਵੀ ਬਾਬਾ,
ਭਲਾ, ਧੀਆਂ ਕਿਉਂ,
ਅਣਆਈ ਮੌਤ ਮਰਦੀਆਂ?
ਮਰਦ ਨੂੰ ਜੰਮ ਕੇ,
ਇਹ ਮਰਦ ਕੋਲੋਂ ਡਰਦੀਆਂ ,
ਤੂੰ ਤਾਂ ਕਿਹਾ ਸੀ,
ਤੁਹਾਡੇ ਸਾਰੇ ਹੱਕ ਨੇ ਬਰਾਬਰ ਦੇ,
ਉਮਰਾਂ ਦੇ ਲੰਮੇ ਫਿਰ,
ਇਹ ਤਸੀਹੇ ਕਿਉਂ ਜ਼ਰਦੀਆਂ?
ਇੱਜਤਾਂ ਦੇ ਰਾਖਿਆਂ ਦਾ,
ਇੰਨਾ ਭੇਦ-ਭਾਵ ਕਿਉਂ?
ਦੂਸਰਿਆਂ ਦੀ ਧੀਆਂ ਨੂੰ,
ਸਮਾਜ ਹੱਥ ਪਾਉਂਦਾ ਹੈ।

ਘਰ ਤੇਰੇ ਖ਼ੌਰੇ ਕਿਹੜੀ,
ਅਮਰਵੇਲ ਉੱਗ ਪਈ,
ਕੌਮ ਤੇਰੀ ਮੁੜ ਕਿਉਂ,
ਮਸੰਦਾਂ ਵੱਲ ਰੁੱਝ ਪਈ,
ਗ੍ਰੰਥਾਂ ਵਿੱਚ ਛੇੜ ਛਾੜ,
ਆਪਣੇ ਹਿਸਾਬਾਂ ਨਾਲ,
ਸਾਨੂੰ ਮੁਗਧ ਕਰੀ ਰੱਖਣ,
ਘੜ੍ਹੇ ਹੋਏ ਜਵਾਬਾਂ ਨਾਲ,
ਚੰਦ ਠੇਕੇਦਾਰਾਂ ਕੋਲ,
ਸਭ ਹੱਕ ਰਾਖਵੇਂ,
ਇੱਕ ਵਾਰੀ ਫੇਰਾ ਪਾਉਣਾ,
ਲੋੜ ਦਰਸਾਉਂਦਾ ਹੈ।

ਬਾਬਾ ਨਾਨਕ ਮਾਫ਼ ਕਰੀਂ,
ਮਨ 'ਚ ਸਵਾਲ ਨੇ।
ਜਾਣਦੀ ਹਾਂ ਤੇਰੇ ਕੋਲ,
ਸਭ ਦੇ ਜਵਾਬ ਨੇ।
*****

# ਦਿਲਪ੍ਰੀਤ ਗੁਰੀ



## ਚਾਨਣ ਦੀਆਂ ਜਾਈਆਂ

ਚਾਨਣ ਦੀਆਂ ਜਾਈਆਂ ਨੇ।
ਬਰਕਤਾਂ ਧੁਰੋਂ ਲਿਆਈਆਂ ਨੇ।
ਬਾਬਲ ਦੇ ਘਰ ਦੀਆਂ ਪਰੀਆਂ,
ਸਹੁਰੇ ਘਰ ਦੀਆਂ ਰਾਣੀਆਂ ਨੇ।
ਕੁਦਰਤ ਦਾ ਤੋਹਫਾ ਇਹ,
ਜੋ ਧੀਆਂ ਧਿਆਣੀਆਂ ਨੇ।

ਵੀਰਾਂ ਦੀ ਰੱਖੜੀ ਤੇ,
ਬਾਪੂ ਦੀਆਂ ਸ਼ਾਨਾਂ ਨੇ।
ਮਾਵਾਂ ਦੀਆਂ ਦੋਸਤ ਤੇ
ਪੇਕੀਂ ਮਹਿਮਾਨਾਂ ਨੇ।
ਪਾਣੀ ਵਾਂਗੂ ਸੁੱਚੀਆਂ,
ਸਦਾ ਪੂਜੀਆਂ ਜਾਣੀਆਂ ਨੇ।
ਕੁਦਰਤ ਦਾ ਤੋਹਫਾ ਇਹ,
ਜੋ ਧੀਆਂ ਧਿਆਣੀਆਂ ਨੇ।

ਸਬਰਾਂ ਤੇ ਸਿਦਕਾਂ ਤੋਂ ਇਹ
ਕਦੇ ਥੁੜ੍ਹੀਆਂ ਨਹੀ।
ਉਸ ਘਰ ਵਿੱਚ ਰੌਣਕ ਨਹੀਂ
ਜਿਥੇ ਵੀ ਕੁੜੀਆਂ ਨਹੀ।
ਇੱਜ਼ਤਾਂ ਪ੍ਰੀਵਾਰ ਦੀਆਂ
ਇਹ ਬਹੁਤ ਸਿਆਣੀਆਂ ਨੇ।
ਕੁਦਰਤ ਦਾ ਤੋਹਫਾ ਇਹ,
ਜੋ ਧੀਆਂ ਧਿਆਣੀਆਂ ਨੇ।

ਜੋ ਨਖਰੇ ਵਾਲੀਆਂ
ਗੁਰੀ ਕੱਲ੍ਹ ਦੀਆਂ ਮਾਵਾਂ ਨੇ
ਇਹ ਨਿੱਕੀਆਂ ਲਗਰਾਂ
ਕਰ ਦੇਣੀਆਂ ਛਾਵਾਂ ਨੇ
ਅੱਜ ਦੀਆਂ ਪਰੀਆਂ
ਕੱਲ ਦੀਆਂ ਸੁਆਣੀਆਂ ਨੇ
ਕੁਦਰਤ ਦਾ ਤੋਹਫਾ ਇਹ
ਜੋ ਧੀਆਂ ਧਿਆਣੀਆਂ ਨੇ।

## ਇਕ ਕੁੜੀ ਦੀ ਜੂਨ

ਆਪ ਸਾਜ ਕੇ ਸਾਰੀ ਖਲਕਤ
ਦੂਰ ਜਾ ਕੇ ਬਹਿ ਗਿਆ
ਤੇਰੀ ਕੁਦਰਤ ਸਾਰੀ ਖਤਰੇ 'ਚ
ਮਾਰਾਂ ਵਾਜਾਂ ਕਿਥੇ ਰਹਿ ਗਿਆ
ਨਰੜ ਦਰੜ ਨੇ ਰਿਸ਼ਤੇ ਹੁੰਦੇ,
ਦਿੱਤਾ ਬੰਦੇ ਡਰ
ਤੇਰਾ ਭੁੱਲਾ ਮਾਲਕਾ
ਇਕ ਵਾਰੀ ਧਰਤੀ ਤੇ ਆ ਮਾਲਕਾ
ਇਕ ਕੁੜੀ ਦੀ ਜੂਨ ਹੰਢਾ ਮਾਲਕਾ

ਕੁੱਖਾਂ ਦੇ ਵਿੱਚ ਲਾ ਕੇ ਕੈਮਰੇ
ਹੋ ਜਾਦੀਆਂ ਨੇ ਸਕੈਨਾਂ
ਜਨਮ ਕਿਥੋਂ ਲੈਣ ਦਿੰਦੀਆਂ ਨੇ
ਪੈਸੇ ਦੀਆਂ ਲੋਭੀ ਡੈਣਾਂ
ਅੰਦਰੋ ਅੰਦਰੀ ਪੱਟੀਆਂ ਕਬਰਾਂ ਦੇ,
ਇਕ ਵਾਰੀ ਦਰਸ਼ਨ ਪਾ ਮਾਲਕਾ
ਇਕ ਵਾਰੀ ਧਰਤੀ ਤੇ ਆ ਮਾਲਕਾ
ਇਕ ਕੁੜੀ ਦੀ ਜੂਨ ਹੰਢਾ ਮਾਲਕਾ

ਇੱਜਤਾਂ ਨੂੰ ਲਾਬੂ ਲੱਗ ਜਾਂਦੇ ਨੇ
ਸ਼ਰੇਆਮ ਈ ਸੜਕਾਂ ਤੇ
ਸਭ ਵੇਖ ਕੇ ਵੀ ਹੈ ਚੁੱਪ ਬੈਠਾ
ਗੁੱਸਾ ਆਵੇ ਤੇਰੀਆਂ ਮੜਕਾਂ ਤੇ
ਪੈਸਾ, ਸਿਆਸਤ ਥਾਂ ਤੇਰੀ ਲੈਂਦੇ,
ਆਪਣਾ ਆਪ ਵਿਖਾ ਮਾਲਕਾ
ਇਕ ਵਾਰੀ ਧਰਤੀ ਤੇ ਆ ਮਾਲਕਾ
ਇਕ ਕੁੜੀ ਦੀ ਜੂਨ ਹੰਢਾ ਮਾਲਕਾ

ਪੜ੍ਹ ਲਿਖ ਕੇ ਜੋ ਲੱਗੀਆਂ ਨੌਕਰੀ
ਵਿਤਕਰੇ ਉਥੇ ਵੀ ਹੁੰਦੇ ਨੇ
ਮਾੜੀਆਂ ਨਜ਼ਰਾਂ,
ਨੀਤਾਂ ਦੇ ਕਿਰਦਾਰ
ਤਨ ਮਨ ਛੂੰਹਦੇ ਨੇ
ਜੱਗ ਜੰਨਣੀ ਲਈ
ਮਾੜੀਆਂ ਸੋਚਾਂ ਨੂੰ
ਨੱਥ ਦੇ ਤੂੰ ਪਾ ਮਾਲਕਾ
ਇਕ ਵਾਰੀ ਧਰਤੀ ਤੇ ਆ ਮਾਲਕਾ
ਇਕ ਕੁੜੀ ਦੀ ਜੂਨ
ਹੰਢਾ ਮਾਲਕਾ

## ਅਰਜ਼

ਮੈ ਖੜ੍ਹੀ ਕਬਰ ਤੇ ਅਰਜ਼ ਕਰਾਂ
ਵਾਰਿਸ ਸ਼ਾਹ ਜੀ ਪਉ ਜਾਗ
ਵੇਖ ਕੂੰਜਾਂ ਕੁਰਲਾਉਂਦੀਆਂ
ਤੇਰਾ ਲੁੱਟਿਆ ਜਾ ਰਿਹਾ ਪੰਜਾਬ

ਮਾਂ ਨਾਲ ਸਲੂਕ ਮਤਰੇਈ ਦਾ
ਬਿਗਾਨੀ ਨੂੰ ਪਾਉਂਦੇ ਜੱਫੀਆਂ
ਹਿਜਰਤ ਕਰ ਤੁਰੀ ਜਵਾਨੀ
ਆਸਾਂ ਕਰ ਵਿਰਲਾਪ-ਖੱਫੀਆਂ
ਲਿਖ ਕੋਈ ਐਸਾ ਫਲਸਫਾ
ਖਿੜ ਜਾਏ ਸੁੱਕਿਆ
ਜੋ ਗੁਲਾਬ
*****

## ਮੁਲਾਕਾਤ/ ਨਵੀਂ ਪੀੜ੍ਹੀ ਨੇ ਆਪਣਾ ਰਾਹ, ਆਪਣਾ ਸੱਚ ਅਜੇ ਤਲਾਸ਼ਣਾ ਹੈ -ਸਿਮਰਨ ਅਕਸ

**1. ਪਹਿਲਾਂ ਪਹਿਲ ਕਵਿਤਾ ਲਿਖਣ ਦਾ ਖਿਆਲ ਮਨ ਦੇ ਵਿੱਚ ਕਦੋਂ ਆਇਆ ਅਤੇ ਪਹਿਲੀ ਕਵਿਤਾ ਕਦੋਂ ਲਿਖੀ?**

ਪੂਰੀ ਤਰ੍ਹਾਂ ਤਾਂ ਚੇਤਾ ਨਹੀਂ ਪਰ ਹਾਂ ਬਾਰਵੀਂ ਵਿੱਚ ਕੁਝ ਤੁਕਾਂ ਜੋੜੀਆਂ ਤੇ ਕਲਾਸ ਵਿੱਚ ਸੁਣਾਈਆਂ ਸਨ ਦੇਸ਼ ਭਗਤੀ ਬਾਰੇ। ਉਸ ਤੋਂ ਬਾਅਦ ਬੀ.ਏ. ਦੇ ਵਿੱਚ ਪੜ੍ਹਦਿਆਂ ਇੱਕ ਰਚਨਾ 'ਮੈਂ ਗੂੰਗੀ ਨਹੀਂ' ਲਿਖੀ, ਜੋ ਸਾਂਭੀ ਵੀ। ਮੇਰੇ ਖ਼ਿਆਲ ਵਿੱਚ ਉਹ ਪਹਿਲੀ ਰਚਨਾ ਹੈ। ਹਾਂ ਪਰ ਕਵਿਤਾ ਨਾਲ ਮੋਹ ਬਚਪਨ ਤੋਂ ਸੀ। ਅਜੇ ਵੀ ਯਾਦ ਤਾਜ਼ਾ ਹੈ ਲੁਧਿਆਣੇ ਅਕਸਰ ਆਪਣੇ ਘਰ ਦੀ ਛੱਤ ਉੱਤੇ ਉੱਚੀ ਉੱਚੀ 'ਹੇ ਮੇਰੇ ਦਾਤਾ ਹੇ ਕਰਤਾਰ, ਦਿੱਤੀਆਂ ਦਾਤਾਂ ਲੱਖ ਹਜ਼ਾਰ' ਬੋਲਦੀ ਹੁੰਦੀ ਸੀ। ਇਹ ਕਵਿਤਾ ਮੇਰੀ ਦੂਜੀ ਜਾਂ ਤੀਜੀ ਕਲਾਸ ਦੀ ਪੰਜਾਬੀ ਦੀ ਕਿਤਾਬ ਦੀ ਪਹਿਲੀ ਕਵਿਤਾ ਸੀ। ਸੋ ਸਹੇਲਪੁਣਾ ਬਚਪਨ ਤੋਂ ਸੀ ਕਵਿਤਾ ਨਾਲ। ਉਂਜ ਵੀ ਕਵਿਤਾ ਲਿਖਣ ਨਾਲ਼ੋਂ ਜਿਉਣ ਵਾਲ਼ੀ ਕਰਾਮਾਤ ਹੈ।

**2. ਆਪਣੇ ਤੋਂ ਪਹਿਲੀ ਪੀੜੀ ਦੀ ਸ਼ਾਇਰੀ ਤੋਂ ਆਪਣੀ ਕਵਿਤਾ ਨੂੰ ਵੱਖ ਮੰਨਦੇ ਹੋ ਜਾਂ ਪ੍ਰਭਾਵਿਤ ਮੰਨਦੇ ਹੋ?**

ਨਾ ਹੀ ਵੱਖ ਮੰਨਦੀ ਹਾਂ ਤੇ ਨਾ ਹੀ ਪ੍ਰਭਾਵਿਤ। ਸਾਡੇ ਤੋਂ ਪਹਿਲਾਂ ਦੇ ਕਵੀਆਂ ਦਾ ਸਮਾਕਾਲ, ਵਿਸ਼ੇ, ਬਿੰਬ ਉਹਨਾਂ ਦੇ ਵੇਲੇ ਦੇ ਰਹੇ। ਸਾਡੇ ਵੇਲੇ ਦਾ ਆਪਣਾ ਸੱਚ ਹੈ, ਆਪਣਾ ਸੁਹੱਪਣ ਹੈ ਤੇ ਆਪਣੀ ਤਰਾਸਦੀ। ਉਹੀ ਸ਼ਬਦ ਹਨ, ਉਹੀ ਵਿਧਾਵਾਂ..ਪਰ ਆਖਣ ਦਾ ਢੰਗ ਆਪਣਾ ਆਪਣਾ ਹੈ। ਜੇਕਰ ਤੁਹਾਡੇ ਕੋਲ ਖ਼ਿਆਲ ਦੀ ਪਰਵਾਜ਼ ਨਹੀਂ ਤੇ ਉਸ ਪਰਵਾਜ਼ ਲਈ ਆਪਣਾ ਇੱਕ ਨਵੇਕਲਾ ਅੰਬਰ ਨਹੀਂ ਭਾਵ ਆਖਣ ਦਾ ਤੁਹਾਡਾ ਆਪਣਾ ਢੰਗ ਨਹੀਂ ਹੈ ਫਿਰ ਬੇਪਛਾਣ ਹੋ ਜਾਵੋਗੇ। ਉਂਜ ਮੈਨੂੰ ਲੱਗਦਾ ਹੈ ਜਿਵੇਂ ਪਹਿਲੇ ਸ਼ਬਦ ਦੀ ਗੂੰਜ ਤੋਂ ਹੁਣ ਤੱਕ ਸਭ ਕੁਝ ਜੋ ਆਖਿਆ ਗਿਆ ਹੈ ਉਹ ਅਸਲ ਵਿੱਚ ਹੈ ਇੱਕੋ ਹੀ ਕਵਿਤਾ। ਅਸੀਂ ਇਸ ਮਹਾਂਕਾਵਿ ਨੂੰ ਅਗਲੀ ਪੀੜ੍ਹੀ ਤੱਕ ਲੈ ਕੇ ਜਾਣਾ ਹੈ। ਨਿਰੋਲ ਤੇ ਮੌਲਿਕ ਅੱਗੇ ਜਾਊ ਤੇ ਵਾਧੂ ਸਭ ਛੁੱਟ ਜਾਊਗਾ।

**3. ਕਵਿਤਾ ਲਿਖਣ ਲਈ ਸਮਕਾਲੀ, ਕਲਾਸਿਕ ਜਾਂ ਵਿਸ਼ਵ ਸਾਹਿਤ ਪੜ੍ਹਨਾ ਕਿੰਨਾ ਕੁ ਜ਼ਰੂਰੀ ਹੈ?**



ਪੜ੍ਹਨਾ ਲੇਖਕ ਦਾ ਰਿਆਜ਼ ਹੈ ਪਰ ਕਵਿਤਾ ਲਿਖਣ ਲਈ ਨਹੀਂ ਸਗੋਂ ਪੜ੍ਹਨਾ ਸਿਰਫ਼ ਪੜ੍ਹਨ ਦੇ ਲਈ ਹੁੰਦਾ ਹੈ ਪਰ ਲਿਖਣਾ ਸਿਰਫ਼ ਲਿਖਣ ਲਈ ਨਹੀਂ ਹੁੰਦਾ। ਮੈਂ ਲੇਖਕ ਬਾਅਦ ਦੇ ਵਿੱਚ ਹਾਂ ਪਾਠਕ ਪਹਿਲਾਂ। ਸਭ ਨੂੰ ਪੜ੍ਹਨ ਦੀ ਕੋਸ਼ਿਸ਼ ਹੁੰਦੀ ਹੈ। ਪੁਰਾਣੇ, ਨਵੇਂ ਸਮਕਾਲੀ ਲੇਖਕ। ਪਰ ਪੜ੍ਹਨ ਲੱਗਿਆਂ ਮੈਨੂੰ ਨਾਵਲ ਜਾਂ ਕਹਾਣੀ ਜ਼ਿਆਦਾ ਪਸੰਦ ਨੇ। ਬਸ ਪੜ੍ਹਨ ਲੱਗਿਆਂ ਇਹ ਯਾਦ ਰੱਖਦੀ ਹਾਂ ਕਿ ਜੋ ਪੜ੍ਹ ਰਹੀ ਹਾਂ ਉਹ ਅਗਲੇ ਦਾ ਸੱਚ ਹੈ, ਅਗਲੇ ਦਾ ਤਜਰਬਾ। ਅਸੀਂ ਆਪਣਾ ਰਾਹ, ਆਪਣਾ ਸੱਚ ਅਜੇ ਤਲਾਸ਼ਣਾ ਹੈ।

**4. ਜਦੋਂ ਕਵਿਤਾ ਲਿਖਦੇ ਹੋ ਤਾਂ ਕਿ ਕਿਸੇ ਖਾਸ ਤਰ੍ਹਾਂ ਦੇ ਮਾਹੌਲ ਦੀ ਜ਼ਰੂਰਤ ਪੈਂਦੀ ਹੈ?**

ਕਿਸੇ ਲਈ ਚੁੱਪ ਮਸਲਾ ਹੈ ਕਿਸੇ ਲਈ ਸ਼ੋਰ ਮਸਲਾ ਹੈ
ਮੈਨੂੰ ਦੋਵੇਂ ਹੀ ਚੁਭਦੇ ਨੇ ਮੇਰਾ ਕੁਝ ਹੋਰ ਮਸਲਾ ਹੈ

ਕਈ ਵਾਰ ਬਾਹਰ ਬਹੁਤ ਸ਼ੋਰ ਹੁੰਦਾ ਹੈ ਤੇ ਅੰਦਰ ਚੁੱਪ ਵਿੱਚ ਕਵਿਤਾ ਤੇ ਕਈ ਵਾਰ ਬਾਹਰ ਬਹੁਤ ਹੀ ਚੁੱਪ ਹੁੰਦੀ ਹੈ ਤੇ ਅੰਦਰ ਖ਼ਿਆਲਾਂ ਦੇ ਲਾਵੇ।

ਔਰਤ ਹੋਣ ਦੇ ਨਾਤੇ 'ਲਿਖਣ ਲਈ ਮਾਹੌਲ' ਤਰਕਸੰਗਤ ਸਵਾਲ ਨਹੀਂ ਲੱਗਦਾ। ਰੋਜ਼ੀ ਦੇ ਨਾਲ ਨਾਲ ਰੋਟੀ ਦਾ ਵੀ ਮਸਲਾ। ਬਹੁਤੀਆਂ ਕਵਿਤਾਵਾਂ ਤਵੇ 'ਤੇ ਰੋਟੀ ਸੇਕਦਿਆਂ ਪੱਕੀਆਂ ਜਾਂ ਸਫਰ ਦੌਰਾਨ ਤੁਰੀਆਂ। ਸਭ ਤੋਂ ਵੱਧ ਰਾਤ ਦੇ ਤੀਜੇ ਪਹਿਰ ਜਾਗੀਆਂ। ਉਹ ਸਮਾਂ ਮੈਨੂੰ ਲੱਗਦੈ ਕਿ ਕਲਾ ਵਾਲਿਆਂ ਲਈ ਵਰਦਾਨ ਵਰਗਾ ਹੁੰਦਾ ਹੈ। ਬਾਕੀ ਕਵਿਤਾ ਤਾਂ ਮੀਂਹ ਵਾਂਗ ਹੈ ਪੁੱਛ ਕੇ ਨਹੀਂ ਵਰ੍ਹਦੀ ਕਿ ਤੁਸੀਂ ਕੰਮ ਤੇ ਹੋ ਜਾਂ ਘਰ। ਇਹਦਾ ਜਦੋਂ ਦਿਲ ਕਰਦਾ ਹੈ ਇਹ ਕਲਾਵੇ ਵਿੱਚ ਭਰ ਲੈਂਦੀ ਹੈ। ਹਾਂ ਪਰ ਜਿੰਨ੍ਹਾਂ ਚਿਰ ਇਹਦੇ ਕਲਾਵੇ ਵਿੱਚ ਹੋਈਏ ਦੁਨੀਆ ਜਾਂ ਆਲ-ਦੁਆਲਾ ਓਪਰਾ ਹੋ ਜਾਂਦੈ। ਅਜੀਬ ਭਟਕਣਾ ... ਅਜੀਬ ਤੜਪ। ਇਹ ਤੜਪ ਹੀ ਮਾਹੌਲ ਹੈ ਅਸਲ ਦੇ ਵਿੱਚ ਕਵਿਤਾ ਦੇ

ਲਈ।

**5. ਆਪਣੇ ਸਮਕਾਲੀ ਕਵੀਆਂ ਦੇ ਪ੍ਰਸੰਗ ਵਿੱਚ ਆਪਣੀ ਕਵਿਤਾ ਨੂੰ ਕਿੱਥੇ ਖੜ੍ਹਾ ਵੇਖਦੇ ਹੋ?**

ਖ਼ੁਦ ਦੇ ਪੈਰਾਂ ਹੇਠਲੀ ਜ਼ਮੀਨ ਖ਼ੁਦ ਨੂੰ ਕਦ ਨਜ਼ਰ ਆਉਂਦੀ ਹੈ। ਦੂਸਰਾ ਵੇਖਦਾ ਤੇ ਦੱਸਦਾ ਹੈ। ਪਰ ਇੱਕ ਗੱਲ ਦਾ ਯਕੀਨ ਹੈ ਕਿ ਕਦੇ ਵੀ ਕਿਸੇ ਦੀ ਜਗ੍ਹਾ ਨਹੀਂ ਲੈਣੀ। ਸ਼ਬਦਾਂ 'ਚ ਅਸਰ ਰਹੇ ਬਸ ਭਾਵੇਂ ਆਖ਼ਰੀ ਸਫ਼ 'ਚ ਰਹੀਏ। ਕੁਝ ਕੁ ਹੀ ਰਾਹ ਹੁੰਦੇ ਨੇ ਜਿੱਥੇ ਸਫ਼ਰ ਮੰਜ਼ਿਲ ਤੋਂ ਵੱਧ ਖੂਬਸੂਰਤ ਹੁੰਦੈ ਸੋ ਮੈਂ ਸਫ਼ਰ ਦੇ ਵਿੱਚ ਹਾਂ ਬਾਕੀ ਸਭ ਦੇ ਨਾਲ਼। ਅੱਗੇ ਲੰਘਣ ਦੀ ਕੋਸ਼ਿਸ਼ ਤੇ ਪਿੱਛੇ ਰਹਿ ਜਾਣ ਦੇ ਡਰ ਤੋਂ ਮੁਕਤ।

**6. ਤੁਹਾਡੀ ਲੇਖਣੀ ਨੂੰ ਘਰ ਪਰਿਵਾਰ ਜਾਂ ਆਲੇ ਦੁਆਲੇ ਵੱਲੋਂ ਕਿਸ ਤਰ੍ਹਾਂ ਦਾ ਰਿਸਪਾਂਸ ਪ੍ਰਾਪਤ ਹੁੰਦਾ ਹੈ?**

ਅਕਸਰ ਮੱਥੇ ਨਾਲ ਤੁਰਨ ਲੱਗੀਏ ਤਾਂ ਬਹੁਤਾ ਪੈਂਡਾ ਇਕੱਲਿਆਂ ਹੀ ਤੈਅ ਕਰਨਾ ਪੈਂਦਾ ਹੈ। ਸ਼ੁਰੂਆਤ ਵਿੱਚ ਲੁਕ ਛਿਪ ਕੇ ਤੇ ਫਿਰ ਚਲੋ ਜ਼ਰਾ ਕੁ ਪਹਿਚਾਣ ਬਣ ਜਾਵੇ ਤਾਂ ਗੱਲ ਜ਼ਰਾ ਸਹਿਜ ਹੋਣ ਲੱਗਦੀ ਹੈ। ਘਰ ਪਰਿਵਾਰ ਵਿੱਚ ਅਕਸਰ ਕਲਾ ਦਾ ਕੋਈ ਵੀ ਰੂਪ ਔਰਤ ਨੂੰ ਇਹੀ ਦੱਸਿਆ ਜਾਂਦਾ ਕਿ ਪਹਿਲਾਂ ਬਾਕੀ ਸਭ ਤੇ ਫਿਰ ਆਖ਼ਰ 'ਤੇ ਸ਼ੌਕ ਪੁਗਾਓ। ਛੱਡਣਾ ਪਵੇ ਤਾਂ ਸਭ ਤੋਂ ਪਹਿਲਾਂ ਸ਼ੌਕ ਛੱਡੋ। ਸਮਝਣਾ ਇੱਕ ਕਲਾ ਹੈ ਤੇ ਹਰ ਕੋਈ ਕਲਾਕਾਰ ਨਹੀਂ ਹੁੰਦਾ। ਉਂਜ ਬਹੁਤੇ ਸੁਖਾਵੇਂ ਹਾਲਾਤ ਵਿੱਚ ਕਲਾ ਮੌਲਦੀ ਵੀ ਨਹੀਂ। ਖ਼ੈਰ ਮੈਂ ਵਡਭਾਗੀ ਆਂ ਕਿ ਮੈਨੂੰ ਵਾਹਵਾ ਸਾਥ ਤੇ ਮੁਹੱਬਤ ਮਿਲੀ। ਖੰਭਾਂ ਤੇ ਸੁਪਨਿਆਂ 'ਤੇ ਹੱਸਣ ਵਾਲਿਆਂ ਲਈ ਮੈਂ ਹਮੇਸ਼ਾ ਇੱਕ ਸ਼ਿਅਰ ਆਖਦੀ ਹਾਂ...

ਉਹ ਮਿਹਣੇ ਜੋ ਮੈਨੂੰ ਖਾਣਾ ਚਾਹੁੰਦੇ ਸੀ
ਮੈਂ ਤਲੀਆਂ 'ਤੇ ਧਰ ਕੇ ਸਾਰੇ ਨਿਗਲ਼ ਗਈ

**7. ਕਵਿਤਾ ਦੇ ਵਿਕਾਸ ਵਿੱਚ ਰੀਲਾਂ, ਇੰਸਟਾਗਰਾਮ ਅਤੇ ਫੇਸਬੁੱਕ ਦਾ ਕੀ ਯੋਗਦਾਨ ਹੈ?**

ਜਿਵੇਂ ਪੁਰਾਣੇ ਸਮੇਂ ਲੇਖਕ ਅਖਬਾਰਾਂ ਜਾਂ ਰਸਾਲਿਆਂ ਵਿੱਚ ਛਪਦੇ ਸੀ ਹੁਣ ਸੋਸ਼ਲ ਮੀਡੀਆ ਉੱਤੇ। ਇਹ ਮੰਚ ਵੀ ਲੇਖਕ ਨੂੰ ਪਾਠਕ ਤੱਕ ਲੈ ਕੇ ਜਾ ਰਿਹਾ ਹੈ ਤੇ ਪਾਠਕ ਨੂੰ ਲੇਖਕ ਤੱਕ, ਕਿਤਾਬਾਂ ਤੇ ਸਾਹਿਤ ਦੀ ਪਹੁੰਚ ਨੂੰ ਵਧਾ ਰਿਹਾ ਹੈ ਬੇਸ਼ੱਕ। ਪਰ ਹਾਂ ਇਹਦੀ ਕਾਹਲ ਤੇ ਸਮਾਜ ਦੀ ਤੇਜ਼ ਚਾਲ ਵਿਚਲੀ ਗੱਲ ਦਾ ਪ੍ਰਭਾਵ ਖ਼ਤਮ ਕਰ ਰਹੀ ਹੈ ਜਾਂ ਘਟਾ ਰਹੀ ਹੈ। ਬੋਲੀ ਦੇ ਬੋਲ ਨੇ ਕਿ 'ਨੰਗਾ ਰੱਖਦੀ ਕਲਿੱਪ ਵਾਲਾ ਪਾਸਾ ਤੇ ਸਹੁਰੇ ਕੋਲੋਂ ਘੁੰਡ ਕੱਢਦੀ'। ਇੰਸਟਾਗਰਾਮ ਰੀਲਾਂ 'ਤੇ ਕਾਹਲ ਕਰਕੇ ਅਕਸਰ ਨੌਜਵਾਨ ਵਰਗ ਕਲਿਪ ਦਾ ਵਾਲ਼ਾ ਪਾਸਾ ਹੀ ਵੇਖਦੇ ਨੇ। ਕੱਢੇ ਘੁੰਡ ਦੀ ਘੁੰਡੀ ਉਹਨਾਂ ਨੂੰ ਸਮਝ ਨਹੀਂ ਆਉਂਦੀ। ਉਮੀਦ ਹੈ ਕਿ 'ਵਿਚਲੀ ਗੱਲ' ਵੱਲ ਧਿਆਨ ਵੀ ਜਾਵੇ ਤਾਂ ਜੋ ਇਸ ਸੋਸ਼ਲ ਮੀਡੀਆ ਦਾ ਸਹੀ ਮੰਤਵ ਪੂਰਾ ਹੋ ਸਕੇ। ਗੱਲ ਸਾਰੀ ਵਰਤੋਂ 'ਤੇ ਆ ਕੇ ਖੜ੍ਹਦੀ ਹੈ। ਬਾਕੀ ਵਕਤ ਨਿਤਾਰਾ ਕਰ ਦਿੰਦੈ ਕੱਚਾ ਬਹੁਤਾ ਤਰ ਨਹੀਂ ਸਕਦਾ ਤੇ ਪੱਕਾ ਹਮੇਸ਼ਾ ਡੁੱਬ ਨਹੀਂ ਸਕਦਾ। ਮੰਚ ਜਿਹੜਾ ਵੀ ਹੋਵੇ।

**8. ਕੀ ਕਵਿਤਾ ਦਾ ਕੋਈ ਸਮਾਜਿਕ ਰੋਲ ਹੁੰਦਾ ਹੈ?**

ਲੇਖਕ ਨੇ ਚੌਂਕੀਦਾਰਾ ਕਰਨਾ ਹੁੰਦਾ ਹੈ... ਤਪਦੇ ਥਲਾਂ 'ਚ ਸ਼ਬਦਾਂ ਦਾ ਛਿੱਟਾ ਤੇ ਵਰ੍ਹਦੀ ਅੱਗ 'ਚ ਫੁੱਲਾਂ ਦੇ ਬੀਅ ਉਗਾਉਣੇ ਹੁੰਦੇ ਨੇ। ਕਵਿਤਾ ਦਾ ਰੋਲ ਤਾਂ ਹੋਰ ਵੀ ਮਹੀਨ, ਸੂਖ਼ਮ ਹੁੰਦੈ ਆਪਣੇ ਸੁਭਾਅ ਦੇ ਵਾਂਗ। ਪਰ ਕਵਿਤਾ ਅਖ਼ਬਾਰਾਂ ਦੇ ਵਾਂਗ ਹੋਕਾ ਨਹੀਂ ਦਿੰਦੀ। ਇਸ਼ਾਰਾ ਕਰਦੀ ਹੈ, ਅਗਾਹ ਕਰਦੀ ਹੈ। ਲਿਖਦਾ ਤਾਂ ਲੇਖਕ ਨਿੱਜ ਲਈ ਹੈ। ਆਪਣੇ ਆਪ ਅੰਦਰ ਜੋ ਮਹਿਸੂਸ ਕਰ ਰਿਹਾ ਹੁੰਦਾ ਹੈ, ਉਹ ਆਖਣਾ ਚਾਹੁੰਦਾ ਹੈ ਜੇਕਰ ਉਹ ਧੁਰ ਅੰਦਰ ਤੋਂ ਲੇਖਕ ਹੋਵੇ ਤਾਂ ਉਸਦਾ ਨਿੱਜ ਵੀ ਸਰਵਜਨਕ ਹੋ ਜਾਂਦਾ ਹੈ। ਇਹੀ ਉਸਦੀ ਪ੍ਰਾਪਤੀ ਵੀ ਹੈ। ਕਵਿਤਾ ਦਾ ਮਕਸਦ ਸਿਰਫ਼ ਸਕੂਨ ਦੇਣਾ ਨਹੀਂ ਹੁੰਦਾ, ਇਹ ਵਿਚਲਿਤ ਵੀ ਕਰਦੀ ਹੈ। ਸੋਚਣ 'ਤੇ ਮਜਬੂਰ ਕਰਦੀ ਹੈ, ਸ਼ਿੱਦਤ ਸਿਖਾਉਂਦੀ ਹੈ ਭਾਵੇਂ ਮੁਹੱਬਤ ਦੀ ਹੋਵੇ ਜਾਂ ਬਗ਼ਾਵਤ ਦੀ।

**9. ਸਿਰਜਣ ਪ੍ਰਕਿਰਿਆ ਬਾਰੇ ਕੁਝ ਸਤਰਾਂ?**

ਮੈਂ ਪਹਿਲੀ ਕਵਿਤਾ ਬੀ.ਏ. ਵਿੱਚ ਪੜ੍ਹਦਿਆਂ ਲਿਖੀ। ਅਪ੍ਰੈਲ 2018 ਵਿੱਚ ਮੈਂ ਜ਼ਿੰਦਗੀ ਦੇ ਪਲੇਠੇ ਕਵੀ ਦਰਬਾਰ ਵਿੱਚ ਖ਼ੁਦ ਨੂੰ ਮੰਚ ਉੱਤੇ ਸਿਮਰਨ ਅਕਸ ਦੇ ਤੌਰ 'ਤੇ ਵੇਖਿਆ। 2018 ਵਿੱਚ ਇੱਕ ਦੋਸਤ ਨੇ 'ਪਾਣੀ ਦਾ ਹਾਸ਼ੀਆ' ਤੇ 'ਚੱਪਾ ਕੁ ਪੂਰਬ' ਕਿਤਾਬਾਂ ਜਨਮ ਦਿਨ 'ਤੇ ਤੋਹਫੇ ਵਜੋਂ ਦਿੱਤੀਆਂ। ਪਹਿਲੀ ਵਾਰ ਪਤਾ ਲੱਗਾ ਗ਼ਜ਼ਲ ਦੇ ਬਾਰੇ।

ਗੁਰਤੇਜ ਕੋਹਾਰਵਾਲ਼ਾ ਜੀ ਤੇ ਵਿਜੇ ਵਿਵੇਕ ਜੀ ਦੀਆਂ ਇਹ ਕਿਤਾਬਾਂ ਪੜ੍ਹੀਆਂ ਤੇ ਫਿਰ ਸੋਸ਼ਲ ਮੀਡੀਆ 'ਤੇ ਉਹਨਾਂ ਦੀ ਆਈ.ਡੀ. ਨੂੰ ਕਈ ਦਿਨ ਫ਼ਰੋਲਦੀ, ਘੋਖਦੀ ਰਹੀ। ਫਿਰ ਉਥੋਂ ਹੋਰ ਸ਼ਾਇਰਾਂ ਬਾਰੇ ਪਤਾ ਲੱਗਿਆ ਬਸ ਜਿਵੇਂ ਜਾਗ ਲੱਗ ਗਈ, ਨਵੀਂ ਦੁਨੀਆਂ ਵੱਲ ਨੂੰ ਝਰੋਖਾ ਖੁੱਲ ਗਿਆ ਹੋਵੇ। ਥੋੜ੍ਹੇ ਬਹੁਤ ਕਵਿਤਾਵਾਂ ਜਾਂ ਸ਼ਿਅਰ ਲਿਖਦੀ ਸਾਂ ਤੇ ਪੋਸਟ ਕਰਦੀ ਸਾਂ ਪਰ ਹਾਂ ਲੇਖਕਾਂ ਕਵੀਆਂ ਲਈ ਇਸ਼ਕ ਸੀ ਅੰਦਰ। ਸੋ ਇਸ ਇਸ਼ਕ ਨੇ ਕਦੋਂ ਸਿਰ 'ਤੇ ਹੱਥ ਧਰਿਆ ਪਤਾ ਵੀ ਨਹੀਂ ਲੱਗਿਆ। ਫਿਰ ਇੱਕ ਸਫ਼ਰ ਦਾ ਆਗਾਜ਼ ਹੋਇਆ। ਸਫ਼ਰ ਨੇ ਜੋ ਵੀ ਝੋਲੀ ਪਾਇਆ ਉਸ ਸਭ ਸਮੇਤ ਤੁਹਾਡੇ ਰੂ ਬ ਰੂ ਹਾਂ। ਸਫ਼ਰ ਛੋਟਾ ਹੈ ਪਰ ਵੇਖ ਜ਼ਿਆਦਾ ਲਿਆ। ਇਨਾਮ, ਧਿਰਾਂ, ਕਿਤਾਬਾਂ, ਸਮਾਗਮ, ਅਹੁਦੇ ਵਗੈਰਾ ਵਗੈਰਾ। ਬਾਹਰ ਕੀ ਹੈ ਜਾਣ ਦਿਓ ਅੰਦਰ ਦੀ ਗੱਲ ਇਹ ਹੈ ਕਿ ਕਵਿਤਾ ਉੱਤਰਦੀ ਹੈ, ਆਪ ਆਉਂਦੀ ਹੈ ਸਾਹ ਲੈਣ ਵਾਂਗ.. ਸਹਿਜ ਸੁਭਾਅ... ਰੁਮਕਦੀ ਹੋਈ ਜਿਵੇਂ ਮੁਹੱਬਤ ਹੋਣ ਦਾ ਪਤਾ ਨਹੀਂ ਲੱਗਦਾ ਬਿਲਕੁਲ ਉਵੇਂ। ਕੇਰਾਂ ਕੋਈ ਲਰਜ਼ਿਸ਼ ਸੀਨੇ ਉੱਤਰਦੀ ਹੈ ਤੇ ਫਿਰ ਬੱਸ ਭਟਕਣਾ ਤੁਹਾਡੇ ਦਿਲ ਦੇ ਦਰਵਾਜ਼ੇ 'ਤੇ ਪ੍ਰਹੁਣੀ ਬਣ ਬਹਿੰਦੀ ਹੈ। ਕੁਝ ਵੀ ਸਿਰਜਣਾ ਬੱਚੇ ਨੂੰ ਜਨਮ ਦੇਣ ਵਾਂਗ ਹੁੰਦਾ ਹੈ। ਮੈਨੂੰ ਮੇਰੀ ਜੀਅ ਕਰਦੈ... ਕਿਤਾਬ ਧੀ ਵਾਂਗ ਲੱਗੀ। ਹੋ ਸਕਦੈ ਮਾਂ ਆਪਣੇ ਬੱਚੇ ਦੇ ਮੋਹ ਵੱਸ ਕੁਝ ਗਲਤੀਆਂ ਨਜ਼ਰ ਅੰਦਾਜ਼ ਕਰ ਬੈਠੇ ਪਰ ਚੰਗੀ ਮਾਂ ਦਾ ਫਰਜ਼ ਹੈ ਕਿ ਮਮਤਾ ਦਾ ਪਰਦਾ ਲਾਹ ਕੇ ਬੱਚੇ ਬਾਰੇ ਨਿਰਪੱਖ ਹੋ ਕੇ ਸੋਚੇ। ਇਹੀ ਕਰ ਰਹੀ ਆਂ... ਸਵੈ ਪੜਚੋਲ। ਇਹੀ ਮੇਰੀ ਸਿਰਜਣ ਪ੍ਰਕਿਰਿਆ ਹੈ। ਇੱਕੋ ਚਾਹਨਾ ਹੈ....

ਮੇਰੇ ਮੌਲਾ ਜੇ ਤੁੱਠਾ ਹੈਂ ਤਾਂ ਏਨੀ ਹੀ ਨਜ਼ਰ ਕਰਦੇ
ਮੇਰੇ ਗੀਤਾਂ, ਮੇਰੇ ਲਫ਼ਜ਼ਾਂ ਨੂੰ ਬੱਸ ਤੂੰ ਬਾਅਸਰ ਕਰਦੇ
ਇਹ ਮੰਜ਼ਿਲ ਸਾਂਭ ਉਹਨਾਂ ਲਈ ਜੋ ਇਸਦੀ ਤਾਂਘ ਰੱਖਦੇ ਨੇ
ਮੇਰੇ ਪੈਰਾਂ ਨੂੰ ਸਫ਼ਰਾਂ ਦਾ ਸਦੀਵੀ ਹਮਸਫ਼ਰ ਕਰਦੇ

*****

## ਮੇਰੀ ਸਿਰਜਣਾ/ ਰਣਜੀਤ ਸਰਾਂਵਾਲੀ

ਕਵਿਤਾ ਸਿਰਜਣ ਦੇ ਰਾਹ ਪੈਣਾ ਘਰ ਵਿਚਲੇ ਕੁਝ ਕੁਝ ਸਾਹਿਤਕ ਮਾਹੌਲ ਦੀ ਦੇਣ ਸੀ। ਨਿੱਤ ਨੇਮ ਕਰਦਿਆਂ ਬਾਣੀ ਦੇ ਸ਼ਬਦ ਮਨ 'ਤੇ ਗਹਿਰਾ ਅਸਰ ਕਰਦੇ। ਘਰ 'ਚ ਮੌਜੂਦ ਬਾਬੂ ਰਜਬ ਅਲੀ ਤੇ ਕਰਨੈਲ ਸਿੰਘ ਪਾਰਸ ਕਾਵਿ ਪੜ੍ਹਦਿਆਂ ਮੈਂ ਵੀ ਕੁਝ ਤੁਕਾਂ ਜੋੜਨ ਲੱਗ ਪਿਆ ਸੀ। ਹੌਲੀ ਹੌਲੀ ਇਹ ਤੁਕਬੰਦੀ ਕਈ ਪੜਾਵਾਂ ਵਿਚੋਂ ਗੁਜ਼ਰਦੀ ਆਖ਼ਰ ਗ਼ਜ਼ਲ ਤਕ ਆ ਪਹੁੰਚੀ।

ਗ਼ਜ਼ਲ ਲਿਖ ਕੇ ਮਨ ਨੂੰ ਸਕੂਨ ਮਿਲਦਾ ਹੈ। ਰੂਹ ਤੋਂ ਕੋਈ ਭਾਰ ਲਹਿੰਦਾ ਹੈ। ਲਗਭਗ ਅੱਠ ਸਾਲ ਗ਼ਜ਼ਲ ਲਿਖਣ ਬਾਅਦ ਪਲੇਠੀ ਕਿਤਾਬ 'ਪਾਣੀ ਉੱਤੇ ਮੀਨਾਕਾਰੀ' ਹੋਂਦ ਵਿਚ ਆਈ। ਇਸ ਕਿਤਾਬ ਦੀ ਸਮੁੱਚੀ ਸ਼ਾਇਰੀ ਮੇਰੇ ਆਪਣੇ ਲੋਕਾਂ ਦੀ ਸ਼ਾਇਰੀ ਹੈ ਜਿਸ ਵਿਚ ਹਰ ਮਾਨਵ ਵਿਰੋਧੀ ਵਰਤਾਰੇ 'ਤੇ ਮੈਂ ਉਂਗਲ ਧਰਨ ਦਾ ਯਤਨ ਕੀਤਾ ਹੈ। ਆਪਣੀ ਸਮਝ ਅਨੁਸਾਰ ਆਪਣੀ ਇਸ ਕਿਤਾਬ ਵਿਚ ਇਤਿਹਾਸਕ ਮਿਥਿਹਾਸਕ ਪ੍ਰਸੰਗਾਂ ਨੂੰ ਵੀ ਪ੍ਰਸਤੁਤ ਕੀਤਾ ਹੈ।




'ਪਾਣੀ ਉੱਤੇ ਮੀਨਾਕਾਰੀ' ਦੀਆਂ ਕੁਝ ਗ਼ਜ਼ਲਾਂ ਮੈਂ ਦੋ-ਢਾਈ ਮਿੰਟ ਵਿਚ ਵੀ ਲਿਖੀਆਂ ਜਦੋਂ ਕਿ ਕੁਝ ਗ਼ਜ਼ਲਾਂ ਨੂੰ ਪੂਰੀਆਂ ਕਰਨ ਲਈ ਦੋ ਢਾਈ ਸਾਲ ਵੀ ਲੱਗੇ। ਫੇਰ ਵੀ 'ਪਾਣੀ ਉੱਤੇ ਮੀਨਾਕਾਰੀ' ਦੀ ਸਮੁੱਚੀ ਸ਼ਾਇਰੀ ਰਚਦਿਆਂ ਮੈਂ ਗਹਿਰੇ ਅਨੁਭਵ, ਅਧਿਐਨ ਵਿੱਚੋਂ ਗੁਜ਼ਰਿਆ। ਆਪਣੇ ਪਹਿਲੇ ਪਿਆਰ ਵਰਗੀ ਇਸ ਪੁਸਤਕ ਵਿੱਚੋਂ ਦੋ ਸ਼ਿਅਰ ਤੁਹਾਡੇ ਨਾਲ ਸਾਂਝੇ ਕਰ ਕੇ ਮੈਂ ਆਪਣੀ ਗੱਲ ਸਮੇਟਦਾ ਹਾਂ:

ਕਾਗਜ਼ੀ ਫੁੱਲ, ਕੱਚ ਦੇ ਫੁੱਲਦਾਨ ਰਹਿ ਗਏ
ਹੁਣ ਵਿਖਾਵੇ ਹੀ ਘਰਾਂ ਦੀ ਸ਼ਾਨ ਰਹਿ ਗਏ

ਵਧ ਰਹੀ ਜਨ ਸੰਖਿਆ ਤਾਂ ਰੋਜ਼ ਭਾਵੇਂ
ਸ਼ਹਿਰ ਵਿਚ ਪਰ ਬਹੁਤ ਘੱਟ ਇਨਸਾਨ ਰਹਿ ਗਏ

*****

## ਧਾਮੀ ਗਿੱਲ ਮੋਗਾ



ਤੂੰ ਨਾ ਬਾਹਰ ਮਿਲਿਓਂ ਕਿਧਰੇ ਲੱਭਣ ਭਾਲਣ ’ਤੇ
ਆਪਣੇ ਅੰਦਰ ਲੱਭ ਗਿਓਂ ਰੂਹ ਨਾਲ ਤਲਾਸ਼ਣ ’ਤੇ

ਰੁੱਖਾਂ ਵਾਂਗੂੰ ਪਿੱਛੇ ਛੁਟਦੇ ਦਿਸਣ ਕਈ ਰਿਸ਼ਤੇ
ਜੀਵਨ ਰੇਲ ਦੀ ਬਾਰੀ ਵਿੱਚੋਂ ਬਾਹਰ ਝਾਕਣ ’ਤੇ

ਭੋਲ਼ਾਪਣ, ਸਾਦਾਪਣ ਗੁੰਮਣ ਦਾ ਉਹਨੂੰ ਝੋਰਾ ਨਹੀਂ
ਰੋ ਪੈਂਦਾ ਸੀ ਜੋ ਨਿੱਕੀ ਜਿਹੀ ਚੀਜ਼ ਗਵਾਚਣ ’ਤੇ

ਦੁਨੀਆਦਾਰੀ, ਜ਼ੁੰਮੇਵਾਰੀ, ਸੋਝੀ ਹਰਖ ਗਏ
ਮੇਰੇ ਵੱਲੋਂ ਦਿਲ ਨੂੰ ਨੰਬਰਦਾਰੀ ਥਾਪਣ ’ਤੇ

ਸ਼ਰਤਾਂ-ਟਰਮਾਂ ਪਿਆਰ ’ਚ ਨਾ ਚੱਲਣ, ਸੋ ਬਿਹਤਰ ਹੈ
ਦੂਰੀ ਸੱਚੀਂ ਵਧਾ ਲਓ, ਕੇਰਾਂ ਦੂਰੀ ਜਾਪਣ ’ਤੇ

‘ਥੱਕੀ ਹਾਰੀ ਦਮ ਤਾਂ ਲੈ ਲੈ ਜੱਕੜ ਮਾਰਾਂਗੇ’
ਝੱਟ ਬੈਠ ਗਈ ਜ਼ਿੰਦਗੀ, ਮੇਰੇ ਏਨਾ ਆਖਣ ’ਤੇ

*****

ਮੇਰੇ ਵੀ ਇਹ ਕਿੱਥੇ ਆਖੇ ਲੱਗਦਾ ਹੈ
ਮੇਰਾ ਦਿਲ ਬੱਸ ਆਪਣੇ ਦਿਲ ਦੀ ਸੁਣਦਾ ਹੈ

ਨੂਰ ਤੇਰੇ ਨੂੰ ਆਖ਼ਰ ਦੋਵੇਂ ਝੱਲਣ ਕਿੰਵ
ਅੱਖਾਂ ਦੇ ਲਈ ਇਹ ਇੱਕ ਵੱਡਾ ਮਸਲਾ ਹੈ

ਮੈਂ ਵੀ ਦੁਨੀਆ ਵਰਗਾ ਕਾਹਤੋਂ ਹੁੰਦਾ ਨਹੀਂ
ਦਿਲ ਦਾ ਮੇਰੇ ਨਾਲ ਇਹੀ ਬੱਸ ਝਗੜਾ ਹੈ

ਅੰਦਰੋਂ ਮੇਰੇ ਜਿਉਂਦੇ ਹੋਣ ਦਾ ਸੂਚਕ ਹੈ
ਹੰਝੂ ਭਾਵੇਂ ਤੇਰੇ ਲਈ ਇੱਕ ਕਤਰਾ ਹੈ

ਹਾਸੇ-ਖੇਡੇ, ਚਾਅ ਰੀਝਾਂ ਸਭ ਲੈ ਉੱਡਿਆ
ਸਾਨੂੰ ਤੇਰਾ ਇਸ਼ਕ ਨਾ ਮੂਲੋਂ ਪੁੱਗਦਾ ਹੈ

ਪੀੜ ਪਰਾਈ ਨੂੰ ਵੀ ਅਪਣੀ ਜਾਣਾਂ ਮੈਂ
ਖ਼ੁਦ ਤੋਂ ਮੈਨੂੰ ਸਭ ਤੋਂ ਵੱਡਾ ਖਤਰਾ ਹੈ

ਹਰ ਇੱਕ ਦੇ ਲਈ ਦੇ ਅੱਖ ’ਚੋਂ ਇਹ ਕਿਰਦਾ ਨਈਂ
ਹੰਝੂ ਦਾ ਵੀ ਆਪਣਾ ਹੀ ਇੱਕ ਰੁਤਬਾ ਹੈ

ਖ਼ੁਦ ਦੀ ਸ਼ਕਲ ਪਛਾਣ ਨਾ ਹੁੰਦੀ ਸ਼ੀਸ਼ੇ ਵਿੱਚ
ਇਸ਼ਕ ਨਾ ‘ਧਾਮੀ’ ਖਾਲਾ ਜੀ ਦਾ ਵਾੜਾ ਹੈ

*****

ਇਹ ਸੰਭਵ ਹੈ ਕਿ ਤੇਰਾ ਪਿਆਰ ਬੱਸ ਇੱਕ ਵਲਵਲਾ ਹੋਵੇ
ਇਹ ਵੀ ਡਰ ਹੈ ਮੇਰੀ ਹਸਤੀ ਲਈ ਨਾ ਜ਼ਲਜ਼ਲਾ ਹੋਵੇ

ਹਮੇਸ਼ਾ ਫ਼ਾਸਲੇ ਕਾਰਨ ਨਾ ਹੁੰਦੀ ਮੌਤ ਰਿਸ਼ਤੇ ਦੀ
ਕਦੇ ਰਿਸ਼ਤਾ ਬਚਾਵਣ ਲਈ ਜ਼ਰੂਰੀ ਫ਼ਾਸਲਾ ਹੋਵੇ

ਹਮੇਸ਼ਾ ਝੂਠ ਦੇ ਹੀ ਨਾਲ ਹੁੰਦੇ ਲਾਮ ਲਸ਼ਕਰ ਨੇ
ਇਕੱਲਾ ਸੱਚ ਅਪਣੇ ਆਪ ਵਿੱਚ ਇਕ ਕਾਫ਼ਲਾ ਹੋਵੇ

ਸਲਾਮਾਂ ਚੜ੍ਹਦੇ ਸੂਰਜ ਨੂੰ ਇਹੀ ਦਸਤੂਰ ਦੁਨੀਆ ਦਾ
ਤੂੰ ਰਾਹਾਂ ਵੱਖ ਕਰ ਲਈਆਂ ਤਾਂ ਮੈਨੂੰ ਕਿਉਂ ਗਿਲ਼ਾ ਹੋਵੇ

ਦਿਖਾਵਾ ਹੈ, ਨਿਰੀ ਖਿੱਚ ਹੈ ਕੋਈ ਵੀ ਨਾਮ ਦੇ ਦੇਵੋ
ਮੁਹੱਬਤ ਹੈ ਨਹੀਂ ਹਰਗਿਜ਼ ਜੇ ਮਨ ਵਿੱਚ ਤੌਖਲਾ ਹੋਵੇ

ਮੇਰੇ ਇਸ ਦਿਲ ਨੂੰ ਤੇਰੀ ਯਾਦ ਦਾ ਹੈ ਆਸਰਾ ਏਦਾਂ
ਚੜ੍ਹੇ ਬੱਦਲ਼ ਜਿਵੇਂ ਤੱਕ ਕੇ ਥਲਾਂ ਨੂੰ ਹੌਸਲਾ ਹੋਵੇ

ਜਿਦ੍ਹੇ ਵਿੱਚ ਪੈਰ ਥਿੜਕਣ ਜਜ਼ਬਿਆਂ ਦੀ ਹਾਰ ਹੋ ਜਾਵੇ
ਖੁਦਾਇਆ ਇਸ਼ਕ ਵਿੱਚ ਐਸਾ ਕੋਈ ਨਾ ਮਰਹਲਾ ਹੋਵੇ

ਕਦੇ ਵੀ ਜ਼ਿੰਦਗੀ ਨਾ ਉਸ ਨੂੰ ਬਾਂਹਾਂ ਖੋਲ੍ਹ ਕੇ ਮਿਲਦੀ
ਜਿਦ੍ਹੇ ’ਤੇ ਦਰਜ ਰੀਝਾਂ ਮਾਰਨੇ ਦਾ ਮਾਮਲਾ ਹੋਵੇ।

*****

# ਨਵਦੀਪ ਸਿੰਘ ਮੁੰਡੀ



## ਸ਼ੈਂਡਲੀਅਰ

ਮਕਾਨ ਬਣੇ ਨੂੰ ਕਈ ਸਾਲ ਹੋ ਗਏ
ਸਾਰਾ ਮਕਾਨ ਮੁਕੰਮਲ ਹੈ
ਬਸ ਇਕ ਜਗ੍ਹਾ ਖਾਲ਼ੀ ਹੈ

ਆਰਕੀਟੈਕਟ ਕਹਿੰਦਾ ਸੀ
ਸ਼ੈਂਡਲੀਅਰ ਲਈ ਛੱਡੀ ਹੈ
ਤਾਰਾਂ ਲਮਕ ਰਹੀਆਂ ਨੇ
ਉਹ ਮੰਗ ਕਰਦੀਆਂ
ਸ਼ੈਡਲੀਅਰ ਲੱਗ ਜਾਵੇ
ਪਰ ਮੇਰਾ ਉੱਕਾ ਵੀ
ਚਿੱਤ ਨਹੀਂ ਕਰਦਾ
ਸ਼ੈਡਲੀਅਰ ਲਾਉਣ ਨੂੰ

ਹੁਣ ਤਾਂ ਘਰਦੇ ਵੀ ਹੰਭ ਗਏ ਕਹਿ ਕੇ
ਪਰ ਮੇਰੇ ਤੋਂ
ਸ਼ੈਂਡਲੀਅਰ ਨਹੀਂ ਲੱਗਿਆ
ਸ਼ੈਂਡਲੀਅਰ ਕਦੇ ਵੀ ਮੈਨੂੰ
ਖ਼ੁਸ਼ੀ, ਖੇੜੇ ਜਾਂ ਰੌਸ਼ਨੀ ਦਾ ਪ੍ਰਤੀਕ
ਨਹੀਂ ਲੱਗਿਆ

ਸਗੋਂ ਗਰੀਬ ਨੂੰ ਚਿੜ੍ਹਾਉਂਦਾ
ਸਤਾਉਂਦਾ ਲੱਗਿਆ
ਅਮੀਰ ਤੇ ਗਰੀਬ ਦੇ ਪਾੜੇ ਨੂੰ
ਵਧਾਉਂਦਾ
ਇਕ ਸੂਚਕ ਲੱਗਿਆ

ਹੁਣ ਮੇਰੇ ਤੇ ਸ਼ੈਂਡਲੀਅਰ ਵਿਚ
ਪਾੜਾ ਵਧਦਾ ਜਾ ਰਿਹਾ

ਤੇ ਮੈਂ ਮੰਨਦਾ
ਮੇਰੇ ਤੋਂ ਸ਼ੈਂਡਲੀਅਰ
ਨਹੀਂ ਲੱਗਣਾ

## ਆਰਕੈਸਟਰਾ

ਆਰਕੈਸਟਰਾ ਵਿੱਚ ਨੱਚਦੀਏ ਕੁੜੀਏ!
ਘੂਰਦੇ ਨੇ ਅੱਖਾਂ ਪਾੜ-ਪਾੜ
ਤੇਰੇ ਅੰਗਾਂ ਨੂੰ
ਉਹ ਵੀ ਦੋਸ਼ੀ ਨੇ ਤੇਰੇ ਹਾਲਾਤ ਦੇ

ਇਹਨਾਂ ਨੂੰ ਕੋਈ ਝੋਰਾ ਨਹੀਂ
ਤੇਰੀ ਮਜਬੂਰੀ ਦਾ
ਇਹ ਤਾਂ ਆਪਣੇ
ਸੁਆਦਾਂ ਦੇ ਗੁਲਾਮ ਨੇ

ਭੋਲੀ ਕੁੜੀਏ!
ਤੂੰ ਐਵੇਂ ਨਾ ਭੁਲੇਖਾ ਪਾਲ ਬੈਠੀਂ
ਕਿ ਇੱਥੇ ਸਾਰੇ ਹੀ
ਕੰਜਕਾਂ ਦੇ ਪੁਜਾਰੀ ਨੇ।

## ਮਾਂ

ਕਈ ਸਾਲਾਂ ਤੋਂ
ਮਾਂ ਪਾਠ ਕਰਦੀ ਹੈ
ਮੈਂ ਵਿਆਖਿਆ ਪੁੱਛਦਾ ਹਾਂ
ਮਾਂ ਕੁਝ ਨਹੀਂ ਬੋਲਦੀ
ਚੁੱਪ ਚਾਪ ਪਾਠ ਕਰਦੀ ਰਹਿੰਦੀ ਹੈ

ਮੈਂ ਕਹਿ ਦਿੰਦਾ ਹਾਂ
ਕੀ ਫ਼ਾਇਦਾ ਇੰਜ ਪਾਠ ਕਰਨ ਦਾ
ਉਹ ਲੀਨ ਰਹਿੰਦੀ ਹੈ ਪਾਠ ਵਿਚ
ਮਤੇ ਮੈਂ ਕੁੱਝ ਕਿਹਾ ਹੀ ਨਹੀਂ

ਵਰ੍ਹਿਆਂ ਬਾਅਦ
ਅੱਜ ਚਾਨਣ ਹੋਇਆ
ਘਰ ਦੀ ਖੁਸ਼ਹਾਲੀ ਦਾ ਰਾਜ਼।

## ਗੁਬਾਰੇ ਵੇਚਦਾ ਮੁੰਡਾ

ਗੁਬਾਰੇ ਵੇਚਦਾ ਮੁੰਡਾ
ਪੈਲੇਸ ਦੇ ਬਾਹਰ ਖੜ੍ਹਾ
ਬੜੀ ਲਾਲਸਾ ਨਾਲ ਦੇਖਦਾ
ਵਿਆਹ ਵਿੱਚ ਲੱਗੀਆਂ ਸਟਾਲਾਂ
ਤੇ ਤੱਕਦੇ ਭਾਂਤ-ਭਾਂਤ ਦੇ
ਖਾਣਿਆ ਵੱਲ
ਉਸ ਦਾ ਵੀ ਚਿੱਤ ਕਰਦੈ
ਖਾਣ ਦੇ ਲਈ ਲਜ਼ੀਜ਼ ਖਾਣਾ

ਮੇਰੀ ਬੇਟੀ ਦੇਖਦੀ ਉਸ ਨੂੰ
ਭਰਦੀ ਹੈ, ਹਉਂਕਾ
ਤੇ ਆਪਣੇ ਖਾਣੇ ਲਈ ਭਰੀ ਪਲੇਟ
ਫੜ੍ਹਾ ਕੇ ਮੈਨੂੰ ਕਹਿੰਦੀ ਹੈ
ਦੇ ਆਓ ਪਾਪਾ
ਖਾਣਾ ਉਸ ਮੁੰਡੇ ਨੂੰ

ਮੈਂ ਤ੍ਰਭਕ ਜਾਂਦਾ ਹਾਂ
ਮੈਂ ਆਪ ਮਹਿਮਾਨ ਹਾਂ ਵਿਆਹ ਚ
ਬੇਟੀ ਉਦਾਸ ਹੋ ਜਾਂਦੀ ਹੈ
ਇੱਕ ਬਾਪ ਕਿੱਥੇ ਦੇਖ ਸਕਦਾ ਹੈ
ਬੇਟੀ ਨੂੰ ਉਦਾਸ

ਮੈਂ ਗੁਬਾਰਾ ਲੈਣ ਦੇ ਪੱਜ
ਮੁੰਡੇ ਨੂੰ ਦੇ ਆਉਂਦਾ ਹਾਂ ਕੁਝ ਪੈਸੇ
ਮੇਰੀ ਬੇਟੀ ਹੋ ਜਾਂਦੀ ਹੈ ਖੁਸ਼

ਮੈ ਸੋਚਦਾਂ ਮੁੰਡੇ ਦੇ ਬਾਪ ਨੇ
ਕਿਵੇਂ ਤੋਰਿਆ ਹੋਵੇਗਾ
ਪੜ੍ਹਨ ਦੀ ਉਮਰੇ
ਗੁਬਾਰੇ ਵੇਚਣ
ਮੈਂ ਫਿਰ ਉਦਾਸ ਹੋ ਜਾਂਦਾ ਹਾਂ।

*****

## ਪਰੀ ਕੰਬੋਜ

### ਪੌਣ ਦੀ ਆਤਮਕਥਾ

ਉਹ ਬਿਰਖ ਸੀ
ਜੋ ਸੁੱਕ ਗਿਆ......
ਮੈਂ ਪੌਣ ਸੀ
ਜੋ ਤੁਰ ਗਈ......
ਅਣਕਿਆਸੀ
ਅਧਮੋਈ
ਅਦਭੁਤ
ਇਕ ਆਸ ਮਨ 'ਚ ਸਮੋਈ,
ਮੁੜ ਗਈ......

ਅਸ਼ਾਂਤ
ਅਸਹਿਜ
ਇਸ ਗਰਾਂ
ਉਸ ਗਰਾਂ
ਆਪਣੇ ਆਪ 'ਚ ਲੁਕੋਈ
ਇਕ ਪੀੜ
ਅਣਕਿਆਸੀ
ਅਮਿੱਟ
ਅਣਮਿੱਥੀ.......

ਤੁਰ ਗਈ ਇਕ ਹੋਰ
ਚਹਿਕਦੇ, ਮਹਿਕਦੇ
ਬਿਰਖ ਦੀ ਭਾਲ ਵਿੱਚ.....

### ਵਜੂਦ

ਮੈਂ ਕੋਈ ਬੇਜਾਨ ਵਸਤ ਨਹੀਂ
ਜਿਸਨੂੰ ਚੁੱਕ ਕੇ
ਇੱਕ ਥਾਂ ਤੋਂ ਦੂਜੀ ਥਾਂ ਤੇ
ਧਰ ਦਵੇਂਗਾ
ਆਪਣੇ ਮੁਤਾਬਕ !

ਮੈ ਘੁਮਿਆਰ ਦੇ ਚੱਕ ਤੇ ਬਣੀ
ਕੋਈ ਮਿੱਟੀ ਦੀ ਵਸਤ ਨਹੀਂ
ਜਿਸਨੂੰ ਢਾਲ ਲਵੇਂਗਾ



ਆਪਣੀਆਂ ਉਂਗਲਾਂ ਦੇ
ਪੋਟਿਆਂ ਦੇ ਨਾਲ !

ਮੈਂ ਓਹ ਅਹਿਸਾਸ ਹਾਂ
ਜਿਸਨੂੰ ਚਾਹ ਕੇ ਵੀ ਤੂੰ
ਮਹਿਸੂਸ ਨਹੀਂ ਕਰ ਸਕਦਾ !

ਮੇਰਾ ਵਜੂਦ
ਚਾਨਣ ਦੇ ਓਹਨਾਂ
ਸੱਤਾਂ ਰੰਗਾਂ ਜਿਹਾ ਏ
ਜੋ ਖਿੜ ਉੱਠਦੇ ਨੇ ਆਕਾਸ਼ 'ਚ
ਸੰਤਾਪੀਆਂ ਰੂਹਾਂ ਦੀਆਂ
ਸਿਸਕੀਆਂ ਤੋਂ ਬਾਅਦ !

### ਸੁਰਮਈ ਸ਼ਾਮ

ਕਦੇ ਆਵੀਂ...
ਸੁਰਮਈ ਜਿਹੀ ਸ਼ਾਮ ਨੂੰ

ਭਰ ਜਾਵੀਂ....
ਮੇਰੇ ਨੈਣਾਂ ਚ
ਸੂਹੇ ਫੁੱਲਾਂ ਜਿਹੇ
ਰੰਗੀਨ ਤੇ ਹੁਸੀਨ ਸੁਫ਼ਨੇ....

ਲਿਖ ਜਾਵੀਂ....
ਕਾਲੀ ਰਾਤ ਦੇ ਪਿੰਡੇ ਤੇ
ਚੰਨ ਤੇ ਚਾਨਣੀ ਦੀ,
ਮੁਹੱਬਤ ਭਰੀ ਦਾਸਤਾਨ....
ਭਰ ਲਵੀਂ....
ਸੀਨੇ ਚ ਆਪਣੇ,
ਪਿਆਰ,
ਨਿੱਘ,
ਤੇ ਅਪਣੱਤ ਨਾਲ ਭਰੇ....
ਖੂਬਸੂਰਤ ਜਿਹੇ ਅਹਿਸਾਸ....

ਮੁੜ ਜਾਵੀਂ....
ਲੈ ਕੇ ਨਾਲ ਆਪਣੇ,
ਇਕ ਅਣਕਹੀ,
ਅਣਲਿਖੀ,
ਕਹਾਣੀ
'ਤੇਰੇ ਮੇਰੇ' ਪਿਆਰ ਦੀ....

### ਰੂਹਾਂ ਦੀ ਤਕਰੀਰ

ਮੈਂ ਚਾਨਣ ਸਾਂ
ਰਾਤ ਦੇ ਹਨ੍ਹੇਰੇ ਨੂੰ ਚੀਰਦਾ
ਸ਼ਾਂਤ ਅਨਹਦ ਨਾਦ
ਵਿਸਮਾਦ ਜਿਹਾ,

ਤੂੰ ਲੋਅ ਜਿਹੀ,
ਖੁਸ਼ਬੋ ਜਿਹੀ,
ਮਹਿਕਾਂ ਖਿਲਾਰਦੀ....।

ਮੈਂ ਧੁੱਪ ਜਿਹਾ,
ਚੁੱਪ ਜਿਹਾ,
ਅਨੰਤ, ਅਥਾਹ,
ਅਦੁੱਤੀ ਲੋਅ ਜਿਹਾ....।
ਬਿਰਹੋਂ ਦੇ ਗੀਤ ਦੀ ਅਧੂਰੀ
ਸਤਰ ਜਿਹਾ....।

ਮੈਂ ਬਣਨਾ ਚਾਹੁੰਦਾ,
ਤੇਰੀ ਰੂਹ ਦੀ ਮਹਿਕ,
ਤੇਰੇ ਸਾਹਾਂ ਦੀ ਚਹਿਕ....

ਲਫ਼ਜ਼ਾਂ ਤੋਂ ਪਾਰ....
ਚੁੱਪ ਦਾ ਸੰਵਾਦ....!
*****

## ਪਰਜਿੰਦਰ ਕੌਰ ਕਲੇਰ



ਬਿਨ ਸ਼ਿਕਾਇਤ ਤੇ ਗ਼ਿਲਾ ਰਿਸ਼ਤਾ ਨਿਭਾਈ ਜਾ ਰਿਹੈ;
ਜ਼ਖ਼ਮ ਤਾਂ ਉਹ ਹਾਸਿਆਂ ਹੇਠਾਂ ਲੁਕਾਈ ਜਾ ਰਿਹੈ;

ਮੇਰੀਆਂ ਬਾਹਾਂ 'ਚ ਆ ਕੇ ਵੀ ਨਾ ਹੋਇਆ ਉਹ ਮੇਰਾ,
ਬੱਸ ਏਹੀ ਇੱਕ ਫ਼ਾਸਲਾ ਮੈਨੂੰ ਰੁਆਈ ਜਾ ਰਿਹੈ;

ਸੋਚਿਆ ਸੀ ਮੈਂ ਕਿ ਤੇਰੀ ਯਾਦ ਦਿਲ 'ਚੋਂ ਕੱਢ ਦਵਾਂ,
ਪਰ ਬਿਤਾਇਆ ਨਾਲ ਜੋ ਪਲ ਯਾਦ ਆਈ ਜਾ ਰਿਹੈ;

ਆਪਣਾ ਹੀ ਅਕਸ ਮੈਨੂੰ ਧੁੰਦਲਾ ਅੱਜ ਜਾਪਦਾ,
ਆ ਜ਼ਰਾ ਦੇਖੀਂ ਇਹ ਸ਼ੀਸ਼ਾ ਕੀ ਦਿਖਾਈ ਜਾ ਰਿਹੈ;

ਕੌਣ 'ਜਿੰਦਰ' ਦੇ ਰਿਹਾ ਹੈ ਛਾਂ ਹਵਾ ਫਲ ਫੁੱਲ ਤੇ ਘਰ
ਜਾਣਦਾ ਹੋਇਆ ਵੀ ਬੰਦਾ ਰੁੱਖ ਕਟਾਈ ਜਾ ਰਿਹੈ

*****

ਮਨ ਵਿਚ ਖੋਟ ਜਿਨ੍ਹਾਂ ਦੇ ਹੋਵੇ ਅਕਸਰ ਨਜ਼ਰ ਚੁਰਾਉਂਦੇ ਨੇ;
ਝੂਠੀ ਹਮਦਰਦੀ ਕਰਕੇ ਉਹ ਅੱਖੀਓਂ ਨੀਰ ਵਹਾਉਂਦੇ ਨੇ;

ਕੁਝ ਨਾ ਹਾਸਿਲ ਕੀਤਾ ਹੁਣ ਤੱਕ ਉਮਰ ਗੁਜ਼ਰਦੀ ਜਾਂਦੀ ਹੈ,
ਮੇਰੀ ਜ਼ਿੰਦਗੀ ਦੇ ਬੀਤੇ ਪਲ ਏਹੀ ਗੱਲ ਸਮਝਾਉਂਦੇ ਨੇ;

ਦੁਸ਼ਮਣ ਨੂੰ ਵੀ ਗਲ਼ ਲਾਓ ਤੇ ਮਹਿਕਾਂ ਵੰਡੋ ਹਰ ਇੱਕ ਥਾਂ,
ਕੰਡਿਆਂ ਸੰਗ ਰਹਿ ਕੇ ਵੀ ਹੱਸੋ ਫੁੱਲ ਇਹ ਪਾਠ ਪੜ੍ਹਾਉਂਦੇ ਨੇ;

ਤੇਰੇ ਇਸ਼ਕ 'ਚ ਡੁੱਬੇ ਜਿਹੜੇ ਤੇਰੇ ਹੋ ਕੇ ਰਹਿੰਦੇ ਉਹ,
ਉੱਠਦੇ ਬਹਿੰਦੇ ਖਾਂਦੇ ਪੀਂਦੇ ਤੇਰਾ ਨਾਮ ਧਿਆਉਂਦੇ ਨੇ;

ਮਨ ਦੇ ਮੈਲ਼ੇ ਬੰਦੇ 'ਜਿੰਦਰ' ਪਾਰ ਕਦੇ ਵੀ ਲੱਗਦੇ ਨਾ,
ਅਪਣੀ ਨਜ਼ਰ 'ਚ ਡਿੱਗਦੇ ਵੇਖੇ ਸ਼ੀਸ਼ੇ ਤੋਂ ਘਬਰਾਉਂਦੇ ਨੇ;

*****

ਝੂਠ ਪਖੰਡ ਲੁਟੇਰੇ ਨਾਲ।
ਸਾਡਾ ਵੈਰ ਹਨੇਰੇ ਨਾਲ।

ਤੇਰੀ ਦੌੜ ਹੈ ਤੇਰੇ ਨਾਲ,
ਮੇਰੀ ਦੌੜ ਹੈ ਮੇਰੇ ਨਾਲ।

ਤੂੰ ਤੁਰਿਆ ਜਾ ਚਾਨਣ ਵੱਲ,
ਤੁਰ ਪੈਣੇ ਸਭ ਤੇਰੇ ਨਾਲ।

ਹਿੰਮਤ ਯਾਰ ਬਣਾ ਕੇ ਰੱਖ,
ਜੰਗ ਜਿੱਤਾਂਗੇ ਜੇਰੇ ਨਾਲ।

ਆਪਣੇ ਹੀ ਬਸ ਦਿੰਦੇ ਸਾਥ,
ਜਿੰਦਰ ਦੁੱਖ ਘਨੇਰੇ ਨਾਲ।

*****

ਜੋ ਕਿਰਦਾਰੋਂ ਗਿਰ ਜਾਂਦੇ ਹਨ;
ਕਿਰਦੇ ਕਿਰਦੇ ਕਿਰ ਜਾਂਦੇ ਹਨ;

ਬਹੁਤਾ ਲਾਡ ਲਡਾਈਏ ਜੇਕਰ,
ਸੱਜਣ ਵੀ ਚੜ੍ਹ ਸਿਰ ਜਾਂਦੇ ਹਨ;

ਜੜ੍ਹ ਨੂੰ ਲੱਗਿਆ ਹੋਵੇ ਕੀੜਾ,
ਪੱਤੇ ਸਾਰੇ ਗਿਰ ਜਾਂਦੇ ਹਨ;

ਲੋਕਾਂ ਦੀ ਕੀ ਗੱਲ ਸੁਣਾਵਾਂ,
ਲੋਕ ਜੁਬਾਨੋਂ ਫ਼ਿਰ ਜਾਂਦੇ ਹਨ;

ਪਿੱਠ ਵਿੱਚ ਖੰਜਰ ਮਾਰਨ ਜਿਹੜੇ,
ਦਿਲ ਤੋਂ ਲਹਿ ਆਖ਼ਿਰ ਜਾਂਦੇ ਹਨ;

ਮਨਮੁੱਖ ਬਣ ਕੇ ਮਨ ਮਰਜ਼ੀ ਦੇ,
ਰਸਤੇ ਤੇ ਕਾਫ਼ਿਰ ਜਾਂਦੇ ਹਨ;

'ਜਿੰਦਰ' ਮਾਪੇ ਰੋਣ ਉਹਨਾਂ ਦੇ,
ਨਸ਼ਿਆਂ ਵਿੱਚ ਜੋ ਘਿਰ ਜਾਂਦੇ ਹਨ;

*****

# ਪ੍ਰੀਤ ਜੱਗੀ



ਪਰਿੰਦਿਓ! ਅਕਲ ਤੋਂ ਪਰਦਾ ਹਟਾ ਕੇ ਰੱਖਿਓ
ਅਪਣਿਆਂ ਬੋਟਾਂ ਨੂੰ ਚੁੰਝੀਂ ਅੜਾ ਕੇ ਰੱਖਿਓ।

ਸਾਜ਼ਿਸ਼ ਰਚੀ ਹੈ ਮਾਲੀ ਨੇ ਚਮਨ ਵਿੱਚ
ਆਹਲਣੇ ਸੜਨਗੇ ਮਗਰ ਪਰ ਬਚਾ ਕੇ ਰੱਖਿਓ।

ਬਹੁਤ ਗ਼ੁਲ ਖਿਲੌਣਗੇ ਇਹ ਅਕਲ ਵਾਲੇ।
ਤੁਸੀਂ ਕਲਮਾਂ ਨੂੰ ਸਾਣ 'ਤੇ ਲਾ ਕੇ ਰੱਖਿਓ।

ਮਿਜ਼ਾਇਲਾਂ ਤੇ ਬੰਬਾਂ ਦੇ ਇਸ ਜ਼ਮਾਨੇ 'ਚ ਵੀ
ਪਤੰਗਾਂ ਲਈ ਕੁਝ ਕੁ ਆਸਮਾਂ ਬਚਾ ਕੇ ਰੱਖਿਓ।

ਪਰਤ ਹੀ ਆਣਗੇ ਸ਼ਾਇਦ ਖੁੰਝੇ ਮੁਸਾਫ਼ਿਰ
ਹਨ੍ਹੇਰੀਆਂ ਮੰਮਟੀਆਂ 'ਤੇ ਦੀਪਕ ਜਗਾ ਕੇ ਰੱਖਿਓ।

ਵਕਤ ਆਏਗਾ ਇੱਕ ਦਿਨ ਰੰਗ ਭਰੇ ਜਾਣਗੇ
ਤੁਸੀਂ ਕੈਨਵਸ 'ਤੇ ਲਕੀਰਾਂ ਤਾਂ ਵਾਹ ਕੇ ਰੱਖਿਓ।

*****

ਬੱਸ! ਏਨੀ ਕੁ ਸੀ ਮੇਰੇ ਹੋਣ ਥੀਣ ਦੀ ਕਹਾਣੀ
ਜਿਵੇਂ ਰੇਤਲੀਆਂ ਆਡਾਂ ਵਿੱਚ ਜੀਰ ਜਾਂਦੇ ਪਾਣੀ।

ਓਹ ਵੀ ਦਿਨ ਸੀ, ਪਾਜੇਬਾਂ ਪਾ ਕੇ ਨੱਚਦੀ ਸੀ ਪੌਣ
ਕਾਹਤੋਂ ਛੇੜ ਲਈ ਸ਼ੁਦਾਈਆ ਲੰਘੇ ਦਿਨਾਂ ਦੀ ਕਹਾਣੀ

ਹਰ ਤੱਕਣੀ 'ਚ ਨੇਜ਼ੇ ਏਥੇ ਹਾਸਿਆਂ 'ਚ ਜ਼ਹਿਰਾਂ
ਤੇਰੇ ਸ਼ਹਿਰ ਦਿਆਂ ਲੋਕਾਂ ਦੀ ਹੈ ਆਦਤ ਪੁਰਾਣੀ।

ਖੇਡੇ ਲੁਕਣਮਚਾਈਆਂ ਜਿਹੜੇ ਲੁਕੇ ਓਹ ਨਾ ਲੱਭੇ
ਕੁੱਲ ਦੁਨੀਆਂ ਦੀ ਖਾਕ ਅਸਾਂ ਬੜੀ ਵਾਰ ਛਾਣੀ।

ਜ਼ਹਿਰ ਮੌਸਮਾਂ ਦਾ ਬਿਰਖਾਂ ਨੇ ਪੀਤਾ ਚਿੱਗੀ ਲਾ ਕੇ
ਭਾਵੇਂ ਜਹਿਰ 'ਚ ਵਿਲੁੱਸੀ ਗਈ ਹਰੇਕ ਟਾਹਣੀ ਟਾਹਣੀ

ਜਦੋਂ ਬਿਨਾ ਪਤਵਾਰੋਂ ਅਸੀਂ ਲੱਗ ਗਏ ਕਿਨਾਰੇ
ਵੇਂਹਦੇ ਖੜ੍ਹੇ ਜੋ ਕਿਨਾਰਿਆਂ ਤੇ ਹੋਗੇ ਪਾਣੀ ਪਾਣੀ।

*****

ਧੀਆਂ ਧਾਗਿਆਂ 'ਚ ਦੁੱਖਾਂ ਨੂੰ ਪਰੋਣ ਲੱਗੀਆਂ ਨੇ
ਗੀਤ ਮੁੜ ਕੇ ਉਜਾੜਿਆਂ ਦੇ ਛੋਹਣ ਲੱਗੀਆਂ ਨੇ।

ਆ ਕੇ ਬੈਠ ਗਏ ਬਨੇਰਿਆਂ ਤੇ ਧੁੱਪਾਂ ਦੇ ਵਪਾਰੀ
ਸਾਡੇ ਰੁੱਖਾਂ ਹੇਠੋਂ ਛਾਂਵਾਂ ਚੋਰੀ ਹੋਣ ਲੱਗੀਆਂ ਨੇ।

ਐਸਾ ਵਰ੍ਹਿਆ ਕਰੁੱਤਾ ਅੱਜ ਸਮਿਆਂ ਦਾ ਸਾਉਣ
ਛੱਤਾਂ ਦਿਲ ਦੇ ਚੁਬਾਰੇ ਦੀਆਂ ਚੋਣ ਲੱਗੀਆਂ ਨੇ।

ਆਈਆਂ ਚੜ੍ਹ ਕੇ ਬਜ਼ਾਰੋਂ ਲਹੂ ਪੀਣੀਆਂ ਇਹ ਧਾੜਾਂ
ਸਾਡੇ ਖ਼ਾਲਿਆਂ ਤੇ ਬਹਿ ਕੇ ਦੰਦ ਧੋਣ ਲੱਗੀਆਂ ਨੇ।

ਜਾਂਦਾ ਗਲ਼ੀ ਵਿੱਚੋਂ ਵੇਖ ਜੱਗੀ ਮਹਿਕਾਂ ਦਾ ਜਨਾਜ਼ਾ
ਪੌਣਾਂ ਲੱਗ ਕੇ ਰੁੱਖਾਂ ਦੇ ਗਲੇ ਰੋਣ ਲੱਗੀਆਂ ਨੇ।

*****

ਅੱਖਾਂ ਦੇ ਵਿੱਚ ਬਲਦੇ ਸੁਪਨੇ ਪੈਰਾਂ ਹੇਠ ਬਿਆਈਆਂ।
ਰਾਹਾਂ ਦੇ ਵਿੱਚ ਮਿਲਣ ਅਸਾਨੂੰ ਮੰਜ਼ਿਲਾਂ ਚੱਲ ਕੇ ਆਈਆਂ।

ਕਿਹੜੇ ਪਾਸੇ ਭਰਨ ਉਡਾਰੀ ਸਹਿਮੇ ਡਰੇ ਪਰਿੰਦੇ।
ਖ਼ਾਬਾਂ ਦੇ ਵਿੱਚ ਮੁੜ ਮੁੜ ਆਵਣ ਚੋਗੇ, ਪਿੰਜਰੇ,ਫਾਹੀਆਂ।

ਮੈਂ ਤਾਂ ਤੇਰੇ ਬੋਲ ਅਜੇ ਵੀ ਸਾਂਭੇ ਆਇਤਾਂ ਵਾਂਗੂੰ।
ਤੂੰ ਤਾਂ ਹਾਸੇ ਭਾਣੇ ਲੀਕਾਂ ਪਾਣੀ ਉੱਤੇ ਵਾਹੀਆਂ।

ਐਡੀ ਵੱਡੀ ਗੱਲ ਨਹੀਂ ਸੀ ਤੂੰ ਜਿੱਡੀ ਵੱਡੀ ਸਮਝੀ।
ਚੰਗੀਆਂ ਭਲੀਆਂ ਜੁਲਫਾਂ ਅੰਦਰ ਐਵੇਂ ਗੁੰਝਲਾਂ ਪਾਈਆਂ।

ਕਾਗਜ਼ ਦੀ ਕੁੱਖ ਭਾਲਣ ਚੜ੍ਹੀਆਂ ਅਣਜੰਮੀਆਂ ਕਵਿਤਾਵਾਂ।
ਅਵਚੇਤਨ ਦੇ ਹੁਜਰੇ ਅੰਦਰ ਕੂਕਣ ਦੇਣ ਦੁਹਾਈਆਂ।

*****

## ਪਰਮਜੀਤ ਸਿੰਘ ਢਿੱਲੋਂ

ਖੱਬੀ ਗੱਲ ’ਚ ਟੋਇਆ ਸੱਚੀਂ
ਦਿਲ ਤੁਹਾਡਾ ਹੋਇਆ ਸੱਚੀਂ

ਇੱਕ ਝਬੂਲੀ ਵਾਲੇ ਕਾਂਟੇ
ਹੈ ਗਰਦਨ ਨੂੰ ਛੋਹਿਆ ਸੱਚੀਂ

ਕਿੰਨੀ ਵਾਰ ਹੀ ਵੇਖਿਆ ਰੱਜਕੇ
ਫਿਰ ਵੀ ਰੱਜ ਨਾ ਹੋਇਆ ਸੱਚੀਂ

ਤੁਸੀਂ ਗਵਾਂਢੋਂ ਮੁੜਗੇ, ਰਹਿ ਗਿਆ
ਤੇਲ ਬਰੂਹੀਂ ਚੋਇਆ ਸੱਚੀਂ

ਅੱਖੀਆਂ,ਬੁੱਲ੍ਹੀਆਂ ’ਕੱਠੀਆਂ ਹੱਸਣ
ਰੰਗ ਵਿੱਚ ਰੰਗ ਸਮੋਇਆ ਸੱਚੀਂ

ਮੈਨੂੰ ਲਿਖਣਾ ਕਦ ਆਉਂਦਾ ਸੀ?
ਤੇਰਾ ਜਾਦੂ ਹੋਇਆ ਸੱਚੀਂ
*****

ਏਨਾਂ ਸੋਹਣਾ ਕੀ ਹੋ ਸਕਦਾ
ਤੇਰਾ ਚਿਹਰਾ ਹੀ ਹੋ ਸਕਦਾ

ਮਰ ਤਾਂ ਸਕਦਾ ਔਖਾ ਸੌਖਾ
’ਕੱਲਿਆਂ ਕਿੱਦਾਂ ਜੀ ਹੋ ਸਕਦਾ

ਹਮਦਮ ਪਿੰਜਰੇ ਅੰਦਰੇ ਮਿਲਜੇ
ਬਾਕੀ ਬਾਹਰ ਵੀ ਕੀ ਹੋ ਸਕਦਾ

ਜਿਸਨੂੰ ਚਾਨਣ ਆਖ ਰਿਝਾਵੇਂ
ਟੁੱਟਿਆ ਤਾਰਾ ਵੀ ਹੋ ਸਕਦਾ

ਮਿੱਟੀ, ਪਾਣੀ, ਗਾਰਾ, ਇੱਟਾਂ
’ਕੱਲਾ ਭਲਾਂ ਕੋਈ ਕੀ ਹੋ ਸਕਦਾ

ਅੱਜ ਜੋ ਰਾਜ ਕਰੇ ਖ਼ਲਕਤ ’ਤੇ
ਕੱਲ੍ਹ ਉਹ ਕਰਦਾ ਸੀ ਹੋ ਸਕਦਾ



ਅੱਜ ਸੱਜਣਾਂ ਦੀ ਅੱਖ ਹੱਸਦੀ ਏ
ਕੋਈ ਮਤਲਬ ਵੀ ਹੋ ਸਕਦਾ

ਹਮਦਮ ਪਿੰਜਰੇ ਅੰਦਰੇ ਮਿਲਜੇ
ਬਾਕੀ ਬਾਹਰ ਵੀ ਕੀ ਹੋ ਸਕਦਾ

ਢਿੱਲੋਂ ਚਾਹੁੰਦਾ ਸਭ ਮਿਲ ਜਾਵੇ
ਮਿਲ ਵੀ ਜਾਵੇ ਕੀ ਹੋ ਸਕਦਾ
*****

ਜਿੱਥੇ ਹੋਵੇ ਪਿਆਰ ਬਰਾਬਰ
ਉੱਥੇ ਜਿੱਤ ਤੇ ਹਾਰ ਬਰਾਬਰ

’ਗੂਠਾ ਪੰਜਵਾਂ ਕਿੱਥੋਂ ਰਲ ਜੂ ?
ਜਦ ਨ੍ਹੀਂ ਉਂਗਲਾਂ ਚਾਰ ਬਰਾਬਰ

ਹਉਮੈ ਦੀ ਕੰਧ ਢੱਕ ਲਊ ਤੈਨੂੰ
ਆਉਂਦੇ ਗਏ ਜੇ ਵਾਰ ਬਰਾਬਰ

ਮੱਖਣੀ ਖਾਕੇ ਪਲਿਆ ਪੁੱਤਰ
’ਕੱਲਾ ਹੁੰਦਾ ਚਾਰ ਬਰਾਬਰ

ਇਸ਼ਕ ਵਪਾਰੀਂ ਘਾਟਾ ਈ ਘਾਟਾ
ਦੋਨੇ ਪਾਸੇ ਮਾਰ ਬਰਾਬਰ

ਮਾਹੀ ਪਾਉਣੈ, ਠਿੱਲ ਪੈ ਮਿੱਤਰਾ
ਆਰ ਬਰਾਬਰ ਪਾਰ ਬਰਾਬਰ
*****

ਬੇਵਫ਼ਾ ਦੇ ਪਿਆਰ ਦੀ ਸਾਰੀ
ਕਹਾਣੀ ਯਾਦ ਹੈ
ਅੱਜ ਵੀ ਉਹ ਸ਼ਖ਼ਸ ਮੈਨੂੰ
ਮੂੰਹ ਜ਼ੁਬਾਨੀ ਯਾਦ ਹੈ

ਭੁੱਲਿਆ ਬੇਸ਼ੱਕ ਪਾਣੀ
ਬੇਥਵੀ ਉਸ ਲੋਰ ਨੂੰ
ਰੁੜ੍ਹ ਗਿਆਂ ਦੇ ਵਾਰਸਾਂ ਨੂੰ
ਉਹ ਸੁਨਾਮੀ ਯਾਦ ਹੈ

ਆਪ ਉਹ ਗਮ ਲੈ ਗਿਆ ਤੇ
ਮੈਨੂੰ ਖੁਸ਼ੀਆਂ ਛੱਡੀਆਂ
ਅੱਜ ਵੀ ਮੈਨੂੰ ਉਹ, ਉਸਦੀ ਵੰਡ
ਕਾਣੀ ਯਾਦ ਹੈ


ਜਾਣਦਾ ਹਾਂ ਦਿਲ ਤੋਂ ਉਸ ਨੇ ਨਈਂ
ਕਿਹਾ ਸੀ ਜਾਣ ਨੂੰ
ਤੋਰਦੇ ਨੇ ਸਾਂਭਿਆ ਜੋ ਅੱਖ ਦਾ
ਪਾਣੀ ਯਾਦ ਹੈ

ਸੀਪ ਤੋਂ ਅਣਜਾਣ ਸਾਂ ਮੈਂ ਦੁੱਕੀਆਂ
ਨੂੰ ਸਾਂਭਿਆ
ਤੂੰ ਕਫ਼ਾਂ ’ਚੋਂ ਕੱਢ ਲਏ ਗੋਲਾ ਤੇ
ਰਾਣੀ ਯਾਦ ਹੈ

ਮੈਂ ਮਰਾਂ, ਜੇ ਮੁੱਕਰਾਂ, ਤੇ ਤੂੰ ਸਦਾ
ਹਸਦੀ ਰਹੇਂ
ਝੂਠਿਆ, ਤੇਰੀ ਵਾਅਦਿਆਂ ਤੋਂ
ਬੇਜ਼ੁਬਾਨੀ ਯਾਦ ਹੈ

ਹੰਝੂਆਂ ਵਿੱਚ ਰੋੜ੍ਹ ਕੇ ਉਹ ਕਹਿ
ਗਿਆ ਸੀ ਖੁਸ਼ ਰਹੀਂ
ਰੋ ਪਏ ਫਿਰ ਸਾਥੋਂ ਵੀ ਹੋ ਗਈ
ਖੁਨਾਮੀ ਯਾਦ ਹੈ
*****

## ਪ੍ਰੀਤ ਮਨਪ੍ਰੀਤ (ਕੈਨੇਡਾ)



ਰਾਤ ਭਰ ਸਾਨੂੰ ਚੜ੍ਹੀ ਹੋਈ ਗ਼ਜ਼ਬ ਦੀ ਲੋਰ ਸੀ
ਦਿਨ ਚੜ੍ਹੇ ਧੜਕਣ 'ਚ ਓਹੀ ਬੇਹਿਸਾਬਾ ਸ਼ੋਰ ਸੀ

ਕਿਉਂ ਪੁਰਾਣੇ ਵੇਲ਼ਿਆਂ ਨੂੰ ਝੂਰਦੈਂ, ਜਿਹੜੇ ਸਮੇਂ
ਵਕਤ ਵੀ ਕੁਝ ਹੋਰ ਸੀ, ਆਪਾਂ ਵੀ ਦੋਵੇਂ ਹੋਰ ਸੀ।

ਖ਼ੁਦ ਨੂੰ ਲੱਭਣ ਤੁਰ ਪਿਆ ਉਹ ਓੜ ਕੇ ਖ਼ਾਮੋਸ਼ੀਆਂ
ਪਰ ਉਹਦੇ ਸੀਨੇ 'ਚ ਹਾਲ਼ੇ ਖ਼ਾਹਿਸ਼ਾਂ ਦਾ ਸ਼ੋਰ ਸੀ

ਕਾਫ਼ਲੇ ਨੂੰ ਰਾਹ ਦਿਖਾ ਕੇ ਆਪ ਰਹਿਬਰ ਟਲ ਗਿਆ
ਅਕਲ ਦਾ ਸੀ ਕੋਟ ਪਰ ਦਿਲ ਦਾ ਬੜਾ ਕਮਜ਼ੋਰ ਸੀ

ਤੂੰ ਉਦੋਂ ਕਿੱਥੇ ਸੀ ਹੁਣ ਬੇਵਕਤ ਚੜ੍ਹਿਐਂ ਸੂਰਜਾ
ਕੁਫ਼ਰ ਦੀ ਅੰਨ੍ਹੀ ਗਲੀ ਵਿਚ ਜਦ ਹਨੇਰਾ ਘੋਰ ਸੀ

ਜੜ੍ਹ ਬੜੀ ਡੂੰਘੀ ਸੀ ਸਾਡੀ, ਤਾਂ ਹੀ ਨਾ ਉਖੜੇ ਅਸੀਂ
ਵਕਤ ਦੇ ਤੂਫ਼ਾਨ ਨੇ ਲਾਇਆ ਬੜਾ ਹੀ ਜ਼ੋਰ ਸੀ

*****

ਮੇਰੇ ਸੀਨੇ 'ਚ ਡੂੰਘਾ ਬਹਿ ਗਿਆ, ਸਾਹਾਂ ਦੇ ਵਿਚ ਲਹਿ ਕੇ
ਦਬਾਇਆ ਸੀ ਜੋ ਹਉਕਾ ਮੈਂ ਕਿਸੇ ਨੂੰ ਅਲਵਿਦਾ ਕਹਿ ਕੇ

ਮੇਰੇ ਪੈਰਾਂ 'ਚ ਅੱਗੇ ਤੁਰਨ ਦਾ ਅਹਿਸਾਸ ਵੀ ਸਹਿਕੇ
ਤੇ ਪਿੱਛੇ ਰਹਿ ਗਿਆਂ ਦੀ ਯਾਦ ਵੀ ਆਉਂਦੀ ਹੈ ਰਹਿ ਰਹਿ ਕੇ

ਕਦੇ ਇਕ ਫੁੱਲ ਦੀ ਛੋਹ ਨਾਲ਼ ਵੀ ਮੈਂ ਤੜਫ ਉੱਠਦਾ ਹਾਂ
ਕਦੇ ਸਹਿਜੇ ਹੀ ਮੇਰੇ ਨਾਲ਼ ਗੁਜ਼ਰਨ ਹਾਦਸੇ ਖਹਿ ਕੇ

ਕਦੇ ਹਰਿਆਵਲਾਂ ਵਿਚ ਵੀ ਨਾ ਲੱਭਣ ਨਕਸ਼ ਮਹਿਕਾਂ ਦੇ
ਖਿਜ਼ਾਂ ਵਿਚ ਵੀ ਸੁਭਾਵਿਕ ਹੀ ਕਦੇ ਮਨ ਦੀ ਕਲੀ ਟਹਿਕੇ

ਚਿਰਾਂ ਮਗਰੋਂ ਉਸੇ ਹੜ੍ਹ ਵਿਚ ਦੁਬਾਰਾ ਡੁੱਬੀਆਂ ਅੱਖਾਂ
ਮੈਂ ਸੁਣਿਆ ਤਾਂ ਸੀ ਪਾਣੀ ਇਸ਼ਕ ਦਾ ਚੜ੍ਹਦਾ ਨਹੀਂ ਲਹਿ ਕੇ

ਉਹ ਪਿੱਛੇ ਛੱਡ ਗਿਆ ਖ਼ਾਮੋਸ਼ੀਆਂ ਦੇ ਕੰਬਦੇ ਸਾਏ
ਭਰੀ ਮਹਿਫਲ 'ਚੋਂ ਜਿਹੜਾ ਤੁਰ ਗਿਆ ਦੁਖ਼ਦੀ ਕਥਾ ਕਹਿ ਕੇ

*****

ਫਿਰ ਤੋਂ ਬਿਗਾਨੀ ਆਸ ਦਾ ਮੈਂ ਭਰਮ ਐਵੇਂ ਪਾਲਿਆ
ਕਿਉਂ ਕਾਗਜ਼ੀ ਛਤਰੀ ਦਾ ਮੀਂਹ ਵਿਚ ਆਸਰਾ ਮੈਂ ਭਾਲਿਆ

ਉਹ ਵਕਤ ਵੀ ਕੁਝ ਹੋਰ ਸੀ ਤੇ ਜ਼ਬਤ ਵੀ ਕਮਜ਼ੋਰ ਸੀ
ਇਹ ਇਸ਼ਕ ਵੀ ਮੂੰਹ-ਜ਼ੋਰ ਸੀ, ਟਲਿਆ ਨਾ ਸਿਰ ਤੋਂ ਟਾਲਿਆ

ਕਲ੍ਹ ਸ਼ਾਮ ਤਨਹਾਈ ਦਾ ਸੀ ਏਨਾ ਹਨੇਰਾ ਪਸਰਿਆ
ਫਿਰ ਜਾਗ ਕੇ ਮੈਂ ਰਾਤ ਭਰ ਯਾਦਾਂ ਦਾ ਦੀਵਾ ਬਾਲਿਆ

ਪਾਣੀ ਤੋਂ ਹੋਇਆਂ ਭਾਫ਼ ਤੇ ਮੈਂ ਮੇਘਲਾ ਬਣ ਪਰਤਿਆਂ
ਤੇਰੇ ਥਲਾਂ ਦੀ ਪਿਆਸ ਲਈ, ਮੈਂ ਰੂਪ ਕੀ-ਕੀ ਢਾਲਿਆ

ਮੈਨੂੰ ਨਾ ਇਸ ਤੂਫ਼ਾਨ 'ਚੋਂ ਬਚ ਕੇ ਮੁੜਨ ਦੀ ਆਸ ਸੀ
ਡੁੱਬਦੇ ਨੂੰ ਦੂਰੋਂ ਆਉਂਦੀਆਂ ਲਹਿਰਾਂ ਨੇ ਆ ਸੰਭਾਲਿਆ

ਬਹਿ ਕੇ ਬਰੇਤੇ 'ਤੇ ਕਦੇ, ਉਹ ਕਰਨਗੇ ਇਹ ਤਬਸਰੇ
ਇਸ ਪਾਣੀਆਂ ਦੇ ਦੇਸ ਨੂੰ, ਔੜਾਂ ਨੇ ਕਿੱਦਾਂ ਖਾ ਲਿਆ

*****

ਮਹਿਜ਼ ਅੱਖਾਂ 'ਚ ਇਸ ਮੌਸਮ ਦਾ ਸਾਰਾ ਲਹਿ ਗਿਆ ਪਾਣੀ
ਜੋ ਮੇਰੀ ਤੇਹ ਨੂੰ ਮਿਲਣਾ ਸੀ ਉਹ ਕਿੱਥੇ ਰਹਿ ਗਿਆ ਪਾਣੀ

ਬਿਗਾਨੀ ਛਾਂ 'ਚ ਖੜ੍ਹਿਆਂ ਨੂੰ ਤੁਹਾਨੂੰ ਕਿਉਂ ਨਹੀਂ ਸੁਣਿਆ
ਸੁਲਗ਼ਦੀ ਧਰਤ ਨੂੰ ਚੁਪ ਚਾਪ ਸੀ ਜੋ ਕਹਿ ਗਿਆ ਪਾਣੀ

ਉਦੋਂ ਤਕ ਨਾ ਹਵਾਵਾਂ ਨੇ ਹੜ੍ਹਾਂ 'ਤੇ ਤਬਸਰੇ ਕੀਤੇ
ਜਦੋਂ ਤਕ ਨਾ ਸੀ ਮਹਿਲਾਂ ਨਾਲ਼ ਆ ਕੇ ਖਹਿ ਗਿਆ ਪਾਣੀ

ਤੁਹਾਡੀ ਹਵਸ ਨੇ ਇਸ ਤੇ ਸਿਤਮ ਕੀ ਕੀ ਨਹੀਂ ਕਰਿਆ
ਜ਼ਰਾ ਸੋਚੋ ਕਿਵੇਂ ਸਭ ਸ਼ਾਂਤ ਹੋ ਕੇ ਸਹਿ ਗਿਆ ਪਾਣੀ

ਦਿਲਾਂ ਵਿਚ ਖਿੱਚ ਹੋਵੇ ਤਾਂ ਕੋਈ ਸਰਹੱਦ ਕੀ ਰੋਕੂ
ਝਨਾਂ ਦੇ ਇਸ਼ਕ ਵਿਚ ਸਤਲੁਜ ਦਾ ਓਧਰ ਵਹਿ ਗਿਆ ਪਾਣੀ

*****

# ਸਿਰਜਣ ਪ੍ਰਕ੍ਰਿਆ/ ਕਵਿਤਾ ਗਰਾਰੀ ਦੇ ਦੰਦਿਆਂ ਵਿੱਚ ਫਸੇ ਵਜੂਦ ਦੀ ਛਟਪਟਾਹਟ ਹੈ...

**-ਮਨਦੀਪ ਔਲਖ**


ਕਿਸੇ ਅਰਬੀ ਕਵੀ ਨੂੰ ਭਿਆਨਕ ਸੁਪਨੇ ਆਉਂਦੇ ਸਨ। ਸੁਪਨਿਆਂ ਵਿੱਚ ਦੁਨੀਆਂ ਜੰਗ ਦੀ ਭੱਠੀ ਵਿੱਚ ਝੁਲਸ ਰਹੀ ਹੁੰਦੀ। ਅਸਮਾਨ ਤੋਂ ਅੱਗ ਵਰ੍ਹਦੀ। ਧਰਤੀ ਕੁੰਭੀ ਨਰਕ ਬਣ ਜਾਂਦੀ। ਨਦੀਆਂ ਵਿੱਚ ਜਵਾਲਾਮੁਖੀ ਦਾ ਲਾਵਾ ਵਹਿੰਦਾ। ਵਨਸਪਤੀ ਸੜ ਕੇ ਸਵਾਹ ਦੇ ਢੇਰ ਵਿਚ ਵਟ ਜਾਂਦੀ। ਚਾਰੇ ਪਾਸੇ ਮੁਸ਼ਕ ਮਾਰਦੀਆਂ ਲਾਸ਼ਾਂ ਦਿਖਾਈ ਦਿੰਦੀਆਂ। ਕਵੀ ਤ੍ਰਭਕ ਤ੍ਰਭਕ ਉੱਠਦਾ। ਬੇਚੈਨ ਹੋ ਜਾਂਦਾ। ਉਸਨੂੰ ਹਕੀਮ ਕੋਲ ਲਿਜਾਣ ਦੀ ਲੋੜ ਪੈਂਦੀ। ਫਿਰ ਇਕ ਦਿਨ ਉਸ ਨੂੰ ਸੁਪਨਾ ਆਇਆ ਤੇ ਸੁਪਨੇ ਵਿੱਚ ਇਹੀ ਸਾਰੇ ਮੰਜ਼ਰ ਦਿਖਾਈ ਦੇ ਰਹੇ ਸਨ। ਵਾਧਾ ਇਸ ਗੱਲ ਦਾ ਸੀ ਕਿ ਇਨ੍ਹਾਂ ਵਿੱਚ ਇਕ ਹਰੀ ਕਰੂੰਬਲ ਚਮਕ ਰਹੀ ਸੀ। ਸੁਪਨੇ ਵਿੱਚ ਕਵੀ ਨੇ ਉਸ ਕਰੂੰਬਲ ਨੂੰ ਪੁੱਟਿਆ। ਉਸ ਦੇ ਹੇਠਾਂ ਇਕ ਕਵਿਤਾ ਦੀ ਕਿਤਾਬ ਦਫ਼ਨ ਕੀਤੀ ਮਿਲੀ। ਸਭ ਕੁਝ ਸੜ ਕੇ ਵੀ ਕਵਿਤਾ ਬਚੀ ਹੋਈ ਸੀ।

ਇਹ ਕਥਾ ਮੈਂ ਉਦੋਂ ਪੜ੍ਹੀ ਜਦੋਂ ਕਵਿਤਾ ਨੇ ਮੈਨੂੰ ਆਪਣੀ ਬੁੱਕਲ ਵਿਚ ਨਹੀਂ ਲਿਆ ਸੀ। ਇਸ ਕਥਾ ਨੂੰ ਪੜ੍ਹਨ ਤੋਂ ਬਾਅਦ ਮੈਂ ਕਵਿਤਾ ਦੀ ਹੋ ਗਈ ਜਾਂ ਕਵਿਤਾ ਨੇ ਮੈਨੂੰ ਚੁਣ ਲਿਆ। ਮਾਂ ਦੱਸਦੀ ਹੈ ਕਿ ਮੈਂ ਇਸ ਸੰਸਾਰ 'ਤੇ ਪਹਿਲਾਂ ਸਾਹ ਲਿਆ ਤਾਂ ਪਿੰਡ ਦੇ ਗੁਰਦਆਰੇ ਬਾਬੇ ਨੇ ਰਹਿਰਾਸ ਦਾ ਪਹਿਲਾਂ ਵਾਕ ਉਚਾਰਿਆ ਸੀ। ਮਾਂ ਇਹ ਵੀ ਦੱਸਦੀ ਹੈ ਕਿ ਮੈਂ ਰੋ ਰਹੀ ਹੁੰਦੀ ਤਾਂ ਗੁਰੂਦੁਆਰਿਓਂ ਆਉਂਦੀ ਬਾਬੇ ਦੀ ਆਵਾਜ਼ ਸੁਣ ਕੇ ਚੁੱਪ ਕਰ ਜਾਂਦੀ। ਹਟਕੋਰਿਆਂ ਦੀ ਤਾਲ ਸ਼ਲੋਕਾਂ ਨਾਲ ਮਿਲਣ ਲਗਦੀ। ਕਵਿਤਾ ਸਾਹਾਂ ਰਾਹੀਂ ਮੇਰੇ ਵਜੂਦ ਦਾ ਹਿੱਸਾ ਬਣਦੀ। ਪੜ੍ਹਾਈ ਲਈ ਸਕੂਲ, ਕਾਲਜ ਤੇ ਫੇਰ ਯੂਨਿਵਰਸਿਟੀ ਗਈ ਤਾਂ ਨਵੀਂ ਪੀੜ੍ਹੀ ਦੀਆਂ ਦੋਸਤੀਆਂ ਵਿੱਚ ਅਣਭਿੱਜ ਸਾਂ। ਕਵਿਤਾ ਸਖੀ ਬਣ ਕੇ ਮੇਰੇ ਨਾਲ ਰਹਿੰਦੀ। ਮੇਰੀ ਇਕੱਲਤਾ ਵਿੱਚ ਕਵਿਤਾ ਦੀ ਦੁਨੀਆਂ ਅਨੇਕਾਂ ਰੰਗਾਂ ਸਮੇਤ ਹਾਜ਼ਿਰ ਰਹੀ। ਕਵਿਤਾ ਨੇ ਮੈਨੂੰ ਇਕੱਲੀ ਨਹੀਂ ਛੱਡਿਆ ਜਾਂ ਮੈਂ ਹੀ ਕਵਿਤਾ ਨੂੰ ਘੁੱਟ ਕੇ ਫੜੀ ਰੱਖਿਆ ਮੇਲੇ ਵਿੱਚ ਗੁਆਚਣ ਡਰੋਂ ਮਾਂ ਦਾ ਪੱਲੂ ਫੜ੍ਹ ਘਿਸਰਦੇ ਆਉਂਦੇ ਬਾਲ ਵਾਂਗ। ਕਵਿਤਾ ਦੀ ਫਿਰਾਖ਼ਦਿਲੀ ਕਹੋ ਕਿ ਉਸਨੇ ਮੇਰੀ ਇਕੱਲਤਾ ਨੂੰ ਬੇਸ਼ੁਮਾਰ ਸ਼ਬਦ ਦਿੱਤੇ, ਅਸੰਖ ਧੁਨੀਆਂ, ਬੇਸ਼ੁਮਾਰ ਰੰਗ, ਬੇਅੰਤ ਭਾਵਨਾਵਾਂ।



ਕਿਸੇ ਵਿਦਵਾਨ ਨੇ ਮੇਰੀ ਕਵਿਤਾ ਬਾਰੇ ਬੋਲਦਿਆਂ ਕਿਹਾ ਕਿ ਇਹ ਕਵਿਤਾ ਫਟੀ ਹੋਈ ਜੀਂਸ ਵਿੱਚੋਂ ਝਾਕਦੇ ਅੰਗਾਂ ਦਾ ਜਸ਼ਨ ਮਨਾਉਂਦੀ ਹੈ। ਮੈਨੂੰ ਆਪਣੇ ਕਵਿਤਾ ਲਿਖਣ ਦਾ ਉਦੇਸ਼ ਸਾਕਾਰ ਹੁੰਦਾ ਨਜ਼ਰ ਆਇਆ। ਜਿਹੜੇ ਸਵਾਲਾਂ ਦੇ ਸਨਮੁੱਖ ਹੋ ਕੇ ਮੈਂ ਕਵਿਤਾ ਦੀ ਤਲਾਸ਼ ਵਿੱਚ ਤੁਰੀ ਉਹ ਸਵਾਲ ਕਵਿਤਾ ਨੇ ਸਮਾਜ ਸਾਹਮਣੇ ਖੜ੍ਹੇ ਕੀਤੇ। ਮੈਨੂੰ ਆਪਣੀ ਕਵਿਤਾ ਅਮਲੀ ਰੂਪ ਵਿਚ ਮੁਟਿਆਰ ਹੁੰਦੀ ਦਿਸੀ। ਮੇਰਾ ਲਿਖਣਾ ਮੇਰੇ ਪੜ੍ਹਣ ਤੇ ਸੋਚਣ ਤੋਂ ਭਿੰਨ ਨਹੀਂ ਤੇ ਮੇਰੀ ਕੋਸ਼ਿਸ਼ ਹੈ ਕਿ ਮੇਰਾ ਸੋਚਣਾ ਮੇਰੇ ਜੀਣ ਨਾਲ ਇਕਸੁਰ ਹੋਵੇ। ਅੰਗਰੇਜ਼ੀ ਦੀ ਵਿਦਿਆਰਥੀ ਅਤੇ ਤਮਾਮ ਭਾਸ਼ਾਵਾਂ ਦੀ ਪਾਠਕ ਹੋ ਕੇ ਕਵਿਤਾ ਲਿਖਣ ਲਈ ਪੰਜਾਬੀ ਨੂੰ ਚੁਣਨ ਵਰਗੇ ਸਵਾਲ ਮੇਰੇ ਕੋਲੋਂ ਆਮ ਪੁੱਛੇ ਜਾਂਦੇ ਹਨ। ਮੇਰੇ ਅੰਦਰੋਂ ਇਕ ਆਵਾਜ਼ ਆਉਂਦੀ ਹੈ ਕਵਿਤਾ ਕਿਸੇ ਜ਼ੁਬਾਨ ਜਾਂ ਭਾਸ਼ਾ ਦੀ ਮੁਥਾਜ ਥੋੜੇ ਹੁੰਦੀ। ਕਵਿਤਾ ਤਾਂ ਲਿਖੇ ਜਾਣ ਦੀ ਗੁਲਾਮ ਵੀ ਨਹੀਂ ਹੁੰਦੀ। ਕਵਿਤਾ ਦੀ ਯਾਤਰਾ ਸਮੇਂ ਦੀ ਗਰਾਰੀ ਦੇ ਦੰਦਿਆਂ ਵਿੱਚ ਫਸੇ ਵਜੂਦ ਦੀ ਛਟਪਟਾਹਟ ਨਾਲ ਸ਼ੁਰੂ ਹੁੰਦੀ ਤੇ ਮੁਕਤੀ ਦੇ ਅਥਾਹ ਅਸਮਾਨਾਂ ਦੀ ਖੋਜ ਨਾਲ ਸਹੀ ਰਸਤੇ ਪੈਂਦੀ ਹੈ। ਇਹ ਸਾਰਾ ਕੁਝ ਸੋਚ ਕੇ ਮੈਂ ਕਵਿਤਾ ਜੀਣ ਦੇ ਰਾਹ ਪੈਂਦੀ ਹਾਂ।

*****



## ਬਲਕਾਰ ਔਲਖ



**.ਗਜ਼ਲ**

ਜਜ਼ਬਿਆਂ ਵਿਚ ਡੁੱਬਣਾ ਨਈਂ ਪਾਰ ਕਰਕੇ ਵੇਖਣਾ
ਉਸਨੂੰ ਭਾਵੇਂ ਨਾ ਜਚਾਂ, ਇਜ਼ਹਾਰ ਕਰਕੇ ਵੇਖਣਾ

ਸ਼ੀਸ਼ਿਆਂ ਨੂੰ ਉਹਨਾਂ ਦੀ ਔਕਾਤ ਦਿੰਦਾ ਹੈ ਦਿਖਾ
ਉਸਦਾ ਮੇਰੇ ਰੂ-ਬ-ਰੂ ਸ਼ਿੰਗਾਰ ਕਰਕੇ ਵੇਖਣਾ

ਮਜਨੂੰਆਂ ਨੂੰ ਵੀ ਮੇਰੇ ’ਤੇ ਰਸ਼ਕ ਹੋਵੇਗਾ ਕਦੇ
ਏਸ ਹਦ ਤੀਕਰ ਮੈਂ ਤੈਨੂੰ ਪਿਆਰ ਕਰਕੇ ਵੇਖਣਾ

ਓਸ ਦਿਨ ਮੈਂ ਮਰ ਗਿਆ ਵਾਅਦੇ ਜਦੋਂ ਤੋੜੇ ਗਏ
ਜਾਨ ਮੇਰੀ ਲੈ ਗਿਆ ਇਤਬਾਰ ਕਰਕੇ ਵੇਖਣਾ

ਆਪਣੀ ਹਓਮੈ ਦੇ ਘੇਰੇ ਵਿਚ ਸਿਮਟ ਕੇ ਰਹਿ ਗਿਆ
ਮੈਂ ਸੀ ਜਿਸਨੂੰ ਆਪਣਾ ਸੰਸਾਰ ਕਰਕੇ ਵੇਖਣਾ

ਉਸਨੂੰ ਮਿਲਕੇ ਵਿਛੜਨਾ ਤਾਂ ਇਸ ਤਰ੍ਹਾਂ ਹੀ ਹੈ ਜਿਵੇਂ
ਜ਼ਿੰਦਗੀ ’ਤੇ ਮੌਤ ਨੂੰ ਇਕਸਾਰ ਕਰਕੇ ਵੇਖਣਾ

ਇਹ ਨਿਰਾਸ਼ਾ ਤੇ ਉਦਾਸੀ ਜਸ਼ਨ ਵਿਚ ਬਦਲੇਗੀ ਫਿਰ
ਇਸ਼ਕ ਜੇ ਕੀਤਾ ਨਹੀਂ ਤਾਂ ਯਾਰ ਕਰਕੇ ਵੇਖਣਾ

ਉਸਦੀ ਖ਼ਾਤਰ ਆਪਣੀ ਤੂੰ ਜਾਨ ਵਾਰਨ ਤਕ ਗਿਆ
ਏਸ ਤੋਂ ਵਧ ਹੋਰ ਕੀ ‘ਬਲਕਾਰ’ ਕਰਕੇ ਵੇਖਣਾ.
*****

ਜਦੋਂ ਤੋਂ ਉਹ ਹੁੰਗਾਰਾ ਭਰ ਗਿਆ ਹੈ
ਸਿਖ਼ਰ ’ਤੇ ਇਸ਼ਕ ਹੈ ਨਿੱਖਰ ਗਿਆ ਹੈ

ਤੇਰੇ ਹਾਸੇ ’ਚ ਕੀ ਜਾਦੂਗਰੀ ਹੈ?
ਜੋ ਪੱਥਰ ਵਿੱਚ ਹਰਾਰਤ ਭਰ ਗਿਆ ਹੈ

ਮੇਰੇ ਹੱਥਾਂ ’ਚ, ਚੱਪੂ ਰਹਿ ਗਏ ਨੇ
ਤੇ ਹੁੰਦਾ ਰੇਤ ਇਹ ਸਾਗਰ ਗਿਆ ਹੈ

ਜਿਹਦੇ ’ਤੇ ਮਰਦਾ-ਮਰਦਾ ਮਰ ਗਿਆ ਸਾਂ
ਉਹਦੇ ਬਿਨ ਸਰਦਾ-ਸਰਦਾ ਸਰ ਗਿਆ ਹੈ

ਗਿਆ ਹੈ ਬਹੁਤ ਹੀ ਮਜਬੂਰ ਹੋ ਕੇ
ਉਹ ਜਾਣਾ ਨਈਂ ਸੀ ਚਾਹੁੰਦਾ ਪਰ ਗਿਆ ਹੈ

ਉਹਦੀ ਰੂਹ ਕੋਲ਼ ਮੇਰੇ ਰਹਿ ਗਈ, ਪਰ
ਉਹਦਾ ਕਲਬੂਤ ਸਹੁਰੇ ਘਰ ਗਿਆ ਹੈ

ਵਿਛੜਕੇ ਤੂੰ ਨਹੀਂ ਹੈਂ ਜਿਉਂਦਿਆਂ ਵਿਚ
ਤੇਰਾ ‘ਬਲਕਾਰ’ ਵੀ ਤਾਂ ਮਰ ਗਿਆ ਹੈ
*****

ਖ਼ਤਾਂ ਦੇ ਢੇਰ ਨਈਂ ਹੁੰਦੇ ਤੇ ਨਾ ਅੰਬਾਰ ਹੁੰਦੇ ਨੇ
ਜਿਹੜੇ ਖ਼ਤ ਸਾਂਭੇ ਜਾਂਦੇ ਨੇ ਉਹ ਬਸ ਦੋ ਚਾਰ ਹੁੰਦੇ ਨੇ

ਅਸੀਂ ਤਾਂ ਡੁੱਬਦੇ ਹੋਇਆਂ ਨੂੰ ਅਪਣੇ ਦਿਲ ’ਚ ਥਾਂ ਦਿੱਤੀ
ਤੁਸੀਂ ਬਸ ਮੰਨਿਆ ਉਹਨਾਂ ਨੂੰ ਜਿਹੜੇ ਪਾਰ ਹੁੰਦੇ ਨੇ

ਏਹ ਦੁਨੀਆ ਇਸ਼ਤਿਹਾਰਾਂ ਦੀ ਭਰੋਸਾ ਨਾ ਕਰੋ ਇਸਦਾ
ਤੁਹਾਨੂੰ ਪੇਸ਼ ਗੁਲਦਸਤੇ ਦੇ ਅੰਦਰ ਖ਼ਾਰ ਹੁੰਦੇ ਨੇ


ਬਣੇ ਨੇ ਰੰਗਕਰਮੀ ਕਈ ਉਹਦੇ ਹੱਥਾਂ ਦੀ ਕਠਪੁਤਲੀ
ਜਦੋਂ ਉਹ ਡੋਰ ਖਿੱਚਦਾ ਹੈ ਤਾਂ ਨਾਟਕ ਤਿਆਰ ਹੁੰਦੇ ਨੇ

ਅਸਾਡੇ ਕੋਲ਼ ਹੁੰਦਾ ਹੈ ਵਿਚਾਰਾਂ ਦਾ ਜ਼ਖ਼ੀਰਾ ਇਕ
ਉਹਨਾਂ ਦੇ ਕੋਲ਼ ਜੇਕਰ ਆਧੁਨਿਕ ਹਥਿਆਰ ਹੁੰਦੇ ਨੇ

ਲਓ ਹੁਣ ਆ ਗਿਆ ਹੈ ਉਹ ਤੁਸੀਂ ਖ਼ਬਰਾਂ ਸੁਣੋ ਉਸ ਤੋਂ
ਕਈ ਬੰਦੇ ਨਹੀਂ ਹੁੰਦੇ ਨਿਰੇ ਅਖ਼ਬਾਰ ਹੁੰਦੇ ਨੇ

ਝਨ੍ਹਾਂ ਵੀ ਡੋਬ ਨਹੀਂ ਸਕਦਾ ਨਾ ਮਾਰੂਥਲ ਹੀ ਸਾੜੇਗਾ
ਜੋ ਮਰਦੇ ਜ਼ਿੰਦਗੀ ਖ਼ਾਤਰ ਯੁਗਾਂ ਤੋਂ ਪਾਰ ਹੁੰਦੇ ਨੇ
*****

## ਬਲਵਿੰਦਰ ਚਹਿਲ



### ਅੰਦਰ ਜਾਂਦਿਆਂ

ਘਰ ਦੇ ਬਾਹਰ
ਘਾਹ ਉੱਗਿਆ ਪਿਆ ਹੈ
ਛੋਟਾ ਕਿਤੋਂ ਵੱਡਾ

ਉੱਚੇ ਨੀਵੇਂ ਹੋਰ ਵੀ ਪੌਦੇ
ਬੇਤਰਤੀਬੇ

ਪੰਛੀ ਠੂੰਗਾਂ ਮਾਰੀ ਜਾਂਦੇ ਨੇ
ਕਤੂਰੇ ਸੁਸਤਾ ਰਹੇ ਨੇ

ਘਰ ਦੇ ਅੰਦਰ ਪੈਰ ਰੱਖਦਾ ਹਾਂ
ਵਿਹੜੇ ਵਿੱਚ
ਰੰਗ-ਬਿਰੰਗੇ ਫੁੱਲਾਂ ਲੱਦੇ ਬੂਟੇ

ਕਤਾਰਾਂ ਵਿੱਚ
ਤਰਾਸ਼-ਤਰਾਸ਼ ਕੱਟਿਆ ਰੋਸ਼ਾ ਘਾਹ

ਕੋਲ ਬੈਠਾ ਕੁੱਤਾ
ਸਲੀਕੇ ਨਾਲ ਭੌਂਕਦੈ

ਹੋਰ ਅੰਦਰ ਜਾਂਦਾ ਹਾਂ
ਵਰਾਂਡੇ ਵਿੱਚ ਗਮਲੇ ਪਏ

ਪਿੰਜਰੇ 'ਚ ਕੈਦ ਤੋਤਾ
ਸਿਰਫ਼ ਚੂਰੀ ਮੰਗਦਾ ਹੈ

ਕਮਰੇ ਅੰਦਰ ਵੜਦਾ ਹਾਂ
ਕੰਧਾਂ 'ਤੇ ਟੰਗੀਆਂ
ਫੁੱਲਾਂ ਦੀਆਂ ਰੰਗੀਨ ਤਸਵੀਰਾਂ

ਫੁੱਲਦਾਨਾਂ 'ਚ
ਪਲਾਸਟਿਕ ਦੇ ਫੁੱਲ ਪਏ

ਮਛਲੀਆਂ ਸ਼ੀਸ਼ੇ 'ਚ ਤੈਰ ਰਹੀਆਂ
ਗਜ਼ ਕੁ ਲੰਬਾ ਸਫ਼ਰ ਹੈ

ਬਿਸਤਰ 'ਚ ਪੈਂਦਾ ਹਾਂ
ਹੱਥੀ ਕੱਢੀ ਕਢਾਈ ਚੁੱਭਦੀ

ਮਸ਼ੀਨੀ ਬੁਣਤੀ ਵਾਲੀ ਚਾਦਰ
ਵਿਛਾ ਲੈਂਦਾ ਹਾਂ

ਸਿਰਹਾਣੇ ਪਿਆ ਟੈਡੀ ਬੀਅਰ
ਮੇਰੇ ਨਾਲ ਹੀ ਸੌਂਦਾ ਹੈ ਅਕਸਰ।

### ਕਵਿਤਾ ਬਨਾਮ ਭਾਸ਼ਾ ਵਿਗਿਆਨੀ

ਉਹ ਜਿਸਨੂੰ
ਆਪਣੀ ਕਲਾ 'ਤੇ ਬੜਾ ਨਾਜ਼ ਸੀ
ਮਹੀਨ ਬੁੱਧੀ 'ਤੇ ਬੜਾ ਮਾਣ ਸੀ
ਉਹ ਆਪਣੀ ਪਾਰਖੂ ਅੱਖ 'ਤੇ
ਬੜਾ ਫ਼ਖ਼ਰ ਕਰਦਾ

ਮੇਰੀ ਲੋਚਾ ਸੀ
ਕਵਿਤਾ ਵਾਂਗ ਜੀਵਾਂ
ਤਵੱਕੋ ਰੱਖਦੀ ਸਾਂ
ਕਿ ਮੇਰੀ ਕਥਾ ਨੂੰ
ਉਹ ਨਾਵਲ ਵਾਂਗ ਪੜ੍ਹੇ
ਵਿਸਥਾਰ ਨਾਲ
ਸ਼ਬਦ ਸ਼ਬਦ ਵਾਕ ਵਾਕ
ਆਦਿ ਤੋਂ ਅੰਤ ਤੱਕ

ਪਰ ਉਹ
ਕਿਸੇ ਭਾਸ਼ਾ ਵਿਗਿਆਨੀ ਵਾਂਗ
ਮੇਰੇ 'ਚੋਂ
ਬਿੰਦੀਆਂ ਟਿੱਪੀਆਂ ਸਿਹਾਰੀਆਂ
ਬਿਹਾਰੀਆਂ ਦੀਆਂ
ਗਲਤੀਆਂ ਕੱਢਣ ਤੱਕ ਹੀ
ਮਹਿਦੂਦ ਰਿਹਾ

ਮੈਂ ਜੋ ਲੋਚਦੀ ਸਾਂ
ਕਵਿਤਾ ਵਾਂਗ ਜਿਉਂਣਾ
ਤੇ ਉਸ ਤੋਂ ਨਾਵਲ ਵਾਂਗ ਪੜ੍ਹੇ ਜਾਣਾ
ਨਾ ਉਹ ਮੈਨੂੰ ਨਾਵਲ ਵਾਂਗ
ਪੜ੍ਹ ਸਕਿਆ
ਨਾ ਮੈਂ ਕਵਿਤਾ ਬਣ ਜਿਉਂ ਸਕੀ।

### ਸਿਫ਼ਰ

ਸਿਫ਼ਰ ਹੁੰਦੀ
ਸਿਰਫ਼ ਸਿਫ਼ਰ
ਸਿਫ਼ਰੀ ਹੋਂਦ
ਸ਼ੂਨਯ ਤੱਕ ਨਹੀਂ ਪਹੁੰਚਦੀ

ਸਿਫ਼ਰ
ਆਪਣੀ ਹੋਂਦ ਜਤਾਉਣ ਲਈ
ਹੋਰ ਹਿੰਦਸਿਆਂ ਦੀ
ਪਿਛਲੱਗ ਬਣੀ ਰਹਿੰਦੀ

ਮਨਫ਼ੀ ਹੋ ਰਹੇ ਜਜ਼ਬਾਤ
ਤਕਸੀਮ ਹੋ ਰਹੀ ਸਾਂਝ
ਮਨਾਂ ਦੇ ਖਲਾਅ ਨੂੰ
ਜ਼ਰਬਾਂ ਹੀ ਜ਼ਰਬਾਂ

ਜਮਾਂ ਘਟਾਅ ਦੇ
ਇਸ ਚੱਕਰਵਿਊ ਵਿੱਚ
ਮੈਂ ਜਮਾਂ ਤੂੰ
ਕਿਤੇ ਸਿਫ਼ਰ ਹੀ ਨਾ
ਹੋ ਜਾਈਏ

*****

# ਬਰਾੜ ਜੈਸੀ



## ਬੁੱਤ

ਮੈਂ ਬੁੱਤ ਬਣਦੇ ਦੇਖਿਆ
ਮਿਲਣ ਵੇਲੇ ਚਾਅ ਨਾਲ ਮੇਰੇ ਦੁਆਲੇ ਘੁੰਮਣ ਵਾਲੇ ਨੂੰ

ਮੈਂ ਚੁੱਪ ਹੁੰਦੇ ਦੇਖਿਆ
ਸਾਰਾ ਦਿਨ ਚੁੱਪ ਨਾ ਰਹਿਣ ਵਾਲੇ ਨੂੰ

ਮੈਂ ਰੁੱਖ ਬਣਦਾ ਦੇਖਿਆ
ਰੁੱਖਾਂ ਨੂੰ ਮੁਹੱਬਤਾਂ ਦੇ ਗੀਤ ਸੁਣਾਉਣ ਵਾਲੇ

ਉਹ ਬੁੱਤ , ਚੁੱਪ ਤੇ ਰੁੱਖ ਤਾਂ ਬਣਿਆ
ਕਿ ਰੱਬ ਨੇ ਉਹਦੀ ਮਾਂ ਖੋਹ ਲਈ

ਪਤਾ ਛਾਵਾਂ ਤੋਂ ਬਿਨਾਂ ਬੁੱਤ ਫਿੱਟ ਜਾਂਦੇ
ਚੁੱਪ ਗਲ ਦਾ ਫਾਹਾ ਬਣ ਜਾਂਦੀ ਏ
ਤੇ ਰੁੱਖ ਸੁੱਕ ਜਾਂਦੇ ਨੇ

ਮੈਂ ਉਸਦਾ ਕਸੂਰ ਕਿਵੇਂ ਕੱਢਾਂ
ਕਿ ਉਹ ਹੁਣ ਮੈਨੂੰ ਮੁਹੱਬਤ ਨਹੀਂ ਕਰਦਾ ।

## ਸੋਨੇ ਵਰਗੀਆਂ ਧੀਆਂ

ਚਾਵਾਂ ਨਾਲ ਪਲੀਆਂ ਦੇ
ਜਦੋਂ ਸਹੁਰੇ ਆ ਚਾਅ ਮਰ ਜਾਂਦੇ ਨੇ
ਤਾਂ ਵਿੱਚੇ ਵਿੱਚ ਮਰਨਾ ਔਖਾ ਲੱਗਦਾ

ਹਾਸਿਆਂ ਨਾਲ ਵੱਡੀਆਂ ਹੋਈਆਂ ਦੇ
ਜਦੋਂ ਹਾਸੇ ਖੋਹ ਲਏ ਜਾਂਦੇ ਨੇ
ਤਾਂ ਚੁੱਪ ਰਹਿ ਜਰਨਾ ਔਖਾ ਲੱਗਦਾ

ਸੋਨੇ ਵਰਗੀਆਂ ਧੀਆਂ ਨੂੰ
ਮਿੱਟੀ ਸਮਝ ਕੇ ਪੁੱਤ ਉਗਾ ਕੇ ਸੁੱਟ ਦਿੰਦੇ
ਬਾਅਦ 'ਚ ਲੀਰਾਂ ਲੀਰਾਂ ਹੋਈਆਂ ਨੂੰ ਸੰਧੂਰ ਭਰਨਾ ਔਖਾ ਲੱਗਦਾ

ਮੋਹ , ਅਪਣੱਤ ਦੀ ਭੁੱਖ ਲੈ ਜੰਮਦੀਆਂ
ਤੇ ਭੁੱਖੀਆਂ ਹੀ ਮਰ ਜਾਂਦੀਆਂ
ਜਿਉਂਦੀਆਂ ਨੂੰ ਝਨਾਅ ਤਰਨਾ ਔਖਾ ਲੱਗਦਾ ।

## ਚੱਟਾਨ

ਮੈਂ ਭੁਰਨਾ ਚਾਹਿਆ, ਤੂੰ ਮੁੜ ਨਾ ਦੇਖਿਆ

ਮੈਂ ਟੁੱਟਣਾ ਚਾਹਿਆ, ਤੂੰ ਨਾ ਰੋਕਿਆ

ਮੈਂ ਰੋਣਾ ਚਾਹਿਆ, ਤੂੰ ਕਿਹਾ ਮਰਦ ਹੋ ਕੇ ਰੋਨਾ

ਮੈਂ ਮਰਨਾ ਚਾਹਿਆ, ਤੂੰ ਕਿਹਾ ਬੁਜ਼ਦਿਲ ਮਰਦ ਨਹੀਂ ਹੁੰਦੇ

ਕਾਸ਼ ਤੂੰ ਰੋਕਿਆ ਹੁੰਦਾ ਟੁੱਟਣ , ਭੁਰਨ ਤੋਂ
ਮੈਂ ਚੱਟਾਨ ਬਣਿਆ ਰਹਿੰਦਾ ਤੇ ਮਰਦ ਵੀ ।

## ਮੁਹਾਵਰੇ ਵਰਗੀਆਂ ਗੱਲਾਂ

ਸਿਰ ਖੇਹ ਪਵਾਊਗੀ ਇੱਜ਼ਤਾਂ ਰੋਲਦੀ ਫਿਰਦੀ ਏ
ਮਨ ਆਈਆਂ ਕਰਨ ਵਾਲੀਆਂ ਦੇ ਘਰ ਨਹੀਂ ਵੱਸਦੇ
ਅਵਾਰਾ ਗਾਂ ਨੀ ਬਣੀਦਾ
ਲੱਛਣ ਮਾੜੇ ਹੋਣ ਤਾਂ ਲਾਹਨਤ ਮਾਂ ਪੇ ਨੂੰ ਪੈਂਦੀ

ਇਹਨਾਂ ਸਭ ਤੋਹਮਤਾਂ ਚ ਪਲੀਆਂ ਧੀਆਂ
ਕਿਵੇਂ ਕਹਿ ਦੇਣਗੀਆਂ
ਕਿ ਮਰਜ਼ੀ ਦਾ ਵਰ ਲੱਭਿਆ, ਵਿਆਹ ਕਰਦੋ
ਉਹ ਡਰਦੀਆਂ ਬਚਪਨ 'ਚ ਸਦੀਆਂ ਤੋਂ
ਚੱਲਦੀਆਂ ਆ ਰਹੀਆਂ ਮੁਹਾਵਰੇ ਵਰਗੀਆਂ
ਗੱਲਾਂ ਦੇ ਸੱਚ ਹੋਣ ਤੋਂ
ਉਹਨਾਂ ਦੀ ਗੁੱਤ 'ਚ ਸਮਾਜ ਗੁੰਦ ਦਿੱਤਾ ਜਾਂਦਾ
ਤੇ ਗਲ 'ਚ ਇੱਜ਼ਤ ਦਾ ਭਾਰਾ ਹਾਰ ਪਾ ਦਿੱਤਾ ਜਾਂਦਾ
ਉਹਨਾਂ ਦੀ ਕੀ ਮਜ਼ਾਲ ਕਿ
ਉਹ ਗੁੱਤ 'ਚੋਂ ਸਮਾਜ ਕੱਢ ਦੇਣ ਤੇ ਗਲ਼ ਸੁੰਨਾ ਕਰ
ਦੁਰਕਾਰ ਦੇਣ ਬਣੀਆਂ ਬਣਾਈਆਂ ਗੱਲਾਂ।

*****

## ਭੁਪਿੰਦਰ ਪਰਵਾਜ਼



### ਕਿਨਾਰਾ

ਬਣ ਕਿਨਾਰਾ ਭਾਵੇਂ ਮੈਂ ਖੁਰਦਾ ਹਾਂ ਰਹਿੰਦਾ
ਤੇਜ ਲਹਿਰਾਂ ਦੇ ਨਾਲ ਮੈਂ ਰੁੜ੍ਹਦਾ ਹਾਂ ਰਹਿੰਦਾ
ਫਿਰ ਵੀ ਸ਼ਿਕਾਇਤ ਨਹੀਂ ਹੈ ਮੈਨੂੰ ਕੋਈ
ਕਿਉਂ ਜੁ ਰਾਹੀ ਦੇ ਨਾਲ ਮੈਂ ਤੁਰਦਾ ਹਾਂ ਰਹਿੰਦਾ।

ਮੈਂ ਹਾਂ ਰਹਿੰਦਾ ਭਾਵੇਂ ਪੈਰਾਂ ਦੇ ਹੇਠਾਂ
ਜਿੱਥੇ ਬਦਲਨਾ,ਉਥੇ ਮੁੜਦਾ ਹਾਂ ਰਹਿੰਦਾ।
ਖੁਰਦਾ ਹਾਂ ਹੌਲੀ ਪਰ ਮੁੱਕਾਂ ਕਦੇ ਨਾ
ਫਿਰ ਵੀ ਟਿਕਿਆ ਮੈਂ ਚਿਰ ਦਾ ਹਾਂ ਰਹਿੰਦਾ।

ਲਾਹਾਂ ਬੇੜੀ 'ਚ ਇਸ ਪਾਰੋਂ ਉਸ ਪਾਰ ਦੀ ਖਾਤਰ
ਜ਼ਰੂਰੀ ਸਭ ਲਈ ਪਰ ਨਜ਼ਰ ਵਿਰਲੇ ਦੀ ਹਾਂ ਰਹਿੰਦਾ।
ਮੇਰਾ ਮੱਥਾ ਸਫਰੀ ਪੈੜਾਂ ਜੋ ਚੁੰਮਣ
ਉਹ ਰਾਹੀ ਮੰਜ਼ਿਲ ਤੇ ਪੁੱਜ ਕੇ,ਹਾਂ ਰਹਿੰਦਾ।

### ਕਵਿਤਾ

ਰਿਹਾਈ ਮੇਰਾ ਵੀ ਹੱਕ ਹੈ,
ਮੈਨੂੰ ਪਿੰਜਰੇ 'ਚ ਪਾਉਣ ਦੀ ਨਾ ਸੋਚੋ।

ਧਰਮ ਸ਼ਰਮ ਗਹਿਣਾ ਮੇਰਾ ਜੋ ਸਦਾ ਨਾਲ ਰੱਖਾਂ
ਮੇਰੀ ਅਜ਼ਾਦੀ ਨੂੰ ਬੇੜੀਆਂ ਲਾਉਣ ਦੀ ਨਾ ਸੋਚੋ।

ਅਜ਼ਾਦ ਪਰਿੰਦੇ ਵਾਂਗ ਉੱਡਣਾ ਵਿੱਚ ਅਕਾਸ਼ਾਂ,
ਮੇਰੀ ਪਰਵਾਜ਼ ਨੂੰ ਰੋਕਣ ਦੀ ਨਾ ਸੋਚੋ।

ਬਾਗ਼ੀ ਹੋਣ ਲਈ ਕਰੋ ਨਾ ਮਜਬੂਰ ਮੈਨੂੰ,
ਮੇਰੇ ਹੱਕਾਂ ਨਾਲ ਜੀਣ ਦਿਉ।

ਮੈਂ ਬੇਰੋਕ ਹਵਾ,ਵਗਦੇ ਪਾਣੀ ਤੇ ਉੱਡਦੇ ਪਰਿੰਦੇ ਵਾਂਗ ਕੁਦਰਤੀ
ਜੇ ਕੁਝ ਸੋਚੋ ਤੇ ਮੇਰੇ ਨਾਲ ਉਡਾਰੀ ਲਾਉਣ ਦੀ ਸੋਚੋ।

### ਨਜ਼ਮ..

ਆਖ਼ ਦਿਉ ਗਰਦਿਸ਼ਾਂ ਨੂੰ ਹਨੇਰ ਮਿਟਾਉਣ ਆਏ ਹਾਂ
ਚੁੱਕ ਕਲਮਾਂ ਨੁਕੀਲੀਆਂ ਸਵੇਰ ਜਗਾਉਣ ਆਏ ਹਾਂ।

ਜ਼ੁਲਮਾਂ ਦੀ ਹੋ ਗਈ ਇੰਤਹਾ ਐ ਤਾਨਾਸ਼ਾਹ
ਤੇਰੀ ਗੁਲਾਮੀ ਦੇ ਸੰਗਲ ਲਾਹੁਣ ਆਏ ਹਾਂ।

ਮੇਰੇ ਰਾਜ ਤੇ ਰਾਜ ਕਰਨ ਦੀ ਸੋਚੀਂ ਨਾ ਐ ਕਾਫਿਰ
ਸੋਚੀਂ ਨਾ ਪੰਜਾਬ ਹੈ ਸੁੱਤਾ ਤੈਨੂੰ ਜਗਾਉਣ ਆਏ ਹਾਂ।

ਰੱਖਦਾ ਏਂ ਨਜ਼ਰ ਸਾਡੀ ਤਰੱਕੀ ਤੇ ਹਰਿਆਵਲ ਤੇ
ਦੱਸ ਕੀ ਚਾਹੁੰਨੈ ਤੇਰੀ ਭੁੱਖ ਮਿਟਾਉਣ ਆਏ ਹਾਂ।

ਹਰਫ਼ਾਂ 'ਚ ਬੰਨ੍ਹ ਹੌਸਲੇ ਦਿਲ ਸ਼ੇਰਾਂ ਜਿਹੇ ਅਡੋਲ ਕਰਕੇ
ਨੌਜਵਾਨ ਏਸ ਧਰਤ ਦੇ ਯੁੱਗ ਪਲਟਾਉਣ ਆਏ ਹਾਂ।

*****

ਸੁੰਨੇ ਦਿਲ ਦੇ ਚਾਅ ਮੋੜ ਲਿਆਉਣ ਨੂੰ ਜੀਅ ਕਰਦੈ।
ਬੀਤੇ ਇਸ਼ਕ ਦੇ ਉਹ ਰਾਹ ਮਿਟਾਉਣ ਨੂੰ ਜੀਅ ਕਰਦੈ।

ਹੁਣ ਨਹੀਂ ਰੋਏ ਜਾਂਦੇ ਖ਼ਾਰੇ ਪਾਣੀ ਤੇਰੀ ਯਾਦ 'ਚੋ
ਕਿ ਭਿੱਜੇ ਵਿਹੜੇ 'ਚ ਖੁਸ਼ੀ ਖਿੰਡਾਉਣ ਨੂੰ ਜੀਅ ਕਰਦੈ।

ਦਿਲ 'ਚ ਕਦੀਮੀ ਡੇਰਾ ਸੀ ਪੱਤਝੜੀ ਮੌਸਮਾਂ ਦਾ
ਹੁਣ ਰੁੱਸੀ ਹਵਾ ਮਨਾਉਣ ਨੂੰ ਜੀਅ ਕਰਦੈ।

ਖ਼ਾਮੋਸ਼ੀ ਛਾ ਗਈ ਤੈਥੋਂ ਦੂਰ ਹੋ ਕੇ ਮਨ ਅੰਦਰ
ਹੁਣ ਗੀਤ ਬਹਾਰਾਂ ਦੇ ਗਾਉਣ ਨੂੰ ਜੀਅ ਕਰਦੈ।

ਅੱਧਵਾਟੇ ਹੀ ਛੱਡ ਗਿਆ ਸਾਨੂੰ ਤੂੰ ਅੜਿਆ
ਹੁਣ ਬਚਿਆ ਸਫ਼ਰ ਮੁਕਾਉਣ ਨੂੰ ਜੀਅ ਕਰਦੈ।

'ਪਰਵਾਜ਼' ਉਦਾਸ ਬਰੂਹਾਂ ਕਦੇ ਸੋਭਦੀਆਂ ਨਾ
ਗੁਲਾਬ ਰੂਹਾਂ ਦੇ ਖਿੜਾਉਣ ਨੂੰ ਜੀਅ ਕਰਦੈ।

*****

# ਮੁਲਾਕਾਤ/ ਅਜੋਕੀ ਕਵਿਤਾ ਵਿੱਚ ਇਸ਼ਕ-ਮੁਸ਼ਕ ਦੀਆਂ ਬਾਤਾਂ ਨਾ-ਮਾਤਰ ਹਨ...

## -ਜੀਤ ਹਰਜੀਤ



**1. ਪਹਿਲਾਂ ਪਹਿਲ ਕਵਿਤਾ ਲਿਖਣ ਦਾ ਖਿਆਲ ਮਨ ਵਿੱਚ ਕਦੋਂ ਆਇਆ ਤੇ ਪਹਿਲੀ ਰਚਨਾ ਕਦੋਂ ਲਿਖੀ ?**

ਪਹਿਲੀ ਰਚਨਾ ਕਦੋਂ ਲਿਖੀ ਅਤੇ ਖ਼ਿਆਲ ਕਿਵੇਂ ਆਇਆ ਇਸ ਬਾਰੇ ਸਹੀ ਤਾਂ ਦੱਸਣਾ ਮੇਰੇ ਲਈ ਔਖਾ ਹੈ ਕਿਉਂਕਿ ਇਹ ਤਕਰੀਬਨ ਵੀਹ ਕੁ ਸਾਲ ਪੁਰਾਣੀ ਗੱਲ ਹੈ। ਸੰਗੀਤ ਸੁਣਨਾ ਮੈਨੂੰ ਸ਼ੁਰੂ ਤੋਂ ਹੀ ਚੰਗਾ ਲਗਦਾ ਸੀ ਅਤੇ ਮੈਂ ਜ਼ਿਆਦਾਤਰ ਉਦਾਸ ਗੀਤ ਸੁਣਦਾ ਸੀ। ਇਸ ਦਾ ਕਾਰਨ ਸਿਰਫ਼ ਇਹ ਸੀ ਕਿ ਜਿਸ ਰਚਨਾ ਵਿੱਚ ਭਾਵ ਪੈਦਾ ਕਰਨ ਦੀ ਸ਼ਕਤੀ ਹੁੰਦੀ ਹੈ ਉਹ ਮੈਨੂੰ ਆਪਣੇ ਨਾਲ ਜੋੜ ਲੈਂਦੀ ਹੈ। ਇਸ ਕਰਕੇ ਹੀ ਮੈਂ ਉਦਾਸ ਗੀਤ ਸੁਣੇ, ਉਹਨਾਂ ਗੀਤਾਂ ਨੂੰ ਮਾਣਿਆ। ਇਹਨਾਂ ਗੀਤਾਂ ਦੇ ਰਸ ਕਾਰਨ ਹੀ ਮੈਂ ਕੁਝ ਨਾ ਕੁਝ ਝਰੀਟਣ ਲਈ ਮਜ਼ਬੂਰ ਹੋਇਆ। ਸ਼ੁਰੂਆਤੀ ਦੌਰ ਲਈ ਮੈਂ 'ਮੇਰਾ ਪਿੰਡ' ਕਵਿਤਾ ਦਾ ਜ਼ਿਕਰ ਕਰ ਸਕਦਾ ਹਾਂ। ਇਸ ਕਵਿਤਾ ਦੇ ਬੋਲ ਸਨ:-

ਜਿੱਥੇ ਜੰਮਿਆ ਉੱਥੇ ਮਰਨਾ ਮੇਰੀ ਹਿੰਡ ਆ<br>
ਤੇਰੇ ਪੈਰਿਸ ਤੋਂ ਵੀ ਸੋਹਣਾ ਗੋਰੀਏ ਸਾਡਾ ਪਿੰਡ ਆ<br>
ਕਿੱਲੇ ਬੰਨ੍ਹੀ ਗਾਂ ਤੜਾਵੇ ਪਾ ਖੁਰਲੀ ਵਿੱਚ ਨੀਰਾ<br>
ਭੈਣ ਲਾਡਲੀ ਪੁੱਛਦੀ ਮਾਂ ਨੂੰ ਉੱਠਿਆ ਕਿਉਂ ਨੀ ਵੀਰਾ<br>
ਮਿੱਠੀਆਂ ਗਾਲ਼ਾਂ ਕੱਢਦੀ ਬੇਬੇ ਮੈਨੂੰ ਆਣ ਜਗਾਵੇ<br>
ਉੱਠਾਂ ਸਵੇਰੇ ਪੰਛੀਂ ਬੋਲਣ ਬਾਬਾ ਬਾਣੀ ਗਾਵੇ<br>
ਜਿਉਂ ਜਿਉਂ ਦਿਨ ਚੜ੍ਹਦਾ ਸਾਰੇ ਜਾਂਦੇ ਖਿੰਡ ਆ<br>
ਤੇਰੇ ਪੈਰਿਸ ਤੋਂ ਵੀ ਸੋਹਣਾ ਗੋਰੀਏ...

**2. ਆਪਣੇ ਤੋਂ ਪਹਿਲੀ ਪੀੜ੍ਹੀ ਦੀ ਸ਼ਾਇਰੀ ਤੋਂ ਆਪਣੀ ਕਵਿਤਾ ਨੂੰ ਵੱਖ ਮੰਨਦੇ ਹੋ ਜਾਂ ਉਨ੍ਹਾਂ ਤੋਂ ਪ੍ਰਭਾਵਿਤ ਮੰਨਦੇ ਹੋ??**

ਪਹਿਲਿਆਂ ਦਾ ਪ੍ਰਭਾਵ ਤਾਂ ਹੋਣਾ ਲਾਜ਼ਮੀ ਹੈ। ਕਿਉਂਕਿ ਮਨੁੱਖ ਜੋ ਵੀ ਸੂਝ ਬਣਾਉਂਦਾ ਹੈ ਉਸ ਵਿੱਚ ਸਮਾਜ ਦਾ ਵੱਡਾ ਯੋਗਦਾਨ ਹੁੰਦਾ ਹੈ ਅਤੇ ਜਦੋਂ ਅਸੀਂ ਸਮਾਜ ਦੀ ਗੱਲ ਕਰਦੇ ਹਾਂ ਤਾਂ ਮੈਨੂੰ ਲਗਦੈ ਇਹ ਨਹੀਂ ਹੋ ਸਕਦਾ ਕਿ ਵੱਡਿਆਂ ਦੀ ਸ਼ਾਇਰੀ ਦਾ ਸਮਾਜ 'ਤੇ ਪ੍ਰਭਾਵ ਨਾ ਪਿਆ ਹੋਵੇ। ਹਾਂ ਇਹ ਜ਼ਰੂਰ ਕਹਿ ਸਕਦੇ ਹਾਂ ਕਿ ਪੰਜਾਬੀ ਦੇ ਹਰ ਸ਼ਾਇਰ ਕੋਲ ਪੈਂਤੀ ਅੱਖਰ ਹਨ। ਇਹਨਾਂ ਅੱਖਰਾਂ ਨੂੰ ਔਜ਼ਾਰ ਬਣਾ ਕੇ ਉਸਨੇ ਸੋਚ ਵਿਚਲੇ ਨਕਸ਼ੇ ਰਾਹੀਂ ਆਪਣਾ ਮਹਿਲ ਉਸਰਾਨਾ ਹੈ। ਮੈਂ ਇਹ ਕੋਸ਼ਿਸ਼ ਕੀਤੀ ਹੈ ਕਿ ਜੋ ਵੀ ਲਿਖਾਂ ਉਸ ਵਿੱਚੋਂ ਮੈਂ ਜ਼ਰੂਰ ਨਜ਼ਰ ਆਵਾਂ।

**3. ਕਵਿਤਾ ਲਿਖਣ ਲਈ ਆਪਣੇ ਸਮਕਾਲੀ ਤੇ ਆਪਣੇ ਕਲਾਸਿਕ ਸਾਹਿਤ ਜਾਂ ਵਿਸ਼ਵ ਸਾਹਿਤ ਨੂੰ ਪੜ੍ਹਨਾ ਕਿੰਨਾ ਕੁ ਜ਼ਰੂਰੀ ਹੈ?**

ਲਿਖਣ ਲਈ ਪੜ੍ਹਨਾ ਬੇਹੱਦ ਜ਼ਰੂਰੀ ਹੈ। ਇਹ ਤੁਹਾਡੇ 'ਤੇ ਹੈ ਕਿ ਤੁਸੀਂ ਕਿਹੜੀ ਵਿਧਾ ਵਿੱਚੋਂ ਰਸ ਮਾਣ ਸਕਦੇ ਹੋ। ਮੈਂ ਤਾਂ ਇਹ ਵੀ ਮੰਨਦਾ ਹਾਂ ਕਿ ਕਵਿਤਾ ਲਿਖਣ ਲਈ ਸਿਰਫ਼ ਕਵਿਤਾ ਨੂੰ ਹੀ ਪੜ੍ਹਿਆ ਜਾਵੇ ਗ਼ਲਤ ਹੈ ਸਗੋਂ ਸਾਨੂੰ ਆਪਣੇ ਸੁਆਦ ਅਨੁਸਾਰ ਹਰ ਉਸ ਵਿਧਾ ਨੂੰ ਪੜ੍ਹਨਾ ਚਾਹੀਦਾ ਹੈ ਜਿਸ ਤੋਂ ਸਾਡੇ ਅੰਦਰ ਖ਼ਿਆਲ ਪੈਦਾ ਹੋਣ। ਅਸਲ ਵਿੱਚ ਮੈਂ ਸਮਝਦਾ ਖ਼ਿਆਲ ਹੀ ਸਾਹਿਤ ਹੈ। ਇੱਥੇ ਮੈਂ ਮਸ਼ਹੂਰ ਗੀਤਕਾਰ ਬਚਨ ਬੇਦਿਲ ਦੀ ਇੱਕ ਗੱਲ ਦਾ ਵੀ ਜ਼ਿਕਰ ਕਰਾਂਗਾ। ਉਹ ਕਹਿੰਦੇ ਹਨ ਕਿ 'ਜਿਸ ਤਰ੍ਹਾਂ ਖਿਡਾਰੀ ਨੂੰ ਖੇਡ ਵਿੱਚ ਬਣੇ ਰਹਿਣ ਲਈ ਮੈਦਾਨ ਨਾਲ ਜੁੜ ਕੇ ਅਭਿਆਸ ਕਰਨਾ ਪੈਂਦਾ ਹੈ ਇਸ ਤਰ੍ਹਾਂ ਹੀ ਲਿਖਾਰੀ ਦਾ ਵੀ ਇਹ ਧਰਮ ਬਣਦਾ ਹੈ ਕਿ ਉਹ ਲਿਖਣ ਤੋਂ ਪਹਿਲਾਂ ਵੱਧ ਤੋਂ ਵੱਧ ਪੜ੍ਹ ਕੇ ਮਨ ਵਿੱਚ ਅਭਿਆਸ ਕਰੇ। ਜਦੋਂ ਅਸੀਂ ਹਰ ਰੋਜ਼ ਹਜ਼ਾਰਾਂ ਸ਼ਬਦ ਪੜ੍ਹਾਂਗੇ ਤਾਂ ਜ਼ਰੂਰ ਅਸੀਂ ਕੁਝ ਸ਼ਬਦ ਲਿਖਣ ਦੇ ਕਾਬਿਲ ਹੋ ਸਕਾਂਗੇ।' ਇਸ ਤਰ੍ਹਾਂ ਦਾ ਨਿਯਮ ਬਣਾ ਕੇ ਲਿਖਣ ਵਾਲਿਆਂ ਦੀਆਂ ਲਿਖਤਾਂ ਜ਼ਰੂਰ ਗੌਲਣਯੋਗ ਹੁੰਦੀਆਂ ਹਨ।

**4. ਜਦੋਂ ਕਵਿਤਾ ਲਿਖਦੇ ਹੋ ਤਾਂ ਕੋਈ ਖਾਸ ਤਰ੍ਹਾਂ ਦੇ ਮਾਹੌਲ ਦੀ ਜ਼ਰੂਰਤ ਪੈਂਦੀ ਹੈ??**

ਨਹੀਂ ਨਹੀਂ। ਅਸਲ ਵਿੱਚ ਮਹੌਲ ਤਾਂ ਇਨਸਾਨ ਦੇ ਅੰਦਰ ਬਣਦਾ ਹੈ। ਜਿਹੜੇ ਸੱਜਣ ਅੰਦਰਲੇ ਮਹੌਲ ਨੂੰ ਗੌਲਦੇ ਹਨ ਉਹਨਾਂ ਨੂੰ ਬਾਹਰਲਾ ਮਹੌਲ ਕੋਈ ਬਹੁਤਾ ਅਸਰ

ਨਹੀਂ ਕਰਦਾ। ਦੂਸਰੀ ਗੱਲ ਮੈਂ ਪ੍ਰਸਿੱਧ ਆਲੋਚਕ ਡਾ.ਤੇਜਵੰਤ ਮਾਨ ਦੀ ਵੀ ਵੱਡੀ ਕਰਦਾ ਹਾਂ ਉਹ ਕਹਿੰਦੇ ਹਨ ''ਕਿ ਜੇ ਘਟਨਾ ਸਾਹਿਤ ਨੂੰ ਜਨਮ ਦਿੰਦੀ ਹੈ ਤਾਂ ਸਾਹਿਤ ਵੀ ਘਟਨਾ ਦਾ ਜਨਮਦਾਤਾ ਹੈ।'' ਭਾਵ ਕਿ ਆਲੇ ਦੁਆਲੇ ਦੀਆਂ ਘਟਨਾਵਾਂ, ਪ੍ਰਸਿਥਤੀਆਂ ਲੇਖਕ ਨੂੰ ਕਲਮ ਚਲਾਉਣ ਲਈ ਮਜ਼ਬੂਰ ਕਰ ਦਿੰਦੀਆਂ ਹਨ। ਇੱਕ ਗੱਲ ਇਹ ਵੀ ਹੈ ਕਿ ਲੇਖਕ ਅਤੇ ਪਾਠਕ ਦੋਵੇਂ ਹੀ ਸੰਵੇਦਨਸ਼ੀਲ ਵਰਗ ਹਨ। ਭਾਵ ਕਿ ਦੂਸਰੇ ਦੇ ਦੁੱਖ ਨੂੰ ਮਹਿਸੂਸ ਕਰਨ ਵਾਲਾ ਲੇਖਕ ਜਾਂ ਪਾਠਕ ਹੋ ਸਕਦਾ ਹੈ।

**5. ਆਪਣੇ ਸਮਕਾਲੀ ਯੁਵਾ ਕਵੀਆਂ ਦੇ ਪ੍ਰਸੰਗ ਵਿੱਚ ਆਪਣੀ ਕਵਿਤਾ ਨੂੰ ਕਿੱਥੇ ਖੜ੍ਹਾ ਦੇਖਦੇ ਹੋ ??**

ਮੈਨੂੰ ਲਗਦੈ ਇਹ ਕੋਈ ਦੌੜ ਨਹੀਂ ਹੈ ਜਿਸ ਵਿੱਚ ਮੈਂ ਆਪਣਾ ਸਥਾਨ ਤਲਾਸ਼ ਕਰਾਂ। ਸਮਕਾਲੀਆਂ ਵਿੱਚ ਬਹੁਤ ਸੋਹਣਾ ਲਿਖਣ ਵਾਲੇ ਸ਼ਾਇਰ ਹਨ। ਵੱਡੀ ਗੱਲ ਕਿ ਮੈਂ ਪੁਰਾਣੇ ਸ਼ਾਇਰਾਂ ਦੇ ਨਾਲ ਨਾਲ ਸਮਕਾਲੀਆਂ ਨੂੰ ਵੀ ਬੜੀ ਖੁਸ਼ੀ ਨਾਲ ਪੜ੍ਹਦਾ ਹਾਂ। ਰਹੀ ਗੱਲ ਮੈਂ ਕਿੱਥੇ ਖੜ੍ਹਾ ਹਾਂ ਇਹ ਤਾਂ ਪਾਠਕ ਨੇ ਦੇਖਣਾ ਹੈ ਪਰ ਮੈਂ ਐਨਾ ਕਹਿ ਸਕਦਾ ਹਾਂ ਕਿ ਸਾਹਿਤ ਐਨਾ ਡੂੰਘਾ ਸਮੁੰਦਰ ਹੈ ਇਸ ਦੀ ਗਹਿਰਾਈ ਨੂੰ ਮਾਪਣਾ ਬਹੁਤ ਵੱਡਾ ਕੰਮ ਹੈ। ਸਾਹਿਤ ਦੇ ਵਿਹੜੇ ਆਏ ਦਿਨੀਂ ਨਵੇਂ ਤਜਰਬੇ ਹੋ ਰਹੇ ਹਨ। ਬਣੇ ਹੋਏ ਪੈਮਾਨੇ ਟੁੱਟ ਰਹੇ ਹਨ। ਮੈਨੂੰ ਲਗਦੈ ਜਿਸ ਵਾਕ ਵਿੱਚ ਕੋਈ ਸੇਧ ਹੈ। ਉਹ ਸਾਹਿਤ ਹੈ ਭਾਵੇਂ ਵਿਧਾ ਕੋਈ ਵੀ ਹੋਵੇ। ਮੈਂ ਆਪਣੀ ਗਿਣਤੀ ਸਿਖਾਂਦਰੂਆਂ ਵਿੱਚ ਕਰਦਾ ਹਾਂ ਅਤੇ ਕਰਦਾ ਰਹਾਂਗਾ, ਕਿਉਂਕਿ ਇੱਛਾ ਹੈ ਅੰਤਲੇ ਸਾਹਾਂ ਤੱਕ ਜੀਵਨ ਦਾ ਵਿਦਿਆਰਥੀ ਰਹਾਂ।

**6. ਸਮੁੱਚੀ ਲਿਖੀ ਜਾ ਰਹੀ ਨੌਜਵਾਨ ਪੀੜ੍ਹੀ ਦੀ ਕਵਿਤਾ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਕਿੱਥੇ ਰੱਖਦੇ ਹੋ??**

ਸਮਕਾਲ ਵਿੱਚ ਬਹੁਤ ਵਧੀਆ ਕਵਿਤਾ ਲਿਖੀ ਜਾ ਰਹੀ ਹੈ। ਅਜੋਕੀ ਪੰਜਾਬੀ ਕਵਿਤਾ ਵਿੱਚ ਤਰਕ ਪ੍ਰਧਾਨ ਹੈ। ਜ਼ਿਆਦਾਤਰ ਸ਼ਾਇਰ ਸਮਾਜਿਕ ਸਮੱਸਿਆਵਾਂ ਨੂੰ ਕਵਿਤਾ ਵਿੱਚ ਢਾਲ ਰਹੇ ਹਨ। ਇਹ ਕੁਦਰਤੀ ਵੀ ਹੈ ਕਿ ਆਲੇ ਦੁਆਲੇ ਦੀ ਗੱਲ ਤੁਹਾਡੀਆਂ ਲਿਖਤਾਂ ਵਿੱਚ ਜ਼ਰੂਰ ਨਜ਼ਰ ਆਵੇਗੀ। ਮੇਰੇ ਖ਼ਿਆਲ ਵਿੱਚ ਇਹ ਸ਼ੁਭ ਸ਼ਗਨ ਹੈ ਕਿ ਅਸੀਂ ਲੇਖਕ ਕਵਿਤਾ ਜ਼ਰੀਏ ਸੱਚ ਦਾ ਗੁਣਗਾਨ ਕਰ ਰਹੇ ਹਾਂ ਜਿਸ ਨਾਲ ਪਾਠਕ ਸਮਾਜ ਦੀ ਅਸਲੀਅਤ ਤੋਂ ਜਾਣੂ ਹੋ ਰਿਹਾ ਹੈ। ਅਜੋਕੀ ਕਵਿਤਾ ਵਿੱਚ ਇਸ਼ਕ-ਮੁਸ਼ਕ ਦੀ ਬਾਤਾਂ ਨਾ-ਮਾਤਰ ਹੀ ਹਨ। ਖ਼ਿਆਲੀ ਤੋਤੇ ਉਡਾਉਣ ਵਾਲੀ ਕਵਿਤਾ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ।

**7. ਤੁਹਾਡੀ ਲੇਖਣੀ ਨੂੰ ਘਰ ਪਰਿਵਾਰ ਜਾਂ ਆਲੇ ਦੁਆਲੇ ਵਿਚਰਦੇ ਲੋਕਾਂ ਵੱਲੋਂ ਕਿਸ ਤਰਾਂ ਦਾ ਰਿਸਪੌਂਸ ਪ੍ਰਾਪਤ ਹੁੰਦਾ ਹੈ??**

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੇਰੀ ਹਮਸਫ਼ਰ ਨੂਰਦੀਪ ਕੋਮਲ ਲੇਖਕ ਹੈ ਅਤੇ ਮੈਂ ਸਮਝਦਾ ਉਹ ਮੇਰਾ ਹਾਸਲ ਵੀ ਹੈ। ਕਿਉਂਕਿ ਉਸਨੇ ਵਿਆਹ ਤੋਂ ਬਾਅਦ ਲਿਖਣਾ ਸ਼ੁਰੂ ਕੀਤਾ ਅਤੇ ਅੱਜ ਆਪਣੀ ਕਿਤਾਬ 'ਰੱਬ ਕਿੱਥੇ ਹੈ?' ਕਰਕੇ ਲੇਖਕਾਂ ਦੀ ਦੁਨੀਆ ਵਿੱਚ ਗਿਣੀ ਜਾਂਦੀ ਹੈ। ਮੈਨੂੰ ਪਰਿਵਾਰ ਵੱਲੋਂ ਵਧੀਆ ਹੁੰਗਾਰਾ ਮਿਲਿਆ ਹੈ ਅਤੇ ਆਲੇ ਦੁਆਲੇ ਵਿੱਚ ਤਾਂ ਮੇਰੀ ਪਹਿਚਾਣ ਹੀ ਲੇਖਕ ਵਜੋਂ ਹੈ। ਲੋਕ ਬਹੁਤ ਪਿਆਰ ਅਤੇ ਸਤਿਕਾਰ ਕਰਦੇ ਹਨ। ਇਸ ਪਿਆਰ ਅਤੇ ਸਤਿਕਾਰ ਦਾ ਕਾਰਨ ਇਹ ਹੈ ਕਿ ਲੇਖਕ ਹੋਣ ਕਰਕੇ ਜੀਵਨ ਵਿੱਚ ਕੋਮਲਤਾ ਆਈ, ਸਭ ਨੂੰ ਪਿਆਰ ਕਰਨਾ, ਵੱਡਿਆਂ ਦਾ ਸਤਿਕਾਰ, ਨਸ਼ਿਆਂ ਰਹਿਤ ਜੀਵਨ ਜਿਊਣਾ, ਇਹ ਸਾਰੇ ਗੁਣ ਸਾਹਿਤ ਦੀ ਹੀ ਦੇਣ ਹਨ ਅਤੇ ਸਮਾਜ ਇਹਨਾਂ ਗੁਣਾਂ ਵਾਲੇ ਇਨਸਾਨ ਨੂੰ ਚੰਗਿਆਂ ਦੀ ਸ਼੍ਰੇਣੀ ਵਿੱਚ ਰੱਖਦਾ ਹੈ।

**8. ਕਵਿਤਾ ਦੇ ਵਿਕਾਸ ਵਿੱਚ ਰੀਲਾਂ, ਇੰਸਟਾਗ੍ਰਾਮ ਜਾਂ ਫੇਸਬੁੱਕ ਦਾ ਕਿੰਨਾ ਕੁ ਰੋਲ ਹੈ। ਇਨ੍ਹਾਂ ਮਾਧਿਅਮ ਦੁਆਰਾ ਪੇਸ਼ ਕਵਿਤਾ ਦਾ ਭਵਿੱਖ ਵਿੱਚ ਕੋਈ ਸਾਰਥਕ ਯੋਗਦਾਨ ਹੈ?**

ਮੇਰਾ ਇਹ ਮੰਨਣਾ ਹੈ ਕਿ ਸੋਸ਼ਲ ਮੀਡੀਆ ਦੀ ਦੁਨੀਆ ਨੇ ਸਾਹਿਤ ਦਾ ਘੇਰਾ ਵੱਡਾ ਕੀਤਾ ਹੈ। ਰੀਲਾਂ ਦੀ ਦੁਨੀਆ ਰਾਹੀਂ ਅਸੀਂ ਨੌਜਵਾਨ ਪੀੜ੍ਹੀ ਦੇ ਦਰ ਤੱਕ ਕਵਿਤਾਵਾਂ ਲੈ ਕੇ ਅੱਪੜ ਰਹੇ ਹਾਂ। ਜਿੱਥੇ ਇਸ ਮਾਧਿਅਮ ਰਾਹੀਂ ਪੰਜਾਬੀ ਸਾਹਿਤ ਪੂਰੀ ਤੱਕ ਪਹੁੰਚ ਰਿਹਾ ਹੈ ਉੱਥੇ ਹੀ ਅਸੀਂ ਇੱਕ ਧਿਰ ਬਣਨ ਵਿੱਚ ਵੀ ਕਾਮਯਾਬ ਹੋਏ ਹਾਂ ਜੋ ਧਿਰ ਸਾਡੇ ਬੱਚਿਆਂ ਤੱਕ ਸੋਸ਼ਲ ਮੀਡੀਆ ਰਾਹੀਂ ਪਹੁੰਚ ਰਹੇ ਗ਼ੈਰ ਸਮਾਜਿਕ ਵੀਡੀਓਜ਼ ਦਾ ਟਾਕਰਾ ਕਰ ਰਹੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿਵੇਂ ਸਾਡੇ ਧੀਆਂ ਪੁੱਤਰਾਂ ਨੂੰ ਮਾਨਸਿਕ ਤੌਰ 'ਤੇ ਰੋਗੀ ਬਣਾ ਕੇ ਸੈਕਸ ਪ੍ਰਤੀ ਭੜਕਾਇਆ ਜਾ ਰਿਹਾ

ਹੈ। ਹਾਲਾਂਕਿ ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਵਾਲ਼ੀ ਕਵਿਤਾ ਉੱਚ ਪੱਧਰ 'ਤੇ ਨਹੀਂ ਜਾ ਸਕਦੀ ਕਿਉਂਕਿ ਸੋਸ਼ਲ ਨੈੱਟਵਰਕਿੰਗ ਸਾਈਟਸ ਉੱਤੇ ਵਾਹ ਵਾਹ ਕਰਨ ਵਾਲਿਆਂ ਦੀ ਭੀੜ ਹੈ। ਪਰ ਮੈਂ ਸਮਝਦਾ ਕਿ ਇਸ ਮਾਧਿਅਮ ਕਰਕੇ ਬਹੁਤ ਸਾਰੇ ਨਵੇਂ ਬੱਚੇ ਕਵਿਤਾ ਲਿਖ ਰਹੇ ਹਨ। ਮੰਨਿਆ ਉਹ ਚੰਗੀ ਕਵਿਤਾ ਨਹੀਂ ਪਰ ਸਮਾਂ ਪਾ ਕੇ ਜੇ ਇਹ ਲੇਖਕ ਅਭਿਆਸ ਕਰ ਗਏ ਤਾਂ ਜ਼ਰੂਰ ਚੰਗਿਆ ਵਿੱਚ ਸ਼ਾਮਲ ਹੋਣਗੇ। ਮੈਨੂੰ ਲਗਦੈ ਸਾਨੂੰ ਇਸ ਗੱਲ ਦੀ ਖੁਸ਼ੀ ਮਨਾਉਣੀ ਚਾਹੀਦੀ ਹੈ ਕਿ ਸਾਡੇ ਨਵੇਂ ਬੱਚੇ ਕਵਿਤਾ ਲਿਖ ਰਹੇ ਹਨ ਭਾਵੇਂ ਉਹਨਾਂ ਦਾ ਮਾਧਿਅਮ ਸੋਸ਼ਲ ਮੀਡੀਆ ਹੀ ਹੈ। ਇੱਥੇ ਮੈਂ ਇੰਗਲਿਸ਼ ਦੀ ਇੱਕ ਕਹਾਵਤ ਕਹਾਂਗਾ something is better than nothing.

**9. ਕੀ ਨਵੀਂ ਪੀੜ੍ਹੀ ਦੀ ਕਵਿਤਾ ਪੰਜਾਬੀ ਆਲੋਚਨਾ ਤੋਂ ਸੰਤੁਸ਼ਟ ਹੈ ?**

ਆਲੋਚਨਾ, ਸੁਧਾਰ ਦਾ ਇੱਕ ਵਧੀਆ ਜ਼ਰੀਆ ਹੈ। ਮੈਨੂੰ ਲਗਦੈ ਲੇਖਕ ਨੂੰ ਆਲੋਚਨਾ ਖਿੜੇ ਮੱਥੇ ਸਵੀਕਾਰ ਕਰਨੀ ਚਾਹੀਦੀ ਹੈ। ਪਰ ਅਜੋਕੀ ਆਲੋਚਨਾ 'ਤੇ ਇਹ ਇਲਜ਼ਾਮ ਲੱਗ ਰਿਹਾ ਹੈ ਕਿ ਉਹ ਰਚਨਾ ਦੀ ਨਹੀਂ ਰਚਨਾਕਾਰ ਦੀ ਆਲੋਚਨਾ ਕਰਦੀ ਹੈ। ਕਿਹਾ ਜਾਂਦਾ ਹੈ ਕਿ ਆਲੋਚਕ ਦੇ ਕੇਂਦਰ ਵਿੱਚ ਕੇਵਲ ਰਚਨਾ ਨਹੀਂ ਹੁੰਦੀ ਸਗੋਂ ਰਚਨਾਕਾਰ ਦੀ ਸ਼ਖ਼ਸੀਅਤ ਵੀ ਹੁੰਦੀ ਹੈ ਅਤੇ ਸਾਹਿਤ ਦੇ ਵਿੱਚ ਵੀ ਸਿਆਸੀ ਆਗੂਆਂ ਵਾਲੀ ਬਿਰਤੀ ਆ ਗਈ ਹੈ। ਇਸ ਲਈ ਕੁਝ ਲੋਕ ਪਹਿਲਾਂ ਇਹ ਤੈਅ ਕਰਦੇ ਹਨ ਕਿ ਇਸ ਰਚਨਾ ਨੂੰ ਭੰਡਣਾ ਹੈ ਜਾਂ ਸਲਾਹੁਣਾ ਹੈ। ਕਿਸੇ ਹੱਦ ਤੱਕ ਮੈਨੂੰ ਵੀ ਇਹ ਮਹਿਸੂਸ ਹੁੰਦਾ ਹੈ ਕਿ ਇਹ ਸੱਚ ਹੈ,ਅਜਿਹਾ ਹੀ ਹੋ ਰਿਹਾ ਹੈ।

**10. ਕੀ ਕਵਿਤਾ ਦਾ ਕੋਈ ਸਮਾਜਿਕ ਰੋਲ ਹੁੰਦਾ ਹੈ ? ਜੇਕਰ ਹੁੰਦਾ ਹੈ ਤਾਂ ਨਵੀਂ ਕਵਿਤਾ ਦੇ ਪ੍ਰਸੰਗ ਵਿੱਚ ਇਸ ਰੋਲ ਸੰਬੰਧੀ ਕੀ ਆਖਣਾ ਚਾਹੋਂਗੇ?**

ਸਾਹਿਤ ਦੀ ਕਿਸੇ ਵੀ ਵਿਧਾ ਨੂੰ ਸਮਾਜ ਨਾਲੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਜਿੱਥੋਂ ਤੱਕ ਗੱਲ ਕਵਿਤਾ ਦੀ ਹੈ ਤਾਂ ਇਸ ਦਾ ਸਮਾਜ ਵਿੱਚ ਬੜਾ ਵੱਡਾ ਰੋਲ ਹੈ। ਜਿਵੇਂ ਦਾ ਸਮਾਜ ਹੋਵੇਗਾ ਉਵੇਂ ਦੀ ਹੀ ਕਵਿਤਾ ਸਿਰਜੀ ਜਾਵੇਗੀ ਅਤੇ ਜਿਵੇਂ ਦੀ ਕਵਿਤਾ ਹੋਵੇਗੀ, ਗੀਤ ਹੋਣਗੇ ਓਦਾਂ ਦਾ ਹੀ ਸਮਾਜ ਬਣੇਗਾ। ਅਜੋਕੀ ਕਵਿਤਾ ਵਿੱਚ ਸਮਾਜਿਕ ਸਮੱਸਿਆਵਾਂ ਪ੍ਰਧਾਨ ਹਨ। ਨੌਜਵਾਨ ਕਵੀ ਯਥਾਰਥ ਨੂੰ ਕਵਿਤਾ ਵਿੱਚ ਪੇਸ਼ ਕਰ ਰਹੇ ਹਨ। ਇਸ ਗੱਲ ਦੀ ਪੁਸ਼ਟੀ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਕਰਵਾਏ ਗਏ 'ਯੁਵਾ ਉਤਸਵ'(ਜਿਸ ਵਿੱਚ ਤਕਰੀਬਨ ਚਾਲੀ ਸ਼ਾਇਰਾਂ ਨੇ ਕਵਿਤਾਵਾਂ ਪੜ੍ਹੀਆਂ ਸਨ) ਵਿੱਚ ਡਾ. ਸਰਬਜੀਤ ਕੌਰ ਸੋਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਨੇ ਵੀ ਕੀਤੀ ਸੀ। ਕਵਿਤਾ ਪਾਠ ਸੁਣਨ ਮਗਰੋਂ ਉਹਨਾਂ ਕਿਹਾ ਸੀ ਕਿ ਸਾਰੇ ਕਵੀ ਬੜੀ ਗਹਿਰ ਗੰਭੀਰ ਕਵਿਤਾ ਸਿਰਜ ਰਹੇ ਹਨ।

**11. ਤੁਸੀਂ ਕਿਵੇਂ ਲਿਖਦੇ ਹੋ ? ਆਪਣੀ ਸਿਰਜਣ ਪ੍ਰਕਿਰਿਆ ਬਾਰੇ ਕੁਝ ਸਤਰਾਂ ਲਿਖੋ??**


ਮੈਂ ਕਿਸੇ ਖ਼ਾਸ ਸਮੇਂ, ਸਥਾਨ ਅਨੁਸਾਰ ਰਚਨਾ ਨਹੀਂ ਕਰਦਾ। ਕਿਸੇ ਵੀ ਸਮੇਂ ਕਵਿਤਾ ਮੇਰੇ ਮਨ ਵਿੱਚ ਆ ਵਸਦੀ ਹੈ ਜਦੋਂ ਵੀ ਅਜਿਹਾ ਹੁੰਦਾ ਹੈ ਮੈਂ ਕਲਮ ਚੁੱਕ ਲੈਨਾ ਹਾਂ। ਇਹ ਵੇਲਾ ਪਹਿਰ ਦਾ ਤੜਕਾ ਵੀ ਹੋ ਸਕਦਾ, ਗੂੜ੍ਹੀ ਰਾਤ ਵੀ, ਤਿੱਖੀ ਧੁੱਪ ਵੀ, ਠਰਦਾ ਸਿਆਲ਼ ਵੀ। ਜਦੋਂ ਵੀ ਕਵਿਤਾ ਬੁਲਾਉਂਦੀ ਹੈ ਮੈਂ ਹਾਜ਼ਰ ਹੋ ਜਾਂਦਾ ਹਾਂ।

ਬਣ ਜਾਵਾਂਗਾ ਸ਼ਾਇਰ
ਲਗਦੈ ਹੁਣ ਦੇਰ ਨਹੀਂ
ਅੱਖਰ ਵੀ ਦੇਵਣ ਮੋਹ ਅੰਤਾਂ ਦਾ
ਸ਼ਬਦ ਵੀ ਕਰਦੇ ਹੇਰ ਫ਼ੇਰ ਨਹੀਂ

ਚੰਗਾ ਲਗਦਾ ਹੈ ਹੁਣ ਸੰਗ ਕਿਤਾਬਾਂ ਦਾ
ਮੋਹ ਅੱਖਰਾਂ ਦੇ ਨਾਲ ਬੇ-ਹਿਸਾਬਾਂ ਦਾ
ਹੋ ਜਾਊ ਚਾਨਣ ਰਹਿਣਾ 'ਨ੍ਹੇਰ ਨਹੀਂ

ਸਮਝ ਲਿਆ ਅਰਥ ਮੈਂ 'ਪਾਤਰ' ਦੀਆਂ ਸਤਰਾਂ ਦਾ
ਇਸ਼ਕ ਹੈ ਮੈਨੂੰ 'ਸ਼ਿਵ' ਦਿਆਂ ਅੱਖਰਾਂ ਦਾ
ਹੀਰ ਵੀ ਪਾਉਂਦੀ ਘੁੰਮਣਘੇਰ ਨਹੀਂ

*****



# ਮਨਜੀਤ ਸੂਖ਼ਮ

ਤੇਰੀ ਆਖੀ ਹਰ ਗੱਲ ਸਮਝਣ ਲੱਗਾ ਹੈ
ਦਿਲ ਹੁਣ ਤੇਰੀ ਬੋਲੀ ਬੋਲਣ ਲੱਗਾ ਹੈ।

ਕਿਹੜੀ ਕਿਹੜੀ ਚੀਸ ਤੇ ਪਰਦੇ ਪਾਵਾਂਗੇ
ਦਰਦ ਦਰਾਰਾਂ ਵਿੱਚੋਂ ਝਾਕਣ ਲੱਗਾ ਹੈ।

ਐਨਾ ਬਿਹਬਲ ਹੋ ਕੇ ਸੀਨੇ ਲਾਇਆ ਮੈਂ
ਦੇਖੋ ਅੱਜ ਤਾਂ ਤੀਰ ਵੀ ਤੜਪਣ ਲੱਗਾ ਹੈ।

ਚੁੱਪਾਂ ਬੀਜਣ ਤੇ ਵੀ ਹਉਕਾ ਉੱਗ ਪੈਂਦਾ
ਧਰਤ ਨੂੰ ਕੇਹਾ ਪਾਣੀ ਲੱਗਣ ਲੱਗਾ ਹੈ।

ਕਾਗਜ਼ ਦੀ ਕਿਸ਼ਤੀ ਪਾਣੀ ਵਿੱਚ ਤਾਰੀ ਸੀ
ਕਿਸ਼ਤੀ ਦੇ ਵਿੱਚ ਪਾਣੀ ਡੁੱਬਣ ਲੱਗਾ ਹੈ।

ਮੇਰੇ ਬੀਜੇ ਫੁੱਲ ਜਦੋਂ ਦੇ ਚੁੰਮੇ ਤੂੰ
ਮੇਰੇ ਖ਼ੂਨ ਦਾ ਕਣ ਕਣ ਮਹਿਕਣ ਲੱਗਾ ਹੈ।

ਖ਼ਾਹਸ਼ਾਂ ਦੇ ਸ਼ੋਰ ਸ਼ਰਾਬੇ ਤੋਂ ਮੁਨਕਰ ਹੋ
ਸੂਖ਼ਮ ਕਵਿਤਾ ਵੱਲ ਨੂੰ ਪਰਤਣ ਲੱਗਾ ਹੈ।
*****

ਕੋਈ ਪੰਛੀ ਜਦੋਂ ਵੀ ਵਿਲਕਦਾ ਹੈ ਆਲ੍ਹਣੇ ਖ਼ਾਤਰ
ਮੇਰੀ ਮਾਂ ਝੱਟ ਉਠ ਭੱਜਦੀ ਉਹਨੂੰ ਸੰਭਾਲਣੇ ਖ਼ਾਤਰ।

ਹਰਿਕ ਮਾਂ ਬਾਪ ਬੱਚੇ ਪਾਲਦਾ ਹੈ ਯੁੱਗ ਵਰ੍ਹਿਆਂ ਤੋਂ
ਕੋਈ ਟਾਵਾਂ ਹੀ ਕਰਦਾ ਪਹਿਲ ਮਾਪੇ ਪਾਲਣੇ ਖ਼ਾਤਰ।

ਮੈਂ ਅੰਮ੍ਰਿਤ ਵਾਸਤੇ ਸਾਰੇ ਸਮੁੰਦਰ ਫ਼ੋਲ ਚੁੱਕਾ ਹਾਂ
ਇਕੱਲਾ ਮਨ ਹੀ ਬਚਿਆ ਸੀ ਅਜੇ ਹੰਘਾਲਣੇ ਖ਼ਾਤਰ।

ਬਹਾਨੇ ਮੈਂ ਵੀ ਘੜਦਾ ਸਾਂ ਕੋਈ ਗੱਲ ਬਾਤ ਹੋ ਜਾਏ
ਬਹਾਨੇ ਉਹ ਵੀ ਘੜਦਾ ਸੀ ਇਹ ਗੱਲਾਂ ਟਾਲਣੇ ਖ਼ਾਤਰ।

ਅਸੀਂ ਇਹਨੂੰ ਬਚਾ ਕੇ ਵੀ ਕਦੋਂ ਤੱਕ ਸਾਂਭ ਕੇ ਰੱਖਦੇ
ਕਿ ਇੱਕੋ ਜ਼ਿੰਦਗੀ ਮਿਲਦੀ ਅਵਾਰਾ ਗਾਲਣੇ ਖ਼ਾਤਰ।



ਕਿਸੇ ਸੂਰਜ ਨੂੰ ਅਪਣਾ ਆਪ ਭੱਠੀ ਸਾੜਨਾ ਪੈਣਾ
ਬੁਝੇ ਜਾਂਦੇ ਘਰਾਂ ਅੰਦਰ ਜੋ ਚੁੱਲ੍ਹੇ ਜਾਲਣੇ ਖ਼ਾਤਰ।

ਜੋ ਚਾਨਣ ਮੱਥਿਆਂ ਅੰਦਰ ਤੇ ਛ਼ੈਬਰ ਸੀਨਿਆਂ ਵਿਚਲੀ
ਅਸਾਂ ਨੇ ਰੱਤ ਬਾਲੀ ਹੈ ਇਹ ਦੀਵੇ ਬਾਲਣੇ ਖ਼ਾਤਰ।
*****

ਮੇਰੇ ਹਿੱਸੇ ਹੈ ਆਇਆ ਭਟਕਦੇ ਬਸ ਦਰ ਬ ਦਰ ਰਹਿਣਾ
ਘਰਾਂ ਦੀ ਕੈਦ ਤੇ ਖ਼ਿਆਲਾਂ 'ਚ ਅਟਕਿਆ
ਇਕ ਸਫ਼ਰ ਰਹਿਣਾ।

ਲਤੀਫ਼ਾ ਜਾਪਦੀ ਸੀ ਜ਼ਿੰਦਗੀ ਜਿਸਨੂੰ ਕਿ ਰੱਬ ਜਾਣੇ
ਕਿਵੇਂ ਸਿੱਖਿਆ ਹੈ ਉਸਨੇ ਚੁੱਪ ਚੁਪੀਤੇ ਇਸ ਕਦਰ ਰਹਿਣਾ।

ਜਦੋਂ ਤੀਕਰ ਨਵੀਂ ਠੋਕਰ ਕੋਈ ਦਰਪੇਸ਼ ਨਾ ਆਵੇ
ਜ਼ਰੂਰੀ ਹੈ ਪੁਰਾਣੇ ਦਰਦ ਦਾ ਕਰਦੇ ਅਸਰ ਰਹਿਣਾ।

ਹਰਿਕ ਸ਼ੈਅ ਪੂਰਤੀ ਖ਼ਾਤਰ ਮੇਰਾ ਬਣਵਾਸ ਚਾਹੁੰਦੀ ਹੈ
ਇਸੇ ਕਰਕੇ ਨਹੀਂ ਸੋਂਹਦਾ ਮੇਰਾ ਮੈਨੂੰ ਵੀ ਘਰ ਰਹਿਣਾ।

ਮੈਂ ਜਿਸਦੀ ਨਜ਼ਰ ਦੇ ਵਿਚ ਆਉਣ ਖ਼ਾਤਰ ਦੇਖਦਾਂ ਸ਼ੀਸ਼ਾ
ਹੈ ਕਿੰਨਾ ਖ਼ਾਸ ਉਸਦਾ ਦੇਖਦੇ ਸ਼ਾਮੋਂ ਸਹਰ ਰਹਿਣਾ।

ਜਦੋਂ ਹੋਵੇ ਪਤਾ ਕਿ ਸੱਜਣਾਂ ਨੇ ਗ਼ੈਰ ਹੋ ਜਾਣੈ
ਬੜਾ ਔਖਾ ਹੈ ਉਸ ਵੇਲੇ ਵੀ ਫਿਰ ਕਰਦੇ ਸਬਰ ਰਹਿਣਾ।

ਤੇਰੀ ਇਤਬਾਰ ਕਰਨੇ ਦੀ ਬੁਰੀ ਆਦਤ ਨਹੀਂ ਜਾਂਦੀ
ਤਾਂ ਫਿਰ ਐਦਾਂ ਹੀ ਸੂਖ਼ਮ ਇਹ ਤੇਰਾ ਹੁੰਦਾ ਹਸ਼ਰ ਰਹਿਣਾ।
*****

# ਮਨ ਮਾਨ



1.

ਕਹੋ ਨਾ ਕਲਪਨਾ ਇਹਨੂੰ, ਹਕੀਕਤ ਕਰ ਵਿਖਾਵਾਂਗੀ
ਕਰਾਂਗੀ ਤੈਅ ਹਰਿਕ ਪੈਂਡਾ, ਮੈਂ ਅੰਬਰ ਘਰ ਬਣਾਵਾਂਗੀ

ਤੁਸੀਂ ਦੱਬੋ ਬੜਾ ਡੂੰਘਾ ਮਗਰ ਹੈ ਮਾਰਨਾ ਔਖਾ
ਮੈ ਖੱਬਲ ਘਾਹ ਦੇ ਵਰਗੀ ਹਾਂ, ਦੁਬਾਰਾ ਉੱਗ ਆਵਾਂਗੀ

ਅਜੇ ਇਹ ਵਕ਼ਤ ਦਾ ਕੋਹਲੂ, ਨਪੀੜੇਗਾ ਬੜਾ ਭਾਵੇਂ
ਮੈਂ ਡੁੱਲਦੀ ਰੱਤ ਵਿੱਚੋਂ, ਮਹਿਕਦਾ ਗੁਲਸ਼ਨ ਉਗਾਵਾਂਗੀ

ਦਿਸ਼ਾਵਾਂ ਦੀ ਦਸ਼ਾ ਬਦਲਾਂ, ਤਰੀਕੇ ਜਾਣਦੀ ਸਾਰੇ
ਇਹ ਸੂਰਜ ਸੀਤ ਕਰਕੇ, ਚਾਨਣੀ ਨੂੰ ਧੁੱਪ ਬਣਾਵਾਂਗੀ

ਮੇਰੇ ਸ਼ਬਦਾਂ ਦੀ ਬਣਤਰ ਨੂੰ, ਇਬਾਰਤ ਆਮ ਨਾ ਸਮਝੋ
ਮੈਂ ਕਾਲੇ ਅੱਖਰਾਂ ਕੋਲੋਂ, ਕਥਾ ਸੂਹੀ ਲਿਖਾਵਾਂਗੀ

ਉਦੋਂ ਜਿੱਤਾਂ ਤੇ ਹਾਰਾਂ ਦਾ, ਬਦਲ ਜਾਣਾ ਹੈ ਪੈਮਾਨਾ
ਜਦੋਂ ਸੂਰਜ ਦੇ ਨੈਣਾਂ ਸੰਗ, ਨਜ਼ਰ ਅਪਣੀ ਮਿਲਾਵਾਂਗੀ

ਦਿਸੇਗਾ ਫ਼ਰਕ, ਫਿਰ ਥੋਨੂੰ ਮਕਾਨਾਂ ਤੇ ਘਰਾਂ ਅੰਦਰ
ਹਰਿਕ ਰਿਸ਼ਤੇ ਦੇ ਚਿਹਰੇ 'ਤੋਂ ਜਦੋਂ ਪਰਦਾ ਉਠਾਵਾਂਗੀ

2.

ਅਜਕਲ ਮੇਰੇ ਅੰਦਰ ਏਦਾਂ ਸ਼ੋਰ ਪਏ ।
ਸੁੰਨੇ ਘਰ ਨੂੰ ਹੋਵਣ ਜਿੱਦਾਂ ਚੋਰ ਪਏ ।

ਮੈ ਵੀ ਵਾਂਗ ਪਤੰਗ ਦੇ ਛੂਹਾਂ ਅੰਬਰ ਨੂੰ,
ਜੇਕਰ ਤੇਰੇ ਹੱਥੋਂ, ਮਾਹੀ ਡੋਰ ਪਏ।

ਮਾਂ ਔਲਾਦ 'ਚ ਏਦਾਂ ਵੰਡੀ ਜਾਂਦੀ ਹੈ,
ਗੰਨੇ ਉੱਤੇ ਲੀਕਾਂ ਵਹਿ ਜਿਉਂ ਪੋਰ ਪਏ।

ਯਾਰ ਵੀ ਕਹਿੰਨੈ, ਮਾਰ ਵੀ ਕਰਦੈਂ ,ਸੋਚ ਜ਼ਰਾ,
ਲੁੱਟਣ ਨੂੰ ਤਾਂ ਥਾਉਂ ਬਥੇਰੇ ਹੋਰ ਪਏ ।

ਹਰ ਰਿਸ਼ਤੇ ਦੀ ਤੰਦ ਤਾਂ ਨਾਜ਼ੁਕ ਹੁੰਦੀ ਹੈ ,
ਟੁੱਟ ਜਾਵੇ , ਜੇ ਭਾਰ ਪਏ ਜਾਂ ਜ਼ੋਰ ਪਏ ।

ਮੈਂ ਫੁੱਲਾਂ ਦੀ ਵੇਲ ਸਮਝ ਕੇ ਲਾਈ ਸੀ ,
ਮੇਰੇ ਘਰ ਵਿਚ ਕਿੱਥੋਂ ਉਗ ਇਹ ਥੋਰ੍ਹ ਪਏ।

"ਮਨ" ਦੇ ਅੰਦਰ ਹਾੜ੍ਹ ਤਪੇਂਦਾ ਬਿਰਹੋਂ ਦਾ,
ਅੰਬਰ ਉੱਤੇ ਉਂਝ ਬੱਦਲ ਘਨਘੋਰ ਪਏ।

3.

ਜ਼ਿੰਦਗੀ ਨੂੰ ਖਾ ਨਾ ਜਾਵੇ, ਆਪ ਚੁਣਿਆ ਜ਼ਾਬਤਾ
ਜੀਣ ਖਾਤਿਰ ਲਾਜ਼ਮੀ ਹੈ ਸੁਰਮਈ ਇਕ ਹਾਦਸਾ

ਤੇਰੀਆਂ ਮਨਮਾਨੀਆਂ ਨੇ ਤੋੜਿਆ ਹੈ ਇਸ ਕਦਰ
ਰੂਹ ਹੈ ਜ਼ਖ਼ਮੀ, ਚੁੱਪ ਵਿਲਕੇ, ਕੁਝ ਨਾ ਬਚਿਆ ਸਾਬਤਾ

ਵਕਤ ਬੀਤੇ , ਵਹਿਣ ਮੁੱਕੇ, ਹੌਸਲਾ ਬਾਕੀ ਨਹੀਂ
ਐ ਖੁਦਾ! ਕੈਸਾ ਨਿਆਂ , ਮਹਿਰਮ ਨਾ ਰੱਖੇ ਰਾਬਤਾ

ਇਸ਼ਕ ਆਖੇ, ਦਿਲਬਰੀ ਦਾ ਏਸ ਰਾਹੇ ਕੰਮ ਕੀ ,
ਸੇਜ ਸੂਲੀ ਬਣ ਗਈ ਤੇ ਵਿਲਕਦੀ ਹੈ ਆਤਮਾ

ਸਾਂਝ ਟੁੱਟੀ, ਸੂਝ ਮੁੱਕੀ, ਸ਼ਬਦ ਹਿਜਰਤ ਕਰ ਗਏ,
ਡੋਲਿਆ , ਵੈਰਾਗਿਆ ਮਨ , ਭਾਲਦਾ ਏ ਆਸਰਾ

ਹਾਰ ਬਾਝੋਂ ਜਿੱਤਣਾ ਕੀ, ਮੰਨਿਆ ਜਦ ਆਪ 'ਮਨ'
ਉਸ ਸਮੇਂ ਸਭ ਔਕੜਾਂ ਨੇ ਬਦਲਿਆ ਸੀ ਰਾਸਤਾ

*****

## ਮਨਦੀਪ ਔਲਖ



### ਬੇਬਹਿਰ

ਮੈਨੂੰ ਚੰਗੀਆਂ ਨਹੀਂ ਲਗਦੀਆਂ
ਉਹ ਔਰਤਾਂ
ਜੋ ਲਿਖਦੀਆਂ ਹਨ ਗ਼ਜ਼ਲਾਂ
ਬਹਿਰ ਵਿਚ ਸੋਚਦੀਆਂ
ਸਕਤੇ ਤੋਂ ਡਰਦੀਆਂ
ਹਰ ਵਾਰ ਰਦੀਫ਼ ਦੀ
ਪਾਲਣਾ ਕਰਦੀਆਂ
ਕਾਫ਼ੀਆ ਸਵਾਰ ਰਹਿੰਦਾ ਜਿਨ੍ਹਾਂ ਦੇ
ਵਿਚਾਰਾਂ ਉੱਪਰ
ਘੋੜੇ ਦੇ ਖੋਪਿਆਂ ਵਾਂਗ
ਮਿੱਥੀ ਦਿਸ਼ਾ ਵਿਚ ਅੱਗੇ ਵਧਦੀਆਂ
ਕੋਹਲੂ ਦੀ ਪੈੜ ਵਿਚ ਲਗਾਤਾਰ
ਘੁੰਮਣ ਨੂੰ ਸਫ਼ਰ ਕਹਿੰਦੀਆਂ
ਤੇ ਮਾਣ ਕਰਦੀਆਂ
ਪੈਰਾਂ ਦੀਆਂ ਬਿਆਈਆਂ 'ਤੇ

ਮੈਂ ਜ਼ਿੰਦਗੀ ਦੀ ਬਹਿਰ ਨੂੰ ਤੋੜ ਦਿੱਤਾ ਹੈ
ਸਕਤਿਆਂ ਨਾਲ ਪਿਆਰ ਹੈ ਮੈਨੂੰ
ਸਾਰੇ ਰਦੀਫ਼ ਲਾਹ ਕੇ ਸੁੱਟ ਆਈ ਹਾਂ
ਦੂਰ ਕਿਤੇ ਬੇਬਹਿਰੀ ਹੋਣਾ ਮੇਰੇ ਲਈ
ਕੋਈ ਮਿਹਣਾ ਨਹੀਂ।

### ਇਕ ਰਾਜਸੀ ਕਵਿਤਾ

ਕਾਲਿਆਂ ਚਿੱਟਿਆਂ ਵਿਚ ਵੰਡੇ ਮੋਹਰੇ
ਬਿਸਾਤ ਦੇ ਵਿਛਦਿਆਂ
ਆ ਸਜਦੇ ਇਕ ਦੂਜੇ ਸਾਹਮਣੇ

ਰਾਜਾ, ਵਜ਼ੀਰ, ਊਠ, ਘੋੜੇ, ਹਾਥੀ
ਤੇ ਇਨ੍ਹਾਂ ਸਾਹਮਣੇ ਪਿਆਦਿਆਂ ਦਾ ਲਸ਼ਕਰ

ਉਡੀਕਦੇ ਦੋ ਦਿਮਾਗਾਂ ਦੀ ਹਰਕਤ
ਤੇ ਚਾਰ ਹੱਥਾਂ ਦੀ ਜੁੰਬਿਸ਼
ਇਕ ਦੂਜੇ ਨੂੰ ਕੱਟਦੇ, ਮਾਰਦੇ
ਬਿਸਾਤ ਤੋਂ ਬਾਹਰ ਕੱਢਦੇ

ਪਿਆਦੇ ਚੱਲਦੇ ਇੱਕੋ ਚਾਲ
ਜਾਂ ਟਿਕੇ ਰਹਿੰਦੇ
ਰਾਜੇ ਮੂਹਰੇ ਰਖਵਾਲੀ ਵਿਚ
ਕੁਰਬਾਨ ਹੋਣ ਲਈ ਤਿਆਰ

ਹਾਥੀ ਸਮਾਂਤਰ ਚਲਦੇ
ਊਠ ਟੇਢੇ
ਵਜ਼ੀਰ ਤਿਰਛੇ, ਸਿੱਧੇ ਟੇਢੇ
ਨੀਤੀ, ਰਾਜਨੀਤੀ, ਰਣਨੀਤੀ,
ਕੂਟਨੀਤੀ ਬਣਦੀ
ਲਸ਼ਕਰ ਹੌਲੇ ਹੁੰਦੇ ਜਾਂਦੇ
ਮਰਦੇ ਜਾਂਦੇ ਮੋਹਰੇ
ਗੱਲ ਰਾਜੇ ਤਕ ਆ ਜਾਂਦੀ

ਆਖਿਰ ਸ਼ਹਿ ਮਾਤ ਦਾ ਐਲਾਨ ਹੁੰਦਾ
ਹਾਰ ਜਾਂਦਾ ਇਕ ਲਸ਼ਕਰ
ਜਿੱਤ ਹੁੰਦੀ ਦੂਜੇ ਦੀ
ਹੱਥ ਮਿਲਦੇ ਆਖਿਰਕਾਰ
ਬਿਸਾਤ ਸਮੇਟੀ ਜਾਂਦੀ

ਕਾਲੇ ਚਿੱਟੇ ਮੋਹਰੇ
ਆ ਟਿਕਦੇ ਇੱਕੋ ਡੱਬੇ ਵਿਚ
ਆਪਣਾ ਵੈਰ, ਵਿਰੋਧ ਤੇ ਰੰਗ ਭੁੱਲ ਕੇ
ਇਕਸੁਰ ਹੋ ਪਏ ਰਹਿੰਦੇ

ਅਗਲੀ ਬਿਸਾਤ ਵਿਛਣ ਤਕ
ਅਗਲੀ ਬਾਜ਼ੀ ਖੇਡੇ ਜਾਣ ਤਕ
ਅਗਲੀ ਮਾਰ ਕੱਟ ਤੱਕ
*****

### ਮੈਂ ਸੋਨਾ ਨਹੀਂ

ਮਾਂ ਮੇਰੀ ਅਕਸਰ ਪਿਆਰ ਜਤਾਉਂਦੀ
ਆਖਦੀ 'ਮੇਰੀ ਧੀ ਤਾਂ ਸੋਨਾ'
ਇਹ ਸੁਣ ਕੇ ਮੈਂ ਖੁਸ਼ ਨਹੀਂ ਹੁੰਦੀ
ਤਿਊੜੀਆਂ ਚੜ੍ਹ ਜਾਂਦੀਆਂ
ਸੇਕ ਨਿਕਲਣ ਲਗਦਾ ਅੱਖਾਂ 'ਚੋਂ
ਮੁੱਠੀਆਂ ਮਿਚ ਜਾਂਦੀਆਂ ਤੇ ਮੈਨੂੰ
ਆਪਣੀ ਹੋਂਦ 'ਤੇ ਖਿੱਝ ਆਉਣ ਲਗਦੀ

ਸੋਨਾ ਕੱਚੀ ਧਾਤ
ਮਹਿੰਗੀ, ਕੀਮਤੀ ਤੇ ਦੁਰਲੱਭ
ਪਾਇਆ ਜਾਂਦਾ ਡੂੰਘੀਆਂ ਖਾਨਾਂ 'ਚ
ਜਿਸ ਤੋਂ ਛਤਰ, ਮੁਕਟ ਤੇ ਗਹਿਣੇ ਬਣਦੇ
ਜਾਂ ਝੂਲਦਾ ਤਾਕਤ ਦੇ ਸਿਰ ਤੇ
ਧਰਮ ਤੇ ਸਿਆਸਤ ਨੂੰ ਕਰਦਾ ਛਾਂ
ਮੈਂ ਕਦੇ ਨਹੀਂ ਚਾਹਿਆ ਸੋਨਾ ਬਣਨਾ

ਮੈਂ ਤਾਂ ਲੋਹਾ ਬਣਨਾ ਚਾਹਿਆ
ਹਮੇਸ਼ਾ ਨਿੱਗਰ ਧਾਤ ਮਿੱਟੀ ਵਿਚ
ਮਿਲਦੇ ਜਿਸਦੇ ਕਣ ਪੱਕਾ ਪੀਡਾ ਰੰਗ
ਲੋਹਾ ਜਿਸ ਤੋਂ ਹਥਿਆਰ ਵੀ ਬਣਦੇ
ਤੇ ਹਥੌੜੇ ਵੀ ਦਾਤਰੀ ਵੀ ਬਣਦੀ
ਤੇ ਸੂਈ ਵੀ ਲੋਹਾ ਜਿਸਨੂੰ ਪਤਾ ਹੁੰਦੀ
ਮਿਹਨਤ ਤੇ ਪਸੀਨੇ ਦੀ ਕੀਮਤ
ਜੋ ਅੱਗ ਵਿੱਚ ਤਪਦਾ, ਲਾਲ ਹੁੰਦਾ
ਹੋਰ ਨਿੱਗਰ ਹੋ ਕੇ ਨਿਕਲਦਾ
ਬਹੁਤ ਸਾਰੀਆਂ ਸੱਟਾਂ ਖਾਂਦਾ
ਤੇ ਹੋਰ ਫੈਲਦਾ

ਮੈਨੂੰ ਚੰਗਾ ਲੱਗਦਾ ਲੋਹਾ ਹੋਣਾ
ਚੰਗਾ ਲੱਗਦਾ
ਖੇਤ ਤੋਂ ਲੈ ਕੇ ਰਣ-ਖੇਤਰ ਤੱਕ ਜੂਝਣਾ
ਦਿਲ ਕਰਦਾ ਮਾਂ ਦੇ ਸ਼ਬਦ ਬਦਲ ਦੇਵਾਂ
ਤੇ ਉਸ ਕੋਲੋਂ ਸੋਨਾ ਹੋਣ ਦਾ ਵਰ ਨਹੀਂ
ਲੋਹਾ ਹੋਣ ਦਾ ਸਰਾਪ ਮੰਗ ਲਵਾਂ
*****

## ਮਨਪ੍ਰੀਤ ਜਸ

### ਮੰਨੂਵਾਦ

ਸਦੀਆਂ ਦਾ ਹੰਕਾਰ,
ਕਿਵੇਂ ਜਰ ਲਵੇ?
ਕਿ ਵਿਸ਼ਨੂੰ ਦੇ ਪੈਰਾਂ ਦੀ 'ਮੈਲ',
ਵਿਸ਼ਨੂੰ ਦੇ 'ਪ੍ਰਵਚਨਾਂ' ਅਤੇ
'ਡੌਲਿਆਂ' ਦੀ ਤਾਕਤ ਦੀ
ਬਰਾਬਰੀ ਕਰੇ।
ਕਿ ਕਿਸੇ ਭੀਲ ਬੱਚੇ ਦੇ ਤੀਰਾਂ ਮੂਹਰੇ
ਫਿੱਕਾ ਪੈ ਜਾਵੇ ਰਾਜ-ਸਿੰਘਾਸਣਾਂ
ਦਾ ਜਲੌਅ ।

ਉਹ ਜੋ ਟੰਗ ਦਿੰਦੇ ਤਾਰ-ਤਾਰ
ਕਰ ਇੱਜਤਾਂ
ਤੁਹਾਡੀਆਂ ਧੀਆਂ ਨੂੰ ਚੁਰਸਤਿਆਂ 'ਚ
ਉਹ ਜੋ ਤੁਹਾਡੀਆਂ ਲੱਤਾਂ ਬਾਹਾਂ ਭੰਨ
ਤੁਹਾਡੀਆਂ ਔਰਤਾਂ ਅੱਗੇ
ਨਗਨ ਹੋ ਨੱਚਦੇ ।
ਦੁੱਧ ਚੁੰਘਦੇ ਬਾਲਾਂ ਨੂੰ ਪੱਥਰਾਂ ਤੇ
ਪਟਕਾ ਮਾਰਨ ਵਾਲੇ,
ਚੱਪਲਾਂ ਪਾਕੇ ਸਾਹਮਣਿਉਂ
ਲੰਘਣ ਬਦਲੇ
ਥੁੱਕ ਚਟਵਾਉਣ, ਲਕੀਰਾਂ
ਕਢਵਾਉਣ ਵਾਲੇ।
ਸਰੇ-ਬਜਾਰ ਤੁਹਾਡੀ ਖੱਲ ਲਾਹ ਕੇ
ਦੁਨੀਆਂ ਨੂੰ ਦਿਖਾਉਣ ਵਾਲੇ
ਕਿਵੇਂ ਬਰਦਾਸ਼ਤ ਕਰਨ
ਕਿ ਇੱਕ 'ਮੁਰਦਾ ਕਿਤਾਬ'
ਦੇ ਆਸਰੇ
ਤੁਸੀਂ ਬਰਾਬਰੀ ਦੀ ਗੱਲ ਕਰੋ।

ਤੁਹਾਨੂੰ ਗਾਲ੍ਹਾਂ ਕੱਢਣਾ ਉਹਨਾਂ ਦਾ
ਜਮਾਂਦਰੂ ਹੱਕ ਹੈ,
ਇਹ ਕਿਸੇ ਮੁਰਦਾ ਕਿਤਾਬ ਨੇ ਨਹੀਂ
ਖੁਦ ਭਗਵਾਨ ਨੇ ਬਖਸ਼ਿਆ ਹੈ
ਭਗਵਾਨ,
ਜੀਹਦੇ ਪੈਰਾਂ ਦੀ ਤੁਸੀਂ ਮੈਲ ਹੋ।



ਤੁਸੀਂ ਜੋ ਸਦੀਆਂ ਤੋਂ
ਇਹਨਾਂ ਦਾ ਗੰਦ
ਸਿਰਾਂ ਤੇ ਢੋਇਆ ਹੈ।
ਇਹਨਾਂ ਦੇ ਪ੍ਰਛਾਵਿਆਂ ਤੋਂ ਵੀ
ਦੂਰ ਹੋਕੇ ਲੰਘੇ ਹੋ,
ਇਹਨਾਂ ਦੇ ਗੁਜਰਣ ਤੇ ਜੁੱਤੀਆਂ
ਸਿਰਾਂ ਤੇ ਰੱਖ ਖੜੋ ਜਾਣ ਵਾਲੇ ਤੁਸੀਂ
ਹੁਣ ਘੋੜਿਆਂ ਦੀ ਸਵਾਰੀ ਦੀ
ਹਿਮਾਕਤ ਕਰੋਗੇ?
ਉਹ ਵੀ ਆਹ
ਮੁਰਦਾ ਕਿਤਾਬ ਆਸਰੇ?
ਤੁਹਾਡੇ ਗਲ ਪਾਈ ਫਾਹੀ 'ਚ ਦਿੱਤੀ
"ਰਹਿਮ ਦਿਲ" ਢਿੱਲ ਨੂੰ
ਤੁਸੀਂ ਪੀਂਘ ਦਾ
ਹੁਲਾਰਾ ਸਮਝ ਲਿਆ।
ਉਹ ਰਾਜੇ ਦੀ ਮਜਬੂਰੀ ਰਹੀ ਹੋਵੇਗੀ
ਕਿ ਉਹਨੇ ਸੁਦਾਮਾ ਗਲ ਲਾ ਲਿਆ।
ਇਹ ਰਾਜੇ ਦੀ ਮਜਬੂਰੀ ਸੀ ਕਿ
ਕਿ ਹਰੀਜਨ ਕਹਿ ਭੁਚਲਾ ਲਿਆ।
ਪਰ ਨਾ ਇਹ ਧਰਤੀ ਥੋਡੀ ਹੈ,
ਨਾ ਇਹ ਕਿਤਾਬ ਥੋਡੀ ਹੈ,
ਇਹ ਪ੍ਰਬੰਧ ਕਿਤਾਬ ਆਸਰੇ ਨਹੀਂ
ਡੰਡੇ ਦੀ ਵਿਵਸਥਾ ਆਸਰੇ
ਚਲਦਾ ਹੈ।
ਵਿਵਸਥਾ ਜਿਹੜੀ ਕਿਸੇ
ਅੰਬੇਦਕਰ ਨੇ ਨਹੀਂ
ਮੰਨੂ ਨੇ ਸਿਰਜੀ ਸੀ।

ਥੋਨੂੰ ਇਸ ਵਿਵਸਥਾ ਦੀ
ਤਾਕਤ ਦਾ ਪਤਾ ਨਹੀਂ,
ਇਹ ਸਾਂਝੀਵਾਲਤਾ ਦਾ ਸੁਨੇਹਾ ਦੇਣ
ਵਾਲਿਆਂ ਦੇ
ਗੋਤ ਲੱਭ ਲਿਆਉਂਦੀ ਹੈ।
"ਸਭੈ ਸਾਂਝੀਵਾਲ ਸਦਾਇਨ"
ਦਾ ਮਹਾਂ-ਸੰਦੇਸ਼
ਇਹਦੇ ਨਾਲ ਟਕਰਾ ਕੇ
ਕੀਚਰਾਂ ਹੋ ਗਿਐ,
ਹੁਣ ਉਹ ਪਿੰਡ ਦੇ ਅੱਡ-ਅੱਡ
ਖੂੰਜਿਆਂ ਚ ਸਹਿਕਦਾ ਹੈ,
ਸਾਂਝੀਵਾਲਤਾ ਦੀ 'ਜਾਤ' ਪੁੱਛਦਾ ਹੈ।

ਡੰਡੇ ਦੀਆਂ ਵਿਵਸਥਾਵਾਂ
ਮੁਰਦਾ ਕਿਤਾਬਾਂ ਦੇ ਇੰਦਰਾਜ ਬਦਲਣ
ਨਾਲ ਨਹੀਂ ਬਦਲਦੀਆਂ,
ਨੇਸਤੋ-ਨਾਬੂਦ ਕਰਨੀਆਂ
ਪੈਂਦੀਆਂ ਨੇ।
*****

ਕਦੇ ਸਫ਼ਰ,
ਦਮ ਰਾਹੀਆਂ ਦਾ ਪਰਖਦੇ,
ਕਦੇ ਰਾਹੀ ਦਮ,
ਸਫ਼ਰ ਦਾ ਪਰਖਦੇ।
ਕਦੇ ਮੌਸਮ,
ਦਿਲਾਂ ਚ ਹੁਲਾਰ ਭਰਦੇ,
ਕਦੇ ਦਿਲ ਦੇ ਹੁਲਾਰ,
ਮੌਸਮ ਬਦਲਦੇ।
ਪੰਧ ਲੰਮੇਰੇ, ਰਾਹ ਕੰਡਿਆਲੇ,
ਔਖ ਸਫ਼ਰ ਦੀ,
ਕਦੇ ਢਾਹੁੰਦੇ ਹੌਂਸਲਾ,
ਕਦੇ ਪੈਰੀਂ ਬਿਜਲੀਆਂ ਭਰਦੇ।
ਜੋਰ ਤਾਰੂਆਂ ਦਾ ਕਰੇ ਨਿਬੇੜਾ,
ਕੌਣ ਤਰੂ?ਕੌਣ ਡੁੱਬੂ?
ਏਸ ਗੱਲ ਦਾ ਸਦਾ,
ਵਹਾਅ ਨਾ ਫੈਸਲਾ ਕਰਦੇ।
*****

## ਮਨਿੰਦਰ ਕੌਰ ਮਨ

### ਮੈਨੂੰ ਪਤਾ ਤੂੰ ਰੱਬ ਹੈਂ

ਮੈਨੂੰ ਪਤਾ ਤੂੰ ਰੱਬ ਹੈਂ
ਜ਼ਾਹਿਰ ਨਹੀਂ ਕਰਦਾ
ਆਪਣੇ ਆਪ ਨੂੰ
ਪਰ ਹਰ ਸਮੇਂ ਹਰ ਘੜੀ
ਮੇਰੇ ਨਾਲ ਹੀ ਹੁੰਦਾ ਹੈਂ

ਹਰ ਪਲ ਤੇਰੀ ਕੋਸ਼ਿਸ਼
ਬਸ ਮੈਨੂੰ ਖੁਸ਼ ਰੱਖਣਾ
ਕੌਣ ਕਰਦਾ ਹੈ
ਕਿਸੇ ਲਈ ਇੰਨਾ
ਰੱਬ ਤੋਂ ਸਿਵਾ ਕੋਈ ਵੀ ਨਹੀਂ
ਮੈਨੂੰ ਪਤਾ ਤੂੰ ਰੱਬ ਹੈਂ.....

ਹਰ ਬੰਦੇ ਦਾ ਆਸਰਾ
ਕੇਵਲ ਕੁਝ ਪਲਾਂ ਦਾ ਹੀ ਹੁੰਦਾ
ਉਸ ਕੁਝ ਪਲਾਂ ਦੇ ਆਸਰੇ ਪਿੱਛੇ
ਲੁਕੀਆਂ ਹੁੰਦੀਆਂ ਨੇ ਕਈ ਉਮੀਦਾਂ
ਪਰ ਤੂੰ ਬਿਨਾਂ ਕਿਸੇ ਉਮੀਦ ਤੋਂ
ਹਮੇਸ਼ਾ ਹਮੇਸ਼ਾ ਮੇਰੇ ਨਾਲ ਹੈਂ
ਮੈਨੂੰ ਪਤਾ ਤੂੰ ਰੱਬ ਹੈਂ.....

ਤੇਰੀ ਸੂਖਮ ਹੋਂਦ ਦਾ ਅਹਿਸਾਸ
ਭਰਦਾ ਮੇਰੇ 'ਚ ਅੰਤਾਂ ਦਾ ਭਰੋਸਾ
ਤੇਰੀ ਤਾਕਤ ਨੂੰ ਆਪਣੇ 'ਚ
ਮਹਿਸੂਸ ਕਰਦੀ ਹਾਂ ਮੈਂ
ਇਥੇ ਕੌਣ ਬਣਦਾ ਕਿਸੇ ਦੀ ਤਾਕਤ
ਹਰ ਕੋਈ ਤੋੜਦਾ ਤੁਹਾਡਾ ਅੰਦਰਲਾ

ਕੋਈ ਖ਼ਵਾਹਿਸ਼
ਨਾ ਰਹੀ ਹੁਣ
ਨਹੀਂ ਤਾਂ ਸਾਰੀ ਦੁਨੀਆਂ
ਮਿਲਣ ਤੇ ਵੀ
ਰੂਹ ਭਟਕਦੀ ਰਹਿੰਦੀ ਹੈ
ਹਾਂ, ਮੈਨੂੰ ਪਤਾ ਤੂੰ ਰੱਬ ਹੈਂ.....

ਸ਼ਾਲਾ!
ਤੇਰੇ ਵਰਗਾ ਰੱਬ
ਸਭ ਕੋਲ ਹੋਵੇ

### ਇੰਜ ਨਹੀਂ ਕਿ

ਇੰਝ ਨਹੀਂ ਕਿ ਸਭ
ਆਪ ਮੁਹਾਰੇ ਚਲ ਰਿਹੈ
ਇੰਝ ਨਹੀਂ ਕਿ
ਧਰਤੀ ਦਾ ਭਾਰ
ਕਿਸੇ ਧੌਲ ਜਾਂ
ਕੱਛੂ ਕੁੰਮੇ ਨੇ ਚੁੱਕਿਐ
ਜੇ ਚੁੱਕਿਆ ਵੀ ਹੁੰਦਾ ਤਾਂ
ਇੰਨੀ ਦੁਸ਼ਵਾਰੀਆਂ ਦਾ ਬੋਝ
ਉਹ ਨਾ ਝੱਲ ਸਕਦੇ ਹੁਣ ਤਕ
ਧਰਤੀ ਦਾ ਬੋਝ ਤਾਂ
ਮੁੱਠੀ ਕੁ ਨੇਕ ਇਨਸਾਨਾਂ
ਕਿਰਤੀ ਲੋਕਾਂ ਨੇ ਚੁੱਕਿਐ
ਅਣਥੱਕ ਮਿਹਨਤ ਤੋਂ ਬਾਅਦ
ਜਿਹਨਾਂ ਨੂੰ
ਜੁੜਦੀ ਏ ਸਿਰਫ
ਦੋ ਡੰਗ ਦੀ ਰੁੱਖੀ ਮਿੱਸੀ ਰੋਟੀ
ਫਿਰ ਵੀ ਬਿਨਾਂ ਸ਼ਿਕਾਇਤ
ਪਵਿੱਤਰ ਹੱਥਾਂ ਨਾਲ਼
ਉਸਾਰਦੇ ਰਹਿੰਦੇ
ਸਰਮਾਏਦਾਰਾਂ ਦੇ ਮਹਿਲ
ਬੁਲੰਦ ਇਰਾਦਿਆਂ ਨਾਲ
ਲੱਗੇ ਰਹਿੰਦੇ ਨੇ ਧਰਤੀ ਦੇ
ਡੋਲਦੇ ਸਿੰਘਾਸਨ ਨੂੰ ਸੰਭਾਲਣ.....

### ਮੁਹੱਬਤ

ਮੁਹੱਬਤ
ਇੱਕ ਵਾਰ
ਦਿਲ ਦਾ ਬੂਹਾ
ਜ਼ਰੂਰ ਖੜਕਾਉਂਦੀ ਹੈ



ਹੋ ਸਕਦੈ
ਹਲਕੀ ਦਸਤਕ ਤੋਂ ਬੇਪਰਵਾਹ
ਰੁੱਝੇ ਰਹੀਏ ਅਸੀਂ
ਕਦੇ ਨਾ ਮੁੱਕਣ ਵਾਲੇ
ਕਾਰ ਵਿਹਾਰ ਵਿੱਚ

ਹੋ ਸਕਦੈ
ਬੂਹਾ ਖੋਲ੍ਹੀਏ ਪਰ
ਨਾ ਪਛਾਣ ਸਕੀਏ 'ਉਸਨੂੰ'
ਬਿਨਾਂ ਕੁਛ ਕਹੇ
'ਉਹ' ਵਾਪਸ ਮੁੜ ਜਾਵੇ

ਹੋ ਸਕਦੈ
ਨਮ ਅੱਖਾਂ ਤੇ ਭਰੇ ਗ਼ਲ ਨਾਲ
ਬੂਹੇ ਤੋਂ ਹੀ ਵਿਦਾ ਕਰ ਦਈਏ
ਫਿਰ ਸਾਰੀ ਉਮਰ
ਦਰ ਤੇ ਅੱਖਾਂ ਟਿਕਾਈ
ਤੱਕਦੇ ਰਹੀਏ ਰਾਹ

ਹਾਂ, ਕੁਛ ਵੀ ਹੋ ਸਕਦੈ।।
ਪਰ ਮੁਹੱਬਤ ਇੱਕ ਵਾਰ
ਦਿਲ ਦਾ ਬੂਹਾ
ਜ਼ਰੂਰ ਖੜਕਾਉਂਦੀ ਹੈ
ਭਾਗਾਂ ਵਾਲੇ ਹੁੰਦੇ ਨੇ ਉਹ ਦਰ
ਜਿਹਨਾਂ ਨੂੰ ਲੰਘ
ਜ਼ਿੰਦਗੀ ਨੂੰ ਜਿਉਣ ਜੋਗਾ
ਬਣਾਉਂਦੀ ਹੈ।

*****

# ਮੀਤ ਅਨਮੋਲ



## ਇੱਕ ਵੇਸਵਾ ਦੀ ਆਤਮ-ਕਥਾ

ਸਵੇਰੇ ਮਾਂ ਛੱਡ ਗਈ ਸੀ
ਅਰਬਨ ਇਸਟੇਟ ਵਾਲੇ ਸੇਠ ਦੇ ਘਰੇ
ਕਹਿੰਦੀ ਸੀ
ਚੱਜ ਨਾਲ ਸਫਾਈ ਕਰੀਂ
ਸ਼ਿਕਾਇਤ ਨਾ ਆਵੇ।
ਪਰ ਸੇਠ ਦੀ ਮੈਲੀ ਨੀਅਤ
ਮੈਥੋਂ ਨਾ ਸਾਫ ਹੋਈ
ਤੇ ਮਾਂ ਤੋਂ ਡਰਦੀ
ਮੈਂ ਰੋ ਵੀ ਨਾ ਸਕੀ
ਜਦੋਂ ਸੇਠ ਨੇ
ਪੋਲੇ ਜਹੇ ਆਣ ਟੋਹਿਆ
ਮੇਰੀਆਂ ਪੁੰਗਰਦੀਆਂ
ਛਾਤੀਆਂ ਦਾ ਮਾਸ-

ਉਂਝ ਮੈਨੂੰ ਮਹਿਸੂਸ ਤਾਂ ਹੋਇਆ ਸੀ
ਪਰ ਪਤਾ ਨਹੀਂ ਸੀ
ਕਿ ਇਹਨੂੰ ਈ
ਕਹਿੰਦੇ ਨੇ ਬਲਾਤਕਾਰ।

ਕਿਤਾਬ 'ਚ ਮੂੰਹ ਲੁਕਾਈ
ਗਿੱਲੀਆਂ ਅੱਖਾਂ ਨਾਲ
ਮੈਂ ਚੁੱਪ ਚਾਪ ਪੜ੍ਹਦੀ ਰਹੀ
ਸੰਸਕਾਰਾਂ ਦਾ ਪਾਠ
ਡਰਦੀ ਸੀ
ਪਤਾ ਲੱਗਾ ਤਾਂ ਪਿਉ ਨੇ
ਹਟਾ ਲੈਣੈ ਪੜ੍ਹਨੋ
ਤੇ ਦਸਵੀਂ 'ਚ
ਤਿੰਨ ਵਾਰ ਫੇਲ ਹੋਇਆ
ਪਟਵਾਰੀਆਂ ਦਾ ਮੁੰਡਾ
ਫੇਰਦਾ ਰਿਹਾ ਮੇਰੇ ਪੱਟਾਂ 'ਤੇ ਹੱਥ -

ਉਂਝ ਮੈਨੂੰ ਮਹਿਸੂਸ ਤਾਂ ਹੋਇਆ ਸੀ
ਪਰ ਪਤਾ ਨਹੀ ਸੀ ਕਿ ਇਹਨੂੰ ਈ
ਕਹਿੰਦੇ ਨੇ ਬਲਾਤਕਾਰ।

ਮੋਮੀ ਲਿਫਾਫੇ 'ਚ
ਵਾਪਿਸ ਪਾ ਲਏ
ਡਿਗਰੀਆਂ ਤੇ ਸਰਟੀਫਿਕੇਟ
ਜਦੋਂ ਮੇਰੇ ਮੱਥੇ ਤੋਂ ਡਿੱਗ
ਮੇਰੀਆਂ ਛਾਤੀਆਂ ਵਿਚਕਾਰਲੇ
ਡੂੰਗ 'ਚ ਜਾਂਦੀ
ਮੁੜਕੇ ਦੀ ਬੂੰਦ ਨੂੰ ਨੀਝ ਨਾਲ ਵੇਖਦੇ
ਠੰਡੇ ਦਫਤਰ 'ਚ ਬੈਠੇ
ਵੱਡੇ ਸਾਬ ਵੱਲੋਂ ਪੁੱਛੇ
ਸਵਾਲ ਦੇ ਜਵਾਬ 'ਚ ਦੱਸ ਦਿਤਾ
ਮੈਂ ਸਰੀਰ ਦੇ ਅੰਗਾਂ ਦਾ ਨਾਪ
ਡਰ ਗਈ ਸੀ ਅਗਲੀ ਵਾਰ
ਨਹੀਂ ਦੇ ਸਕਣਾ ਮਾਪਿਆਂ
ਸ਼ਹਿਰ ਆਉਣ ਲਈ
ਬੱਸ ਦਾ ਕਰਾਇਆ-

ਉਂਝ ਮੈਨੂੰ ਮਹਿਸੂਸ ਤਾਂ ਹੋਇਆ ਸੀ
ਪਰ ਪਤਾ ਨਹੀਂ ਸੀ
ਕਿ ਇਹਨੂੰ ਈ
ਕਹਿੰਦੇ ਨੇ ਬਲਾਤਕਾਰ।

ਅੰਦਰ ਆਉਂਦਿਆਂ ਹੀ
ਉਹਨੇ ਵਗਾਹ ਕੇ ਪਰ੍ਹੇ ਮਾਰੀ
ਮੇਰੀ ਘੁੰਡ ਵਾਲੀ ਚੁੰਨੀ
ਤੇ ਆਣ ਸੁੱਟਿਆ
ਮੇਰੇ ਬੁੱਲ੍ਹਾਂ 'ਤੇ
ਸ਼ਰਾਬ ਦੀ ਸੜਾਂਦ ਵਾਲਾ ਚੁੰਮਣ
ਫਿਰ ਮੇਰੇ ਖਾਵੰਦ ਦੀ
ਹੋਸ਼ ਗਵਾਚੀ ਹਵਸ ਨੇ
ਤੋੜ ਦਿੱਤਾ ਮੇਰੀ ਸਲਵਾਰ ਦਾ ਨਾਲਾ
ਕਿਉਂਕਿ ਖਿੱਚੋਤਾਣੀ 'ਚ
ਪੈ ਗਈ ਸੀ ਪੀਚਵੀਂ ਗੰਡ।
ਉਹ ਨੋਚਦਾ ਰਿਹਾ ਮੇਰੇ ਅੰਗ
ਤੇ ਮੈਂ ਡਰਦੀ ਬਚਾਉਂਦੀ ਰਹੀ
ਲੀਰੋ ਲੀਰ ਹੋਣੋ
ਬਾਬਲੇ ਦੀ ਪੱਗ-

ਉਂਝ ਮੈਨੂੰ ਮਹਿਸੂਸ ਤਾਂ ਹੋਇਆ ਸੀ
ਪਰ ਪਤਾ ਨਹੀਂ ਸੀ
ਕਿ ਇਹਨੂੰ ਈ
ਕਹਿੰਦੇ ਨੇ ਬਲਾਤਕਾਰ।

ਅੱਜ ਮੈਂ ਆਪਣੇ
ਮਕਾਨ ਦੇ ਬਾਹਰ ਲੱਗੀ ਫੱਟੀ 'ਤੋਂ
ਮਾਪਿਆਂ ਦਾ ਰੱਖਿਆ ਨਾਂ ਮਿਟਾ ਕੇ
ਲਿੱਖ ਦਿੱਤਾ ਹੈ ਵੇਸਵਾ
ਤੇ ਪਲੰਗ 'ਤੋਂ ਦਾਜ ਵਾਲੀ
ਡਰ ਦੀ ਮੈਲੀ ਚਾਦਰ ਚੁੱਕ ਕੇ
ਵਛਾ ਦਿੱਤੀ ਹੈ
ਬੇਸ਼ਰਮੀ ਦੀ ਸਾਫ ਸੁਥਰੀ ਚਾਦਰ
ਤੇ ਹੁਣ..
ਤੇ ਹੁਣ
ਅਰਬਨ ਅਸਟੇਟ ਵਾਲਾ ਸੇਠ,
ਪਟਵਾਰੀਆਂ ਦਾ ਮੁੰਡਾ,
ਵੱਡੇ ਦਫਤਰ ਵਾਲਾ ਸਾਬ
ਤੇ ਮੇਰਾ ਸ਼ਰਾਬੀ ਖਵੰਦ
ਸਾਰੇ ਹੀ ਬੜੇ ਸੱਭਿਅਕ ਹੋ ਗਏ ਨੇ-

ਉਂਝ ਹੁਣ ਮੈਨੂੰ
ਮਹਿਸੂਸ ਤਾਂ ਨਹੀਂ ਹੁੰਦਾ
ਪਰ ਚੰਗੀ ਤਰ੍ਹਾਂ ਪਤੈ
ਕਿ ਇਹਨੂੰ ਈ
ਕਹਿੰਦੇ ਨੇ ਬਲਾਤਕਾਰ।
*****

## ਮਨਦੀਪ ਰਿੰਪੀ



### ਜ਼ਮੀਰਾਂ ਦੀ ਲੋਅ ...


ਕਾਗਜ਼ਾਂ 'ਤੇ ਉੱਕਰੇ
ਚੰਦ ਕੁ ਲਫ਼ਜ਼
ਚੰਦ ਕੁ ਹਸਤਾਖਰ
ਤਰਲੋ ਮੱਛੀ ਹੋ
ਉਡੀਕ ਰਹੇ ਨੇ
ਸਾਡੀ ਨਾੜੀ-ਨਾੜੀ
ਆਪਣੇ ਜਬਾੜ੍ਹਿਆਂ ਨਾਲ ਚਿੱਥ
ਸਾਡੀ ਰੱਤ ਨਾਲ
ਸਰਮਾਏਦਾਰੀ ਦੇ ਤਲਵੇ
ਭਿਓਂ ਭਿਓਂ ਚੱਟਣ ਲਈ।

ਉਨ੍ਹਾਂ ਦੀਆਂ ਝੁਕੀਆਂ ਧੌਣਾਂ
ਕਾਰਪੋਰੇਟ ਘਰਾਣਿਆਂ ਦੀਆਂ
ਸਰਦਲਾਂ 'ਤੇ
ਇਸ਼ਾਰਾ ਨੇ
ਉਨ੍ਹਾਂ ਦੇ ਗਲਾਂ 'ਚ
ਪਾਏ ਪਟਿਆਂ ਵੱਲ
ਜਿਨ੍ਹਾਂ ਵਿੱਚ ਜੜੀਆਂ ਨੇ
ਸਰਮਾਏਦਾਰੀ ਦੀਆਂ
ਘੂਰਦੀਆਂ ਅੱਖਾਂ।

ਉਹ ਤਿਆਰ ਬਰ
ਤਿਆਰ ਬੈਠੇ ਨੇ
ਸਾਡੀਆਂ ਜੀਭਾਂ ਤੇ
ਹੱਥਾਂ ਨੂੰ ਕੱਟਣ ਲਈ
ਪੈਰਾਂ ਨੂੰ ਮਿੱਧਣ ਲਈ
ਜਿਹੜੇ ਉਨ੍ਹਾਂ ਦੀ ਮੁਖ਼ਾਲਫ਼ਤ
ਦੀ ਹਾਮੀ ਭਰਦੇ ਨੇ।

ਸਾਡੇ ਸੱਚ ਤੋਂ
ਪਾਸਾ ਵੱਟ ਉਹ
ਕੰਨਾਂ 'ਚ ਰੂੰ ਤੁੰਨ
ਅੱਖਾਂ 'ਤੇ ਪੱਟੀ ਬੰਨ
ਬੈਠ ਗਏ
ਮੌਨ ਵਰਤ ਧਾਰਨ ਕਰ
ਤੇ ਅਸੀਂ ਚੀਕ-ਚੀਕ
ਲਹੂ ਲੁਹਾਨ ਹੋਏ
ਕਈ ਪੁੱਤ ਗਵਾ ਲਏ
ਤੇ ਉਨ੍ਹਾਂ ਮਹਿਲਾਂ ਦੇ
ਪੱਥਰਾਂ 'ਤੇ ਉੱਕਰਿਆ
ਰਾਮਰਾਜ।

ਉਨ੍ਹਾਂ ਦੇ ਹੱਥਾਂ ਵਿੱਚ ਖੰਜਰ ਨੇ
ਸਾਡੇ ਮਨਾਂ ਵਿੱਚ ਦਹਿਸ਼ਤ ਭਰ
ਸਾਡੀਆਂ ਸੋਚਾਂ ਨੂੰ ਜਿੰਦਰੇ ਲਾ
ਚੰਮ ਦੀਆਂ ਕੁੰਜੀਆਂ ਬਣਾ ...
ਭੂਮੀ ਤੋਂ ਬੇਦਖਲ ਕਰ
ਕਾਲ ਕੋਠੜੀਆਂ 'ਚ ਭਰਨ ਲਈ
ਕਿਉਂਕਿ ਅਸੀਂ
ਆਪਣੀਆਂ ਜ਼ਮੀਰਾਂ ਦੀ ਲੋਅ ਨੂੰ
ਆਪਣੇ ਕਾਲਜੇ ਵਿੱਚ
ਲਕੋਈ ਬੈਠੇ ਹਾਂ
*****



## ਮਨਿੰਦਰ ਕੌਰ ਬਸੀ



ਆਵੀਂ ਸੂਰਜ ਬਣ ਕੇ ਦਿਲ ਦੇ ਵਿਹੜੇ ਵੇ,
ਆ ਕਿ ਕਿਰਨਾਂ ਵਾਂਗੂ ਰੌਸ਼ਨ ਹੋ ਜਾਵਾਂ।

ਆਵੀਂ ਪੰਛੀ ਬਣ ਕੇ ਮੇਰੇ ਅੰਬਰ ਵੇ,
ਆ ਕਿ ਮੈਂ ਵੀ ਪਾਕ ਪਰਿੰਦਾ ਹੋ ਜਾਵਾਂ।
ਆਵੀਂ ਬੁੱਲਾ ਬਣ ਕੇ ਠੰਡੀ ਵਾਅ ਵਾਲਾ,
ਆ ਕਿ ਮੈਂ ਵੀ ਪੌਣਾਂ ਵਿੱਚ ਸਮੋ ਜਾਵਾਂ।

ਆਵੀਂ ਬੱਦਲ ਬਣ ਕੇ ਮਨ ਦੇ ਮਾਰੂਥਲ,
ਆ ਕਿ ਮੈਂ ਵੀ ਨੀਰ ਸਮੁੰਦਰ ਹੋ ਜਾਵਾਂ।
ਆਵੀਂ ਕਰੀਂ ਮਖੌਲ ਰੁੱਤਾਂ ਨਾਲ ਕਦੇ,
ਆ ਕਿ ਤੇਰੀ ਬੁੱਕਲ ਦੇ ਵਿੱਚ ਸੌਂ ਜਾਵਾਂ।

ਆ ਕਿ ਹੱਸਣਾ ਰੋਣਾ ਮੇਰਾ ਨਾਲ ਤੇਰੇ,
ਆ ਕਿ ਮੈਂ ਵੀ ਸਾਬਤ ਕਦਮ ਖਲੋ ਜਾਵਾਂ।
ਹੋਵਾਂ ਤੇਰੇ ਇਸ਼ਕ 'ਚ ਡੁੱਬੀ ਇਸ ਕਦਰ,
ਮੈਂ ਤੋਂ ਤੂੰ ਤੇ ਤੂੰ ਤੋਂ ਮੈਂ ਹੀ ਹੋ ਜਾਵਾਂ।
*****

ਗੌਰ ਨਾਲ ਤੱਕਦੀ ਹਾਂ ਬੱਦਲਾਂ ਦੇ ਰੰਗ ਨੂੰ,
ਨੀਲੇ ਨੀਲੇ ਅੰਬਰ ਦੀ ਸੂਹੀ ਸੂਹੀ ਸੰਗ ਨੂੰ।
ਸੱਜਣਾਂ ਦੇ ਵਿਹੜੇ ਹੋ ਕੇ ਮੁੜ ਆਈ ਪੌਣ ਨੂੰ,
ਖਣ ਖਣ ਖਣਕਦੀ ਕੱਚ ਵਾਲੀ ਵੰਗ ਨੂੰ।

ਸਿੱਲੇ ਸਿੱਲੇ ਹਾਸਿਆਂ ਦੇ ਤਿੱਖੇ ਤਿੱਖੇ ਰੋਣ ਨੂੰ,
ਚਾਵਾਂ ਵਾਲੇ ਖਿੰਡ ਚੁੱਕੇ ਹਰ ਇੱਕ ਰੰਗ ਨੂੰ।
ਚੋਰੀ ਚੋਰੀ ਅੰਬਰ 'ਚੋਂ ਝਾਤੀ ਮਾਰੇ ਚੰਨ ਨੂੰ,
ਮਿਲਦੇ ਨਾ ਸੱਜਣ ਜੀ ਦਿਲਾਂ ਵਾਲੇ ਤੰਗ ਨੂੰ।

ਪਿਆਰੇ ਦੇ ਚਿਹਰੇ ਉੱਤੇ ਖਿੜੇ ਹੋਏ ਹਾਸੇ ਨੂੰ,
ਦਿਲ ਵਿੱਚ ਉੱਠੀ ਇੱਕ ਮਿਲਣ ਦੀ ਮੰਗ ਨੂੰ।
ਮੁੱਖ ਉਹਦੇ ਨੂਰ ਕੋਈ ਰਬ ਦਾ ਦੀਦਾਰ ਜਿਉਂ,
ਦਿਲ ਵਾਲੇ ਚੋਰ ਉਸ ਮਸਤ ਮਲੰਗ ਨੂੰ।
*****

## ਰਿਸ਼ੀ ਹਿਰਦੇਪਾਲ



ਅੱਧੀ ਰਾਤ ਹੋਈ
ਦਸਤਕ ’ਤੇ
ਪੌੜੀਆਂ ਉੱਤਰ ਆਇਆਂ
ਚੁੱਪ ਚਾਪ

ਚੁੱਪ ਚਾਪ ਤੁਰਦੇ ਦੀ ਵੀ
ਪੈੜ ਚਾਲ ਨੱਪ ਲਈ
ਮਾਂ ਨੇ

ਬਨੇਰੇ ਖੜ੍ਹੀ ਹੈ ਮਾਂ
ਭਾਲਦੀਆਂ ਅੱਖਾਂ ਨਾਲ

ਜਾਗਦੀ, ਮੈਨੂੰ
ਸੌਂ ਜਾਣ ਲਈ ਕਹਿੰਦੀ ਹੈ ਮਾਂ
*****

ਬਾਜ਼ਾਰ ਆਇਆ ਹਾਂ
ਧੀ, ਚੂੜੀਆਂ ਖਰੀਦ ਰਹੀ
ਭਾਂਤ ਭਾਂਤ ਦੇ ਰੰਗ ਵੇਖ
ਖ਼ੁਸ਼ ਹੁੰਦੀ ਹੈ ਉਹ

ਪਤਨੀ,
ਨਹੁੰ ਪਾਲਿਸ਼ ਖਰੀਦ ਰਹੀ
ਸੂਟ ਨਾਲ ਮੈਚਿੰਗ ਕਰ
ਇੱਕ ਸ਼ੇਡ ਦੇ ਦਰਜਨਾਂ ਰੰਗ
ਰੰਗਾਂ ਨਾਲ ਭਰੀ ਹੱਟੀ ਵੇਖ
ਉਲਝੀ ਪਈ ਹੈ ਉਹ

ਮਾਂ, ਮਸਾਲੇ ਖਰੀਦ ਰਹੀ
ਲੂਣ
ਹਲਦੀ
ਕਾਲੀ ਮਿਰਚ
ਲਾਲ ਮਿਰਚ
ਲੂਣਦਾਨੀ ਦੇ ਰੰਗ ਖਰੀਦਦਿਆਂ
ਉਸਦੇ ਮੱਥੇ ਤਣਾਅ ਵੇਖਦਾਂ

ਘਰ ਪਰਤ
ਸ਼ੀਸ਼ੇ ਸਾਹਵੇਂ ਖੜ੍ਹ ਵੇਖਦਾਂ
ਖ਼ੁਦ ਨੂੰ, ਖ਼ੁਦ ਦੇ ਬੇਰੰਗੇ ਚਿਹਰੇ ਨੂੰ
ਮੇਰੇ ਰੰਗ ਬਾਜ਼ਾਰ ਕੋਲ
ਗਿਰਵੀ ਪਏ ਦਿਸਦੇ

ਬਾਜ਼ਾਰ ਦੇ ਰੰਗ
ਮੈਨੂੰ ਆਪਣੇ
ਗੁਆਚੇ ਰੰਗ ਜਿਹੇ ਲੱਗਦੇ
*****

ਆਪਣੇ ਸ਼ਹਿਰ ਦੀ ਟਿਕਟ ਲੈ
ਬੱਸ ਚੜ੍ਹਦਿਆਂ ਸੀਟ ਭਾਲਦਾ
ਅੱਧ ਵਿਚਕਾਰ ਖਾਲੀ ਸੀਟ
’ਤੇ ਜਾ ਬੈਠਦੈ
ਤੇ ਬਾਰੀ ਥਾਣੀਂ ਵੇਖਣ ਲੱਗਦੈ
ਪਿੱਛੇ ਛੁਟਦੀਆਂ ਜਾ ਰਹੀਆਂ
ਇਮਾਰਤਾਂ

ਆਪਣੇ ਅੱਡੇ ’ਤੇ ਉਤਰਦਿਆਂ
ਭੁੱਲ ਗਿਆ ਉਹ, ਮੈਨੂੰ
ਮੈਂ ਕੋਈ ਇਮਾਰਤ ਨਹੀਂ
ਨਾ ਹੀ ਬਸ ਵਿਚਲੀ ਖਾਲੀ ਸੀਟ
ਤੇ ਨਾ ਹੀ ਬੱਸ ਵਿਚ ਘੁੰਮੀ
ਸੀਟ ਭਾਲਦੀ ਉਸਦੀ ਪਹਿਲੀ ਨਜ਼ਰ

ਮੈਂ ਉਸਦੀ ਉਹ ਟਿਕਟ ਸਾਂ
ਜਿਸਨੂੰ ਹੁਣੇ ਹੁਣੇ
ਉਸਨੇ ਮਸਲ ਕੇ ਸੁੱਟ ਦਿੱਤੈ
ਬੱਸ ਵਿੱਚੋਂ ਉਤਰਨ ਸਾਰ ਹੀ
*****

ਮੇਰੇ ਕੋਲ ਬੈਠਾ ਹੈ ਉਹ
ਚੁੱਪ ਚਾਪ

ਜਾਣ ਵੇਲ਼ੇ
ਰੋਕ ਲੈਂਦਾ ਹਾਂ, ਉਸਨੂੰ

ਕੁਝ ਕਹਿਣ ਲਈ ਨਹੀਂ

ਮੈਂ ਤਾਂ ਚਾਹੁੰਨਾਂ, ਉਸਦੇ
ਆਉਣ ਤੇ ਜਾਣ ਦੇ ਵਕਫ਼ੇ
ਦਰਮਿਆਨ
ਚੁੱਪ ਚਾਪ ਬੀਤੇ ਸਮੇਂ ’ਤੇ
ਲਿਖ ਲਵਾਂ ਕਵਿਤਾ ਕੋਈ

ਜਾਣਦਾਂ
ਬੋਲੇ-ਸੁਣੇ ਬੋਲ
ਮੁੱਕ ਜਾਣਗੇ
ਸਾਡੇ ਤੁਰ ਜਾਣ ’ਤੇ

ਕਵਿਤਾ ਤਾਂ ਜੀਉਂਦੀ ਰਹੇਗੀ
ਹਮੇਸ਼ਾਂ ਹਮੇਸ਼ਾਂ ਲਈ
*****

## ਰਣਜੀਤ ਸਰਾਂਵਾਲੀ



ਸ਼ਿਅਰਾਂ ਵਿਚ ਗਹਿਰਾਈ ਲਈ ਖ਼ੁਦ ਗਹਿਰਾ ਹੋਇਆ ਹੋਵੇ
ਅੱਥਰੂਆਂ ਦੇ ਜ਼ਿਕਰ ਤੋਂ ਪਹਿਲਾਂ ਸ਼ਾਇਰ ਰੋਇਆ ਹੋਵੇ

ਨੈਣਾਂ ਵਿਚਲੇ ਧੁੰਦਲਕੇ ਨੂੰ ਪਾਸੇ ਕਰ ਕੇ ਭਾਲ਼ੀਂ
ਜਿਸ ਲਈ ਭੱਜਿਆ ਫਿਰਦੈਂ ਸ਼ਾਇਦ ਕਿਤੇ ਖਲੋਇਆ ਹੋਵੇ

ਐਨੇ ਥਾਈਂ ਵਗਦਾ ਹੈ ਜੋ ਸੂਹੇ ਰੰਗ ਦਾ ਪਾਣੀ
ਹੋ ਸਕਦੈ ਸਿਆਸਤ ਨੇ ਅਪਣਾ ਚਿਹਰਾ ਧੋਇਆ ਹੋਵੇ

ਸਫ਼ਰ 'ਚ ਲੋੜੋਂ ਵੱਧ ਸਮਾਨ ਉਠਾਉਂਦੇ ਨਈਓਂ ਜਿਹੜੇ
ਤੁਰਨੋਂ ਪਹਿਲਾਂ ਖ਼ਬਰੇ ਉਹਨਾਂ ਕੀ ਕੀ ਢੋਇਆ ਹੋਵੇ

ਦੁਨੀਆ ਦਾ ਹਰ ਰਿਸ਼ਤਾ ਧੌਣ ਝੁਕਾਉਂਦਾ ਹੈ ਖ਼ੁਸ਼ ਹੋ ਕੇ
ਬੰਦੇ ਕੋਲ਼ੇ ਸਮਝੌਤਿਆਂ ਦਾ ਹਾਰ ਪਰੋਇਆ ਹੋਵੇ

*****

ਧੁੰਦਲਾ ਚੇਤੇ ਹੈ ਮੈਨੂੰ ਹੋਰ ਸਭ ਕੁਝ
ਜ਼ਹਿਨ ਵਿਚ ਪਰ ਸਾਫ਼ ਇਕ ਤਸਵੀਰ ਬਾਕੀ
ਗਿੱਲੀਆਂ ਲੱਕੜਾਂ 'ਚ ਜਿਉਂ ਅੰਗਾਰ ਜਗਦਾ
ਪੱਥਰਾਂ ਦੀ ਤਹਿ 'ਚ ਜਿੱਦਾਂ ਨੀਰ ਬਾਕੀ

ਲਿਸ਼ਕ ਨਾਲੋਂ ਠੀਕ ਹੈ ਧੁੰਦਲਾ ਸਵੇਰਾ
ਬੇਅਰਥ ਬੋਲਣ ਤੋਂ ਬੰਦਾ ਚੁੱਪ ਚੰਗੇਰਾ
ਸਾਣ 'ਤੇ ਲਾਵੇ ਤੇ ਤਰਕਸ਼ ਵਿੱਚ ਸਾਂਭੇ
ਵਕਤ ਸਿਰ ਵਰਤਣ ਲਈ ਕੁਝ ਤੀਰ ਬਾਕੀ

ਮੈਂ ਵਫ਼ਾ ਕੀਤੀ ਜਾਂ ਕੇਵਲ ਪਿਆਰ ਦਿੱਤਾ
ਮਿਹਰਬਾਨੀ, ਤੂੰ ਸ਼ਬਦ ਸੰਸਾਰ ਦਿੱਤਾ
ਏਹੋ ਗੱਲ ਮੈਨੂੰ ਤਸੱਲੀ ਬਖ਼ਸ਼ਦੀ ਹੈ
ਨਾਲ ਤੇਰੇ ਹੁਣ ਵੀ ਮੇਰਾ ਸੀਰ ਬਾਕੀ

ਮੈਂ ਸਬੂਤਾ ਨਈਂ ਹਾਂ, ਖਿੰਡਿਆ-ਪੁੰਡਿਆ ਹਾਂ
ਇਕ ਬਟਾ ਸੌ ਦੇ ਮੁਤਾਬਿਕ ਵੰਡਿਆ ਹਾਂ
ਖ਼ੁਦ ਲਈ ਏਨਾ ਕੁ ਬਾਕੀ ਬਚਿਆਂ ਹੁਣ ਮੈਂ
ਭਾਰਤੀ ਨਕਸ਼ੇ 'ਤੇ ਜਿਉਂ ਕਸ਼ਮੀਰ ਬਾਕੀ

ਮੈਂ ਤਾਂ ਉਸ ਦੀ 'ਡੀਕ ਵਿਚ ਗੁੰਮਿਆ ਪਿਆ ਸੀ
ਸਫ਼ਰ ਤਾਂ ਨਾਂ ਦਾ ਸੀ, ਰੁੱਖ ਵਾਗੂੰ ਖੜ੍ਹਾ ਸੀ
ਸੁੰਨਿਆਂ ਰਾਹਾਂ ਤੋਂ ਚਾਅ ਚੁੱਕੇ ਗਏ ਨਾ
ਵੇਖ ਕੇ ਮੇਰੇ ਜਿਹਾ ਰਾਹਗੀਰ ਬਾਕੀ

ਆਪਣੀ ਡਫ਼ਲੀ ਤੇ ਅਪਣਾ ਰਾਗ ਲੈ ਕੇ
ਆਪਣੇ ਲੋਕਾਂ ਦਾ ਹੀ ਵੈਰਾਗ ਲੈ ਕੇ
ਮੈਂ ਵੀ ਹੋਕਾ ਦੇ ਲਵਾਂ, ਮਿਲ ਜਾਏ ਖ਼ਬਰੇ
ਨਗਰ ਠੰਡੇ ਵਿਚ ਗਰਮ ਤਾਸੀਰ ਬਾਕੀ

*****

ਅਪਣੇ ਪੈਰਾਂ ਥੱਲੇ ਹੀ ਦਫ਼ਨਾ ਦਿੰਦੀ ਹੈ
ਵੇਲ਼ੇ ਦੀ 'ਵਾ ਸਿਰ ਦਾ ਮੁਕਟ ਉੜਾ ਦਿੰਦੀ ਹੈ

ਓਸ ਸੁਜਾਖੀ ਮਾਂ ਨੂੰ ਸੌ ਸੌ ਸਜਦਾ, ਜਿਹੜੀ
ਪੁੱਤ ਮੁਨਾਖੇ ਦੇ ਵੀ ਸੁਰਮਾ ਪਾ ਦਿੰਦੀ ਹੈ

ਢੱਠੇ ਖੂਹ ਵੀ ਪੈਣਾ ਪੈ ਜਾਂਦੈ ਕਈ ਵਾਰੀ
ਸੁੱਕੀ ਰੇਤਾ ਪਾਣੀ ਨੂੰ ਸਮਝਾ ਦਿੰਦੀ ਹੈ

ਕੁਝ ਹੱਥਾਂ ਨੂੰ ਮਹਿੰਦੀ ਵੀ ਮੈਲ਼ੇ ਕਰ ਦਿੰਦੀ
ਕੁਝ ਹੱਥਾਂ ਨੂੰ ਮਿੱਟੀ ਹੀ ਮਹਿਕਾ ਦਿੰਦੀ ਹੈ

ਸਿੱਧੇ ਸਾਦੇ ਲੋਕਾਂ ਮੂਹਰੇ ਸੌ ਸੌ ਵਲ਼ ਨੇ
ਮੱਥੇ ਦੀ ਤਿਊੜੀ ਅਕਸਰ ਦਰਸਾ ਦਿੰਦੀ ਹੈ

ਕੁਝ ਲੋਕਾਂ ਦੀ ਆਸ ਜਗੇ ਜਦ ਬੂਹਾ ਖੜਕੇ
ਮੇਰੀ ਆਸ ਨੂੰ ਫ਼ੋਨ ਦੀ ਬੈੱਲ ਜਗਾ ਦਿੰਦੀ ਹੈ

*****

## ਰੂਹੀ ਸਿੰਘ



ਇਹ ਕਿੱਥੇ ਆ ਗਏ ਮੀਆਂ? ਅਗਾਂਹ ਰਸਤਾ ਨਹੀਂ ਕੋਈ
ਤੁਸੀਂ ਉਸ ਸ਼ਖ਼ਸ ਨੂੰ ਚਾਹਿਐ, ਜਿਹਨੂੰ ਚਾਹੁੰਦਾ ਨਹੀਂ ਕੋਈ

ਜਦੋਂ ਕਿਧਰੇ ਉਲ਼ਝ ਜਾਵਾਂ ਤਾਂ ਓਹੀ ਯਾਦ ਆਉਂਦਾ ਹੈ
ਜੋ ਅਕਸਰ ਹੱਸ ਕੇ ਕਹਿੰਦਾ ਸੀ 'ਇਹ ਮਸਲਾ ਨਹੀਂ ਕੋਈ'

ਉਦ੍ਹੀ ਆਦਤ ਹੈ ਜਦ ਵੀ ਮਨ ਭਰੇ ਤਾਂ ਚੁੱਪ ਕਰ ਜਾਣਾ
ਤੇ ਮਗਰੋਂ ਰੋਸ ਵੀ ਕਰਨਾ 'ਮੇਰੀ ਸੁਣਦਾ ਨਹੀਂ ਕੋਈ'

ਕਦੇ ਮੰਜ਼ਿਲ ਕਦੇ ਰਾਹਵਾਂ ਨੇ ਸਾਨੂੰ ਵਲ਼ ਲਿਆ ਐਸਾ
ਕਿ ਇਸ ਚੱਕਰਵਿਊ 'ਚੋਂ ਨਿਕਲਦਾ ਰਸਤਾ ਨਹੀਂ ਕੋਈ

ਕਹਾਣੀ ਵਿੱਚ ਹਰ ਕਿਰਦਾਰ ਦੀ ਅਪਣੀ ਜਗ੍ਹਾ ਹੁੰਦੀ
ਬਿਨਾਂ ਰਾਹੁਲ-ਯਸ਼ੋਧਾ ਦੇ ਵੀ ਬੁੱਧ ਬਣਦਾ ਨਹੀਂ ਕੋਈ

*****

ਆਖਾਂ ਦਿਲ ਦੀ ਗੱਲ ਤਾਂ ਮਸਲਾ ਬਣ ਜਾਂਦੈ
ਮਤਲਾ ਵੀ ਅੱਜ ਕੱਲ੍ਹ ਤਾਂ ਮਸਲਾ ਬਣ ਜਾਂਦੈ

ਦਿਲ ਦਰਿਆ ਲੱਖ ਮੌਨ ਵਗਣ ਕੋਈ ਮਸਲਾ ਨਈਂ
ਜਦ ਕੋਈ ਉੱਠੇ ਛੱਲ ਤਾਂ ਮਸਲਾ ਬਣ ਜਾਂਦੈ

ਕੀ ਮੈਂ ਹਾਲ ਸੁਣਾਵਾਂ ਸਾਡੇ ਰਿਸ਼ਤੇ ਦਾ
ਗੱਲ ਗੱਲ ਤੇ ਅੱਜ ਕੱਲ੍ਹ ਤਾਂ ਮਸਲਾ ਬਣ ਜਾਂਦੈ

ਜਿਸ ਨੇ ਰਾਹ ਰੁਸ਼ਨਾਉਣਾ ਸੀ ਉਹ ਰਹਿਬਰ ਵੀ
ਜਦੋਂ ਖਿਲਾਰੇ ਝੱਲ ਤਾਂ ਮਸਲਾ ਬਣ ਜਾਂਦੈ

ਜ਼ਿੰਦਗੀ ਮਸਲਾ ਤਾਂ ਨਈਂ, ਪਰ ਇਸ ਮਸਲੇ ਦਾ
ਲੱਭੇ ਨਾ ਜੇ ਹੱਲ ਤਾਂ ਮਸਲਾ ਬਣ ਜਾਂਦੈ

*****

ਕੌਡੀਆਂ ਦੇ ਭਾਅ ਤੁਲ ਨਾ ਜਾਵੀਂ।
ਵੇਖੀਂ ਹੀਰਿਆ! ਰੁਲ਼ ਨਾ ਜਾਵੀਂ।

ਨਾਲ਼ ਗੁਲਾਬਾਂ ਸੂਲ਼ ਵੀ ਆਉਣੇ
ਮਹਿਕਾਂ 'ਤੇ ਹੀ ਡੁੱਲ੍ਹ ਨਾ ਜਾਵੀਂ।

ਮੱਲ੍ਹਮ ਭਾਲਦਾ ਤੁਰਿਐਂ ਜੇਕਰ
ਹਰ ਇੱਕ ਕੋਲ਼ੇ ਖੁੱਲ੍ਹ ਨਾ ਜਾਵੀਂ।

ਝੂਠਿਆਂ ਦੀ ਉਸ ਮੰਡੀ ਉੱਤੇ
ਆਪਣੇ ਸੱਚ ਦੇ ਮੁੱਲ ਨਾ ਜਾਵੀਂ।

ਜਿਨ੍ਹਾਂ ਤੈਨੂੰ ਮਿੱਧ ਕੇ ਲੰਘਣਾ
ਉਨ੍ਹਾਂ ਲਈ ਬਣ ਫ਼ੁੱਲ ਨਾ ਜਾਵੀਂ।

ਬਹਿਰ-ਵਜ਼ਨ ਵਿੱਚ ਲਿਖਦੇ ਲਿਖਦੇ
ਦਿਲ ਦੇ ਦਰਦ ਨੂੰ ਭੁੱਲ ਨਾ ਜਾਵੀਂ।

*****

ਰਿਸ਼ਤੇ ਦੀਆਂ ਦੁਹਾਈਆਂ ਦਿੰਦਾ ਫਿਰਦਾ ਹੈ
ਹੁਣ ਉਹ ਆਣ ਸਫ਼ਾਈਆਂ ਦਿੰਦਾ ਫਿਰਦਾ ਹੈ

ਰਸਮਾਂ ਦੇ ਬੰਧਨ ਮੇਰੇ ਮੱਥੇ ਮੜ੍ਹ ਕੇ
ਖ਼ੁਦ ਨੂੰ ਆਪ ਰਿਹਾਈਆਂ ਦਿੰਦਾ ਫਿਰਦਾ ਹੈ

ਲਾ ਇਲਾਜ ਜਿਹੀਆਂ ਮਰਜ਼ਾਂ ਆਪੇ ਲਾ ਕੇ
ਹੁਣ ਉਹ ਵੈਦ ਦਵਾਈਆਂ ਦਿੰਦਾ ਫਿਰਦਾ ਹੈ

ਮੇਰੇ ਰਸਤੇ ਦਾ ਰੋੜਾ ਬਣਿਆ ਪਹਿਲਾਂ
ਹੁਣ ਤਾਂ ਖ਼ੈਰ ਵਧਾਈਆਂ ਦਿੰਦਾ ਫਿਰਦਾ ਹੈ

*****

# ਰਾਜਬੀਰ ਮੱਤਾ

## ਟੁੱਟਿਆ ਕੱਚ, ਸੁਪਨੇ ਤੇ ਬੰਦੇ...

ਬੜੇ ਖ਼ਤਰਨਾਕ ਹੁੰਦੇ ਨੇ
ਉਹ ਲੋਕ....

ਜਿਨ੍ਹਾਂ ਦੇ ਸੁਪਨੇ
ਸੜਕ ਕਿਨਾਰੇ ਪੱਥਰਾਂ ਨੂੰ ਤੋੜਦੇ ਹੋਏ
ਕੰਕਰਾਂ ਬਣ ਗਏ ਹੋਣ....

ਢਾਬੇ ਤੇ ਭਾਂਡੇ ਮਾਂਜ-ਮਾਂਜ ਕੇ
ਜਿਨ੍ਹਾਂ ਦੇ ਹੱਥਾਂ ਦੀਆਂ ਲਕੀਰਾਂ
ਮਿਟ ਗਈਆਂ ਹੋਣ....

ਜਿਨ੍ਹਾਂ ਦੇ ਪੈਰਾਂ ਨੇ ਪੋਹ ਦੀਆਂ ਰਾਤਾਂ
ਤੇ ਹਾੜ ਦੇ ਦਿਨਾਂ ਦਾ ਭਖ਼ਦਾ ਸਫ਼ਰ
ਖ਼ਾਲ ਦੀਆਂ ਵੱਟਾਂ 'ਤੇ
ਤਹਿ ਕੀਤਾ ਹੋਵੇ

ਜਿਨ੍ਹਾਂ ਮਾਵਾਂ ਨੇ
ਦੁੱਧੀਆਂ ਲਈ
ਵਿਲਕਦੇ ਜਵਾਕ
ਮਜ਼ਬੂਰੀ ਵੱਸ ਛੱਡੇ ਹੋਣ
ਮਜ਼ਦੂਰੀ ਲਈ ਛਾਤੀਆਂ 'ਚ
ਸ਼ਲਾਟ ਪਾਉਂਦੇ ਦੁੱਧਾਂ ਦੀ ਪਰਵਾਹ ਕੀਤੇ
ਬਿਨਾਂ....

ਆਪਣੇ ਹਿੱਸੇ ਦੀ ਬੁਰਕੀ
ਜਿਨ੍ਹਾਂ ਨੇ
ਦੂਜਿਆਂ ਦੇ ਨਾਂਅ ਲਿਖੀ ਹੋਵੇ....
ਮਾੜੇ ਵਖ਼ਤਾਂ 'ਚ
ਸ਼ਬਦ ਦੀ ਓਟ ਲਈ ਹੋਵੇ....

ਤੇ ਜਿਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਨੇ
ਆਪਣੇ ਸੁਪਨੇ
ਉਮਰਾਂ ਲੰਘਣ ਦੇ ਨਾਲ਼
ਹੱਥ 'ਚੋਂ ਕਿਰਦੇ ਦੇਖੇ ਹੋਣ....

ਜਿਨ੍ਹਾਂ ਨੇ
ਰਾਤਾਂ ਜਾਗ-ਜਾਗ ਕੇ



ਕਮਾਈਆਂ ਡਿਗਰੀਆਂ
ਆਪਣੇ ਹੱਥੀਂ ਫੂਕੀਆਂ ਹੋਣ ...

ਦੇਖਿਓਂ....!
ਜ਼ਰਾ ਬਚ ਕੇ ਰਿਹਾ ਜੇ
ਏਹੋ ਜਿਹੇ ਥਾਂ-ਥਾਂ ਤੋਂ ਤਿੜਕੇ,
ਟੁੱਟੇ ਇਨਸਾਨਾਂ ਤੋਂ

ਕਿਉਂਕਿ ਟੁੱਟਿਆ ਕੱਚ,
ਸੁਪਨੇ ਤੇ ਬੰਦੇ ...
ਬੜੇ ਖ਼ਤਰਨਾਕ ਹੁੰਦੇ ਨੇ....

## ਸ਼ਬਦ...

ਬੇ-ਅਵਾਜ਼ ਨਹੀਂ ਹੁੰਦੇ
ਨਹੀਂ ਰੋਕਦੇ ਹੱਕਾਂ ਲਈ ਲੜਨ
ਵਾਲਿਆਂ ਦਾ ਰਾਹ
ਉਨ੍ਹਾਂ ਦੀ ਅਵਾਜ਼ ਬਣਕੇ
ਮੰਜ਼ਿਲਾਂ ਤਕ
ਨਾਲ਼ ਤੁਰਦੇ ਨੇ ...

ਸ਼ਬਦ
ਕਦੇ ਉਦਾਸ ਨਹੀਂ ਹੁੰਦੇ
ਨਾ ਚੁੱਕਦੇ ਨੇ ਮੋਈਆਂ
ਸੱਧਰਾਂ ਦਾ ਭਾਰ
ਉਹ ਤਾਂ ਲੜਦੇ ਨੇ
ਸਦਾ ਹਨ੍ਹੇਰੇ ਦੀਆਂ ਪਰਤਾਂ ਨਾਲ਼
ਚਾਨਣ ਦੀ ਅਵਾਜ਼ ਬਣਕੇ ..

ਸ਼ਬਦ
ਅੱਥਰੂ ਨਹੀਂ ਕੇਰਦੇ
ਵਲੂੰਦਰੇ ਚਾਵਾਂ ਲਈ
ਉਹ ਤਾਂ ਸਮੇਂ ਦੀਆਂ ਰਗਾਂ 'ਚ
'ਗੂੰਠਾ ਦੇ ਕੇ
ਆਪਣੇ ਹੱਕਾਂ ਦਾ ਵਿਆਜ
ਮੰਗਦੇ ਨੇ...

ਸ਼ਬਦ
ਰੇਤ ਤੇ ਉੱਕਰੇ ਜਾਣ ਲਈ
ਨਹੀਂ ਜਨਮਦੇ
ਤੇ ਨਾ
ਬੰਦ ਅਲਮਾਰੀਆਂ 'ਚ
ਸਾਹ ਘੁੱਟ ਕੇ
ਮਰ ਜਾਣ ਲਈ
ਉਹ ਤਾਂ
ਇਤਿਹਾਸ ਦੀ ਹਿੱਕ ਚੀਰ ਕੇ
ਪੱਥਰ 'ਤੇ ਲੀਕ ਹੋ ਜਾਣ ਲਈ
ਪੈਦਾ ਹੁੰਦੇ ਨੇ ...

## ਮੱਥੇ ਲਾਏ ਸ਼ਬਦ...

ਹੋਰ ਕਿਸੇ ਗ੍ਰਹਿ ਤੋਂ ਆਏ ਹੋਣੇ ਨੇ
ਉਹ ਮੂਰਖ ਲੋਕ
ਜੋ
ਗਿਰਜੇ ਨੂੰ ਮੰਦਾ ਬੋਲਦੇ
ਮਸਜਿਦਾਂ ਢਾਹੁੰਦੇ
ਮੰਦਰ ਸਾੜਦੇ
ਤੇ ਪਵਿੱਤਰ ਗ੍ਰੰਥ ਪਾੜਦੇ ...

ਸਾਦੇ ਲੋਕ ਤਾਂ
ਇੱਟਾਂ ਨੂੰ ਕੀਤੇ ਚਿੱਟੇ ਰੰਗਾਂ ਨੂੰ
ਸਲਾਮ ਕਰਦੇ
ਕਾਗਜ਼ ਤੇ ਲਿਖੇ ਅਣਜਾਣ
ਸ਼ਬਦਾਂ ਨੂੰ
ਪੈਰਾਂ ਵਿਚੋਂ ਚੁੱਕ
ਮੱਥੇ ਲਾਉਂਦੇ
ਤੇ ਸ਼ੁਕਰ ਕਰਦੇ
ਵਿੱਦਿਆ ਪੜ੍ਹਾਈ ਦਾ...
*****

## ਰਣਧੀਰ

### ਮੈਂ ਯਾਤਰਾ 'ਤੇ ਹਾਂ

ਅਜੇ ਸਿਰਫ਼ ਸਮੁੰਦਰ ਮੁੱਕਿਆ ਹੈ
ਮੈਂ ਪਾਣੀ ਦਾ ਸਫ਼ਰ ਨਹੀਂ
ਨਾ ਹੀ ਧਰਤੀ ਦੇ ਘੁੰਮਣ ਵਰਗੀ
ਕੋਈ ਖੇਡ
ਮੈਂ ਤਾਂ ਮਹਿਬੂਬ ਦੀ ਹਿੱਕ 'ਚ
ਧੜਕਦੇ ਦਿਲ ਦੀ ਹੂਕ ਹਾਂ
ਜੋ ਵਕਤ ਨਾਲ ਧੀਮੀ ਹੋ ਜਾਂਦੀ ਏ
ਪਰ ਰੁਕਦੀ ਕਦੇ ਨਹੀਂ

ਤੁਸੀਂ ਸੁੱਕੇ ਥਲਾਂ ਤੇ
ਸੁੱਟੇ ਕਿਸ਼ਤੀਆਂ ਦੇ ਲੰਗਰਾਂ ਤੋਂ
ਇਹ ਅੰਦਾਜ਼ਾ ਨਾ ਲਗਾਉਣਾ
ਕਿ ਯਾਤਰਾ
ਮਹਿਜ਼ ਪੈਰਾਂ-ਸਾਧਨਾ ਤੇ ਹੁੰਦੀ ਹੈ
ਯਾਤਰਾ ਤਾਂ
ਪੁਰਖਿਆਂ ਦੀਆਂ ਕਬਰਾਂ 'ਤੇ
ਉੱਗੀਆਂ
ਕਿੱਕਰਾਂ ਰਾਹੀਂ ਵੀ ਹੁੰਦੀ ਹੈ
ਇਹ ਕੋਈ
ਦਫਤਰੀ ਪ੍ਰਵਾਨਗੀ ਨਹੀਂ
ਇਹਨੇ ਵਾਪਰਨਾ ਹੀ ਹੁੰਦਾ
ਚਲਦੇ ਰਹਿਣ 'ਚ ਹੀ ਏ ਜੀਵਨ

ਮੇਰੇ ਮਰ ਜਾਣ ਤੋਂ ਬਾਅਦ
ਗਵਾਹੀ ਨਾ ਭਰਿਓ ਮੇਰੇ 'ਹੋਣ' ਦੀ
"ਤੁਰ ਜਾਵਾਂਗਾ
ਚਾਰ ਗ਼ਮ ਅੱਧਾ ਸੁੱਖ ਹੰਢਾ"

ਫਿਰ ਵੀ ਹਾਦਸੇ ਵਾਂਗ
ਤੁਹਾਡੇ ਸਾਹਮਣੇ ਹੋਵੇਗਾ
ਮੇਰਾ ਸਫ਼ਰ ... ਜਿਸਦਾ ਆਗਾਜ਼ ਹੈ
ਕੋਈ ਅੰਤ ਨਹੀਂ
ਜੋ ਰੁਕਦਾ ਨਹੀਂ ਕਦੇ
ਮੈਂ ਤੁਹਾਨੂੰ ਪਹਿਲਾਂ ਹੀ ਕਿਹਾ ਨਾ
ਮੈਂ ਯਾਤਰਾ 'ਤੇ ਹਾਂ।

### ਤੇਰੇ ਬਿਨ

ਤੇਰੇ ਬਿਨ
ਬਸ ਖਲਾਅ ਹੈ ਮੇਰੇ ਕੋਲ
ਸਾਰਾ ਕੁਝ ਜੜ੍ਹ ਮੋਈ ਮੁਦਰਾ 'ਚ

ਤੇਰੇ ਨਾਲ ਖੰਡਰਾਂ 'ਚ ਫੁੱਲ ਖਿੜਦੇ
ਧਰਤੀ ਚੱਕਰ ਕੱਟਦੀ
ਸੂਰਜ ਆ ਸਿਰਹਾਣੇ ਸੌਂਦਾ
ਚੰਨ ਤਾਰੇ ਮੋਢੇ ਆ ਬਹਿੰਦੇ

ਹਵਾਵਾਂ ਸੰਗ ਰੁੱਖ ਨੱਚਦੇ
ਪੱਤੇ ਗਾਉਂਦੇ ਪਾਣੀ ਵਗਦੇ
ਰੁੱਤਾਂ ਮਰਜ਼ੀ ਦੇ ਰੰਗ ਪਾਉਂਦੀਆਂ।

ਤੇਰੇ ਬਿਨ
ਤਾਂ ਬਸ ਖ਼ਲਾਅ ਹੀ ਹੈ ਮੇਰੇ ਕੋਲ।

### ਪਾਗਲ ਲੋਕ

ਸ਼ਾਇਦ ਮੈਂ
ਆਪਣੀ ਸਦੀ ਦਾ ਆਖਰੀ ਬਚਿਆ
ਨੀਮ ਪਾਗਲ ਬੰਦਾ ਹਾਂ
ਤੇ ਤੁਸੀਂ ਪਾਗਲ ਹੋਣ ਦੇ ਡਰੋਂ
ਪੂਰੇ ਪਾਗਲ ਹੋਏ ਲੋਕ ਹੋ

ਮੇਰੀ ਦੁਨੀਆ ਨਿਸ਼ਚਿਤ ਨਹੀਂ
ਬਦਲ ਜਾਂਦੀ ਹੈ
ਨਿਰਛਲ ਹਾਸਾ ਸੁਣਕੇ
ਪਿਘਲ ਜਾਂਦੀ ਹੈ ਹਉਂਕਾ ਸੁਣਕੇ
ਮੈਂ ਸਾਹ ਨਹੀਂ ਗਿਣਦਾ
ਧੜਕਣ ਦਾ ਨਹੀਂ ਰੱਖਦਾ ਹਿਸਾਬ



ਏਸ ਪਾਗਲ ਲੋਕ 'ਚ
ਆਖਰੀ ਬਚਿਆ ਨੀਮ ਪਾਗਲ ਬੰਦਾ
ਕਿੱਥੇ ਜਾਵੇਗਾ
ਆਪਣੇ ਹਾਣ ਦੀਆਂ ਰੁੱਤਾਂ ਲੈਣ
ਕਿਥੇ ਉਤਾਰੇ ਆਪਣਾ ਸੁਪਨ ਸੰਸਾਰ
ਕਿਥੇ ਬਹਿ ਕੇ ਸਿਰਜੇ
ਆਪਣੀ ਸਦੀ ਦੀ ਆਖਰੀ ਨੀਮ
ਪਾਗਲ ਕਵਿਤਾ

ਕਿਉਂ ਮੈਂ
ਆਖਰੀ ਨੀਮ ਪਾਗਲ ਬੰਦਾ ਹਾਂ
ਆਪਣੀ ਮਰ ਰਹੀ ਸਦੀ ਦਾ
ਸਿਰਨਾਵਾਂ ਲੈ ਨਦੀ 'ਚ ਉਤਰਦਾਂ
ਨਦੀ ਉਹਦੇ ਖ਼ਤ ਬਣਾਉਂਦੀ ਹੈ
ਧਰਤ ਨੂੰ ਪੜਾਉਂਦੀ ਹੈ
ਧਰਤ ਰੁੱਖ ਉਗਾਉਂਦੀ ਹੈ
ਰੁੱਖ ਪੰਛੀ ਬੁਲਾਉਂਦੇ ਨੇ
ਪੰਛੀ ਸਿਰਨਾਵੇਂ ਗਾਉਂਦੇ ਨੇ

ਮੈਂ ਜੋ ਬਚ ਗਿਆ ਹਾਂ ਆਖਰ 'ਤੇ
ਤੁਹਾਡੀ ਸਾਧੀ ਹੋਈ ਜ਼ਿੰਦਗੀ ਦੇ
ਉਪਰੋਂ ਗੁਜ਼ਰ ਰਹੇ ਪੰਛੀਆਂ ਨੂੰ
ਸੁਣਦਾ

ਸ਼ਾਇਦ ਮੈਂ ਹੀ
ਆਪਣੀ ਸਦੀ ਦਾ ਆਖ਼ਰੀ
ਨੀਮ ਪਾਗ਼ਲ ਬੰਦਾ ਹਾਂ
ਜੋ ਆਪਣੀ ਸਦੀ ਦਾ ਸਿਰਨਾਵਾਂ ਲੈ ਕੇ
ਨਦੀ ਨਾਲ਼ ਵਗਦਾ ਆਉਣਾਂ।



**1. ਪਹਿਲਾਂ ਪਹਿਲ ਕਵਿਤਾ ਲਿਖਣ ਦਾ ਖਿਆਲ ਮਨ ਵਿੱਚ ਕਦੋਂ ਆਇਆ ਤੇ ਪਹਿਲੀ ਰਚਨਾ ਕਦੋਂ ਲਿਖੀ ?**

ਜ਼ਿੰਦਗੀ ਦੀਆਂ ਤੰਗੀਆਂ, ਤੁਰਸ਼ੀਆਂ, ਦੁਸ਼ਵਾਰੀਆਂ, ਪਾੜਿਆਂ ਅਤੇ ਸਭ ਤਰ੍ਹਾਂ ਦੇ ਵਿਤਕਰਿਆਂ ਨੂੰ ਝੱਲਦਿਆਂ/ ਸਹਿੰਦਿਆਂ ਹੋਇਆਂ ਪਹਿਲੀ ਕਵਿਤਾ 'ਸੱਤ ਬੇਗਾਨੇ' ਨੌਵੀਂ ਦਸਵੀਂ ਜਮਾਤ ਵਿਚ ਪੜ੍ਹਦਿਆਂ ਹੋਇਆਂ ਲਿਖੀ ਸੀ।

**2. ਆਪਣੇ ਤੋਂ ਪਹਿਲੀ ਪੀੜ੍ਹੀ ਦੀ ਸ਼ਾਇਰੀ ਤੋਂ ਆਪਣੀ ਕਵਿਤਾ ਨੂੰ ਵੱਖ ਮੰਨਦੇ ਹੋ ਜਾਂ ਉਨ੍ਹਾਂ ਤੋਂ ਪ੍ਰਭਾਵਿਤ ਮੰਨਦੇ ਹੋ??**

ਮੈਨੂੰ ਲੱਗਦਾ ਹੈ ਕਿ ਹਰੇਕ ਸ਼ਾਇਰ ਦੀ ਸ਼ਾਇਰੀ ਇੱਕ ਦੂਜੇ ਤੋਂ ਵੱਖ ਹੀ ਹੁੰਦੀ ਹੈ। ਇਸ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ ਜਿਵੇਂ ਕਿ ਸਮਾਂ, ਸਥਾਨ , ਪਰਸਥਿਤੀਆਂ, ਘਟਨਾਵਾਂ, ਹਾਦਸੇ, ਵਿਚਾਰਧਾਰਾ, ਨਿੱਜੀ ਅਤੇ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨਤਿਕ ਪਹਿਲੂ ਇੱਕ ਕਵੀ ਦੀ ਕਲਮ ਨੂੰ ਵਖਰੇਵਾਂ ਬਖ਼ਸ਼ਦੇ ਹਨ। ਸੋ ਮੈਨੂੰ ਵੀ ਆਪਣੀ ਸ਼ਾਇਰੀ ਪਹਿਲੀ ਪੀੜ੍ਹੀ ਤੋਂ ਵੱਖ ਲੱਗਦੀ ਹੈ ਅਤੇ ਇਹ ਵੀ ਨਹੀਂ ਕਿ ਮੈਂ ਇਹਨਾਂ ਤੋਂ ਪ੍ਰਭਾਵਿਤ ਨਹੀਂ ਹਾਂ। ਮੈਂ ਕਿਸੇ ਨਾ ਕਿਸੇ ਰੂਪ ਵਿੱਚ ਪਹਿਲੇ ਸ਼ਾਇਰਾਂ ਦਾ ਪ੍ਰਭਾਵ ਕਬੂਲਿਆ ਹੈ।

**3. ਕਵਿਤਾ ਲਿਖਨ ਲਈ ਆਪਣੇ ਸਮਕਾਲੀ ਤੇ ਆਪਣੇ ਕਲਾਸਿਕ ਸਾਹਿਤ ਜਾਂ ਵਿਸ਼ਵ ਸਾਹਿਤ ਨੂੰ ਪੜ੍ਹਨਾ ਕਿੰਨਾ ਕੁ ਜ਼ਰੂਰੀ ਹੈ ?**

ਸਾਹਿਤ ਪੜ੍ਹਨਾ ਜ਼ਰੂਰੀ ਹੈ ਪਰ ਇਹ ਨਹੀਂ ਕਿ ਜੇਕਰ ਸ਼ਾਇਰ ਦੇ ਦਿਲ ਵਿੱਚਲੇ ਜਜ਼ਬਾਤ ਬਾਹਰ ਆਉਣ ਲਈ ਜਾਂ ਸਫਿਆਂ 'ਤੇ ਛਪਣ ਲਈ ਤੜਫਦੇ ਹੋਣ ਤਾਂ ਉਹ ਲਿਖੇ ਹੀ ਨਾ। ਲਿਖ ਲੈਣੇ ਚਾਹੀਦੇ ਹਨ ਤੇ ਨਾਲ਼ ਨਾਲ਼ ਸਮਕਾਲੀ, ਕਲਾਸਿਕ ਅਤੇ ਵਿਸ਼ਵ ਸਾਹਿਤ ਪੜ੍ਹ ਕੇ ਆਪਣੀਆਂ ਲਿਖਤਾਂ ਵਿੱਚ ਹੋਰ ਨਿਖ਼ਾਰ ਲਿਆਂਦਾ ਜਾ ਸਕਦਾ ਹੈ ; ਇਸ ਤਰ੍ਹਾਂ ਆਪਣੀ ਸ਼ਬਦ ਸ਼ਕਤੀ ਅਤੇ ਸੋਚਣ ਸ਼ਕਤੀ ਦਾ ਘੇਰਾ ਵਿਸ਼ਾਲ ਕੀਤਾ ਜਾ ਸਕਦਾ ਹੈ ਜੋ ਨਵੀਂ ਸਿਰਜਣਾ ਲਈ ਸਹਾਈ ਹੁੰਦਾ ਹੈ।

**4. ਜਦੋਂ ਕਵਿਤਾ ਲਿਖਦੇ ਹੋ ਤਾਂ ਕੋਈ ਖਾਸ ਤਰ੍ਹਾਂ ਦੇ ਮਾਹੌਲ ਦੀ ਜ਼ਰੂਰਤ ਪੈਂਦੀ ਹੈ ??**

ਮੈਨੂੰ ਕਵਿਤਾ ਲਿਖਣ ਲਈ ਕਿਸੇ ਖਾਸ ਮਾਹੌਲ ਦੀ ਜ਼ਰੂਰਤ ਨਹੀਂ ਪੈਂਦੀ।

ਕਿਸੇ ਸਮੇਂ ਮੈਂ ਲਿਖਿਆ ਸੀ:

ਕਵਿਤਾ ਕੋਈ
ਸਸਤੀ ਜਾਂ ਵਿਕਾਊ ਚੀਜ਼ ਨਹੀਂ
ਕਿ ਮਿਲ ਜਾਵੇਗੀ
ਰੇੜ੍ਹੀਆਂ ਜਾਂ ਸਟਾਲਾਂ ਤੋਂ
ਇਸ ਨੂੰ ਤਾਂ ਕਵੀ
ਰੂਹ ਦੀ ਜ਼ਰਖੇਜ਼ ਭੂਮੀ ਵਿੱਚੋ
ਜ਼ਰਾ-ਜ਼ਰਾ ਚੇਤਨਾ ਰਾਹੀਂ ਸਿੰਜਦਾ ਹੈ।

ਸੋ ਮੇਰੇ ਨਾਲ਼ ਬਹੁਤ ਵਾਰੀ ਏਦਾਂ ਹੀ ਹੋਇਆ ਕਿ ਜਦੋਂ ਮੈਂ ਬੱਸ ਵਿੱਚ ਬੈਠਿਆਂ ਟਿਕਟਾਂ 'ਤੇ , ਸਾਈਕਲ ਚਲਾਉਂਦਿਆਂ ਸੜਕ ਕਿਨਾਰੇ ਰੁਕ ਕੇ, ਸੈਰ ਕਰਦਿਆਂ, ਨਹਿਰ ਕਿਨਾਰੇ ਘੁੰਮਦਿਆਂ, ਖੇਤ ਬੰਨ੍ਹੇ ਕੰਮ ਕਰਦਿਆਂ, ਵਿਆਹ ਸ਼ਾਦੀਆਂ, ਭੋਗਾਂ, ਬੱਸ ਅੱਡਿਆਂ ਜਾਂ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਖੜ੍ਹ ਕੇ ਜਾਂ ਬੈਠ ਕੇ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਹਨ।

**5. ਆਪਣੇ ਸਮਕਾਲੀ ਯੁਵਾ ਕਵੀਆਂ ਦੇ ਪ੍ਰਸੰਗ ਵਿੱਚ ਆਪਣੀ ਕਵਿਤਾ ਨੂੰ ਕਿੱਥੇ ਖੜ੍ਹਾ ਦੇਖਦੇ ਹੋ ??**

ਮੈਂ ਆਪਣੀ ਕਵਿਤਾ ਦਾ ਕਿਸੇ ਵੀ ਸਮਕਾਲੀ ਕਵੀ ਨਾਲ਼ ਮੁਕਾਬਲਾ ਨਹੀਂ ਕਰਦਾ ਕਿਉਂਕਿ ਹਰੇਕ ਕਵੀ ਦੇ ਪਾਠਕ ਵੱਖ-ਵੱਖ ਹੁੰਦੇ ਹਨ। ਸੋਚ ਤੇ ਵਿਚਾਰਧਾਰਾ ਵੀ ਅਲੱਗ-ਅਲੱਗ ਹੁੰਦੀ ਹਨ। ਜਿਸ ਕਰ ਕੇ ਇਹ ਫ਼ੈਸਲਾ ਆਲੋਚਕ ਜਾਂ ਫਿਰ ਪਾਠਕ ਹੀ ਕਰ ਸਕਦੇ ਹਨ ਕਿ ਮੇਰੀ ਕਵਿਤਾ ਸਮਕਾਲੀ ਯੁਵਾ ਕਵੀਆਂ ਦੇ ਪ੍ਰਸੰਗ ਵਿੱਚ ਕਿੱਥੇ ਖੜ੍ਹੀ ਹੈ। ਇੱਕ ਗੱਲ ਹੋਰ ਕਈ ਵਾਰ ਕਵਿਤਾ ਪਾਠਕਾਂ ਦੇ ਮਨ 'ਤੇ ਆਪਣਾ ਅਸਰ ਹੌਲੀ-ਹੌਲੀ ਛੱਡਦੀ ਹੈ ਜਿਸ ਕਰ ਕੇ ਇਕਦਮ ਨਿਰਣਾ ਕਰਨਾ ਔਖਾ ਹੁੰਦਾ ਹੈ।

**6. ਸਮੁੱਚੀ ਲਿਖੀ ਜਾ ਰਹੀ ਨੌਜਵਾਨ ਪੀੜ੍ਹੀ ਦੀ ਕਵਿਤਾ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਕਿੱਥੇ ਰੱਖਦੇ ਹੋ ??**

ਅਜੋਕੇ ਸਮੇਂ ਵਿੱਚ ਬਹੁਤ ਸਾਰੇ ਯੁਵਾ ਕਵੀ ਅਤੇ ਕਵਿੱਤਰੀਆਂ ਪੰਜਾਬੀ ਵਿੱਚ ਕਵਿਤਾ ਦੀ ਸਿਰਜਣਾ ਕਰ ਰਹੇ ਹਨ। ਇਹ ਸ਼ਾਇਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਬਹੁਤ ਚਿੰਤਤ ਨਜ਼ਰ ਆ ਰਹੇ ਹਨ। ਇਹਨਾਂ ਨੂੰ ਦੇਸ ਦੀ ਲੁੱਟ-ਖਸੁੱਟ, ਮਜ਼ਦੂਰਾਂ- ਕਿਸਾਨਾਂ ਦਾ ਦਰਦ, ਨੌਜਵਾਨਾਂ ਦਾ ਪਰਵਾਸ, ਬੇਰੁਜ਼ਗਾਰੀ,ਦੇਸ਼ ਨੂੰ ਘੁਣ ਵਾਂਗ ਖਾ ਰਿਹਾ ਭਰਿਸ਼ਟਾਚਾਰ, ਹੱਕ-ਸੱਚ ਅਤੇ ਦੇਸ ਤੇ ਪਸਰ ਰਿਹਾ ਕਾਲ਼ੀ ਰਾਤ ਦਾ ਹਨੇਰਾ ਰਹਿ- ਰਹਿ ਕੇ ਸਤਾਅ ਰਿਹਾ ਹੈ। ਸੋ ਇਹਨਾਂ ਨੌਜਵਾਨਾਂ ਦੀਆਂ ਕਲਮਾਂ ਦੇਸ ਦੇ ਮੁੱਖੜੇ ਤੋਂ ਕਾਲਖ਼ ਧੋਣ ਲਈ ਲਗਾਤਾਰ ਯਤਨਸ਼ੀਲ ਹਨ।

**7. ਤੁਹਾਡੀ ਲੇਖਣੀ ਨੂੰ ਘਰ ਪਰਿਵਾਰ ਜਾਂ ਆਲੇ ਦੁਆਲੇ ਵਿਚਰਦੇ ਲੋਕਾਂ ਵੱਲੋਂ ਕਿਸ ਤਰਾਂ ਦਾ ਰਿਸਪੋਂਸ ਪ੍ਰਾਪਤ ਹੁੰਦਾ ਹੈ ??**

ਮੇਰੀ ਲਿਖਣੀ ਨੂੰ ਘਰ ਪਰਿਵਾਰ ਜਾਂ ਆਲੇ ਦੁਆਲੇ ਵਿਚਰਦੇ ਲੋਕਾਂ ਵੱਲੋਂ ਬਹੁਤ ਪਿਆਰ, ਸਤਿਕਾਰ ਤੇ ਪ੍ਰੇਰਨਾਮਈ ਹੁੰਗਾਰਾ ਮਿਲ ਰਿਹਾ ਹੈ। ਮੈਂ ਲਗਾਤਾਰ ਸਾਹਿਤ ਸਿਰਜਣਾ ਵੱਲ ਰੁਚਿਤ ਹਾਂ ਅਤੇ ਆਪਣੀ ਕਲਮ ਨਾਲ਼ ਆਪਣੇ ਸਾਹਿਤਿਕ ਕਦਮਾਂ ਨੂੰ ਬੜੇ ਸਾਬਿਤ ਕਦਮੀਂ ਪੁੱਟ ਰਿਹਾ ਹਾਂ।

**8. ਕਵਿਤਾ ਦੇ ਵਿਕਾਸ ਵਿੱਚ ਰੀਲਾਂ, Instagram ਜਾਂ ਫੇਸਬੁੱਕ ਦਾ ਕਿੰਨਾ ਕੁ ਰੋਲ ਹੈ। ਇਨ੍ਹਾਂ ਮਾਧਿਅਮ ਦੁਆਰਾ ਪੇਸ਼ ਕਵਿਤਾ ਦਾ ਭਵਿੱਖ ਵਿੱਚ ਕੋਈ ਸਾਰਥਕ ਯੋਗਦਾਨ ਹੈ ?**

ਕਵਿਤਾ ਦੇ ਵਿਕਾਸ ਵਿੱਚ ਰੀਲਾਂ, Instagram ਅਤੇ ਫੇਸਬੁੱਕ ਨਵੇਂ ਅਤੇ ਸਾਹਿਤ ਤੋਂ ਅਭਿੱਜ ਪਾਠਕਾਂ ਨੂੰ ਸਾਹਿਤ ਤੇ ਸ਼ਾਇਰਾਂ ਨਾਲ਼ ਜੋੜਨ ਲਈ ਵੱਡਮੁੱਲਾ ਯੋਗਦਾਨ ਪਾ ਰਹੇ ਹਨ ਪਰ ਸਾਨੂੰ ਇਹਨਾਂ ਯੰਤਰਾਂ ਨੂੰ ਹੀ ਸਾਰਾ ਕੁਝ ਨਹੀਂ ਸਮਝ ਲੈਣਾ ਚਾਹੀਦਾ ਕਿਉਂਕਿ ਨਵੀਂ ਤਕਨੀਕ ਨਾਲ਼ ਜੁੜਨਾ ਚੰਗੀ ਗੱਲ ਹੈ ਐਪਰ ਇਸ ਦੇ ਨਾਲ਼ ਨਾਲ਼ ਸਾਹਿਤਿਕ ਪ੍ਰੰਪਰਾਵਾਂ ਨੂੰ ਵੀ ਬਰਕਰਾਰ ਰੱਖਣਾ ਜ਼ਰੂਰੀ ਹੈ। ਨਵੀਂ ਤਕਨੀਕ ਦੀ ਵਰਤੋਂ ਜੇਕਰ ਸਾਵਧਾਨੀ ਨਾਲ਼ ਕੀਤੀ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ ਸ਼ਇਦ ਏਸੇ ਕਰ ਕੇ ਡਾ. ਸੁਰਜੀਤ ਪਾਤਰ ਨੇ 'ਆਰਟੀਫਿਸ਼ਲ ਇੰਟੈਲੀਜੈਂਸੀ' ਨੂੰ ਸਾਹਿਤ ਵਿੱਚ ਚਾਲੂ ਕਰਵਾਉਣ ਲਈ ਮੌਜੂਦਾ ਸਰਕਾਰ ਕੋਲ਼ ਸ਼ਿਫਾਰਸ਼ ਕੀਤੀ ਸੀ।

**9. ਕੀ ਨਵੀਂ ਪੀੜ੍ਹੀ ਦੀ ਕਵਿਤਾ ਪੰਜਾਬੀ ਆਲੋਚਨਾ ਤੋਂ ਸੰਤੁਸ਼ਟ ਹੈ ?**

ਇਸ ਦਾ ਜਵਾਬ ਦੇਣਾ ਥੋੜ੍ਹਾ ਮੁਸ਼ਕਿਲ ਲੱਗ ਰਿਹਾ ਹੈ ਕਿਉਂਕਿ ਅੱਜਕੱਲ੍ਹ ਸਾਹਿਤ ਵਿੱਚ ਜਿਸ ਤਰ੍ਹਾਂ ਲਿਹਾਜਾਂ ਪੂਰਨ ਅਤੇ ਕਿਸੇ ਨੂੰ ਗਿਰਾ ਕੇ ਆਪ ਅੱਗੇ ਵਧਣ ਦਾ ਰੁਝਾਣ ਨਿਰੰਤਰ ਵੱਧ ਰਿਹਾ ਹੈ। ਪੈਸੇ ਦੇ ਕੇ ਪਰਚੇ ਲਿਖਵਾਏ ਜਾ ਰਹੇ ਹਨ, ਆਲੋਚਕਾਂ ਦੀਆਂ ਸ਼ਿਫਾਰਸ਼ਾਂ ਨਾਲ਼ ਇਨਾਮ ਸਨਮਾਨ ਦਿੱਤੇ ਜਾ ਰਹੇ ਹਨ। ਸੋ ਕਹਿ ਸਕਦੇ ਹਾਂ ਕਿ ਨਵੀਂ ਪੀੜ੍ਹੀ ਪੰਜਾਬੀ ਆਲੋਚਨਾ ਤੋਂ ਤਾਂ ਹੀ ਸੰਤੁਸ਼ਟ ਹੋਵੇਗੀ ਜੇਕਰ ਬਿਨਾਂ ਕਿਸੇ ਵਿਤਕਰੇ ਜਾਂ ਲਾਲਚ ਦੇ ਇਹ ਕੰਮ ਨਿਰੋਲ ਲਿਖਤ ਨੂੰ ਆਧਾਰ ਬਣਾ ਕੇ ਕੀਤਾ ਜਾਵੇ।

**10. ਕੀ ਕਵਿਤਾ ਦਾ ਕੋਈ ਸਮਾਜਿਕ ਰੋਲ ਹੁੰਦਾ ਹੈ ? ਜੇਕਰ ਹੁੰਦਾ ਹੈ ਤਾਂ ਨਵੀਂ ਕਵਿਤਾ ਦੇ ਪ੍ਰਸੰਗ ਵਿੱਚ ਇਸ ਰੋਲ ਸੰਬੰਧੀ ਕੀ ਆਖਣਾ ਚਾਹੋਗੇ ?**

ਪੁਰਾਤਨ ਸਮੇਂ ਤੋਂ ਕਵਿਤਾ ਸਮਾਜਿਕ ਭੂਮਿਕਾ ਨਿਭਾਉਂਦੀ ਆ ਰਹੀ ਹੈ ਤੇ ਹੁਣ ਵੀ ਆਪਣਾ ਕਾਰਜ ਬਾਖ਼ੂਬੀ ਲਗਾਤਾਰ ਕਰ ਰਹੀ ਹੈ। ਇਹ ਕਵਿਤਾ ਦੀ ਤਾਕਤ ਹੈ ਕਿ ਅਜੋਕੇ ਸਮੇਂ ਵੀ (ਪੁਰਾਣੇ ਰਾਜਿਆਂ ਵਾਂਗ) ਸਰਕਾਰਾਂ ਕਵਿਤਾ ਤੋਂ ਖ਼ੌਫ਼ ਖਾਂਦੀਆਂ ਹਨ। ਅੱਜ ਵੀ ਪਾਸ਼, ਸੰਤ ਰਾਮ ਉਦਾਸੀ,ਸੁਰਜੀਤ ਪਾਤਰ, ਮਹਿੰਦਰ ਸਾਥੀ ਅਤੇ ਅਨੇਕਾਂ ਨਵੇਂ ਕਵੀਆਂ ਦੀਆਂ ਕਵਿਤਾਵਾਂ ਧਰਨਿਆਂ- ਮੁਜਾਹਰਿਆਂ ਵਿੱਚ ਬੋਲੀਆਂ ਜਾਂਦੀਆਂ ਹਨ ਤੇ ਸਮਾਜ ਲਈ ਰਾਹ ਦਸੇਰਾ ਬਣ ਕੇ ਨਵਾਂ ਸਮਾਜਿਕ ਭਵਿੱਖ ਸਿਰਜਣ ਲਈ ਤੱਤਪਰ ਹਨ।

**11. ਤੁਸੀਂ ਕਿਵੇਂ ਲਿਖਦੇ ਹੋ ? ਆਪਣੀ ਸਿਰਜਣ ਪ੍ਰਕਿਰਿਆ ਬਾਰੇ ਕੁਝ ਸਤਰਾਂ ਲਿਖੋ ??**

ਜਦੋਂ ਵੀ ਸਮਾਜਿਕ ਅਨਿਆਂ, ਵਿਸੰਗਤੀਆਂ, ਵਿਤਕਰੇਬਾਜ਼ੀਆਂ, ਦੁੱਖਾਂ- ਤਕਲੀਫ਼ਾਂ, ਕਿਰਤੀਆਂ-ਕਿਸਾਨਾਂ ਦੀ ਲੁੱਟ-ਖਸੁੱਟ , ਜ਼ੁਲਮ ਜਾਂ ਰੂਹ ਨੂੰ ਤਕਲੀਫ਼ਦੇਹ ਕੋਈ ਸ਼ੈਅ ਤੱਕਦਾ ਹਾਂ ਜਾਂ ਮਹਿਸੂਸ ਕਰਦਾ ਹਾਂ ਤਾਂ ਕਵਿਤਾ ਦੀ ਜੰਮਣ-ਪੀੜ ਮੇਰੇ ਮਨ ਦੇ ਅੰਬਰ 'ਤੇ ਗਹਿਰ ਬਣ ਕੇ ਚੜ੍ਹ ਜਾਂਦੀ ਹੈ। ਇਸ ਤਰ੍ਹਾਂ ਦੇ ਬੇਹੱਦ ਬੋਝ/ਭਾਰ ਵਾਲ਼ੇ ਮਾਹੌਲ ਵਿੱਚੋਂ ਨਿਕਲੀ ਕਵਿਤਾ ਹੀ ਮੈਨੂੰ ਅਸਲੀ ਕਵਿਤਾ ਲੱਗਦੀ ਹੈ ਨਹੀਂ ਤਾਂ ਤੁਕਬੰਦੀ ਕਦੋਂ ਵੀ ਤੇ ਕਿਤੇ ਵੀ ਬੈਠ ਕੇ ਕੀਤੀ ਜਾ ਸਕਦੀ ਹੈ ਪਰ ਇਹ ਰੂਹ ਦਾ ਭਾਰ ਹੌਲਾ ਕਰ ਕੇ ਰੂਹ ਨੂੰ ਸਕੂਨ ਨਹੀਂ ਦਿੰਦੀ।

*****

## ਰਤਨਦੀਪ ਕੌਰ

### ਮੈਂ ਅਗਿਆਤ ਹੋਣਾ ਲੋਚਦੀ ਹਾਂ

ਮੈਂ ਅਗਿਆਤ ਸੀ
ਮੈਂ ਉਹੀ ਹੋਣਾ ਲੋਚਦੀ ਹਾਂ
ਕਿ ਦੁਨੀਆਂ ਦੇ ਪਖੰਡ ਤੋਂ
ਦੂਰ ਹੋਣਾ ਲੋਚਦੀ ਹਾਂ
ਇਸ਼ਕ ਹੋਏ ਹਕੀਕੀ ਜੇ
ਤਾਂ ਫਿਰ ਵੀ ਠੀਕ ਲੇਕਿਨ
ਮਜਾਜ਼ੀ ਮੈਂ ਸਬੱਬ ਤੋਂ
ਦੂਰ ਹੋਣਾ ਲੋਚਦੀ ਹਾਂ
ਮੈਂ ਅਗਿਆਤ ਸੀ
ਮੈਂ ਉਹੀ ਹੋਣਾ ਲੋਚਦੀ ਹਾਂ
ਹਵਾ ਵਰਗੀ ਮੈਂ ਚੰਚਲ
ਹੋ ਵੀ ਜਾਵਾਂ
ਮੈਂ ਤੇਰੇ ਦਿਲ ਜਿਹੀ ਹੀ
ਸ਼ਾਂਤ ਹੋਣਾ ਲੋਚਦੀ ਹਾਂ
ਖੁਦਾਇਆ ਲੈ ਲੈ ਮੈਥੋਂ
ਫੁੱਲ ਜਿਹੇ ਅਹਿਸਾਸ ਸਾਰੇ
ਮੈਂ ਕੰਢਿਆਂ ਦੀ ਚੁਭਨ ਸਹਿ
ਪਾਕ ਹੋਣਾ ਲੋਚਦੀ ਹਾਂ
ਮੈਂ ਅਗਿਆਤ ਸੀ
ਮੈਂ ਉਹੀ ਹੋਣਾ ਲੋਚਦੀ ਹਾਂ

### ਇਸ਼ਕ

ਕਦੀ ਕਦੀ ਸੋਚਦੀ ਹਾਂ
ਤੇਰੇ ਸ਼ਹਿਰ ’ਚ ਹੀ
ਮੇਰਾ ਦਮ ਨਿਕਲ ਜਾਏ।
ਕੀ ਪਤਾ
ਤੇਰਾ ਦਿਲ ਵੀ ਮੇਰੇ ਲਈ
ਥੋੜਾ ਪਸੀਜ ਜਾਏ।
ਕਿਹੜੇ ਸ਼ਹਿਰ ਰਹਿੰਦਾ ਹੈ
ਮੇਰੀ ਆਵਾਜ਼ ਨਹੀਂ ਆਉਂਦੀ
ਉੱਡਣ ਨੂੰ ਫਿਰਦੇ ਹਾਂ
ਪਰਵਾਜ਼ ਨਹੀਂ ਆਉਂਦੀ
ਚੱਲ ਫਿਰ ਇਸ਼ਕ ’ਚ



ਫ਼ਕੀਰ ਹੋ ਜਾਂਦੇ ਹਾਂ
ਤੇਰੀ ਰਜ਼ਾਮੰਦੀ ਦੇ
ਮੁਰੀਦ ਹੋ ਜਾਂਦੇ ਹਾਂ
ਹੋ ਗਏ ਫ਼ਨਾਹ ਤਾਂ
ਸ਼ਹੀਦ ਕਹਿਲਾਵਾਂਗੇ
ਮਿਲ ਗਈ ਰਜ਼ਾ ਤਾਂ
ਫ਼ਕੀਰ ਕਹਿਲਾਵਾਂਗੇ
ਇਸ਼ਕ ਦੀ ਦਰਗਾਹ ਦੇ
ਫਿਰ ਪੀਰ ਕਹਿਲਾਵਾਂਗੇ
ਤੇਰੀ ਬੰਦਗੀ ’ਚ
ਮੁਰੀਦ ਕਹਿਲਾਵਾਂਗੇ
ਹੋ ਗਏ ਹਾਂ ਤੂੰ
ਤੇਰੀ ਤਸਵੀਰ ਕਹਿਲਾਵਾਂਗੇ
ਤੇ ਇਸ਼ਕ ਦੇ ਅਸੀਂ
ਰਾਂਝੇ ਤੇ ਫਿਰ ਹੀਰ ਕਹਿਲਾਵਾਂਗੇ

### ਅਹਿਸਾਸ

ਪਤਾ ਨਹੀਂ ਮੈਂ ਕਿੰਨੀ ਵਾਰ
ਸੋਚ ਦੀ ਪੌੜੀ ਚੜ੍ਹੀ ਤੇ ਲੱਥੀ ਹੋਵਾਂਗੀ
ਤੇਰੇ ਹੋਣ ਤੇ ਨਾ ਹੋਣ ਦੇ
ਅਹਿਸਾਸਾਂ ਨਾਲ ਲਬਰੇਜ਼
ਮੈਂ ਪਤਾ ਨਹੀ ਕਿੰਨੀ ਵਾਰ
ਕੋਸੀ ਨਿੱਘ ’ਚ ਵੀ ਠਰੀ ਹੋਵਾਂਗੀ
ਤੇਰਾ ਨਾ ਹੋਣਾ ਵੀ
ਸਜਾਏ ਮੌਤ ਤੋਂ ਘੱਟ ਨਹੀਂ ਹੈ
ਪਰ ਹੋ ਕੇ ਵੀ ਨਾ ਹੋਣ ਦੇ
ਅਹਿਸਾਸ ਤੋਂ
ਕਿੰਨੀਆਂ ਮੌਤਾਂ ਮਰੀ ਹੋਵਾਂਗੀ
ਹੋ ਵੀ ਜਾਵਾਂਗੀ ਕਦੀ ਮੁੜ
ਸਜੀਵ ਕਿ ਨਹੀਂ
ਪਰ ਮਰਣ ਤੋਂ ਪਹਿਲਾਂ ਸ਼ਾਇਦ
ਮੌਤ ਨਾਲ ਤਾਂ ਲੜੀ ਹੋਵਾਂਗੀ

### ਮੈਂ ਤੈਥੋਂ ਕੀ ਚਾਹੁੰਦੀ ਹਾਂ

ਜ਼ਿੰਦਗੀ ਅੱਜ ਫਿਰ ਪੁੱਛਾਂ,
ਮੈਂ ਤੈਥੋਂ ਕੀ ਚਾਹੁੰਦੀ ਹਾਂ
ਤੇਰੇ ਨਿੱਕੇ ਨਿੱਕੇ ਫੁੱਲ ਬੂਟਿਆਂ ਦਾ
ਸਲਾਮ ਚਾਹੁੰਦੀ ਹਾਂ
ਮਲੂਕ ਜਿਹੇ ਦਿਲਾਂ ਦੇ
ਜਵਾਬ ਚਾਹੁੰਦੀ ਹਾਂ
ਇਹ ਉੱਚੇ ਉੱਚੇ ਪਰਬਤ ਤੇ
ਪੇੜ ਨਹੀਂ ਚਾਹੀਦੇ
ਜੋ ਚੜ੍ਹਦੇ ਸੂਰਜ ਨੂੰ ਹੀ
ਸਲਾਮ ਠੋਕਦੇ ਹਨ
ਤੇਰੀ ਵਹਿੰਦੀ ਨਦੀ ਦੀ ਹਾਣੀ ਹੋਣਾ
ਚਾਹੁੰਦੀ ਹਾਂ
ਕਿ ਫੁੱਲ ਬੂਟਿਆਂ ’ਚ ਲੁਕ ਲੁਕ
ਜਾਵਣਾ ਚਾਹੁੰਦੀ ਹਾਂ
ਦਿਲ ਦੇ ਖ਼ਵਾਬ ਮੈਂ ਤਿਤਲੀਆਂ
ਸੰਗ ਨੱਚਾਂ
ਮੈਂ ਵੀ ਕਦੇ ਅੱਗ ਵਾਂਗ ਮੱਚਾਂ
ਤੇਰੀ ਨਾ ਦਿਖਦੀ ਹਵਾ ਦੇ ਨਾਲ
ਹਵਾ ਹੋਣਾ ਚਾਹੁੰਦੀ ਹਾਂ
ਜ਼ਿੰਦਗੀ ਨਾ ਜਾਣਾ ਮੈਂ ਤੈਥੋਂ
ਕੀ ਚਾਹੁੰਦੀ ਹਾਂ
ਤੇਰੇ ਨਾ ਪੁੱਛੇ ਸਵਾਲਾਂ ਦਾ ਜਵਾਬ
ਬਣਨਾ ਚਾਹੁੰਦੀ ਹਾਂ
ਅੱਜ ਫਿਰ ਮੈਂ ਕਿਸੇ ਦਾ ਤਾਂ ਖ਼ਵਾਬ
ਬਣਨਾ ਚਾਹੁੰਦੀ ਹਾਂ
ਜ਼ਿੰਦਗੀ ਨਾ ਜਾਣਾਂ ਮੈਂ ਤੈਥੋਂ ਕੀ
ਚਾਹੁੰਦੀ ਹਾਂ
*****

# ਸਿਰਜਣ ਪ੍ਰਕਿਰਿਆ/ ਨੋ ਮੈਨ ਇਜ਼ ਐਨ ਆਈਲੈਂਡ -ਸੰਦੀਪ




'ਨੋ ਮੈਨ ਇਜ਼ ਐਨ ਆਈਲੈਂਡ', ਇਹ ਅੰਗਰੇਜ਼ੀ ਭਾਸ਼ਾ ਦੇ ਕਵੀ John Donne ਦਾ ਮਸ਼ਹੂਰ ਕਥਨ ਹੈ। ਜਿਥੋਂ ਤੱਕ ਮਨੁੱਖ ਤੇ ਮਨੁੱਖੀ ਸਿਰਜਣਾਤਮਿਕਤਾ ਦਾ ਸਵਾਲ ਹੈ, ਉਸਦੀ ਸਿਰਜਣਾ ਇਸ ਕਥਨ ਵਾਂਗ ਕਿੰਨੀ ਵੀ ਵਿਅਕਤੀਗਤ ਕਿਉਂ ਨਾ ਹੋਵੇ, ਉਹ ਆਪਣੇ ਆਲ਼ੇ-ਦੁਆਲ਼ੇ ਦੀ ਛੋਹ ਤੋਂ ਸੱਖਣੀ ਨਹੀਂ ਹੁੰਦੀ, ਹਾਂ ਹਰ ਲੇਖਕ ਲਈ ਇਸ ਛੋਹ ਦੇ ਢੰਗ, ਸਾਧਨ ਵੱਖਰੋ-ਵੱਖਰੇ ਹੋ ਸਕਦੇ ਹਨ।

ਭਾਵੇਂ ਕਵਿਤਾ ਨੂੰ ਇੱਕ ਥੀਮ ਹੇਠ ਰੱਖਣਾ ਔਖਾ ਹੈ, ਪਰ ਫਿਰ ਵੀ ਮੇਰਾ ਇਹ ਮੰਨਣਾ ਹੈ ਕਿ ਮੁੱਖ ਤੌਰ ਤੇ ਹਰ ਰਚਨਾ ਮਨੁੱਖੀ ਚੇਤਨਾ ਦੀਆਂ ਗੁੰਝਲਾਂ 'ਚੋਂ ਹੀ ਜਨਮ ਲੈਂਦੀ ਹੈ। ਮੈਂ ਮਨੁੱਖੀ ਵਿਚਾਰਾਂ, ਭਾਵਨਾਵਾਂ ਅਤੇ ਉਹ ਸੰਸਾਰ ਜਿਹੜਾ ਮਨੁੱਖ ਆਪਣੇ ਲਈ ਸਿਰਜਦਾ ਹੈ ਉਸਨੂੰ ਨੀਝ ਨਾਲ਼ ਵੇਖਦਾ ਹਾਂ, ਤੇ ਉਸਨੂੰ ਦੁਨਿਆਵੀ ਸਬੰਧਾਂ ਦੀ ਰੌਸ਼ਨੀ ਵਿੱਚ ਰੱਖ ਕੁਝ ਸ਼ਬਦਾਂ ਵਿੱਚ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਮੈਨੂੰ ਲੱਗਦੈ ਕਵੀ ਲਈ ਕੋਸ਼ਿਸ਼ ਸਭ ਤੋਂ ਵੱਡਾ ਸ਼ਬਦ ਹੋਣਾ ਚਾਹੀਦਾ, ਤੇ ਮੇਰੇ ਲਈ ਇਹ ਸ਼ਬਦ ਜਿਉਣ ਦਾ ਪੂਰਾ ਫ਼ਲਸਫ਼ਾ ਹੈ। ਮੈਨੂੰ ਲੱਗਦਾ ਹੈ ਕੋਈ ਵੀ ਲੇਖਕ ਸ਼ਾਇਦ ਕੋਸ਼ਿਸ਼ ਹੀ ਕਰ ਸਕਦਾ ਹੈ। ਉਹਨਾਂ ਅਨੁਭੂਤੀਆਂ ਨੂੰ ਸ਼ਬਦਾਂ 'ਚ ਸਮੇਟਣ ਦੀ ਵੱਡੀ ਤੋਂ ਵੱਡੀ ਕੋਸ਼ਿਸ਼ ਜਿਹੜੀਆਂ ਉਹ ਦਿਨ ਪ੍ਰਤੀ ਦਿਨ ਆਪਣੇ ਅੰਦਰ ਸਾਂਭਦਾ ਹੈ, ਜਦੋਂ ਕਿ ਉਹ ਲੇਖਕ ਇਹ ਵੀ ਜਾਣਦਾ ਹੋਵੇ ਕਿ ਇਸ ਕੋਸ਼ਿਸ਼ ਦੇ ਪੂਰਨ ਸਫ਼ਲ ਹੋਣ ਦੀ ਸੰਭਾਵਨਾ ਹਮੇਸ਼ਾ ਸਿਫ਼ਰ ਹੁੰਦੀ ਹੈ।

ਜਿੱਥੇ ਇੱਕ ਪਾਸੇ ਲੇਖਕ ਦੀ ਚੇਤਨਾ ਅੰਦਰ ਵੀ ਮਨੁੱਖੀ ਸੁਭਾਅ ਦੇ ਵੱਖ-ਵੱਖ ਜ਼ਰੂਰੀ ਤੱਤ ਜਿਵੇਂ ਕਿ ਕੁਦਰਤ, ਦਰਦ, ਪਿਆਰ, ਜਸ਼ਨ ਧੁਰ ਅੰਦਰ ਤੱਕ ਘਰ ਕੀਤੇ ਹੁੰਦੇ ਹਨ ਦੂਜੇ ਪਾਸੇ ਇਸੇ ਸਮੇਂ ਉਸਦੀ ਚੇਤਨਾ, ਵਿਅਕਤੀਗਤ ਅਤੇ ਸਮਾਜਿਕ ਹੋਣ ਦੀ ਖਿੱਚੋ-ਤਾਣ ਅੰਦਰ ਫਸੀ ਰਹਿੰਦੀ ਹੈ। ਕਵੀ ਅੰਦਰ ਖ਼ਾਸ ਤੌਰ ਤੇ ਇਹ ਗਿਆਤ ਤੇ ਅਗਿਆਤ ਲਈ ਕਦੇ ਨਾ ਖ਼ਤਮ ਹੋਣ ਵਾਲੀ ਖ਼ੋਜ ਹੁੰਦੀ ਹੈ ਜੋ ਨਿਰੰਤਰ ਚੱਲਦੀ ਰਹਿੰਦੀ ਹੈ। ਇਹ ਨਿਰੰਤਰ ਖ਼ੋਜ ਹੀ ਮੇਰੇ ਲਈ ਕਵਿਤਾ ਦਾ ਆਧਾਰ ਬਣਦੀ ਹੈ

ਮੇਰੀ ਪਹਿਲੀ ਕਿਤਾਬ 'ਚਿੱਤ ਦਾ ਜੁਗਰਾਫ਼ੀਆ' ਵੀ ਮੁੱਖ ਤੌਰ ਤੇ ਸਵੈ ਅਤੇ ਮਨੁੱਖੀ ਚੇਤਨਾ ਦੀਆਂ ਡੂੰਘਾਈਆਂ ਅੰਦਰ ਲਾਈ ਡੁਬਕੀ ਹੈ। ਹੁਣ ਤੱਕ ਮੇਰੀ ਇਹ ਕੋਸ਼ਿਸ਼ ਰਹੀ ਹੈ ਕਿ ਸ਼ਬਦ, ਖ਼ਿਆਲ ਮਿਲ ਕੇ ਇੱਕ ਬਹੁ-ਪੱਧਰੀ ਚਿੱਤਰ ਦੀ ਸਿਰਜਣਾ ਕਰਨ ਤਾਂ ਜੋ ਪਾਠਕ ਦੀ ਇਸ ਸਮੁੱਚੇ ਸੰਸਾਰ ਨੂੰ ਹੋਰ ਬਿਹਤਰ ਢੰਗ ਨਾਲ ਸਮਝਣ ਵਿੱਚ ਕੁਝ ਮਦਦ ਹੋ ਸਕੇ। ਅਜਿਹੀ ਕੋਸ਼ਿਸ਼ ਫ਼ਿਲਾਸਫ਼ਰ, ਨਿਰਦੇਸ਼ਕ ਆਦਿ ਵੀ ਆਪਣੇ-ਆਪਣੇ ਢੰਗ ਨਾਲ਼ ਕਰਦੇ ਹਨ ਪਰੰਤੂ ਕਵੀ ਆਪਣੀ ਕਾਵਿ-ਭਾਸ਼ਾ ਦੀ ਵਿਸ਼ਾਲਤਾ ਅਤੇ ਉਸ ਦੁਆਰਾ ਸਿਰਜੇ ਸਪੇਸ ਸੰਗ ਹੀ ਪਾਠਕ ਦੇ ਆਪੇ ਦੇ ਹੁਣ ਤੱਕ ਅਣਜਾਣ ਰਹੇ ਪੱਖਾਂ ਨੂੰ ਉਜਾਗਰ ਹੋਣ ਲਈ ਥਾਂ ਤੇ ਸਾਧਨ ਪ੍ਰਦਾਨ ਕਰਦਾ ਹੈ। ਕਵਿਤਾਵਾਂ ਵਿਭਿੰਨ ਵਿਸ਼ੇ ਮੁੱਖ ਤੌਰ 'ਤੇ ਵਿਅਕਤੀਗਤ ਸਵੈ ਤੋਂ ਲੈ ਕੇ ਮਿਥਿਹਾਸ ਤੱਕ, ਕੁਦਰਤ ਤੋਂ ਪਿਆਰ ਤੱਕ, ਪੁਰਾਣੇ/ਅਤੀਤ ਤੋਂ ਵਿਕਸਤ ਸਭਿਆਚਾਰਾਂ ਤੱਕ ਹੋ ਸਕਦੇ ਹਨ। ਇਹ ਸਾਰੇ ਤੱਤ ਮਿਲਕੇ ਹੀ ਪਾਠਕ ਨੂੰ ਇੱਕ ਨਵੀਂ ਰੋਸ਼ਨੀ ਦੀ ਲੋਅ ਵਿੱਚ ਨਵੇਂ ਸੰਸਾਰ ਨੂੰ ਸਮਝਣ ਲਈ ਇੱਕ ਨਵਾਂ ਦੈਰਿਸ਼ਟੀਕੋਣ ਦੇਣ ਦੀ ਸਮਰੱਥਾ ਰੱਖਦੇ ਹਨ।

ਕਵੀ ਨੂੰ ਵੀ ਆਪਣੀਆਂ ਕਵਿਤਾਵਾਂ ਅੰਦਰ ਮਨੁੱਖੀ ਭਾਵਨਾਵਾਂ ਦੇ ਵੱਖੋ-ਵੱਖਰੇ ਰੰਗਾਂ ਨੂੰ ਨਵੀਂ ਲੋਅ 'ਚ ਵੇਖਦੇ ਹੋਏ ਨਵੇਂ ਪ੍ਰਯੋਗ ਕਰ ਲੈਣੇ ਚਾਹੀਦੇ ਹਨ। ਹੋ ਸਕਦਾ ਹੈ ਸਥਾਪਿਤ ਮਾਪਦੰਡਾਂ ਦੇ ਲਿਹਾਜ਼ ਨਾਲ ਉਹਨਾਂ ਨੂੰ ਕਬੂਲਣ ਵਿੱਚ ਕੁਝ ਵੱਧ ਸਮਾਂ ਲੱਗੇ, ਪਰੰਤੂ ਮੌਲਿਕ ਤੇ ਤਾਜ਼ੀ ਸਿਰਜਣਾ ਲਈ ਉਸਨੂੰ ਸਥਾਪਤੀ ਸੰਗ ਖ਼ੁਦ ਨੂੰ ਵੀ ਵਾਰ-ਵਾਰ ਢਾਹੁਣਾ ਆਉਣਾ ਚਾਹੀਦਾ ਹੈ।



## ਰਾਣੀ ਸ਼ਰਮਾ



ਸਿਰ 'ਤੇ ਗ਼ਮ ਦਾ ਭਾਰਾ ਬਸਤਾ, ਸੋਚਣ ਦੇ।
ਕੀਕਣ ਹੋਣਾ ਹੌਲਾ, ਨੁਕਤਾ ਸੋਚਣ ਦੇ।

ਜਿੱਧਰ ਜਾਵਾਂ, ਹੈ ਚੌਰਸਤਾ, ਸੋਚਣ ਦੇ।
ਕਿਸ ਰਹਿਬਰ ਤੋਂ ਪੁੱਛਾਂ ਰਸਤਾ, ਸੋਚਣ ਦੇ।

ਬਿਖ਼ਰ ਗਿਆ ਹੈ ਆਲਮ ਤਲਖ਼ ਹਵਾਵਾਂ ਵਿਚ,
ਕਿੰਝ ਕਰਾਂ 'ਕੱਠਾ ਗੁਲਦਸਤਾ, ਸੋਚਣ ਦੇ।

ਦਿਲ ਨਾ ਦਹਿਲੇ ਮਾਰਨ ਵੇਲੇ ਅਪਣੇ ਨੂੰ,
ਕਿਉਂ ਬੰਦਾ ਹੁਣ ਏਨਾ ਸਸਤਾ, ਸੋਚਣ ਦੇ।

ਖੁਦ ਬਾਰੇ ਹੀ ਜ਼ਿਕਰ ਸਦਾ ਨਾ ਕਰਿਆ ਕਰ,
ਖੌਰੇ ਕਿੰਨੇ ਦਿਲ ਨੇ ਖ਼ਸਤਾ, ਸੋਚਣ ਦੇ।

*****

ਕਿਸਮਤ ਦੀ ਜੋ ਮਾਰ ਪਈ ਏ
ਦਿਲ 'ਤੇ ਲੱਗੀ ਯਾਰ ਪਈ ਏ

ਤੂੰ ਤੇ ਕੱਲੀ ਜਿੱਤ ਦੀ ਸੋਚੇਂ
ਜਿੱਤ ਅੰਦਰ ਵੀ ਹਾਰ ਪਈ ਏ

ਕੋਸ਼ਿਸ਼ ਕਰਦੇ, ਟੁੱਟ ਜਾਣੀ ਸੀ
ਇਕ ਚੁੱਪ ਜੋ ਵਿਚਕਾਰ ਪਈ ਏ

ਮੇਰੇ ਘਰ ਵਿਚ ਕੁਝ ਨਈਂ ਮੇਰਾ
ਹਰ ਇਕ ਚੀਜ਼ ਉਧਾਰ ਪਈ ਏ

ਜ਼ਿੰਦਗੀ ਏਕਣ ਲਗਦੀ ਜੀਕਣ
ਸਿਰ ਲਟਕੀ ਤਲਵਾਰ ਪਈ ਏ

*****

ਮਰ ਚੁੱਕੇ ਅਹਿਸਾਸ ਅਸਾਂ ਦੇ।
ਕੀ ਹੈ ਦੱਸ ਹੁਣ ਪਾਸ ਅਸਾਂ ਦੇ।

ਖ਼ਾਲੀ ਤੇਰੇ ਦਰ ਤੋਂ ਚੱਲੇ,
ਪੱਲੇ ਰਹਿ ਗਈ ਆਸ ਅਸਾਂ ਦੇ।

ਕੱਚੇ ਕੌਲ਼ ਕਰਾਰਾਂ ਵਰਗੇ,
ਨਿੱਕਲੇ ਬੰਦੇ ਖ਼ਾਸ ਅਸਾਂ ਦੇ...

*****

ਇਸ ਜੀਵਨ ਦੀ ਹਰ ਮੁਸ਼ਕਿਲ ਦੇ ਕਾਬਿਲ ਹੋ
ਠੋਸ ਇਰਾਦਾ ਕਰ, ਮੰਜ਼ਿਲ ਦੇ ਕਾਬਿਲ ਹੋ

ਵਿੱਚ ਭੰਵਰ ਦੇ ਕਿਸ਼ਤੀ ਚੱਪੂ ਛੱਡੀਂ ਨਾ
ਆਪੇ ਹਿੰਮਤ ਕਰ, ਸਾਹਿਲ ਦੇ ਕਾਬਿਲ ਹੋ

ਇਸ਼ਕ, ਮੁਹੱਬਤ, ਪਿਆਰ, ਵਫ਼ਾ ਸਭ ਗੱਲਾਂ ਨੇ
ਦਿਲ ਮੰਗਣ ਤੋਂ ਪਹਿਲਾਂ , ਦਿਲ ਦੇ ਕਾਬਿਲ ਹੋ

ਤੂੰ ਵੀ ਮਹਿਕੀਂ, ਫੁੱਲ ਬਣਕੇ ਗੁਲਦਸਤੇ ਦਾ
ਰੰਗ-ਬਰੰਗੀ ਇਸ ਮਹਿਫ਼ਿਲ ਦੇ ਕਾਬਿਲ ਹੋ

ਜਿਸਨੂੰ ਘਰ ਦੇ ਸ਼ੀਸ਼ੇ 'ਤੇ ਇਤਬਾਰ ਨਹੀਂ
ਕੀ ਮਿਲਿਆ ਉਸ, ਨਾ-ਕਾਬਿਲ ਦੇ ਕਾਬਿਲ ਹੋ

*****

## ਲਖਵਿੰਦਰ ਮੁਖ਼ਾਤਿਬ



### ਵਿਦੇਸ਼

ਅਸੀਂ ਬੜਾ ਕੁਝ ਛੱਡ ਆਏ ਸਾਂ
ਏਥੋਂ ਬੜਾ ਕੁਝ ਪਾਉਣ ਦੇ ਲਈ
ਅਸੀਂ ਆਏ ਨਹੀਂ ਸਾਂ ਰੋਣ ਦੇ ਲਈ
ਬੁੱਢੇ ਮਾਪਿਆਂ ਨੂੰ ਰੁਵਾਉਣ ਦੇ ਲਈ।

ਅਸੀਂ ਬੇਅੰਤ ਉਮੀਦਾਂ ਲੈ ਕੇ ਆਏ ਸਾਂ
ਆਏ ਸਾਂ ਕੁੱਝ ਕਰ ਵਿਖਾਉਣ ਦੇ ਲਈ,
ਅੱਜ ਬੇਉਮੀਦੇ ਹੋ ਕੇ ਹੰਝੂ, ਹੌਂਕੇ ਲੈ ਤੁਰੇ
ਅਸੀਂ ਆਏ ਨਹੀਂ ਸਾਂ ਸ਼ਰੀਕ ਹਸਾਉਣ ਦੇ ਲਈ।

ਚੱਲੋ.. ਹੁਣ ਉੱਜੜੇ ਘਰਾਂ ਵੱਲ ਪਰਤੀਏ
ਦਰੁਸਤ ਹੋਵੇਗਾ ਵਾਪਸ ਪਰਤਣਾ ਹੀ
ਸ਼ੀਸ਼ੇ ਦਾ ਟੁੱਟਕੇ ਜੁੜਨਾ ਨਾਕਾਮ ਹੁੰਦਾ ਏ।
ਹਰ ਵਕ਼ਤ ਹੁੰਦਾ ਨਹੀਂ ਅਜ਼ਮਾਉਣ ਦੇ ਲਈ।

ਮੇਰਾ ਇਸ ਕਦਰ ਮਰ ਜਾਣਾ ਹੀ
ਮੈਂ ਮਰ ਜਾਣਾ ਨਹੀਂ ਸਮਝਾਂਗਾ
ਹਰ ਥਾਂ ਮੁਨਾਸਬ ਨਹੀਂ ਹੁੰਦੀ
ਮੁਰਦੇ ਨੂੰ ਦਫ਼ਨਾਉਂਣ ਦੇ ਲਈ।

### ਗ਼ਜ਼ਲ

ਮੁੱਕ ਗਏ ਸਾਹ ਮਿਲਣ ਤੋਂ ਪਹਿਲਾਂ।
ਗੱਲ ਆਖਰੀ ਕਹਿਣ ਤੋਂ ਪਹਿਲਾਂ।

ਰੱਬ ਵਾਂਗਰ ਸਰਨਾਵਾਂ ਭੁਲਿਆ,
ਉੱਕ ਗਿਆ ਉਹ ਲਿਖਣ ਤੋਂ ਪਹਿਲਾਂ।

ਦਰਦ ਨਹੀਂ ਸੀ ਤਿੱਖਾ ਬਹੁਤਾ,
ਐਵੇਂ ਡਰਿਆ ਸਹਿਣ ਤੋਂ ਪਹਿਲਾਂ।

ਮੁੱਲ ਕਿਵੇਂ ਫਿਰ ਪੂਰਾ ਪੈਂਦਾ,
ਅੱਧ ਅਧੂਰਾ ਵਿਕਣ ਤੋਂ ਪਹਿਲਾਂ।

ਕਿੰਝ ਭਲਾ ਮੈਂ, ਲਭਦਾ ਉਸਨੂੰ,
ਗੁੰਮ ਗਿਆ ਜੋ ਦਿਸਣ ਤੋਂ ਪਹਿਲਾਂ।

ਕੀ ਸੀ ਉਸਨੇ ਸਾਥ ਨਿਭਾਉਣਾ,
ਜੁੜਿਆ ਹੀ ਨਾ, ਟੁਟਣ ਤੋਂ ਪਹਿਲਾਂ।

ਉਸ ਨੇ ਚਾਨਣ ਕੀ ਦੇਣਾ ਜੋ,
ਬੁਝਿਆ ਬੁਝਿਆ ਜਗਣ ਤੋਂ ਪਹਿਲਾਂ।

ਕਿੱਦਾਂ ਜਾਂਦਾ ਜਿੱਤ 'ਮੁਖ਼ਾਤਿਬ'
ਹਾਰ ਗਿਆ ਜੋ ਲੜਨ ਤੋਂ ਪਹਿਲਾਂ।

*****

ਹੁਣ ਮੈਂ ਕਿਸੇ ਨਾਲ ਗੱਲ ਨਹੀਂ ਕਰਦਾ
ਗੱਲ ਤਾਂ ਕੀ ਨਜ਼ਰ ਤਕ ਨਹੀਂ ਮਿਲਾਉਂਦਾ।

ਘਰ ਦਾ ਬੂਹਾ ਵੀ ਬੰਦ ਰੱਖਦਾ ਹਾਂ।

ਫਿਰ ਵੀ ਉਦਾਸੀ ਟੱਪ ਆਉਂਦੀ ਹੈ
ਦਹਿਲੀਜ਼ ਮੇਰੇ ਘਰ ਦੀ।

ਇਹ ਉਦਾਸੀ ਯਕੀਨਨ ਬਾਹਰ ਦੀ ਨਹੀਂ ਹੈ।

*****

ਮੈਂ ਉਸ ਤੋਂ ਕਾਫ਼ੀ ਵੱਡੀ ਹਾਂ
ਲਗਭਗ ਡਿਉਢੀ ਉਮਰ ਦੀ

ਉਹ ਮੈਨੂੰ ਨਾਓਂ ਲੈਕੇ ਬੁਲਾਉਂਦਾ ਏ
ਉਹ ਵੀ ਵੰਨ ਸੁਵੰਨੇ ਨਾਵਾਂ ਨਾਲ

ਮੈਨੂੰ ਵੀ ਚੰਗਾ ਲੱਗਦੈ 'ਤੇ ਮੈਂ ਮਹਿਸੂਸ ਕਰਨ ਲਗਦੀ ਹਾਂ
ਕਿ ਸੱਚਮੁੱਚ ਮੁਹੱਬਤ ਉਮਰਾਂ ਦੀ ਮੁਹਤਾਜ ਨਹੀਂ ਹੁੰਦੀ।

*****

## ਵਾਹਿਦ



ਕਿਸਮਤ ਦੀ ਹਿੱਕ ਵਿਚ ਵੀ ਵੱਜਣਾ ਪੈਣਾ ਸੀ।
ਆਖ਼ਰ ਇਸ ਤੋਂ ਅੱਗੇ ਲੰਘਣਾ ਪੈਣਾ ਸੀ।

ਮੇਰੇ ਕੰਨਾਂ ਨੂੰ ਸਨ ਮੁੰਦਰਾਂ ਤਾਂਘਦੀਆਂ,
ਮੈਨੂੰ ਅਪਣਾ ਗੋਰਖ ਲੱਭਣਾ ਪੈਣਾ ਸੀ।

ਖ਼ਾਕ ਸਮੇਂ ਦੀ ਅੰਬਰ ਕਰਨੀ ਪੈਣੀ ਸੀ।
ਉਸ 'ਚੋਂ ਫਿਰ ਤਾਰੇ ਜਿਉਂ ਟੁੱਟਣਾ ਪੈਣਾ ਸੀ।

ਅਹਿਸਾਸਾਂ-ਚਾਵਾਂ ਦੇ ਪੁੰਗਰਨ ਦੀ ਖ਼ਾਤਰ,
ਅੰਦਰੋਂ ਸਖ਼ਤਾਈ ਨੂੰ ਤਿੜਣਾ ਪੈਣਾ ਸੀ।

ਠੋਕਰ ਖਾ ਸਕਦੇ ਸਨ ਹੋਰ ਵੀ ਮੇਰੇ ਤੋਂ,
ਮੈਨੂੰ ਡਿੱਗੇ ਨੂੰ ਖ਼ੁਦ ਉਠਣਾ ਪੈਣਾ ਸੀ।

ਅਪਣੇ ਮੇਚ ਦੀ ਸੂਲੀ ਲੱਭਣੀ ਸੀ ਸਭ ਨੇ।
ਅਪਣੇ ਸੱਚ ਦਾ ਮਾਣ ਵੀ ਰੱਖਣਾ ਪੈਣਾ ਸੀ।

ਸਾਰਾ ਕਦ ਆਉਂਦਾ ਹੈ ਬੰਦਾ ਸ਼ਬਦਾਂ ਵਿਚ,
ਬਚਦੇ ਨੂੰ ਅੱਖਾਂ 'ਚੋਂ ਡੁੱਲਣਾ ਪੈਣਾ ਸੀ।

*****

ਵਕਤ ਜੇ ਸਾਜ਼ਸ਼ ਪਰੁੱਚੀ ਅੱਗ ਦਾ ਅਨੁਵਾਦ ਹੈ।
ਤਾਂ ਅਜੇ ਪਾਣੀ ਜਿਹੇ ਬੰਦਿਆਂ ਦੀ ਵੀ ਤਾਦਾਦ ਹੈ।

ਅੱਗ ਦੀ ਬਰਸਾਤ ਵਿਚ ਵੀ ਕੱਢ ਲਈਆਂ ਪੱਤੀਆਂ,
ਬਿਰਖ ਨੂੰ ਹਰ ਹਾਲ ਵਿਚ ਪੁੰਗਰਨ ਦਾ ਵਾਅਦਾ ਯਾਦ ਹੈ।

ਰੋਕ ਦਿੱਤੇ ਰਾਹ ਤੁਸੀਂ ਜੇ ਮੰਜ਼ਿਲਾਂ ਤੱਕ ਜਾਣ ਦੇ,
ਹੌਸਲਾ ਰਸਤੇ ਨਵੇਂ ਖੋਜਣ ਲਈ ਆਜ਼ਾਦ ਹੈ।

ਢਾਹਿਆਂ ਢਹਿਣੀ ਨਹੀਂ ਇਹ ਫੂਕਿਆਂ ਫੁਕਣੀ ਨਹੀਂ
ਦਿਲ 'ਚ ਬਸਤੀ ਜ਼ਿੰਦਗੀ ਦੇ ਚਾਵਾਂ ਦੀ ਆਬਾਦ ਹੈ।

ਪੈ ਵੀ ਸਕਦਾ ਦੀਵਿਆਂ ਨੂੰ ਜੁਗਨੂੰਆਂ ਜਿਉਂ ਉੱਡਣਾ,
ਨ੍ਹੇਰ ਦੀ ਟੱਕਰ 'ਚ ਖੜ੍ਹਨਾ ਜਿਊਣ ਦੀ ਬੁਨਿਆਦ ਹੈ

ਸਾਂਭ ਲਈਏ ਇਸ ਤੋਂ ਪਹਿਲਾਂ ਇਹ ਹਵਾ ਦੇਵੇ ਮਿਟਾ,
ਜਿਹੜੀਆਂ ਪੈੜਾਂ 'ਚ ਵੱਡੀਆਂ ਹਿੰਮਤਾਂ ਦੀ ਯਾਦ ਹੈ।

*****

ਲਹੂ 'ਚ ਰੰਜ ਨੇ ਕਰਵਟ ਕੋਈ ਲਈ ਕਿ ਨਹੀਂ।
ਤੇਰੀ ਜ਼ਮੀਰ ਨੂੰ ਤੇਰੀ ਇਹ ਚੁੱਪ ਚੁਭੀ ਕਿ ਨਹੀਂ।

ਇਹ ਬੋਧ ਬਿਰਖ ਤੋਂ ਅੱਗੇ ਹੈ ਹੁਣ ਸਲੀਬ ਕੋਈ,
ਕਿ ਜਿਸ 'ਤੇ ਪਰਖਣੀ ਸਿੱਖਿਆ ਖਰੀ ਹੈ ਵੀ ਕਿ ਨਹੀਂ।

ਇਹ ਸਲਤਨਤ ਹੈ ਬੜੀ ਤੰਗ, ਕਾਫੀਏ ਤੋਂ ਵੀ,
ਤੂੰ ਕੋਈ ਨਜ਼ਮ ਅਨਲ ਹੱਕ ਦੀ ਪੜ੍ਹੀ ਕਿ ਨਹੀ।
ਉਹ ਜੋ ਇਕ ਪਲ 'ਚ ਪਲਟ ਸਕਦੇ ਸੀ ਕਈ ਸਦੀਆਂ,
ਸਮੇਟੇ ਨੇ ਵਕਤ ਨੇ ਉਹ ਵੀ ਮਹਾਂਰਥੀ ਕਿ ਨਹੀਂ।

ਦਬੇ ਉਹ ਹੁਣ ਕਿਤੇ ਡੂੰਘੇ ਇਮਾਰਤਾਂ ਹੇਠਾਂ,
ਕਦੀ ਸੀ ਰੱਬ ਨੂੰ ਛੂੰਹਦੇ ਅਰਾਵਲੀ ਕਿ ਨਹੀਂ।
ਉਹ ਜੋ ਮਸੀਤ ਦੇ ਮਲਬੇ 'ਚ ਦੱਬ ਗਿਆ ਅੱਲਾਹ,
ਉਹਦੀ ਅਜ਼ਾਨ ਕਿਸੇ ਸੰਖ 'ਚੋਂ ਸੁਣੀ ਕਿ ਨਹੀਂ।

*****

ਮਿਟਾਉਣਾ ਖ਼ੁਦ ਨੂੰ ਆਪਣੇ ਆਪ ਦਾ ਵਿਸਥਾਰ ਵੀ ਕਰਨਾ।
ਕਿ ਰਹਿਣਾ ਦਾਇਰਿਆਂ ਵਿਚ ਵੀ ਤੇ ਉਸਨੂੰ ਪਿਆਰ ਵੀ ਕਰਨਾ।

ਜਿਵੇਂ ਪੱਤਣ ਰਵਾਇਤੀ ਨੇ ਤੇ ਪਾਣੀ ਇਸ਼ਕ ਵਿਚ ਭਿੱਜੇ,
ਉਦ੍ਹੇ ਵਿਚ ਡੁੱਬਣਾ ਵੀ ਹੈ ਤੇ ਉਸਨੂੰ ਪਾਰ ਵੀ ਕਰਨਾ।

ਰਹੇ ਜੇ ਹਾਂ 'ਚ ਹੀ ਇਉਂ ਹਿਲਦੇ ਤਾਂ ਇਹ ਸਿਰ ਨਹੀਂ ਰਹਿਣੇ,
ਆ ਜਾਵੇਂ ਮੇਰਿਆਂ ਲੋਕਾਂ ਨੂੰ ਹੁਣ ਇਨਕਾਰ ਵੀ ਕਰਨਾ।

ਰਹੇ ਅੱਖਾਂ ਹੀ ਵਿਚ ਜੇਕਰ ਤਾਂ ਡਰ ਨੇ ਜ਼ਹਿਰਵਾ ਦਾ ਵੀ,
ਜੋ ਬਿਹਤਰ ਜਿਊਣ ਦੇ ਨੇ ਖ਼ਾਬ ਉਹ ਸਕਾਰ ਵੀ ਕਰਨਾ।

ਮੇਰੇ ਇਸ ਜ਼ਹਿਨ ਖ਼ਾਤਰ ਵੈਦ ਨੇ ਇਉਂ ਸਾਜ਼ਸ਼ਾਂ ਰਚਦੇ.
ਦਵਾ ਦਾਰੂ ਵੀ ਕਰਨਾ ਤੇ ਇਹਨੂੰ ਬੀਮਾਰ ਵੀ ਕਰਨਾ।

ਇਹ ਦਿੱਲੀ ਬੇਦਿਲੀ ਹੈ ਜਿਸਦਾ ਮਕਸਦ ਹੈ ਕੁਝ ਏਦਾਂ ਦਾ,
ਕੋਈ ਵੀ ਵਿਹਲਾ ਨਈਂ ਛੱਡਣਾ ਅਤੇ ਬੇਕਾਰ ਵੀ ਕਰਨਾ।

*****

## ਵਰਿੰਦਰ ਕੌਰ (ਕੈਨੇਡਾ)

ਇਹ ਅਟੈਚੀ
ਮੇਰੀ ਵਰੀ ਵਾਲਾ ਸੀ।

ਮੈਂ ਜਹਾਜ਼ ਚੜ੍ਹਨ ਵੇਲੇ
ਆਪਣੀਆਂ ਕਿਤਾਬਾਂ
ਬਚਪਨ ਦੀਆਂ ਯਾਦਾਂ
ਸੋਹਣੇ ਸੂਟ, ਗਹਿਣੇ, ਚੂੜੀਆਂ, ਝਾਂਜਰਾਂ
ਰੀਝਾਂ ਉਮੀਦਾਂ ਤੇ ਸੁਪਨੇ
ਸਭ ਬੰਦ ਕਰ ਕੇ ਲਿਆਈ ਸੀ
ਤੇ ਇਹ ਸਭ ਬੰਦ ਹੀ ਰਹਿ ਗਿਆ

ਸੋਲਾਂ ਸਾਲ ਬੀਤ ਗਏ ਨੇ !
ਕਿਤਾਬਾਂ ਕੱਢੀਆਂ ਨੇ।
ਕਿਤਾਬਾਂ ਤੋਂ ਗਰਦ ਝਾੜਦਿਆਂ
ਮੇਰੇ ਜ਼ਿਹਨ ਤੋਂ ਗਰਦ ਝੜ ਰਹੀ ਆ
ਕਿਤਾਬ ਨੂੰ ਖੋਲ੍ਹਦੀ ਆਂ
ਪੰਨੇ ਪੀਲੇ ਪੈ ਗਏ ਨੇ
ਮੇਰੇ ਰੰਗ ਵਾਂਗੂੰ

ਕਿਤਾਬ ਪੜ੍ਹ ਕੇ
ਕਵਿਤਾ ਜਾਗੀ ਆ
ਮੈ ਜਾਗੀ ਆਂ
ਸੁਪਨੇ ਜਾਗੇ ਨੇ
ਹੰਝੂ ਵਹਿ ਤੁਰਦੇ ਨੇ
ਰੀਝਾਂ ਤੇ ਉਮੀਦਾਂ ਦੀ ਚਮਕ ਨਾਲ
ਮੇਰੀਆਂ ਅੱਖਾਂ ਚਮਕ ਗਈਆਂ ਨੇ

ਗੂੜੇ ਗੂੜੇ ਸੂਟ!!
ਇਹ ਸੂਟ
ਤਾਂ ਹੁਣ ਮੇਰੀ ਧੀ ਦੇ ਮੇਚ
ਆਉਣਗੇ ਨਹੀਂ!
ਮੈਂ ਇਹ ਸੂਟ ਮੇਰੀ ਧੀ ਨੂੰ ਨਹੀਂ ਦੇਣੇ।
ਤੇ ਨਾ ਇਹ ਗਹਿਣੇ, ਚੂੜੀਆਂ,
ਝਾਂਜਰਾਂ
ਦਫ਼ਨ ਕਰ ਦੇਣੇ ਨੇ
ਵਰੀ ਵਾਲੇ ਅਟੈਚੀ 'ਚ ਬੰਦ ਕਰਕੇ।



ਤੇ ਨਾਲ ਹੀ
ਦਫ਼ਨ ਕਰ ਦੇਣੀਆਂ
ਕੌੜੀਆਂ ਯਾਦਾਂ
ਗਿਲੇ-ਸ਼ਿਕਵੇ,ਰੋਸੇ !

ਮੈਂ ਮੇਰੀ ਧੀ ਨੂੰ ਦੇਵਾਂਗੀ
ਇਹ ਕਿਤਾਬਾਂ
ਤਾਂ ਕਿ ਉਹ ਜਾਗਦੀ ਰਵੇ
ਉਹਦੀ ਕਵਿਤਾ ਜਾਗਦੀ ਰਵੇ
ਉਹਦੇ ਸੁਪਨੇਂ ਜਾਗਦੇ ਰਹਿਣ !!!

### ਕਸਵੱਟੀ

ਜਦੋਂ ਚੱਪਾ ਕੁ ਚਾਨਣ
ਲੈ ਕੇ ਤੁਰੀ ਸੀ
ਪਤਾ ਸੀ
ਵਾਟ ਲੰਬੀ ਆ!
ਸਮਾਜ ਦੀ ਖੋਖਲੀ ਕਸਵੱਟੀ
ਤੇ ਬੰਧਨਾਂ ਨੂੰ
ਅਲਵਿਦਾ ਕਹਿੰਦਿਆਂ
ਤੇ ਉਹਦੀ ਦੇਹਲੀ ਟੱਪਦਿਆਂ
ਬਹੁਤ ਡਰ ਲੱਗਾ ਸੀ

ਸਦਾ
ਬੇਗਾਨੀ ਰਹੀ
ਮੈਂ ਉਸ ਦੇਹਲੀ ਲਈ
ਕੁੰਡੇ ਦੀ ਅਰਲ ਖੋਲ੍ਹਦਿਆਂ
ਉਹਦੀ ਦੀ ਚੂੰ ਚੂੰ,ਘੂੰ ਘੂੰ
ਤੇ ਮੇਰੀ ਹੌਕਿਆਂ ਦੀ ਆਵਾਜ਼
ਇੱਕ ਮਿੱਕ ਹੋ ਗਈ ਸੀ

ਪਰ
ਮੇਰੇ ਕੰਨਾਂ 'ਚ
ਮੈਨੂੰ ਵਿਦਾ ਕਰਨ ਵੇਲੇ
ਉਹਨੂੰ ਪੱਲਾ ਫੜਾਉਂਦਿਆਂ
ਹੱਥ ਫੜ ਕੇ ਦੇਹਲੀ ਪਾਰ
ਕਰਾਉਂਦਿਆਂ
ਮੇਰੇ ਬਾਬਲ ਦੇ ਹਾਉਕੇ ਗੂੰਜੇ

ਤੇ ਮੈਂ
ਜ਼ਿੰਦਗੀ ਜਿਉਣ ਦੇ ਸੁਪਨੇ ਦਾ ਹੱਥ ਤੇ
ਸਿਦਕ ਦਾ ਪੱਲਾ ਫੜ
ਆਪਣੇ ਕੰਨ ਲਪੇਟ ਕੇ ਤੁਰ ਪਈ

ਹਨੇਰੀ ਰਾਤ 'ਚ ਕੁੱਤੇ
ਭੌਂਕ ਭੌਂਕ ਕੇ ਹੋਰ ਡਰਾਉਂਦੇ ਰਹੇ

ਉਨੀਂਦਰੀਆਂ, ਲਾਲ,
ਸੁੱਜੀਆਂ ਅੱਖਾਂ 'ਚ
ਇੱਕੋ ਸੁਪਨਾ
ਆਪਣੀ ਜ਼ਿੰਦਗੀ ਦਾ
ਕੁਝ ਕਰ ਗੁਜ਼ਰਨ ਦਾ
ਆਪਣਾ ਦਰ
ਆਪਣਾ ਦਰਵਾਜ਼ਾ
ਆਪਣਾ ਕੁੰਡਾ
ਆਪਣੀ ਕਸਵੱਟੀ

ਤੇ ਫਿਰ ਪਲਕ ਝਪਕਦੇ ਹੀ
ਕਾਇਨਾਤ ਨੇ
ਆਪਣੀ ਸੂਹੀ ਸਵੇਰ ਨਾਲ
ਸਵਾਗਤ ਕੀਤਾ
ਉਸ ਸਵੇਰ
ਚਾਵਾਂ ਭਰੀ ਅੰਗੜਾਈ ਲਈ ਸੀ!
*****

# ਵਿਰਕ ਪੁਸ਼ਪਿੰਦਰ



ਜਿਉਂ ਜਿਉਂ
ਉਧੜਦੇ ਗਏ
ਪਰਤ ਦਰ ਪਰਤ ਚਿਹਰੇ
ਮੇਰਾ ਨਜ਼ਰੀਆ ਸਾਫ਼ ਹੁੰਦਾ ਗਿਆ
ਪਰ ਦਿਲ ਛਣਨੀ ਹੁੰਦਾ ਰਿਹਾ!
*****

ਪਿਆਰੇ ਬੱਚਿਓ
ਇੱਧਰ ਆਓ
ਗੱਲ ਸੁਣੋ

ਤੇ ਜਾਓ
ਸਾਰੀ ਗਲੀ ਦੇ ਘਰਾਂ ਦੀਆਂ
ਘੰਟੀਆਂ ਵਜਾਓ
ਸਾਰੇ ਸ਼ਹਿਰ ਦੇ ਘਰਾਂ ਦੀਆਂ
ਘੰਟੀਆਂ ਵਜਾਓ
ਸਾਰੀ ਮਹਾਂਨਗਰੀ ਦੇ ਘਰਾਂ ਤੇ
ਫਲੈਟਾਂ ਦੀਆਂ ਘੰਟੀਆਂ ਵਜਾਓ

ਜਗਾਓ ਇਸ ਸ਼ਹਿਰੀ ਸੱਭਿਅਤਾ ਨੂੰ
ਜੋ ਤੁਹਾਨੂੰ ਉਂਗਲ ਫੜ੍ਹ
ਸਕੂਲ
ਟਿਊਸ਼ਨ
ਅਕੈਡਮੀ
ਤੇ ਕਦੇ ਲਾਈਵ ਕਲਾਸ ਵਿੱਚ
ਬਿਠਾ ਦਿੰਦੀ

ਜੋ ਟੀ.ਵੀ ਸਕਰੀਨ ਦੀ
ਚਾਟ ਉੱਤੇ ਲਾ
ਤੁਹਾਡੇ ਮੂੰਹ ਵਿੱਚ
ਬਰੈਡ ਪੀਜ਼ਾ ਸੈਂਡਵਿਚ ਦੇ
ਨਾਮ ਉੱਤੇ ਠੂਸੀ ਜਾਂਦੀ
ਫਰਿੱਜਾਂ ਦਾ ਬੇਹਾ ਖਾਣਾ

ਜੋ ਦੇਸੀ ਘਿਓ ਦੇ
ਪਰੌਂਠਿਆਂ ਦੀ ਥਾਂ
ਰਿਫਾਇੰਡ ਨਾਲ਼ ਚੋਪੜ
ਇੱਕ ਪਰੌਂਠੀ ਦੇ
ਤੁਹਾਨੂੰ ਵਾਰ ਵਾਰ
ਸਿਹਤ ਸਬੰਧੀ ਸੁਚੇਤ ਕਰਦੀ
ਉਠਾ ਦਿੰਦੀ ਹੈ ਡਾਇਨਿੰਗ ਟੇਬਲਾਂ ਤੋਂ

ਜਾਓ ਘੰਟੀ ਮਾਰ ਕੇ ਦਿਖਾਓ
ਇਸ ਸੱਭਿਅਤਾ ਦੇ ਸੁਪਨਿਆਂ
ਨਾਲ਼ ਭਰੀਆਂ
ਆਪਣੀਆਂ ਬੁਝੀਆਂ ਤੇ
ਉਦਾਸੀਨ ਅੱਖਾਂ ਪੂਰੇ ਜਹਾਨ ਨੂੰ
ਜਿਨ੍ਹਾਂ ਨੇ ਕਦੇ ਅਸਮਾਨ
ਨਹੀਂ ਤੱਕਿਆ

ਦਿਖਾਓ ਆਪਣਾ ਤਿਉੜੀਆਂ
ਭਰਿਆ ਮੱਥਾ
ਜੋ ਮਨੁੱਖੀ ਔਰਗਨਜ਼ ਨੂੰ ਰੱਟਦਾ
ਸੁੰਗੜ ਗਿਆ

ਦਿਖਾਓ ਆਪਣੀਆਂ
ਪੇਤਲੀਆਂ ਲੱਤਾਂ
ਜੋ ਮੋਬਾਇਲ ਦੀ ਸਕਰੀਨ 'ਤੇ
ਸਾਰਾ ਦਿਨ ਦਿਮਾਗੀ ਘੋੜੇ
ਭਜਾਉਂਦੀਆਂ

ਆਓ ਬੱਚਿਓ ਆਓ
ਘਬਰਾਓ ਨਾ
ਘੰਟੀਆਂ ਵਜਾ ਭੱਜਿਓ ਨਾ
ਦਿਖਾਓ ਆਪਣੇ ਬੁੱਢੇ ਚਿਹਰੇ
ਇਸ ਸ਼ਹਿਰੀ ਸੱਭਿਆਚਾਰ ਨੂੰ
ਜੋ ਤੁਹਾਡੇ ਉੱਚੀ ਹੱਸਣ ਬੋਲਣ ਨੱਚਣ
ਕੁੱਦਣ ਨੂੰ
ਨਕਾਰ ਰਿਹਾ ਹੈ ਪੇਂਡੂ ਤੇ
ਅਸੱਭਿਅਕ ਕਹਿ

ਇਹ ਸ਼ਹਿਰੀਕਰਣ
ਮਿੱਟੀ ਦੇ ਢੇਰਾਂ ਉੱਤੇ
ਮਨ ਮਸਤੀਆਂ ਕਰਨ ਦੀ ਬਜਾਏ
ਤੁਹਾਡਾ ਕੰਨ ਫੜ੍ਹ
ਕਿਸੇ ਵੀਲ਼ ਚੇਅਰ ਉੱਤੇ
ਸਟੈਚੂ ਬਣਿਆਂ ਦੇਖਣਾ ਚਾਹੁੰਦਾ

ਆਓ ਬੱਚਿਓ
ਮਾਰ ਕੇ ਪਿੱਠੂ ਵਾਲੀ ਖਿੱਦੋ
ਭੰਨੋਂ ਇਨ੍ਹਾਂ ਹਨ੍ਹੇਰੇ
ਕੋਠੀਆਂ ਦੇ ਸ਼ੀਸ਼ੇ
ਜਿੱਥੇ ਸਮਾਨ ਤਾਂ ਹੈ ਪਿਆ
ਤਰਤੀਬ ਵਿੱਚ
ਪਰ ਮਨੁੱਖੀ ਸੰਵੇਦਨਾ
ਡਰੀ ਸਹਿਮੀ ਲੁਕੀ ਹੈ
ਪਰਦਿਆਂ ਤੇ ਦਰਵਾਜ਼ਿਆਂ ਦੇ ਪਿੱਛੇ

ਆਓ ਬੱਚਿਓ ਆਓ
ਮੋਰ ਘੁੱਗੀਆਂ ਉਡਾਓ
ਜੁਗਨੂਆਂ ਦੇ ਪਿੱਛੇ ਭੱਜੋ
ਚੀਕ ਚੰਘਿਆੜਾ ਪਾਓ
ਤੇ ਇਸ ਸੁੱਤੇ ਅਵਾਮ ਨੂੰ ਜਗਾਓ।
ਆਓ ਬੱਚਿਓ ਆਓ!
*****

## ਸ਼ੁਭਕਿਰਨ

### ਕਾਨੇ ਦੀ ਤਕਦੀਰ

ਕਾਨੇ ਨੂੰ ਜਦ ਟਹਿਣੀ ਲੱਗੀ
ਲੋਕਾਂ ਲੱਖਾਂ ਤਾਹਨੇ ਮਾਰੇ,
ਇਹਨੇ ਕੀ ਕਰ ਲੈਣਾ ਵਧ ਕੇ
ਧਰਤੀ ਉਪੱਰ ਪਾਏ ਖਿਲਾਰੇ,
ਨਾ ਕੁਨਬਾ , ਨਾ ਹੁਸਨ ਤੇ ਰੁਤਬਾ,
ਨਾ ਜੱਚਦੀ ਨਾ ਮਿਲਦੀ ਰਲਦੀ,
ਪੱਤਾ, ਫਲ , ਫੁੱਲ, ਮਹਿਕ ਵਿਹੂਣੀ,
ਬਸ ਚੁੱਲਿਆਂ ਦੇ ਵਿੱਚ ਬਲਦੀ,
ਟਹਿਣੀ ਹੱਸੀ , ਚਹਿਕੀ ,ਬੋਲੀ,
ਜਦ ਗਈ ਮੈਂ ਛਾਂਗੀ ,ਛਿੱਲੀ,
ਜਦ ਮੇਰੀ ਨਬਜ਼ ਘਾੜੇ ਨੇ ਟੋਲੀ,
ਫੇਰ ਕੌਣ ਉਡਾਵੇ ਖਿੱਲੀ,
ਨਾਲ ਸਿਆਹੀ ਲੁੱਡੀਆਂ ਪਾਵਾਂ,
ਬਣ ਕਲਮ ਮੈਂ ਨਿੱਖਰਾਂ ਸੱਜਾਂ,
ਸੂਰਜ ਚਾਨਣ ਮੱਠਾ ਪੈ ਜਾਵੇ
ਕਾਗਜ਼ ਦੇ ਨਾਲ ਬਾਹਲ਼ੀ ਫੱਬਾਂ,
ਜੇ ਮੈਂ ਆਵਾਂ ਹੱਥ ਬੁੱਲੇ ਦੇ,
ਰੂਹਾਂ ਨੂੰ ਵੀ ਰੰਗ ਵਿੱਚ ਰੰਗਾਂ,
ਜੇ ਹੱਥ ਆਵਾਂ ਮੁਨਸਫ ਵੱਡੇ,
ਮਿੰਟਾਂ ਦੇ ਵਿੱਚ ਸੂਲੀ ਟੰਗਾਂ,
ਖੇਡ ਨਹੀਂ ਇਹ ਜਨਮ ਰੂਪ ਦੀ,
ਖੇਡ ਕੰਮ , ਕਰਮ, ਤਦਬੀਰਾਂ,
ਤਿੱਖੇ ਜਿੰਨਾ ਸੂਲ ਹੰਢਾਏ,
ਉਹਨਾਂ ਕਰਮਾਂ ਸੰਗ ਤਕਦੀਰਾਂ...

*****

ਸਾਨੂੰ ਭਾਂਬੜ ਵਾਂਗ ਮਚਾ ਕੇ
ਦਿਲ ਜ਼ਾਲਿਮ ਦਾ ਰੱਜਿਆ ਕਿ ਨਾ
ਦਸ ਇਸ਼ਕ ਦੀਏ ਬਲਦੀਏ ਅੱਗੇ
ਸੇਕ ਸੱਜਣ ਨੂੰ ਲੱਗਿਆ ਕਿ ਨਾ

ਸਾਨੂੰ ਪੀੜਾਂ ਡਾਢੀਆਂ ਦੇ ਕੇ
ਭੈੜਾ ਪੁੱਛਦਾ ਹਾਲ ਫਿਰੇ
ਹਰ ਸਾਹ ਦੇ ਵਿੱਚ ਚੀਸਾਂ ਉੱਠਣ



ਪਿਆਰ ਦੇ ਘੇਰੇ ਗਏ ਘਿਰੇ
ਸਾਡੇ ਨੈਣੀਂ ਦਰਿਆ ਪਏ ਵਗਦੇ
ਇੱਕ ਹੰਝੂ ਯਾਰ ਦਾ ਵੱਗਿਆ ਕਿ ਨਾ
ਦਸ ਇਸ਼ਕ ਦੀਏ ਬਲਦੀਏ ਅੱਗੇ
ਸੇਕ ਸੱਜਣ ਨੂੰ ਲੱਗਿਆ ਕਿ ਨਾ

ਉਸਦੇ ਗਲ ਲੱਗਣ ਦੀ ਖਾਤਿਰ
ਵਿੱਚ ਤਵੀਤ ਵੀ ਮੱੜ੍ਹੇ ਗਏ
ਛੂਹ ਉਂਗਲਾਂ ਦੀ ਪਾਵਣ ਖਾਤਿਰ
ਵਿੱਚ ਮੁੰਦਰੀ ਵਾਂਗ ਨਗ ਜੜੇ ਗਏ
ਬੇਚੈਨ ਜਿਹੇ ਇਸ ਮੁੱਖ ਸਾਡੇ ਨੇ
ਦਿਲ ਚੰਨ ਸੋਹਣੇ ਦਾ ਠੱਗਿਆ ਕਿ ਨਾ
ਦਸ ਇਸ਼ਕ ਦੀਏ ਬਲਦੀਏ ਅੱਗੇ
ਸੇਕ ਸੱਜਣ ਨੂੰ ਲੱਗਿਆ ਕਿ ਨਾ......

### ਮੈਂ ਕਵਿਤਾ

ਜ਼ਹਾਨਤ ਦੀ ਬੇਟੀ
ਮੈਂ ਹੁਨਰਾਂ ਨੇ ਪਾਲੀ
ਮੈਂ ਭਾਸ਼ਾ ਦੀ ਵਾਰਸ
ਬੈਠੀ ਵਿਰਸਾ ਸੰਭਾਲੀ
ਮੈਂ ਵਾਰਾਂ 'ਚੋਂ ਗਾਉਂਦੀ
ਕਦੀ ਕਿੱਸਿਆਂ 'ਚੋਂ ਹੱਸਦੀ
ਮੈਨੂੰ ਸਾਰੇ ਨੇ ਚਾਹੁੰਦੇ
ਮੈਂ ਰੂਹਾਂ ਵਿੱਚ ਵੱਸਦੀ
ਮੇਰੇ ਅਣਖੀ ਨੇ ਰਾਖੇ
ਮੇਰੇ ਸਿਰੜੀ ਜਿਹੇ ਬੱਚੇ
ਮੈਂ ਸੂਝਾਂ ਨੇ ਸਿਰਜੀ
ਮੇਰੇ ਮਸਲੇ ਨੇ ਸੱਚੇ
ਮੇਰੇ ਸਾਹਾਂ ਚ ਮਹਿਕਾਂ
ਨਾ ਝੁੱਕਦੀ ...ਨਿਊਂਦੀ
ਮੇਰੇ ਜੁੱਸੇ ਵਿੱਚ ਜਜ਼ਬਾ
ਮੈਂ ਕਵਿਤਾ ਜਿਉਂਦੀ

### ਤੂੰ ਤੇ 'ਮੈਂ

ਮੇਰੀ 'ਮੈਂ' ਨੂੰ ਮਾਰ ਹਲੂਣਾ,
ਤੇਰੀ 'ਮੈਂ' ਨੇ ਆਣ ਜਗਾਇਆ
ਮੇਰੀ 'ਮੈਂ' ਕੋਈ ਘੱਟ ਨਹੀਂ ਸੀ,
ਤੇਰੀ 'ਮੈਂ' ਨੂੰ ਜਾ ਵਿਖਾਇਆ,
ਮੇਰੀ 'ਮੈਂ' ਤੇ ਤੇਰੀ 'ਮੈਂ' ਫੇਰ
ਆਪੋ ਦੇ ਵਿੱਚ ਭਿੜੀਆਂ ਲੜੀਆਂ,
ਲੀਰੋ ਲੀਰ ਮੁਹੱਬਤਾਂ ਕਰ ਕੇ
ਹਿਜਰਾਂ ਦੇ ਵਿੱਚ ਦੋਵੇਂ ਸੜੀਆਂ,
ਰੂਹ ਅੰਦਰ ਤੱਕ ਗਈ ਵਲੂੰਧੀ,
ਫੱਟਾਂ ਅੰਦਰ ਦਿਲ ਦੇ ਲੱਗੀਆਂ,
ਵਿੰਨਿਆ ਰੂਹ ਦਾ ਕੋਨਾ ਕੋਨਾ,
ਗੁੱਝੀਆਂ ਸੱਟਾਂ ਸੀਨੇ ਵੱਜੀਆਂ,
ਕਿੰਨੀਆਂ ਚੀਸਾਂ ਉੱਠੀਆਂ ਅੰਦਰ,
ਤੈਨੂੰ ਤੇਰੀ 'ਮੈਂ' ਪਿਆਰੀ,
ਜਰੀਆਂ ਵੀ ਨਾ ਜਾਵਣ ਚਸਕਾਂ,
ਮੈਨੂੰ ਮੇਰੀ 'ਮੈਂ' ਦੁਲਾਰੀ,
ਹਓਮੈ ਦੇ ਨਾਲ ਭਰਿਆ ਅੰਦਰ,
ਸੰਗ ਲਾਡਾਂ ਦੇ 'ਮੈਂ' ਮੈਂ ਪਾਲੀ,
ਅਣਖਾਂ ਦੇ ਨਾਲ ਵੱਡੀ ਕੀਤੀ,
ਤੂੰ ਵੀ ਤੇਰੀ 'ਮੈਂ' ਸੰਭਾਲੀ,

ਵਿੱਚ ਸੁਫ਼ਨੇ ਮੇਰੇ ਸੂਰਜ ਆਇਆ
ਕਰ ਚਾਨਣ ਹਰ ਰਾਹ ਵਿਖਾਇਆ,
ਮੈਂ ਤੇਰੀ 'ਮੈਂ' ਨੂੰ ਲਾਡ ਲਡਾਵਾਂ,
ਚੁੱਕ ਕੰਧਾੜੇ ਨਿੱਤ ਖਿਡਾਵਾਂ,
ਮੇਰੀ 'ਮੈਂ' ਦਾ ਰਾਖਾ ਹੋ ਜਾਵੇਂ,
ਮੇਰੀ 'ਮੈਂ' ਨੂੰ ਮਸਤਕ ਸਜਾਵੇਂ,
ਫੇਰ ਤੇਰੀ ਮੇਰੀ 'ਮੈਂ' ਵੀ ਰਾਜ਼ੀ,
ਤੂੰ ਰਾਜ਼ੀ ਤੇ ਮੈਂ ਵੀ ਰਾਜ਼ੀ।

*****



## ਸਮਸ਼ੇਰ ਔਜਲਾ

ਇਹ ਕੈਸੀ ਮੈਰਾਥਨ ਹੈ
ਜਿਸ ’ਚ ਸਾਰਾ ਸ਼ਹਿਰ ਸ਼ਾਮਿਲ ਹੈ।

ਮੰਜ਼ਿਲ ਕੋਈ ਨਹੀਂ ਫਿਨਿਸ਼ ਪੁਆਇੰਟ
ਕਿਤੇ ਨਹੀ
ਨਾ ਜਿੱਤ ਹਾਰ ਦਾ ਅਹਿਸਾਸ ਕੋਈ,

ਕਿਤੇ ਨਹੀਂ ਪਹੁੰਚੇਗਾ ਕੋਈ ਕੀ?
ਇੰਜ ਹੀ ਆਖਰੀ ਸਾਹ ਤੱਕ
ਹਫਦਾ ਰਹੇਗਾ
ਟਰੇਡ ਮਿੱਲ ਤੇ ਦੌੜਦਾ ਸ਼ਹਿਰ।

*****

ਪੇਟ ਦੀ ਅਗਨ ’ਚ ਧਰਮ ਦਾ ਝੋਕਾ ਦੇ
ਲਾਲਸਾਵਾਂ ਨੂੰ ਨਿੱਘ ਦੇਣ ਵਾਲਿਓ
ਤੁਸੀ ਨਾ ਅਤੀਤ ਸਾਂਭ ਸਕਦੇ ਹੋ
ਨਾ ਭਵਿੱਖ ’ਚ ਕੋਈ ਦੀਪ ਜਲਾ ਸਕਦੇ ਹੋ

ਲਾਲ ਸਿੰਘ ਦੀ ਭਟਕਦੀ ਰੂਹ
ਰਕਤਬੀਜ ਬਣ ਉੱਗ ਆਈ ਚਾਹੁੰਦੀ ਹੈ
ਉਹਨੂੰ ਬਘੇਲ ਸਿੰਘ ਦਾ ਰੁਤਬਾ ਮਿਲੇ

ਧਰਤੀ ਚਰਦਾ ਵੱਗ
ਆ ਖਲੋਤਾ ਹੈ ਕਣਕਾਂ ਦੇ ਵੰਨਿਆਂ ’ਤੇ
ਅਸੀਂ ਘੁੱਟ ਕੇ ਫੜ ਲਈ ਹੈ
ਹੱਥ ਵਿਚਲੀ ਡਾਂਗ
ਮੁਰਦਾਰ ਖਾਣੀਆਂ ਗਿੱਰਝਾਂ ਦੀ ਆਸ ਜਾਗੀ
ਚੁੰਜਾਂ ਨਾਲ ਉਚੇੜ ਰਹੀਆਂ ਨੇ
ਸਾਡੇ ਪਿੰਡੇ ਤੇ ਉੱਗ ਆਇਆ ਇਤਿਹਾਸ ਦਾ ਨਾਸੂਰ

ਕੁਰਸੀਆਂ ਨੂੰ ਲੱਗੇ ਪਿਲਪਿਲੇ ਮਾਸ ’ਚ ਹਰਕਤ ਹੋਈ
ਚਿਰਾਂ ਤੋਂ ਦਿੰਦਾ ਰਿਹੈ ਵੱਗ ਨੂੰ
ਨਿਲਾਮੀ ਦੀਆਂ ਔਂਟੀਆਂ ਭੁੱਲ ਜਾਂਦੈ ਕਿ ਨਿਲਾਮ
ਸੜਕਾਂ ਤੇ ਜ਼ਮੀਨਾਂ ਹੀ ਨਹੀ
ਕੁਰਸੀਆਂ ਵੀ ਹੋ ਸਕਦੀਆਂ ਨੇ
ਕਾਠ ਦੀ ਰੋਟੀ ਖਾਣ ਵਾਲੇ ਘਰਾਂ ’ਚੋ ਨਿਕਲ ਤੁਰੇ ਨੇ
ਉਹ ਇਸ ਵੱਗ ਨੂੰ ਮੁਲਕ ਦੀਆਂ ਜੂਹਾਂ ਟਪਾ ਦੇਣਗੇ

*****

## ਕਮਲ ਸਰਾਵਾਂ



### ਸੁਣ ਨੀ ਕੁੜੀਏ

ਸੁਣ ਨੀ ਕੁੜੀਏ ਚੰਨ ਵਰਗੀਏ,
ਹਾਲੇ ਤਿਤਲੀਆਂ ਫੜ੍ਹਿਆ ਕਰ ਤੂੰ,
ਧਿਆਨ ਲਗਾ ਕੇ ਪੜ੍ਹਿਆ ਕਰ ਤੂੰ,
ਆਪਣੇ ਸੰਦਲੀ ਨੈਣਾਂ ਦੇ ਨਾਲ,
ਢੇਰਾਂ ਖ਼ਾਬ ਸਜਾਇਆ ਕਰ।
ਵਕਤ ਕੱਢ ਕੇ ਆਪਣੀ ਮਾਂ ਨਾਲ,
ਘਰ ਦਾ ਕੰਮ ਕਰਾਇਆ ਕਰ।
ਬਿਰਹਾ ਦਾ ਸੁਲਤਾਨ ਹੈ ਉਹ ਤਾਂ,
ਸ਼ਿਵ ਦੀ ਪੁਸਤਕ ਅਜੇ ਨਾ ਪੜ੍ਹਨਾ।
ਰਸਤੇ ਸਭੇ ਰਕੀਬੇ-ਆਬਰੂ,
ਰਾਹਾਂ ਦੇ ਵਿੱਚ ਕਦੀ ਨਾ ਖੜ੍ਹਨਾ।
ਪਿਆਰ ਮੁਹੱਬਤ ਦਾ ਕੀ ਸੱਚ ਹੈ,
ਹਾਲੇ ਤੈਨੂੰ ਖ਼ਬਰ ਨਹੀਂ।
ਜੇਹੜੀ ਸੱਚ ਤੇ ਝੂਠ ਪਛਾਣੇਂ,
ਤੇਰੇ ਕੋਲ ਉਹ ਨਜ਼ਰ ਨਹੀਂ।
ਵਸਦੇ ਬਹੁਤ ਦਰਿੰਦੇ ਏਥੇ,
ਦੁਨੀਆਂ ਏਹ ਇਨਸਾਨਾਂ ਦੀ।
ਨਿੱਤ ਉੱਠਦੀ ਏ ਲਾਸ਼, ਕਿਸੇ
ਮਾਸੂਮ ਦਿਆਂ ਅਰਮਾਨਾਂ ਦੀ।
ਆਪਣੀ ਨਰਮ ਹਥੇਲੀ ਉੱਤੇ,
ਕਿਸੇ ਦਾ ਵੀ ਤੂੰ ਨਾਮ ਨਾ ਲਿਖਣਾ।
ਏਸ ਰੰਗੀਨੀਆਂ ਪੌਣਾਂ ਉੱਤੇ,
ਕਿਸੇ ਦੇ ਨਾਂ ਪੈਗਾਮ ਨਾ ਲਿਖਣਾ।
ਫੁੱਲ ਗੁਲਾਬੀ ਰੱਖੀਂ ਨਾ ਤੂੰ,
ਹਾਲੇ ਏਹਨਾਂ ਕਿਤਾਬਾਂ ਦੇ ਵਿੱਚ।
ਹਾਲੇ ਗੁੰਮ ਹੋਈਂ ਨਾ ਕੁੜੀਏ,
ਕਿਸੇ ਦੇ ਖਿਆਲਾਂ ਖ਼ਾਬਾਂ ਦੇ ਵਿੱਚ।
ਹਾਲੇ ਰੱਖ ਸੰਭਾਲ ਕੇ ਖੁਦ ਨੂੰ,
ਹਾਲੇ ਨਾ ਤੂੰ ਗੁਣਗੁਣਾਅ।
ਹੁਣੇ ਤੋਂ ਸੋਚ ਮੁਹੱਬਤ ਨਾ ਤੂੰ,
ਹਾਲੇ ਸਭ ਕੁਝ ਭੁੱਲ ਹੀ ਜਾਅ।
ਹਾਲੇ ਤੇਰੀ ਉਮਰ ਹੈ ਬਾਕੀ।
ਸੁਣ ਨੀ ਕੁੜੀਏ ਚੰਨ ਵਰਗੀਏ...।

# ਸ਼ਹਿਬਾਜ਼ ਖਾਨ

## ਪ੍ਰੇਮ

ਤੁਸੀਂ ਤੋੜ ਦਿੰਦੇ ਹੋ ਫੁੱਲ
ਰਾਹ ਚੱਲਦਿਆਂ ਕਿਸੇ ਟਾਹਣੀ ਨਾਲੋਂ
ਵਾਲਾਂ ਵਿੱਚ ਟੰਗਣ ਲਈ

ਮਾਰ ਦਿੰਦੇ ਹੋ ਮੋਰ
ਆਪਣੇ ਘਰ ਵਿੱਚ ਮੋਰ ਪੰਖ ਦੀਆਂ
ਪੱਖੀਆਂ ਸਜਾਉਣ ਲਈ


ਰੁੱਖਾਂ ਨੂੰ ਬਣਾ ਦਿੰਦੇ ਹੋ ਬੋਨਸਾਈ
ਤੇ ਬੌਣੇ ਬਣਾ ਦਿੰਦੇ ਹੋ ਆਪਣਾ ਮੇਜ਼
ਸੋਹਣਾ ਬਣਾਉਣ ਲਈਕ

ਕਰਦੇ ਹੋ ਪੰਛੀਆਂ ਨੂੰ ਕੈਦ
ਉਹਨਾਂ ਨੂੰ ਰੰਗਵਾ ਕੇ
ਕੁਤਰ ਕੇ ਉਹਨਾਂ ਦੇ ਪਰ
ਭਾਂਤ ਭਾਂਤ ਦੇ ਤਮਾਸ਼ੇ ਕਰਵਾਉਂਦੇ ਹੋ

ਇਹ ਫੁੱਲ, ਮੋਰ, ਬੂਟਾ
ਜਾਂ ਕੋਈ ਬੇਜ਼ੁਬਾਨ ਪੰਛੀ ਨਹੀਂ
ਇਹ ਪ੍ਰੇਮ ਹੈ
ਨਾ ਤੋੜੋ ਇਸਨੂੰ ਮਹਿਕਣ ਦਿਓ
ਪਰਵਾਜ਼ ਲਾਉਣ ਦਿਓ ਉੱਚੀ
ਫੁੱਟਣ ਦਿਓ ਇਸਦੀਆਂ ਕਰੂੰਬਲਾਂ
ਚੀਂ ਚੀਂ ਕਰਨ ਦਿਓ ਇਸਨੂੰ।

## ਖ਼ਿਆਲ ਦੀ ਮੌਤ...

ਸ਼ਾਮ ਦਾ ਵੇਲਾ
ਲਾਲ ਸੁਰਖ਼ ਸੂਰਜ
ਆਲ੍ਹਣਿਆਂ ਵੱਲ ਨੂੰ
ਪਰਤ ਰਹੇ ਪੰਛੀ
ਟਾਵਾਂ ਟਾਵਾਂ ਕੇਸਰੀ ਬੱਦਲ



ਠੰਡੀ ਹਵਾ ਰੁਮਕ ਰਹੀ
ਫੁੱਲਾਂ ਦੇ ਚਿਹਰੇ ਉੱਤੇ ਸ਼ਰਮ
ਪਾਣੀ ਦੀ ਕਲ ਕਲ ਆਵਾਜ਼
ਮੇਰੇ ਖ਼ਿਆਲ ਵਿੱਚ ਸੁੰਦਰ ਕਵਿਤਾ
ਸ਼ਬਦਾਂ ਨੇ ਦਸਤਕ ਦਿੱਤੀ
ਮੈਂ ਕਲਮ ਚੁੱਕੀ...

ਪਤਾ ਨਹੀਂ ਕਿੱਥੋਂ ਗੋਲੀ ਚੱਲੀ
ਪੰਛੀ ਚੀਕੇ
ਸੂਰਜ ਛੁਪ ਗਿਆ
ਫੁੱਲਾਂ ਦੇ ਚਿਹਰੇ ਮੁਰਝਾਏ
ਪਾਣੀ ਦੀ ਕਲ ਕਲ ਖ਼ਾਮੋਸ਼
ਠੰਡੀ ਹਵਾ ਦਾ ਸੰਗੀਤ ਬੰਦ
ਅਤੇ ਕਵਿਤਾ?
ਪਤਾ ਨਹੀਂ ਕਵਿਤਾ ਵੀ
ਉਹਨਾਂ ਪੰਛੀਆਂ ਨਾਲ
ਕਿੱਥੇ ਉਡਾਰੀ ਮਾਰ ਗਈ
ਕਲਮ ਸਿਆਹੀ ਵਿੱਚ ਡੁੱਬੀ
ਤੜਪ ਰਹੀ ਸੀ ਮੇਰੇ ਖ਼ਿਆਲ ਦੀ
ਮੌਤ ਹੋ ਚੁੱਕੀ ਸੀ...

## ਸ਼ਬਦ ਪਾਂਧੀ...

ਮੇਰੇ ਸ਼ਬਦ
ਕਦੋਂ ਦੇ ਤੁਰੇ ਸਨ ਤੇਰੇ ਵੱਲ
ਪਰ ਤੂੰ ਦੂਰ ਸੀ
ਬਹੁਤ ਸਮਾਂ ਲੱਗ ਗਿਆ
ਮੇਰੇ ਇਹਨਾਂ ਕੋਮਲ ਜਿਹੇ
ਸ਼ਬਦਾਂ ਨੂੰ ਤੇਰੇ ਤੱਕ ਪਹੁੰਚਣ ਵਿੱਚ
ਕੁੱਝ ਰਸਤੇ ਵਿੱਚ ਹੀ ਥੱਕ ਗਏ
ਕੁੱਝ ਮੁੜ ਗਏ ਏਨੀ ਵਾਟ ਦੇਖ ਕੇ
ਕੁੱਝ ਭਟਕ ਗਏ
ਚੁਰਸਤਿਆਂ ਨੂੰ ਦੇਖ ਕੇ
ਕੁੱਝ ਨੇ ਤਾਂ ਅੱਗੇ ਤੁਰਨਾ ਹੀ
ਮੁਨਾਸਿਬ ਨਹੀਂ ਸਮਝਿਆ
ਬੱਸ ਮੇਰੇ ਜੋ ਕੁੱਝ ਸ਼ਬਦ
ਤੇਰੇ ਕੋਲ ਪਹੁੰਚੇ
ਭੁੱਖੇ ਪਿਆਸੇ ਥੱਕੇ ਹਾਰੇ
ਅੱਖਾਂ ਵਿੱਚ ਤੈਨੂੰ
ਮਿਲਣ ਦੀ ਤਾਂਘ ਲਏ
ਜਿਹਨਾਂ ਨੇ ਆ ਕੇ
ਤੇਰੇ ਮਨ ਮੰਦਰ ਦਾ ਦਰ
ਖੜਕਾਇਆ
ਅਤੇ ਤੂੰ ਉਹਨਾਂ ਸ਼ਬਦਾਂ ਨੂੰ
ਅਦਬ ਨਾਲ ਆਪਣੇ
ਅੰਦਰ ਵਸਾਇਆ
ਉਹੀ ਸ਼ਬਦ ਮੇਰੀ
ਕਵਿਤਾ ਬਣ ਗਏ
ਉਹੀ ਸ਼ਬਦ ਮੇਰੀ
ਦੁਆ ਬਣ ਗਏ
ਉਹੀ ਸ਼ਬਦ ਤੇਰੇ ਅਤੇ
ਮੇਰੇ ਵਿਚਕਾਰ
ਦੂਰੀ ਨੂੰ ਖ਼ਤਮ ਕਰ ਗਏ
ਇਹਨਾਂ ਸ਼ਬਦਾਂ ਦੇ
ਲਿਆਂਦੇ ਸੁਨੇਹੇ ਨੂੰ
ਤੂੰ ਜ਼ਰੂਰ ਸੁਣੀਂ
ਨਿੱਕੇ ਨਿੱਕੇ ਇਹ ਪਾਂਧੀ
ਬਹੁਤ ਲੰਬਾ ਸਫ਼ਰ
ਕਰਕੇ ਆਏ ਨੇ।
*****

## ਸ਼ਾਇਰ ਭੱਟੀ



### ਗ਼ਜ਼ਲ

ਉਦ੍ਹੀ ਇਹ ਗੱਲ ਜਰ ਕੇ ਵੇਖ ਲੈਂਦੇ ਹਾਂ।
ਤਮਾਸ਼ਾ ਇਹ ਵੀ ਕਰ ਕੇ ਵੇਖ ਲੈਂਦੇ ਹਾਂ।

ਤਜ਼ੁਰਬਾ ਇਹ ਵੀ ਕਰ ਕੇ ਵੇਖ ਲੈਂਦੇ ਹਾਂ,
ਕਿ ਉਸ ਕਾਤਲ 'ਤੇ ਮਰ ਕੇ ਵੇਖ ਲੈਂਦੇ ਹਾਂ।

ਮਿਲੇ ਉਸ ਪਾਰ ਨੀਂਦਾਂ ਦਾ ਲੁਟੇਰਾ ਜੇ,
ਨਦੀ ਇਸ਼ਕੇ ਦੀ ਤਰ ਕੇ ਵੇਖ ਲੈਂਦੇ ਹਾਂ।

ਕੁਆਰੇ ਚਾਅ ਜਿਹਾ ਬਣ ਕੇ ਕੋਈ ਸੁਫ਼ਨਾ,
ਉਦ੍ਹੇ ਨੈਣਾਂ 'ਚ ਤਰ ਕੇ ਵੇਖ ਲੈਂਦੇ ਹਾਂ।

ਸਦਾ ਜਿੱਤੇ ਹਾਂ ਦਿਲਬਰ ਤੋਂ ਅਸੀਂ ਬਾਜ਼ੀ,
ਚਲੋ ਇਸ ਵਾਰ ਹਰ ਕੇ ਵੇਖ ਲੈਂਦੇ ਹਾਂ।

ਤੂੰ ਆਖੇ ਤਾਂ ਅਸੀਂ ਤੇਰੀ ਖੁਸ਼ੀ ਖ਼ਾਤਰ,
ਤਲੀ 'ਤੇ ਜਾਨ ਧਰ ਕੇ ਵੇਖ ਲੈਂਦੇ ਹਾਂ।

ਜੇ ਰੋਇਆਂ ਤੋਂ ਘਟੇਗਾ ਬੋਝ ਦਰਦਾਂ ਦਾ,
ਚਲੋ ਨੈਣਾਂ ਨੂੰ ਭਰ ਕੇ ਵੇਖ ਲੈਂਦੇ ਹਾਂ।

ਜ਼ਰੀ ਉਸ ਨੇ ਅਸਾਂ ਦੀ ਗੱਲ ਸਾਰੀ ਹੀ,
ਕਦੇ ਉਸ ਦੀ ਵੀ ਜ਼ਰ ਕੇ ਵੇਖ ਲੈਂਦੇ ਹਾਂ।

ਉਹ ਵੀ ਸ਼ਾਇਦ ਉਡੀਕਾਂ ਕਰ ਰਿਹਾ ਹੋਣੈਂ,
ਉਦ੍ਹੇ ਘਰ ਪੈਰ ਧਰ ਕੇ ਵੇਖ ਲੈਂਦੇ ਹਾਂ।

ਬਿਨਾਂ ਸੱਜਣਾਂ ਗੁਜ਼ਾਰਾ ਉਂਝ ਤਾਂ ਔਖਾ ਹੈ,
ਕਿਹਾ ਉਸ ਨੇ ਜੋ ਕਰ ਕੇ ਵੇਖ ਲੈਂਦੇ ਹਾਂ।

ਉਹ ਸੁੱਕਾ ਬਿਰਖ਼ ਜੇ ਹੋਵੇ ਹਰਾ ਫਿਰ ਤੋਂ,
ਚਲੋਂ ਮੀਹ ਵਾਂਗ ਵ੍ਹਰ ਕੇ ਵੇਖ ਲੈਂਦੇ ਹਾਂ।

### ਜਾਨ ਗਵਾ ਕੇ...

ਜਿੱਥੇ ਕੋਈ ਹੁੰਦਾ ਅਪਣੇ ਵੱਲ ਨਹੀਂ।
ਉੱਥੇ ਹੁੰਦੀ ਮੁਸ਼ਕਿਲ ਕੋਈ ਹੱਲ ਨਹੀਂ।

ਮਿਹਨਤ ਸਦਕਾ ਮੰਜ਼ਿਲ ਨੂੰ ਸਰ ਕਰਦੈ ਜੋ,
ਮੰਦਰ ਜਾ ਕੇ ਉਹ ਖੜਕਾਉਂਦਾ ਟੱਲ ਨਹੀਂ।

ਮਜ਼੍ਹਬਾਂ ਤੇ ਜਾਤਾਂ ਦੇ ਏਥੇ ਮੁੱਦੇ ਦਾ,
ਜਾਨ ਗਵਾ ਕੇ ਹੁੰਦਾ ਕੋਈ ਹੱਲ ਨਹੀਂ।

ਲਾਰੇ ਲਾਉਣ 'ਚ ਹੋ ਜਾਂਦਾ ਹੈ,ਮਾਹਿਰ ਜੋ,
ਉਸ ਦੀ ਵੇਖੀ ਆਉਂਦੀ ਕਿਧਰੇ ਕੱਲ੍ਹ ਨਹੀਂ।

ਉਹ ਨਾ ਲਟਕੇ ਮਹਿਰਮ ਖ਼ਾਤਰ ਸੂਲੀ 'ਤੇ,
ਜਿਸ ਅੰਦਰ 'ਮਨਸੂਰ' ਜਿਹਾ ਇੱਕ ਝੱਲ ਨਹੀਂ।

ਕਰ ਕੇ ਹੇਰਾ ਫੇਰੀ ਬਾਜ਼ੀ ਜਿੱਤੇ ਜੋ,
ਮੱਲ ਅਖਾੜੇ ਦਾ ਉਹ ਹੁੰਦਾ ਮੱਲ ਨਹੀਂ।

ਦਿਲਬਰ ਨੂੰ ਜੋ ਨਾਲ ਲਹੂ ਦੇ ਲਿਖਿਆ ਸੀ ,
ਮੈਥੋਂ ਉਹ ਖਤ ਹੁੰਦਾ ਉਸ ਨੂੰ ਘੱਲ ਨਹੀਂ।

ਮੈਦਾਨੀ ਉਹ ਸਿੱਧੇ ਲੜਦੇ ਹੱਕ ਲਈ,
ਸ਼ੇਰਾਂ ਪਾਈ ਗਿੱਦੜਾਂ ਵਾਲੀ ਖੱਲ ਨਹੀਂ।

ਹੱਡ ਪਸ਼ੂਆਂ ਦੇ ਏਥੇ ਵੇਚੇ ਜਾਂਦੇ ਨੇ,
ਇਨਸਾਨਾਂ ਦੀ ਵਿਕਦੀ ਏਥੇ ਖੱਲ ਨਹੀਂ।

ਅੰਤਾਂ ਤੀਕ ਰਹੇਗਾ ਜਜ਼ਬਾ ਨੇਕ ਮੇਰਾ ,
ਇਹ ਸਾਗਰ ਚੋਂ ਉੱਠੀ ਕੋਈ ਛੱਲ ਨਹੀਂ।

ਸੋਹਬਤ ਬਹੁਤ ਜ਼ਰੂਰੀ ਹੈ ਉਸਤਾਦਾਂ ਦੀ,
ਬਿਨ ਉਸਤਾਦਾਂ ਹੁੰਦਾ ਅੱਗੇ ਚੱਲ ਨਹੀਂ।

*****

ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ॥
(ਸਿਰੀਰਾਗੁ ਮ: ੫ ਗੁ.ਗ੍ਰੰ.ਸ.ਅੰਗ ੫੦)

ਇਸ ਸੰਸਾਰ ਤੋਂ ਸਭ ਨੇ ਚਲੇ ਜਾਣਾ ਹੈ ਪਰ ਕੁਝ ਖਾਸ ਸ਼ਖ਼ਸੀਅਤਾ ਦੇ ਨਾਮ ਨਾਲ ਹੀ ਸ਼ਹੀਦ ਲਗਦਾ ਹੈ। ਸਿੱਖ ਧਰਮ ਨੂੰ ਸੰਸਾਰ ਦੇ ਬਾਕੀ ਧਰਮਾਂ ਵਿਚੋਂ ਇਕ ਅਜਿਹਾ ਧਰਮ ਹੋਣ ਦਾ ਮਾਣ ਪ੍ਰਾਪਤ ਹੈ, ਜਿਸਦੇ ਅਸੂਲਾਂ ਨੇ ਅਜਿਹੇ ਪੂਰਨ ਮਨੁੱਖ ਨੂੰ ਸਿਰਜਿਆ, ਜਿਸ ਨੇ ਸਵੈ ਭਾਵਨਾ ਤੋਂ ਉੱਪਰ ਉੱਠ ਕੇ ਪਰਉਪਕਾਰੀ ਭਾਵਨਾ ਲਈ ਕੁਰਬਾਨੀ ਨੂੰ "ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ "[1] ਕਰਕੇ ਜਾਣਿਆ। ਕੁਰਬਾਨੀ ਵਿਚ ਜੀਵਨ ਦਾ ਬੀਜ ਹੁੰਦਾ ਹੈ। ਪਵਿੱਤਰ ਕੁਰਬਾਨੀ ਕੌਮਾਂ ਨੂੰ ਜ਼ਿੰਦਾ ਕਰ ਦਿੰਦੀ ਹੈ। ਅਜਿਹੀ ਕੁਰਬਾਨੀ 'ਸ਼ਹੀਦ' ਹੀ ਕਰ ਸਕਦੇ ਹਨ। 'ਸ਼ਹੀਦ' ਅਰਬੀ ਭਾਸ਼ਾ ਦੇ ਸ਼ਬਦ 'ਤੁਸ਼ਾਹਦ' ਤੋਂ ਬਣਿਆ ਹੈ, ਇਸਦੇ ਅਰਥ ਹਨ "ਗਵਾਹੀ ਦੇਣਾ। "[2] ਮਹਾਨ ਕੋਸ਼ ਅਨੁਸਾਰ 'ਸ਼ਹੀਦ' ਦੇ ਅਰਥ "ਸ਼ਹਾਦਤ ਦੇਣ ਵਾਲਾ, ਗਵਾਹ, ਸਾਕੀ (ਸਾਖੀ), ਅਜੇਹਾ ਕੰਮ ਕਰਨ ਵਾਲਾ ਜਿਸ ਦੀ ਲੋਕ ਸਾਖੀ ਦੇਣ, ਧਰਮਯੁੱਧ ਵਿਚ ਜੀਵਨ ਅਰਪਨ ਕਰਨਾ"[3] ਹੈ। 'ਸ਼ਹੀਦ' ਗਵਾਹੀ ਦੇਣ ਵਾਲਾ ਅਤੇ ਉਸ ਦੁਆਰਾ ਦਿੱਤੀ ਗਈ ਗਵਾਹੀ 'ਸ਼ਹਾਦਤ' ਅਖਵਾਉਂਦੀ ਹੈ। ਸ਼ਹਾਦਤ ਸ਼ਬਦ ਦੇ ਅਰਥ ਅਰਬੀ ਭਾਸ਼ਾ ਵਿਚ ਗਵਾਹੀ ਹਨ। ਪੰਜਾਬ ਦੀ ਧਰਤੀ ਉੱਪਰ ਇਸ ਸ਼ਬਦ ਦੀ ਆਮਦ ਇਸਲਾਮਿਕ ਪਰੰਪਰਾ ਦੀ ਆਮਦ ਨਾਲ ਹੀ ਹੋਈ ਹੈ। ਮਹਾਨ ਕੋਸ਼ ਅਨੁਸਾਰ 'ਸ਼ਹਾਦਤ' ਦੇ ਅਰਥ "ਸੱਚੀ ਗਵਾਹੀ ਦੇਣਾ"[4] ਹੈ।

ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ, "ਕਿਸੇ ਧਰਮ ਜਾਂ ਸਮਾਜ ਵਿਚ ਜਦੋਂ ਅਤਿਆਚਾਰ ਸਿਖ਼ਰ 'ਤੇ ਪਹੁੰਚ ਜਾਂਦਾ ਹੈ ਤਦੋਂ ਸਭਿਆਚਾਰ ਦੀ ਸਥਾਪਨਾ ਲਈ ਕੋਈ ਯੁੱਗ ਪੁਰਸ਼ ਆਪਣੀ ਸਰੀਰਕ ਅਹੂਤੀ ਦਿੰਦਾ ਹੈ, ਇਸ ਸਾਰੀ ਪ੍ਰਕਿਰਿਆ ਨੂੰ ਸ਼ਹਾਦਤ ਦਾ ਨਾਂ ਦਿੱਤਾ ਗਿਆ। "[5] ਸਿੱਖ ਧਰਮ ਵਿਚ ਸ਼ਹਾਦਤ ਦੇ ਅਰਥ ਸਾਮੀ ਧਰਮਾਂ ਨਾਲੋਂ ਵੱਖਰੀ ਕਿਸਮ ਦੇ ਹਨ। ਬਾਕੀ ਧਰਮਾਂ ਵਿਚ ਸ਼ਹੀਦ ਹੋਣ ਵਾਲੇ ਨੂੰ ਜ਼ਿੰਦਗੀ ਜਿਊਣ ਦਾ ਮੌਕਾ ਨਹੀਂ ਦਿੱਤਾ ਜਾਂਦਾ, ਜਿਵੇਂ ਈਸਾ ਮਸੀਹ ਨੂੰ ਸਜ਼ਾ ਦੇਣਾ ਫੁਰਮਾਨ ਜ਼ਾਰੀ ਕਰ ਕੇ ਤੁਰੰਤ ਸ਼ਹੀਦ ਕਰ ਦਿੱਤਾ ਗਿਆ ਜਾਂ ਹਜ਼ਰਤ ਮੁਹੰਮਦ ਦੇ ਦੋਹਤਰੇ ਅਲ-ਹੁਸੈਨ ਇਬਨ ਅਲੀ ਨੂੰ ਕਰਬਲਾ ਦੀ ਜੰਗ ਵਿਚ ਸ਼ਹੀਦ ਕਰ ਦਿੱਤਾ ਗਿਆ। ਇਸੇ ਤਰ੍ਹਾਂ ਸੂਫ਼ੀ ਸੰਤ ਮਨਸੂਰ ਅਤੇ ਤਬਰੇਜ਼ ਵਰਗੇ ਫਕੀਰਾਂ ਨਾਲ ਕੀਤਾ ਗਿਆ। ਇਹਨਾਂ ਸ਼ਹੀਦਾਂ ਵਿਚ ਜ਼ਿੰਦਗੀ ਜਿਊਣ ਦਾ ਕੋਈ ਦਰਵਾਜ਼ਾ ਨਹੀਂ ਸੀ। 'ਸ਼ਹਾਦਤ' ਕਤਲ ਦਾ ਫਤਵਾ ਸੀ ਉਹਨਾਂ ਵਾਸਤੇ। ਪਰ ਸਿੱਖ ਧਰਮ ਵਿਚ ਅਜਿਹਾ ਨਹੀਂ ਹੈ। ਸਿੱਖ ਧਰਮ ਦੇ 'ਸ਼੍ਰੋਮਣੀ ਸ਼ਹੀਦ' ਜਾਂ 'ਸ਼ਹੀਦਾਂ ਦੇ ਸਿਰਤਾਜ਼' ਗੁਰੂ ਅਰਜਨ ਦੇਵ ਜੀ ਨੂੰ ਕਿਹਾ ਗਿਆ ਹੈ। ਸ਼ਹੀਦ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਵੀ ਹੋਏ ਸਨ ਪਰੰਤੂ 'ਸ਼ਹੀਦਾਂ ਦੇ ਸਿਰਤਾਜ਼' ਜਾਂ 'ਸ਼੍ਰੋਮਣੀ ਸ਼ਹੀਦ' ਸਿਰਫ਼ ਉਹਨਾਂ ਦੇ ਨਾਮ ਨਾਲ ਹੀ ਲੱਗਦਾ ਹੈ ਜਿਸਦਾ ਕਾਰਨ ਇਹ ਹੈ ਕਿ ਪਹਿਲੀ ਵਾਰ ਸਿਰਫ਼ ਉਹਨਾਂ ਸਾਹਮਣੇ ਜ਼ਿੰਦਗੀ ਜਾਂ ਮੌਤ ਨੂੰ ਚੁਣਨ ਲਈ ਕਿਹਾ ਗਿਆ "ਸਿੱਖ ਧਰਮ ਵਿਚ ਸ਼ਹੀਦ ਹੋਣ ਵਾਲੇ ਨੂੰ ਜਿਊਣ ਦਾ ਮੌਕਾ ਦਿੱਤਾ ਜਾਂਦਾ ਰਿਹਾ ਹੈ ਤਾਂ ਜੋ ਉਹ ਆਪਣੀ ਜ਼ਮੀਰ ਦੀ ਆਵਾਜ਼ ਨੂੰ ਦੱਬ ਕੇ ਜ਼ੁਲਮ ਕਰਨ ਵਾਲੇ ਦੇ ਹੱਕ ਵਿਚ ਖੜ੍ਹੋ ਜਾਵੇ। "[6] ਪਰੰਤੂ ਗੁਰੂ ਅਰਜਨ ਦੇਵ ਜੀ ਨੇ ਅਜਿਹਾ ਕਰਨ ਨਾਲੋਂ ਮੌਤ ਨੂੰ ਰੱਬੀ ਭਾਣਾ ਸਮਝ ਕੇ ਅਪਣਾਇਆ। ਗੁਰੂ ਅਰਜਨ ਦੇਵ ਜੀ ਦੇ ਜੀਵਨ, ਬਾਣੀ ਤੇ ਸ਼ਹਾਦਤ ਦਾ ਰੰਗ ਬੜ੍ਹਾ ਵਿਲੱਖਣ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਉਹਨਾਂ ਤੱਤਾਂ ਨੂੰ ਸਾਹਮਣੇ ਲਿਆਉਂਦੀ ਹੈ, ਜਿਹੜੇ ਤੱਤ ਮਿਲ ਕੇ ਇਕ ਸ਼ਹੀਦ ਦੀ ਸ਼ਖ਼ਸੀਅਤ ਤੇ ਵਿਅਕਤਿਤਵ ਨੂੰ ਸਿਰਜਨ ਵਿਚ ਸਹਾਈ ਹੁੰਦੇ ਹਨ। ਬਾਣੀ ਅਨੁਸਾਰ ਸਿੱਖ ਧਰਮ ਨੂੰ ਮੰਨਣ ਵਾਲੇ ਵਿਚ ਇਹ ਜ਼ਜ਼ਬਾ ਹੋਣਾ ਚਾਹੀਦਾ ਹੈ ਕਿ ਉਹ ਆਪਣਾ ਆਪਾ ਪਰਮਾਤਮਾ ਅੱਗੇ ਵਾਰਨ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹੇ। ਇਕ ਸ਼ਹੀਦ ਜ਼ਮੀਰ ਨੂੰ ਮਾਰਨ ਨਾਲੋਂ ਸਰੀਰ ਨੂੰ ਮਾਰਨ ਵਿਚ ਪਹਿਲ ਕਰਦੇ ਹਨ। ਉਹ ਮੌਤ ਨੂੰ ਪਰਵਾਨ ਕਰਦਾ ਹੈ ਅਤੇ ਜੀਊਣ ਦੀ ਆਸ ਲਾਹ ਕੇ ਸਭਨਾਂ ਜੀਵਾਂ ਦੀ ਚਰਨ-ਧੂੜ ਹੋ ਜਾਂਦਾ ਹੈ:-

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ॥
(ਮਾਰੂ ਵਾਰ ਮ: ੫ ਗੁ.ਗ੍ਰੰ.ਸ.ਅੰਗ ੧੧੦੨)

ਸਿੱਖੀ ਮਾਰਗ ਸਖ਼ਤ ਹੈ ਕਿਉਂਕਿ ਇਹ ਕੁਰਬਾਨੀ ਮੰਗਦਾ ਹੈ। ਇਹ ਕੁਰਬਾਨੀ ਹਉਮੈ ਦਾ ਤਿਆਗ ਕਰਨਾ, ਆਤਮ ਸਮਰਪਨ ਅਤੇ ਉਸ ਸਭ ਕੁਝ ਨੂੰ ਛੱਡਣਾ ਹੈ ਜੋ ਕਿਸੇ ਦੇ ਪਾਸ ਹੈ ਜਿਵੇਂ ਸਰੀਰ, ਬਿਬੇਕ ਅਤੇ ਧਨ। ਮਹਾਨ ਕੋਸ਼ ਅਨੁਸਾਰ 'ਆਤਮ ਸਮਰਪਨ' ਸ਼ਬਦ ਦੋ ਸ਼ਬਦਾਂ 'ਆਤਮ' ਅਤੇ 'ਸਮਰਪਨ' ਦੇ ਮੇਲ ਤੋਂ ਬਣਿਆ ਹੈ। 'ਆਤਮਾ ਦਾ ਅਰਥ ਹੈ, "ਦੇਹ, ਸਰੀਰ, ਆਪਣਾ ਆਪ"[7] ਅਤੇ 'ਸਮਰਪਨ' ਦਾ ਅਰਥ ਹੈ, "ਅਰਪਣ ਕਰਨਾ ਸਪੁਰਦ ਕਰਨਾ, ਭੇਟਾ ਚੜ੍ਹਾਉਣਾ"[8]। ਸੋ ਆਤਮ ਸਮਰਪਨ ਦਾ ਅਰਥ ਹੈ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਦੇਣਾ ਜਾਂ ਆਪਣੇ ਸਰੀਰ ਨੂੰ ਪਰਮਾਤਮਾ ਅੱਗੇ ਭੇਟ ਕਰ ਦੇਣਾ। ਗੁਰੂ ਅਰਜਨ ਦੇਵ ਜੀ ਨੇ ਹੇਠ ਲਿਖੇ ਸ਼ਬਦ ਇਸ ਮੁਕਾਮ ਤੇ ਪਹੁੰਚ ਕੇ ਹੀ ਫੁਰਮਾਏ ਹਨ:-

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥
(ਮਾਰੂ ਵਾਰ ਮ: ੫ ਗੁ.ਗ੍ਰੰ.ਸ. ਅੰਗ-੧੦੯੪)

ਭਾਣਾ ਮੰਨਣਾ ਇਕ ਪੂਰਨ ਮਨੁੱਖ ਦਾ ਅਸੂਲ ਹੈ। "ਭਾਣਾ, ਸਿਰ ਪਈ ਅੱਗੇ ਗੋਡੇ ਟੇਕਨਾ ਨਹੀਂ ਹੈ, ਸਥਿਤੀ ਨਾਲ ਸਮਝੌਤਾ ਵੀ ਨਹੀਂ ਹੈ ਅਤੇ ਅਸਮਰੱਥਤਾ 'ਤੇ ਪਰਦਾ ਪਾਉਣਾ ਵੀ ਨਹੀਂ ਹੈ ਕਿਉਂਕਿ ਭਾਣੇ ਦਾ ਸਿੱਖ-ਪ੍ਰਸੰਗ ਸੱਚ ਨੂੰ ਹੰਡਾਉਣ ਦੀ ਯੋਗਤਾ ਹੈ, ਵਿਰਾਸਤੀ ਸੰਭਾਲ ਦੀ ਸਮਰੱਥਾ ਹੈ ਅਤੇ ਅਕਾਲ-ਪੁਰਖ ਦੀ ਰਜ਼ਾ ਨਾਲ ਨਿਭ ਜਾਣ ਦੀ ਬਚਨਬੱਧਤਾ ਹੈ।"[9] ਭਾਣਾ ਮੰਨਣ ਵਾਲੇ ਨੂੰ ਕਿਸੇ ਤਰ੍ਹਾਂ ਦੀ ਚਿੰਤਾ ਨਹੀਂ ਵਿਆਪਦੀ ਜਿਵੇਂ:-

ਜਿਨਿ ਹਰਿ ਭਾਣਾ ਮੰਨਿਆ ਤਿਸੁ ਸੋਗੁ ਨ ਸੰਤਾਪੈ॥
(ਮਾਰੂ ਵਾਰ ਮ:੫ ਗੁ.ਗ੍ਰੰ.ਸ. ਅੰਗ-੧੦੯੭)

ਕਿਸੇ ਵੀ ਮਨੁੱਖ ਹਿਤੈਸ਼ੀ ਲਖਸ਼ ਲਈ ਦਿੱਤੀ ਕੁਰਬਾਨੀ ਸ਼ਹਾਦਤ ਹੁੰਦੀ ਹੈ। ਇਸ ਸ਼ਹਾਦਤ ਪਿੱਛੇ ਕੰਮ ਕਰ ਰਹੀ ਚੇਤੰਨਤਾ ਇੰਨੀ ਵਿਸ਼ਾਲ ਹੁੰਦੀ ਹੈ ਕਿ ਇਹ ਸਮੁੱਚੇ ਬ੍ਰਹਿਮੰਡ ਦੇ ਜੀਵਨ ਨੂੰ ਕਲਾਵੇ ਵਿਚ ਲੈ ਲੈਂਦੀ ਹੈ ਅਤੇ ਜੋ ਕੁਝ ਸਿਰਜਨਾ ਵਿਚ ਹੈ, ਸਭ ਨੂੰ ਇਕ ਭਰਾਤਰੀਅਤਾ ਕਰਕੇ ਜਾਣਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਭਰਾਤਰੀਅਤਾ ਦੀ ਭਾਵਨਾ ਨੂੰ ਜਗਾਉਂਦੀ ਹੈ ਅਤੇ ਹਰ ਇਕ ਵਿਚ ਉਸ ਪਰਮਾਤਮਾ ਨੂੰ ਰਮਿਆ ਹੋਇਆ ਦੱਸਦੀ ਹੈ, ਜਿਸਦਾ ਅਮਲੀ ਸਬੂਤ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ। ਜਿਸ ਵਿਚ ਗੁਰੂਆਂ ਤੋਂ ਇਲਾਵਾ ਹੋਰਨਾਂ ਸੰਤਾਂ-ਭਗਤਾਂ ਦੀ ਬਾਣੀ ਦਰਜ ਕਰਕੇ ਗੁਰੂ ਅਰਜਨ ਦੇਣ ਜੀ ਨੇ ਉਹਨਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਹਮ ਆਸਣ ਕਰ ਲਿਆ। ਪਰਮਾਤਮਾ ਦੀ ਹੋਂਦ ਬਾਰੇ ਬਾਣੀ ਵਿਚ ਕਿਹਾ ਗਿਆ ਹੈ:-

ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ॥
ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ॥
(ਮਾਰੂ ਵਾਰ ਮ:੫ ਗੁ.ਗ੍ਰੰ.ਸ. ਅੰਗ-੧੧੦੧)

ਸ਼ਹਾਦਤ ਪਾਉਣ ਵਾਲੀ ਸ਼ਖ਼ਸੀਅਤ ਵਿਚ ਆਤਮ-ਵਿਸ਼ਵਾਸ ਦਾ ਗੁਣ ਹੋਣਾ ਜ਼ਰੂਰੀ ਹੈ । ਉਸਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਉਸ ਦੁਆਰਾ ਕੀਤਾ ਜਾ ਰਿਹਾ ਕਾਰਜ ਇਨਸਾਨੀਅਤ ਲਈ ਘਾਤਕ ਨਹੀਂ ਹੋਵੇਗਾ। ਲੋਕਾਈ ਵਿਚ ਵੈਰ ਅਤੇ ਈਰਖਾ ਨਹੀਂ ਵਧਾਵੇਗਾ। ਗੁਰੂ ਅਰਜਨ ਦੇਵ ਜੀ ਦੀ ਬਾਣੀ ਕੋਈ ਅਜਿਹੀ ਸਿਖਿਆ ਨਹੀਂ ਦਿੰਦੀ ਜੋ ਇਨਸਾਨੀਅਤ ਲਈ ਘਾਤਕ ਹੋਵੇ ਜਾਂ ਫਿਰ ਵੈਰ ਤੇ ਈਰਖਾ ਦੀ ਭਾਵਨਾ ਨੂੰ ਬੜ੍ਹਾਵਾ ਦਵੇ।

ਕੁਰਬਾਨੀ ਵਿਚ ਅਕਥਨੀਯ, ਅਤੋਲਵੀਂ ਅਤੇ ਅਮਿਟਵੀਂ ਸ਼ਕਤੀ ਹੁੰਦੀ ਹੈ। ਨੇਕੀ, ਪਰਉਪਕਾਰ, ਕੁਰਬਾਨੀ ਜਾਂ ਸ਼ਹਾਦਤ ਤਾਂ ਹੀ ਕੀਤੀ ਜਾ ਸਕਦੀ ਹੈ, ਜੇਕਰ ਕਸ਼ਟ ਬਰਦਾਸ਼ਤ ਕੀਤੇ ਜਾਣ। ਬੀਜ ਮਿੱਟੀ ਵਿਚ ਮਿਲ ਜਾਂਦਾ ਹੈ ਤਦ ਹੀ ਫਲ ਤੇ ਬੂਟੇ ਪੈਦਾ ਹੁੰਦੇ ਹਨ। ਉਹ ਸ਼ਹਾਦਤ ਹੀ ਕੀ ਹੋਈ ਜਿਸ ਵਿਚ ਮੁਸੀਬਤਾਂ ਦਾ ਟਾਕਰਾ ਨਾ ਕੀਤਾ ਜਾਵੇ ਪਰੰਤੂ ਪਰਮਾਤਮਾ ਦੇ ਦਰਸ ਮਿਲਾਪ ਤੇ ਸੱਚੇ ਮਾਰਗ ਤੇ ਚੱਲਣ ਲਈ ਆਪਾ ਨਿਛਾਵਰ ਕਰਨ ਲਈ ਤਤਪਰ ਰਹਿਣਾ ਮੁਢਲੀ ਸ਼ਰਤ ਹੈ। ਇਸ ਨੂੰ ਗੁਰੂ ਅਰਜਨ ਦੇਵ ਜੀ ਗੰਨੇ ਦੀ ਉਦਾਹਰਣ ਰਾਹੀਂ ਸਮਝਾਉਂਦੇ ਹਨ ਕਿ ਬਾਰ-ਬਾਰ ਪੀੜੇ ਜਾਣ ਤੇ ਵੀ ਗੰਨੇ ਦੀ ਮਿਠਾਸ ਮੁਕਦੀ ਨਹੀਂ:-

ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ॥
ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ॥
(ਮਾਰੂ ਵਾਰ ਮ:੫ ਗੁ.ਗ੍ਰੰ.ਸ. ਅੰਗ-੨੫੧)

ਸ਼ਹਾਦਤ ਪਾਉਣ ਵਾਲੀ ਮਹਾਨ ਸ਼ਖ਼ਸੀਅਤ ਕਦੇ ਵੀ ਮੌਤ ਤੋਂ ਨਹੀਂ ਡਰਦੀ ਕਿਉਂਕਿ ਉਸ ਪੂਰਨ ਮਨੁੱਖ ਨੂੰ

ਪਤਾ ਹੈ ਕਿ ਮੌਤ ਅਟੱਲ ਹੈ ਜਿਸਨੂੰ ਟਾਲਿਆ ਨਹੀਂ ਜਾ ਸਕਦਾ। ਸ੍ਰਿਸ਼ਟੀ ਉੱਪਰ ਪੈਦਾ ਹੋਈ ਹਰ ਚੀਜ਼ ਦਾ ਨਾਸ ਹੋ ਜਾਣਾ ਹੈ। ਕੁਝ ਵੀ ਥਿਰ ਨਹੀਂ ਹੈ। ਰਾਜੇ, ਧਨੀ, ਅਮੀਰ, ਸਰਦਾਰ, ਕੰਗਾਲ, ਧਨਾਢ, ਗਰੀਬ, ਮਸਤ-ਮਲੰਗ, ਕਾਜ਼ੀ, ਸ਼ੇਖ, ਪੀਰ, ਪੈਗੰਬਰ, ਰੋਜ਼ਾ ਰੱਖਣ ਵਾਲੇ, ਬਾਂਗ ਦੇਣ ਵਾਲੇ, ਨਮਾਜ਼ ਪੜ੍ਹਨ ਵਾਲੇ ਸਭ ਨੇ ਚਲੇ ਜਾਣਾ ਹੈ।

ਸ਼ਹਾਦਤ ਕਿਸੇ ਇਕ ਧਰਮ ਲਈ ਨਹੀਂ ਦਿੱਤੀ ਜਾਂਦੀ ਕਿਉਂਕਿ ਸ਼ਹਾਦਤ ਪਾਉਣ ਵਾਲੀ ਸ਼ਖ਼ਸੀਅਤ ਸਾਂਝੀਵਾਲਤਾ, ਧਾਰਮਿਕ ਸਹਿਨਸ਼ੀਲਤਾ, ਸਰਬੱਤ ਦੇ ਭਲੇ ਅਤੇ ਮਨੁੱਖਤਾਵਾਦੀ ਦੇ ਸਿਧਾਂਤ ਦੀ ਸਮਰੱਥਕ ਹੁੰਦੀ ਹੈ। ਇਹ ਸਿਧਾਂਤ ਧਾਰਮਿਕ ਕੱਟੜਵਾਦ ਅਤੇ ਕਰਮਕਾਂਡੀ ਪਖੰਡਵਾਦ ਦਾ ਸਖ਼ਤ ਵਿਰੋਧੀ ਅਤੇ ਇਕੋ ਇਕ ਤੇ ਸਰਬ ਵਿਆਪਕ ਪਰਮਾਤਮਾ ਦਾ ਸਮਰੱਥਕ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵੀ ਉਸ ਸਰਬ ਵਿਆਪਕ ਪਰਮਾਤਮਾ ਵਿਚ ਵਿਸ਼ਵਾਸ ਕਰਨ ਲਈ ਪ੍ਰੇਰਦੀ ਹੈ ਜਿਵੇਂ:-

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥
ਕਾਰਣ ਕਰਣ ਕਰੀਮ॥
ਕਿਰਪਾ ਧਾਰਿ ਰਹੀਮ॥

---------------

ਕਹੁ ਨਾਨਕ ਜਿਨਿ ਹੁਕਮੁ ਪਛਾਤਾ
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ
(ਰਾਮਕਲੀ ਮ:੫ ਗੁ.ਗ੍ਰੰ.ਸ. ਅੰਗ-੮੮੫)

"ਨਿੰਮ੍ਰਤਾ ਇਕ ਅਜੇਹਾ ਗੁਣ ਹੈ ਜੋ ਮਨੁੱਖੀ ਭਾਈਚਾਰੇ ਵਿਚੋਂ ਫਾਸਿਲਾ ਸ਼ਾਜ਼ੀ ਨੂੰ ਘਟਾਕੇ ਮਨੁੱਖਾਂ ਨੂੰ ਇਕ ਦੂਜੇ ਦੇ ਨੇੜੇ ਕਰਦਾ ਹੈ।"[10] ਇਕ ਪੂਰਨ ਮਨੁੱਖ ਵਿਚ ਨਿਮਰਤਾ ਦਾ ਗੁਣ ਕੁਲ ਲੋਕਾਈ ਦੇ ਭਲੇ ਵਿਚ ਹੀ ਉਸਦਾ ਆਪਣਾ ਭਲਾ ਦੇਖਣ ਲਈ ਪ੍ਰੇਰਦਾ ਹੈ। ਉਹ ਮੋਹ ਮਾਇਆ ਤੇ ਹੰਕਾਰ ਤੋਂ ਨਿਰਲੇਪ ਰਹਿਣਾ ਹੀ ਆਪਣੇ ਜੀਵਨ ਦਾ ਆਦਰਸ਼ ਸਮਝਦਾ ਹੋਇਆ ਪਰਮਾਤਮਾ ਅੱਗੇ ਹਮੇਸ਼ਾ ਨਤਮਸਤਕ ਰਹਿੰਦਾ ਹੈ:-

ਅਨਿਕ ਭਾਂਤਿ ਕਰਿ ਸੇਵਾ ਕਰੀਐ॥
ਜੀਉ ਪ੍ਰਾਨ ਧਨੁ ਆਗੈ ਧਰੀਐ॥
ਪਾਨੀ ਪਖਾ ਕਰਉ ਤਜਿ ਅਭਿਮਾਨੁ॥
ਅਨਿਕ ਬਾਰ ਜਾਈਐ ਕੁਰਬਾਨੁ॥
(ਆਸਾ ਮ:੫ ਗੁ.ਗ੍ਰੰ.ਸ. ਅੰਗ-੩੯੧)

ਸ਼ਹੀਦ ਸੁਆਰਥ, ਹੰਕਾਰ, ਕਾਇਰਤਾ, ਝੂਠ, ਲਾਲਚ ਤੇ ਆਗਿਆਨਤਾ ਦੇ ਹਨ੍ਹੇਰੇ ਨੂੰ ਆਪਣਾ ਬਲਿਦਾਨ ਦੇ ਕੇ ਦੂਰ ਕਰਦਾ ਹੈ, ਜਿਸ ਦੀ ਮਿਸਾਲ ਗੁਰੂ ਅਰਜਨ ਦੇਵ ਜੀ ਦੀ ਆਪਣੀ ਸ਼ਹੀਦੀ ਹੈ। ਭਾਈ ਗੁਰਦਾਸ ਜੀ ਨੇ ਆਪਣੀ 24ਵੀਂ ਵਾਰ ਦੀ 23ਵੀਂ ਪਾਉੜੀ 'ਗੁਰੂ ਅਰਜਨ ਵਿਟਹੁ ਕੁਰਬਾਣੀ' ਵਿਚ ਗੁਰੂ ਅਰਜਨ ਦੇਵ ਜੀ ਦੀ ਨਿਮਰਤਾ ਭਰਪੂਰ ਸ਼ਖ਼ਸੀਅਤ ਨੂੰ ਬਿਆਨਦਿਆ ਉਹਨਾਂ ਨੂੰ ਉਸ ਜੋਤਿ ਰੂਪੀ ਪਰਮਾਤਮਾ ਵਿਚ ਇਕਮਿਕ ਹੁੰਦਿਆਂ ਪ੍ਰਗਟਾਇਆ ਹੈ।

**ਹਵਾਲੇ:-**


1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 394.
2. ਸਲੀਮ ਮੁਹੰਮਦ, ਸ਼ਹੀਦਾਂ ਦੇ ਸਰਤਾਜ-ਗੁਰੂ ਤੇਗ ਬਹਾਦਰ ਜੀ, ਪੰਨਾ 47.
3. ਕਾਨ੍ਹ ਸਿੰਘ ਨਾਭਾ (ਭਾ.), ਮਹਾਨ ਕੋਸ਼, ਪੰਨਾ 105.
4. ਉਹੀ, ਪੰਨਾ 104.
5. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼, ਪੰਨਾ 177.
6. ਸੁਖਜਿੰਦਰ ਕੌਰ, ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ (ਸ਼ਹੀਦ ਬਾਬਾ ਦੀਪ ਸਿੰਘ ਦੇ ਸੰਦਰਭ ਵਿਚ), ਦਾ ਜਰਨਲ ਆਫ਼ ਰਿਲੀਜਨ ਐਂਡ ਸਿੱਖ ਸਟੱਡੀਜ਼, (ਸਾਲਾਨਾ) ਜਿ: 03, ਅੰਕ : 01 (2016), ਪੰਨਾ 133.
7. ਕਾਨ੍ਹ ਸਿੰਘ ਨਾਭਾ (ਭਾ.), ਮਹਾਨ ਕੋਸ਼, ਪੰਨਾ 73.
8. ਉਹੀ, ਪੰਨਾ 119.
9. ਬਲਕਾਰ ਸਿੰਘ (ਡਾ.), ਸ਼ਹੀਦੀ-ਸ੍ਰੋਤ ਅਤੇ ਸ਼ਹੀਦੀ-ਪ੍ਰਸੰਗ ਦੀ ਧੁਰੋਹਰ : ਗੁਰੂ ਅਰਜਨ ਦੇਵ ਜੀ, ਦਾ ਜਰਨਲ ਆਫ਼ ਰਿਲੀਜਨ ਐਂਡ ਸਿੱਖ ਸਟੱਡੀਜ਼ (ਸਾਲਾਨਾ) ਜਿ : 03, ਅੰਕ : 01, (2016), ਪੰਨਾ 18.
10. ਮਹਿੰਦਰ ਕੌਰ ਗਿੱਲ (ਡਾ.), ਸ਼ਹੀਦੀ ਤੇ ਸੰਦੇਸ਼, ਪੰਨਾ 24.

# ਮਹਿਮਾਨ ਕਵਿਤਾਵਾਂ / ਹਰਪ੍ਰੀਤ ਕੌਰ ਧੂਤ

## ਬਲਾਤਕਾਰ

ਬਲਾਤਕਾਰ
ਸਿਰਫ਼ ਜਿਸਮ ਦਾ ਨਹੀਂ
ਦਿਲ ਤੇ ਰੂਹ ਦਾ ਵੀ ਹੁੰਦਾ ਹੈ
ਖੁਸ਼ੀਆਂ ਤੇ ਸੁਫ਼ਨਿਆਂ ਦਾ ਵੀ
ਹੁੰਦਾ ਹੈ
ਮਾਸੂਮੀਅਤ ਦਾ ਵੀ ਹੁੰਦਾ ਹੈ

ਇਹ ਮੰਜ਼ਰ ਕਲਪਨਾ ਤੋਂ ਵੀ
ਭਿਆਨਕ ਤੇ ਖ਼ਤਰਨਾਕ
ਹੁੰਦਾ ਹੈ
ਜ਼ਰਾ
ਮਹਿਸੂਸ ਤਾਂ ਕਰ ਕਿ
ਇਹ ਜਿਸ ਨਾਲ
ਵੀ ਹੁੰਦਾ ਹੈ
ਉਸਦਾ ਫਿਰ ਕੀ ਹਾਲ
ਹੁੰਦਾ ਹੈ।

## ਜੰਗਲ ਰਾਜ

ਹੁਣ ਤਾਂ ਮੇਰੇ ਦੇਸ਼ ਵਿੱਚ
ਜੰਗਲ ਰਾਜ ਹੈ
ਵਹਿਸ਼ੀਪਣ ਨਾਲ
ਭਰੇ ਹੋਏ ਬਹੁਤ
ਜਾਨਵਰ
ਆਦਮਖ਼ੋਰ ਬਣ ਕੇ ਨੇ
ਵਿਚਰ ਰਹੇ

ਹੁਣ! ਇਸ ਜੰਗਲ ਰਾਜ
ਵਿੱਚ
ਤੂੰ
ਸ਼ੇਰਨੀ ਬਣ ਵਿਚਰੇਂਗੀ
ਤਾਂ ਹੀ ਬਚੇਂਗੀ
ਨਹੀਂ ਤਾਂ
ਇਸ ਜੰਗਲ ਰਾਜ ਵਿੱਚ
ਬਹੁਤ ਸਾਰੇ ਭੇੜੀਏ ਨੇ ਜੋ ਤੈਨੂੰ
ਦਬੋਚ ਕੇ
ਨੋਚ-ਨੋਚਕੇ ਖਾਣ ਨੂੰ
ਇੱਕ ਮਿੰਟ ਵੀ
ਨਹੀਂ ਲਾਉਣਗੇ



ਐਨਾ ਤਾਂ ਤੈਨੂੰ ਵੀ
ਪਤਾ ਹੈ
ਕਿ
ਜੰਗਲ ਰਾਜ ਵਿੱਚ
ਕੋਈ ਕਾਨੂੰਨ
ਨਹੀਂ ਹੁੰਦਾ
ਹੁਣ ਤੂੰ
ਆਪਣੇ ਆਪ ਨੂੰ
ਕਿਵੇਂ ਬਚਾਉਣਾ ਹੈ
ਇਹ ਫ਼ੈਸਲਾ
ਹੁਣ ਤੂੰ ਆਪ ਹੀ ਕਰਨਾ ਹੈ।

## ਮੂਰਤੀ ਦੇਖਦੀ ਰਹੀ

(ਇਹ ਕਵਿਤਾ ਰੇਪ ਦਾ ਸ਼ਿਕਾਰ ਬੱਚੀ
ਆਸਿਫ਼ਾ ਬਾਨੋ ਲਈ ਹੈ)

ਮੰਦਿਰ ਵਿੱਚ ਸਜੀ ਮੂਰਤੀ ਵੀ
ਦੇਖਦੀ ਰਹੀ
ਹੈਵਾਨੀਅਤ ਦਾ ਨਾਚ
ਉਹ ਚੀਕਦੀ ਚਿਲਾਉਂਦੀ
ਦਰਦ ਦੇ ਨਾਲ ਕਰਾਹੁੰਦੀ
ਕਦੀ ਅੱਲ੍ਹਾ ਤੇ ਕਦੀ ਭਗਵਾਨ ਨੂੰ
ਪੁਕਾਰਦੀ ਰਹੀ

ਆਖ਼ਿਰ ਜ਼ਖਮੀ ਹੋਏ
ਉਸਦੇ ਬੁੱਲ੍ਹ ਸੀਤੇ ਗਏ
ਖ਼ੂਨ ਦੇ ਅੱਥਰੂ
ਉਸਦੀਆਂ ਨਾਜ਼ੁਕ ਗੱਲਾਂ ਤੇ ਜੰਮ ਕੇ
ਉਸਨੂੰ ਪਲੋਸਦੇ ਰਹੇ
ਪੱਥਰ ਹੋਈਆਂ ਉਸਦੀਆਂ ਅੱਖੀਆਂ
ਮੰਦਿਰ ਵਿੱਚ ਸਜੀ ਮੂਰਤੀ ਨੂੰ ਸਵਾਲ
ਕਰਦੀਆਂ ਰਹੀਆਂ

ਤੂੰ ਕਿਉਂ ਨਹੀਂ ਬੋਲਦੀ
ਤੂੰ ਕਿਉਂ ਨਹੀਂ ਉੱਠਦੀ
ਕੁੱਝ ਕਰਦੀ ਮੇਰੀ
ਮੱਦਦ ਲਈ

ਤੂੰ ਫ਼ਿਲਮਾਂ ਤੇ ਹਿੰਦੀ ਨਾਟਕਾਂ ਵਿੱਚ ਤਾਂ
ਬਹੁਤ ਛੇਤੀ ਉੱਠ ਜਾਂਦੀ ਹੈ
ਰਾਖਸ਼ਾਂ ਨੂੰ ਮਾਰ ਮੁਕਾਉਂਦੀ ਹੈ
ਮੇਰੀ ਮੱਦਦ
ਕਿਉਂ ਨਹੀਂ ਕਰਦੀ
ਕੀ ਤੂੰ ਵੀ ਹਿੰਦੂ
ਮੁਸਲਮਾਨ ਵਿੱਚ
ਫ਼ਰਕ ਕਰਦੀ ਹੈਂ
ਤੂੰ ਇਨਸਾਨੀਅਤ ਦੇ ਲਈ ਕਿਉਂ
ਨਹੀਂ ਖੜ੍ਹਦੀ
ਤੂੰ ਕਿਉਂ ਨਹੀਂ ਬੋਲਦੀ
ਪਰ
ਪਰ! ਉਸਨੂੰ ਨਹੀਂ ਸੀ ਪਤਾ
ਮੰਦਿਰ ਵਿੱਚਲੀ ਮੂਰਤੀ ਨੂੰ ਵੀ
ਇਨਸਾਨਾਂ ਦੇ ਵਹਿਸ਼ੀਪਣ ਤੋਂ
ਡਰ ਲੱਗ ਰਿਹਾ ਸੀ

ਉਹ ਸ਼ਰਮ 'ਚ ਡੁੱਬ ਰਹੀ ਸੀ
ਉਹ ਤਾਂ ਸ਼ਰਮ ਨਾਲ ਮਰ ਰਹੀ ਸੀ
ਮੰਦਿਰ ਤੋਂ ਬਾਹਰ ਨਿਕਲਣ
ਦੇ ਲਈ ਕੋਈ
ਤਰਕੀਬ ਲੱਭ ਰਹੀ ਸੀ
ਉਹ ਰੌਲਾ ਪਾ ਰਹੀ ਸੀ
ਉਹ ਦਾਨਵ ਸਨ
ਉਹ ਭੇੜੀਏ ਸਨ ਰਾਖਸ਼ਸ ਸਨ

ਜੋ ਉਸਦਾ ਬਚਪਨ ਖੋਹ ਕੇ ਲੈ ਗਏ
ਰੱਬ ਨੂੰ ਵੀ ਸ਼ਰਮਸ਼ਾਰ ਕਰ ਗਏ
ਮੰਦਿਰ ਵਿਚਲੀ ਮੂਰਤੀ
ਆਸਿਫ਼ਾ ਦੀਆਂ ਅੱਖਾਂ ਵਿੱਚ ਤੱਕਣ
ਤੋਂ ਡਰ ਰਹੀ ਸੀ
ਇਸੇ ਲਈ ਉਹ
ਮੰਦਿਰ ਵਿੱਚੋਂ ਬਾਹਰ ਨਿਕਲਣ
ਦੇ ਲਈ ਕੋਈ ਥਾਂ ਲੱਭ ਰਹੀ ਸੀ।

RNI NO. PUNPUN / 2006 / 16230 July-Spetember 2024 ISSN: 2277-9930

